# ਸੁਤੰਤਰ ਭਾਰਤ ਵਿਚ
# ਨਾਮਧਾਰੀ ਸਿੱਖਾਂ ਦਾ ਸਾਰਥਕ ਯੋਗਦਾਨ

**ਸੰਪਾਦਕ ਦੀਆਂ ਹੋਰ ਪੁਸਤਕਾਂ**

- Understanding the Namdhari Movement : 1857–1959
- Namdhari Guru Ram Singh and His Movement
- ਕਾਇਨਾਤ ਦੇ ਬੋਲ (ਕਾਵਿ-ਸੰਗ੍ਰਹਿ)
- नामधारी अंदोलन : उद्भव और विकास (In Press)
- Atlas—Travels of Satguru Ram Singh (In Press)

# ਸੁਤੰਤਰ ਭਾਰਤ ਵਿਚ
# ਨਾਮਧਾਰੀ ਸਿੱਖਾਂ ਦਾ ਸਾਰਥਕ ਯੋਗਦਾਨ

ਸੰਪਾਦਕ
**ਪ੍ਰੋਫ਼ੈਸਰ (ਡਾ.) ਕੁਲਦੀਪ ਸਿੰਘ**

**ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ**
**ਬਠਿੰਡਾ**

©
Baba Satguru Ram Singh Chair
Centeral University of Punjab
Bathinda-151001

ISBN : 978-93-87765-28-3

Sutantar Bharat Vich
Namdhari Sikhan Da Sarthak Yogdan

**Edited by**

**Professor (Dr.) Kuldip Singh**
**Chair Professor, Satguru Ram Singh Chair**
**Mob : 94632-55697**
**E-mail : profkuldip@gmail.com**

*Printer :*
**Aarna Printing Solutions**

**2019**
**Copies 300**
**Rs. : 350/-**

**Published by Professor (Dr.) Jagdeep Singh, Registrar**
**Central University of Punjab, Bathinda-151001**

# ਤਤਕਰਾ


• ਦੋ ਸ਼ਬਦ 7
  -ਪ੍ਰੋਫ਼ੈਸਰ (ਡਾ.) ਆਰ. ਕੇ. ਕੋਹਲੀ
  ਵਾਈਸ ਚਾਂਸਲਰ, ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ

• ਆਦਿ ਕਥਨ 9
  -ਪ੍ਰੋਫੈਸਰ (ਡਾ.) ਐੱਚ. ਐੱਸ. ਬੇਦੀ
  ਚਾਂਸਲਰ, ਕੇਂਦਰੀ ਯੂਨੀਵਰਸਿਟੀ, ਹਿਮਾਚਲ ਪ੍ਰਦੇਸ਼, ਧਰਮਸ਼ਾਲਾ

• ਭੂਮਿਕਾ 11
  -ਪ੍ਰੋਫ਼ੈਸਰ (ਡਾ.) ਕੁਲਦੀਪ ਸਿੰਘ
  ਚੇਅਰ ਪ੍ਰੋ. ਸਤਿਗੁਰੂ ਰਾਮ ਸਿੰਘ ਚੇਅਰ, ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ

• (Keynote Address)
  The Namdhari Sikhs in Independent India : 21
  Their Historical Background and Challenges
  -Professor (Dr.) Joginder Singh,
  Director, Bhai Vir Singh Niwas Asthan, Amritsar

• Namdhari Sikhs :A Campaign for Vegetarianism 51
  -Swaran Singh Sanehi

• Contribution of Namdhari Sikhs to 78
  Agrarian Technology
  -Dr. Alla Singh

• ਕੂਕਾ ਅੰਦੋਲਨ ਦਾ ਪੰਜਾਬੀ ਸਾਹਿਤ : ਵਿਰਸਾ ਤੇ ਵਰਤਮਾਨ 106
  -ਸੁਵਰਨ ਸਿੰਘ ਵਿਰਕ

• ਨਾਮਧਾਰੀ ਬਾਰਾਂਮਾਹੇ ਤੇ ਲੋਕ-ਮੁਖ ਇਤਿਹਾਸਕਾਰੀ 151
  -ਡਾ. ਸੁਖਦੇਵ ਸਿੰਘ

• ਨਾਮਧਾਰੀ ਸਿੱਖਾਂ ਦਾ ਆਧੁਨਿਕ ਨਿਆਂ ਪ੍ਰਣਾਲੀ ਅਤੇ ਸਮਾਜਿਕ ਸੰਰਚਨਾ ਵਿਚ ਯੋਗਦਾਨ 171
–ਡਾ. ਤਰੁਣ ਅਰੋੜਾ

• ਸੁਤੰਤਰ ਭਾਰਤ ਵਿਚ ਕੂਕਾ ਲਹਿਰ ਦੀ ਪ੍ਰਸੰਗਿਕਤਾ 177
–ਡਾ. ਸੁਰਜੀਤ ਸਿੰਘ ਭੱਟੀ

• ਸੁਤੰਤਰ ਭਾਰਤ ਵਿਚ ਨਾਮਧਾਰੀ ਸਿੱਖਾਂ ਦੇ ਯੋਗਦਾਨ ਦਾ ਮੁਲਾਂਕਣ 185
–ਡਾ. ਕੁਲਦੀਪ ਸਿੰਘ

• ਨਾਮਧਾਰੀ ਸਿੱਖਾਂ ਦੀ ਗੁਰਮਤਿ ਸੰਗੀਤ ਨੂੰ ਦੇਣ 203
–ਹਰਪਾਲ ਸਿੰਘ 'ਸੇਵਕ'

• ਨਾਮਧਾਰੀ ਸਮਾਜ ਵਿਚ ਔਰਤ ਦੀ ਦਸ਼ਾ ਅਤੇ ਦਿਸ਼ਾ 232
–ਡਾ. ਬਾਬੂਸ਼ਾ ਮੈਂਗੀ

• ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਨਾਮਧਾਰੀ ਪੰਥ 248
–ਦੇਵਿੰਦਰ ਸਿੰਘ ਗਿਲ

• ਆਜ਼ਾਦ ਭਾਰਤ ਵਿਚ ਖੇਤੀਬਾੜੀ ਅਤੇ ਬਾਗ਼ਬਾਨੀ ਦੇ ਸੰਦਰਭ ਵਿਚ ਨਾਮਧਾਰੀ ਸਿੱਖਾਂ ਦੀ ਦੇਣ 261
–ਸੁਰਿੰਦਰ ਕੌਰ ਖਰਲ

## ਦੋ ਸ਼ਬਦ

ਮੈਨੂੰ ਬੇਹੱਦ ਖ਼ੁਸ਼ੀ ਹੈ ਕਿ ਅਸੀਂ ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ ਵਿਖੇ ਸਤਿਗੁਰੂ ਰਾਮ ਸਿੰਘ ਚੇਅਰ ਨੂੰ ਕਾਰਜਸ਼ੀਲ ਬਣਾਉਣ ਲਈ ਸਫ਼ਲ ਹੋ ਸਕੇ ਹਾਂ। ਸਤਿਗੁਰੂ ਰਾਮ ਸਿੰਘ ਤੇ ਨਾਮਧਾਰੀ ਲਹਿਰ ਦੀ ਸਾਰਥਕਤਾ ਅੱਜ ਵੀ ਓਨੀ ਹੈ, ਜਿੰਨੀ ਉਨ੍ਹੀਵੀਂ ਸਦੀ ਦੇ ਅਖ਼ੀਰਲੇ ਅੱਧ ਵਿਚ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਆਜ਼ਾਦੀ ਦੇ ਸੰਘਰਸ਼ ਨੂੰ ਤੇਜ਼ ਕਰਨ ਦੇ ਨਾਲ ਨਾਲ ਸਿੱਖ ਗੁਰੂ ਸਾਹਿਬਾਨ ਦੇ ਸਮੇਂ ਤੋਂ ਚਲਦੇ ਆ ਰਹੇ ਸਮਾਜਿਕ ਸੁਧਾਰਾਂ ਨੂੰ ਵੀ ਜਾਰੀ ਰੱਖਿਆ। ਇਸ ਤਰ੍ਹਾਂ ਨਾਮਧਾਰੀ ਲਹਿਰ ਨੇ ਰਾਜਨੀਤਿਕ ਚੇਤਨਾ ਦੇ ਨਾਲ ਨਾਲ ਸਮਾਜਿਕ ਜਾਗ੍ਰਤੀ ਵੀ ਪੈਦਾ ਕੀਤੀ। ਸਮਾਜ ਸੁਧਾਰ ਨੂੰ ਨਾਮਧਾਰੀ ਲਹਿਰ ਦੇ ਆਗੂਆਂ ਨੇ ਮੁੱਖ ਟੀਚਾ ਮਿੱਥਿਆ, ਇਸ ਲਈ ਸਿੱਖ ਭਾਈਚਾਰੇ ਵਿਚ ਆਪਣੇ ਵਿਰਸੇ ਪ੍ਰਤੀ ਮੁੜ ਤੋਂ ਸੁਚੇਤ ਹੋਣ ਦੀ ਤਾਂਘ ਪੈਦਾ ਹੋਈ। ਆਜ਼ਾਦੀ ਦੇ ਸੰਗਰਾਮ ਵਿਚ ਉਨ੍ਹਾਂ ਦਾ ਵਰਣਨਯੋਗ ਯੋਗਦਾਨ ਤਾਂ ਹੈ ਹੀ, ਨਾਲ ਆਜ਼ਾਦੀ ਤੋਂ ਪਿੱਛੋਂ ਵੀ ਸੁਤੰਤਰ ਭਾਰਤ ਵਿਚ ਨਾਮਧਾਰੀ ਸਿੱਖਾਂ ਦਾ ਸਨਮਾਨਯੋਗ ਸਥਾਨ ਹੈ। ਇਸੇ ਲਈ ਇਸ ਸੈਮੀਨਾਰ ਦਾ ਵਿਸ਼ਾ 'ਸੁਤੰਤਰ ਭਾਰਤ ਵਿਚ ਨਾਮਧਾਰੀ ਸਿੱਖਾਂ ਦਾ ਸਾਰਥਕ ਯੋਗਦਾਨ' ਮਿਥਿਆ ਗਿਆ। 19ਵੀਂ ਸਦੀ ਦੇ ਦੂਜੇ ਅੱਧ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ੀ ਸਾਮਰਾਜ ਦਾ ਵਿਰੋਧ ਕਰਕੇ ਸਵਦੇਸ਼ੀ ਉੱਤੇ ਜ਼ੋਰ ਦਿੱਤਾ। ਇਹ ਅਜਿਹੇ ਦੂਰ-ਅੰਦੇਸ਼ੀ ਕਦਮ ਸਨ, ਜੋ ਮਗਰੋਂ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਵੱਲੋਂ ਅਪਣਾਏ ਗਏ।

ਮੈਂ ਚਾਹੁੰਦਾ ਹਾਂ ਕਿ ਅਸੀਂ ਕੁਝ ਅਜਿਹਾ ਕੰਮ ਜ਼ਰੂਰ ਕਰੀਏ ਜਿਸ ਨਾਲ ਸਮਾਜ ਵਿਚ ਫ਼ੈਲੀਆਂ ਹੋਈਆਂ ਕੁਰੀਤੀਆਂ ਦਾ ਖ਼ਾਤਮਾ ਹੋ ਸਕੇ ਅਤੇ ਸਾਡੀ ਆਉਣ ਵਾਲੀ ਪੀੜ੍ਹੀ ਨੈਤਿਕ ਕਦਰਾਂ ਕੀਮਤਾਂ ਨੂੰ ਅਪਣਾ ਸਕੇ। ਮੇਰੀ ਦਿਲੀ ਇੱਛਾ ਹੈ ਕਿ ਇਸ ਚੇਅਰ ਦੇ ਮਾਧਿਅਮ ਰਾਹੀਂ ਅਜਿਹੇ ਸੈਮੀਨਾਰ ਆਯੋਜਿਤ ਕਰਕੇ, ਪੁਸਤਕਾਂ ਲਿਖ ਕੇ ਜਾਂ ਛੋਟੀਆਂ-ਛੋਟੀਆਂ ਡਾਕੂਮੈਂਟਰੀਜ਼ ਅਤੇ ਸ਼ਾਰਟ ਕਲਿੱਪਸ ਤਿਆਰ ਕਰਕੇ ਸਤਿਗੁਰੂ ਰਾਮ ਸਿੰਘ ਜੀ ਦੇ ਸੰਦੇਸ਼ ਨੂੰ ਸੰਸਾਰ ਵਿਚ ਫੈਲਾਇਆ ਜਾ ਸਕੇ।

'ਸੁਤੰਤਰ ਭਾਰਤ ਵਿਚ ਨਾਮਧਾਰੀ ਸਿੱਖਾਂ ਦਾ ਸਾਰਥਕ ਯੋਗਦਾਨ' ਵਿਸ਼ੇ ਉੱਪਰ ਸਤਿਗੁਰੂ ਰਾਮ ਸਿੰਘ ਚੇਅਰ ਦੁਆਰਾ ਆਯੋਜਿਤ ਕੀਤਾ ਗਿਆ ਇਹ ਪਹਿਲਾ ਰਾਸ਼ਟਰੀ ਸੈਮੀਨਾਰ ਹੈ। ਇਸ ਸੈਮੀਨਾਰ ਵਿਚ ਵੱਖ-ਵੱਖ ਨਾਮਵਰ ਵਿਦਵਾਨਾਂ ਵੱਲੋਂ ਪੇਸ਼ ਕੀਤੇ

ਗਏ ਖੋਜ-ਪੱਤਰਾਂ ਨੂੰ ਸੋਧ ਕੇ ਹੱਥਲੀ ਪੁਸਤਕ ਵਿਚ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਮੈਨੂੰ ਪੂਰਨ ਯਕੀਨ ਹੈ ਕਿ ਚੇਅਰ ਪ੍ਰੋਫ਼ੈਸਰ (ਡਾ.) ਕੁਲਦੀਪ ਸਿੰਘ ਜੀ ਦੀ ਯੋਗ ਅਗਵਾਈ ਹੇਠ ਚੇਅਰ ਦੁਆਰਾ ਕੀਤੇ ਜਾਣ ਵਾਲੇ ਵਿੱਦਿਅਕ ਕੰਮਾਂ ਰਾਹੀਂ ਪੰਜਾਬ ਕੇਂਦਰੀ ਯੂਨੀਵਰਸਿਟੀ ਦੀ ਖ਼ੁਸ਼ਬੂ ਕੇਵਲ ਪੰਜਾਬ ਜਾਂ ਭਾਰਤ ਵਿਚ ਹੀ ਨਹੀਂ, ਸਗੋਂ ਪੂਰੇ ਵਿਸ਼ਵ ਵਿਚ ਫੈਲੇਗੀ।

ਮਾਰਚ, 2019

**ਪ੍ਰੋਫ਼ੈਸਰ (ਡਾ.) ਆਰ. ਕੇ. ਕੋਹਲੀ**
ਉਪ-ਕੁਲਪਤੀ
ਪੰਜਾਬ ਕੇਂਦਰੀ ਯੂਨੀਵਰਸਿਟੀ
ਬਠਿੰਡਾ

# ਆਦਿ ਕਥਨ

ਭਾਰਤ ਅਤੇ ਪੰਜਾਬ ਦੇ ਇਤਿਹਾਸ ਵਿਚ ਵਿਸ਼ੇਸ਼ ਕਰਕੇ ਸਤਿਗੁਰੂ ਰਾਮ ਸਿੰਘ ਜੀ ਅਤੇ ਨਾਮਧਾਰੀ ਲਹਿਰ ਦਾ ਖ਼ਾਸ ਮਹੱਤਵ ਹੈ, ਜਿਸ ਨੇ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਸਭਿਆਚਾਰਕ ਖੇਤਰ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਸ ਪੰਥ ਦੇ ਬਾਨੀ ਅਤੇ ਸੁਤੰਤਰਤਾ ਸੰਗਰਾਮ ਦੇ ਨਾਇਕ, ਸਤਿਗੁਰੂ ਰਾਮ ਸਿੰਘ ਜੀ ਤਪ, ਤਿਆਗ ਅਤੇ ਮਹਾਨ ਵਿਚਾਰਾਂ ਦੀ ਸਾਖਿਆਤ ਮੂਰਤੀ ਸਨ। ਅਹਿੰਸਾ ਦਾ ਪ੍ਰਯੋਗ, ਸੁੱਤੀ ਹੋਈ ਜਨਤਾ ਨੂੰ ਜਗਾਉਣਾ ਅਤੇ ਨਾ-ਮਿਲਵਰਤਨ ਅੰਦੋਲਨ, ਜਿਨ੍ਹਾਂ ਦੀ ਵਰਤੋਂ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਨੇ ਬਹੁਤ ਬਾਅਦ ਵਿਚ ਜਾ ਕੇ ਕੀਤੀ, ਸਤਿਗੁਰੂ ਰਾਮ ਸਿੰਘ ਜੀ ਨੇ ਉਸ ਦਾ ਆਰੰਭ 19ਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਹੀ ਕਰ ਦਿੱਤਾ ਸੀ। ਮੇਰਾ ਜ਼ਿਆਦਾ ਸੰਬੰਧ ਹਿੰਦੀ ਅਤੇ ਹੋਰ ਭਾਰਤੀ ਭਾਸ਼ਾਵਾਂ ਨਾਲ ਰਿਹਾ ਹੈ। ਮੈਂ ਆਪਣੇ ਢੰਗ ਨਾਲ ਨਾਮਧਾਰੀ ਇਤਿਹਾਸ ਅਤੇ ਸਾਹਿਤ ਨਾਲ ਸੰਬੰਧਿਤ ਤੱਤਾਂ ਦੀ ਛਾਣਬੀਣ ਕੀਤੀ, ਜਿਸ ਤੋਂ ਕਈ ਹੈਰਾਨ ਕਰਨ ਵਾਲੇ ਨਤੀਜੇ ਸਾਹਮਣੇ ਆਏ। ਮੈਂ ਇਥੇ ਇਕ ਉਦਾਹਰਣ ਦੇਣੀ ਚਾਹੁੰਦਾ ਹਾਂ ਕਿ ਜਦੋਂ ਮਹਾਤਮਾ ਗਾਂਧੀ ਜੀ ਦੱਖਣੀ ਅਫ਼ਰੀਕਾ 'ਚੋਂ ਵਾਪਸ ਭਾਰਤ ਆਏ ਅਤੇ ਭਾਰਤੀ ਆਜ਼ਾਦੀ ਦੇ ਸੰਘਰਸ਼ ਦੀ ਅਗਵਾਈ ਕੀਤੀ ਉਸ ਸਮੇਂ ਉਨ੍ਹਾਂ ਨੇ ਆਪਣੇ ਰਸਾਲੇ 'ਹਰੀਜਨ' ਵਿਚ ਇਕ ਛੋਟਾ ਜਿਹਾ ਲੇਖ ਲਿਖਿਆ ਕਿ ਮੈਂ ਜਿਸ ਅਸਹਿਯੋਗ ਅੰਦੋਲਨ ਦੀ ਗੱਲ ਕਰਦਾ ਹਾਂ, ਉਹ ਅੰਦੋਲਨ ਦਰਅਸਲ ਸਭ ਤੋਂ ਪਹਿਲਾਂ ਪੰਜਾਬ ਵਿਚ ਸਿੱਖ ਭਾਈਚਾਰੇ ਨੇ ਸ਼ੁਰੂ ਕੀਤਾ ਸੀ। ਇਥੇ ਗਾਂਧੀ ਜੀ ਦਾ ਇਸ਼ਾਰਾ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਅੰਗਰੇਜ਼ਾਂ ਵਿਰੁੱਧ ਸਭ ਤੋਂ ਪਹਿਲਾਂ ਸ਼ੁਰੂ ਕੀਤੇ ਗਏ ਬਾਈਕਾਟ ਵੱਲ ਸੀ। ਇਸ ਲੇਖ ਵਿਚ ਮਹਾਤਮਾ ਗਾਂਧੀ ਜੀ ਨੇ ਇਹ ਸਵੀਕਾਰ ਕੀਤਾ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਅਜਿਹੀ ਮਿੱਟੀ ਤਿਆਰ ਕੀਤੀ ਜਿਸ ਵਿਚ ਆਜ਼ਾਦੀ ਦੇ ਹਜ਼ਾਰਾਂ ਬੂਟੇ ਲਗਾਏ ਜਾ ਸਕਦੇ ਸਨ। ਇਸ ਤੋਂ ਇਲਾਵਾ ਮੁਨਸ਼ੀ ਪ੍ਰੇਮ ਚੰਦ ਦੀਆਂ ਕਹਾਣੀਆਂ ਵਿਚ ਵੀ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਕਈ ਨਾਮਧਾਰੀ ਕਾਰਕੁਨਾਂ ਦਾ ਜ਼ਿਕਰ ਹੈ। ਮੁਨਸ਼ੀ ਜੀ ਦੀ ਇਕ ਕਹਾਣੀ, ਜਿਸ ਦਾ ਨਾਮ 'ਮੇਰੇ ਦੇਸ਼ ਕੀ ਔਰਤ' ਹੈ, ਇਸ ਕਹਾਣੀ ਵਿਚ ਮੁਨਸ਼ੀ ਜੀ ਪੰਜਾਬ ਤੋਂ ਹਿਜਰਤ ਕਰਕੇ ਬੰਗਾਲ ਵਿਚ ਗਏ ਪਰਿਵਾਰ ਦਾ ਜ਼ਿਕਰ ਕਰਦੇ ਹਨ ਕਿ ਇਸ ਪਰਿਵਾਰ ਦੇ ਮਰਦ ਨੂੰ ਪੁਲਿਸ ਫੜ ਕੇ ਲੈ ਜਾਂਦੀ ਹੈ

ਕਿਉਂਕਿ ਉਹ ਅਤੇ ਉਸ ਦੀ ਪਤਨੀ ਨਾਮਧਾਰੀ ਪਹਿਰਾਵਾ ਪਹਿਨਦੇ ਸਨ। ਉਸ ਮੁਹੱਲੇ ਦੀਆਂ ਔਰਤਾਂ ਉਸ ਦੇਸ਼ ਪ੍ਰੇਮੀ ਦੀ ਪਤਨੀ ਨੂੰ ਕਹਿੰਦੀਆਂ ਹਨ ਕਿ ਸਾਨੂੰ ਤੇਰਾ ਪਹਿਰਾਵਾ ਦੇਖ ਕੇ ਪਹਿਲਾਂ ਹੀ ਸ਼ੱਕ ਸੀ ਕਿ ਤੁਸੀਂ ਆਜ਼ਾਦੀ ਦੀ ਲੜਾਈ ਨੂੰ ਤੇਜ਼ ਕਰਨ ਲਈ ਹੀ ਇਥੇ ਆਏ ਹੋ। ਨਾਮਧਾਰੀ ਕਈ ਕਿਸਮ ਦੇ ਬੋਲਾਂ, ਮੁਹਾਵਰਿਆਂ ਅਤੇ ਢੋਲਕ ਛੈਣਿਆਂ ਦੀ ਮਦਦ ਨਾਲ ਆਜ਼ਾਦੀ ਦੀ ਚਿਣਗ ਜਗਾਉਣ ਲਈ ਯਤਨਸ਼ੀਲ ਰਹੇ ਅਤੇ ਆਜ਼ਾਦੀ ਸੰਘਰਸ਼ ਦੀ ਲਹਿਰ ਨੂੰ ਇਕ ਰਾਸ਼ਟਰੀ ਲਹਿਰ ਬਣਾਉਣ ਵਿਚ ਬਹੁਤ ਵੱਡਾ ਹਿੱਸਾ ਪਾਇਆ। ਉਨ੍ਹਾਂ ਦੇ ਬਹੁਤ ਸਾਰੇ ਯਤਨਾਂ ਦਾ ਜ਼ਿਕਰ ਬੰਗਾਲੀ ਦੇ ਨਾਟਕਾਂ ਵਿਚ ਵੀ ਮਿਲਦਾ ਹੈ ਅਤੇ ਇਕ ਨਾਟਕ ਨਾਮਧਾਰੀ ਪਹਿਰਾਵਾ ਪਾ ਕੇ ਖੇਡਿਆ ਵੀ ਗਿਆ। ਨਾਮਧਾਰੀ ਆਜ਼ਾਦੀ ਦੇ ਸੰਘਰਸ਼ ਦਾ ਵਿਚਾਰ ਬੰਗਾਲੀ, ਮਰਾਠੀ ਅਤੇ ਹਿੰਦੀ ਭਾਸ਼ਾ ਵਿਚ ਮਿਲਣਾ ਇਸ ਦੇ ਸੰਦਰਭ ਦੀ ਵਿਆਪਕਤਾ ਨੂੰ ਦਰਸਾਉਂਦਾ ਹੈ। ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ, ਸਤਿਗੁਰੂ ਜਗਜੀਤ ਸਿੰਘ ਅਤੇ ਮੌਜੂਦਾ ਰਹਿਬਰ ਸਤਿਗੁਰੂ ਉਦੈ ਸਿੰਘ ਜੀ ਨੇ ਵੀ ਪੰਜਾਬੀ ਅਤੇ ਹੋਰ ਭਾਸ਼ਾਵਾਂ ਦੇ ਵਿਕਾਸ ਅਤੇ ਵਿਸਥਾਰ ਲਈ ਸਮੇਂ-ਸਮੇਂ ਕਈ ਯਤਨ ਕੀਤੇ ਹਨ। ਜੇਕਰ ਪੰਜਾਬੀ ਤੋਂ ਇਲਾਵਾ ਭਾਰਤ ਦੀਆਂ ਬਾਕੀ ਭਾਸ਼ਾਵਾਂ ਦਾ ਅਧਿਐਨ ਕੀਤਾ ਜਾਵੇ ਤਾਂ ਉਨ੍ਹਾਂ ਵਿਚ ਵੀ ਕਈ ਥਾਂਈਂ ਨਾਮਧਾਰੀ ਲਹਿਰ ਦੇ ਅੰਗਰੇਜ਼ਾਂ ਵਿਰੁੱਧ ਰਾਸ਼ਟਰੀ ਸੰਘਰਸ਼ ਦਾ ਵਰਨਣ ਮਿਲਦਾ ਹੈ।

ਮੈਂ ਯੂਨੀਵਰਸਿਟੀ ਵਾਈਸ ਚਾਂਸਲਰ ਪ੍ਰੋ. ਆਰ. ਕੇ. ਕੋਹਲੀ ਜੀ ਅਤੇ ਸਤਿਗੁਰੂ ਰਾਮ ਸਿੰਘ ਚੇਅਰ ਦੇ ਮੁਖੀ ਪ੍ਰੋ. ਕੁਲਦੀਪ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ, ਜਿਨ੍ਹਾਂ ਨੇ "ਸੁਤੰਤਰ ਭਾਰਤ ਵਿਚ ਨਾਮਧਾਰੀ ਸਿੱਖਾਂ ਦੇ ਯੋਗਦਾਨ" ਦੇ ਵਿਸ਼ੇ ਉਪਰ ਸੈਮੀਨਾਰ ਆਯੋਜਿਤ ਕਰਕੇ ਨਾਮਧਾਰੀ ਇਤਿਹਾਸ ਅਤੇ ਸਾਹਿਤ ਨਾਲ ਸੰਬੰਧਿਤ ਬਹਿਸ ਅਤੇ ਖੋਜ ਨੂੰ ਅੱਗੇ ਤੋਰਿਆ ਹੈ। ਮੈਂ ਨਾਮਧਾਰੀ ਸਤਿਗੁਰੂ ਉਦੈ ਸਿੰਘ ਜੀ, ਸੰਤ ਸੁਰਿੰਦਰ ਸਿੰਘ ਜੀ ਅਤੇ ਨਾਮਧਾਰੀ ਸੰਗਤ ਨੂੰ ਵੀ ਯੂਨੀਵਰਸਿਟੀ ਪੱਧਰ ਉੱਪਰ ਚੇਅਰ ਸਥਾਪਿਤ ਕੀਤੇ ਜਾਣ ਤੇ ਮੁਬਾਰਕਬਾਦ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਇਹ ਚੇਅਰ ਨਾਮਧਾਰੀ ਇਤਿਹਾਸ ਨਾਲ ਸੰਬੰਧਤ ਰਚਨਾਤਮਕ ਖੋਜ ਕਰਕੇ ਜਾਣਕਾਰੀ ਵਿਚ ਵਾਧਾ ਕਰੇਗੀ।

**ਮਾਰਚ, 2019**

**ਪ੍ਰੋਫੈਸਰ (ਡਾ.) ਐੱਚ. ਐੱਸ. ਬੇਦੀ**
ਚਾਂਸਲਰ, ਕੇਂਦਰੀ ਯੂਨੀਵਰਸਿਟੀ
ਹਿਮਾਚਲ ਪ੍ਰਦੇਸ਼
ਧਰਮਸ਼ਾਲਾ

# ਭੂਮਿਕਾ

ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਉਭਰੀ ਨਾਮਧਾਰੀ ਲਹਿਰ ਦਾ ਆਧੁਨਿਕ ਭਾਰਤ ਦੇ ਇਤਿਹਾਸ ਵਿਚ ਬਹੁਮੁੱਲਾ ਯੋਗਦਾਨ ਹੈ। ਇਹ ਲਹਿਰ ਮਹਿਜ਼ ਧਾਰਮਿਕ ਨਾ ਹੋ ਕੇ ਸਗੋਂ ਰਾਜਨੀਤਿਕ, ਸਮਾਜਿਕ, ਆਰਥਿਕ, ਨੈਤਿਕ ਅਤੇ ਸਭਿਆਚਾਰਕ ਸਰੋਕਾਰ ਨਾਲ ਜੁੜੀ ਹੋਈ ਹੈ। ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ ਵਿਖੇ ਸਥਾਪਿਤ ਸਤਿਗੁਰੂ ਰਾਮ ਸਿੰਘ ਚੇਅਰ ਦਾ ਪਹਿਲਾ ਸੈਮੀਨਾਰ 20.11.2018 ਨੂੰ ਆਯੋਜਿਤ ਕੀਤਾ ਗਿਆ। ਜਿਸ ਦਾ ਵਿਸ਼ਾ 'ਸੁਤੰਤਰ ਭਾਰਤ ਵਿਚ ਨਾਮਧਾਰੀ ਸਿੱਖਾਂ ਦਾ ਸਾਰਥਕ ਯੋਗਦਾਨ' ਨਿਰਧਾਰਤ ਕੀਤਾ ਗਿਆ। ਸੈਮੀਨਾਰ ਦੇ ਆਰੰਭ ਵਿਚ ਨਾਮਧਾਰੀ ਚੇਅਰ ਦੇ ਸਥਾਪਿਤ ਪਹਿਲੇ ਚੇਅਰ ਪ੍ਰੋਫ਼ੈਸਰ ਡਾ. ਕੁਲਦੀਪ ਸਿੰਘ ਨੇ ਆਏ ਹੋਏ ਸਮਰੱਥ ਵਿਦਵਾਨਾਂ, ਨਾਮਧਾਰੀ ਸੰਗਤ, ਸਟਾਫ਼ ਮੈਂਬਰਾਂ ਤੇ ਵਿਦਿਆਰਥੀਆਂ ਨੂੰ ਨਿੱਘੇ ਸ਼ਬਦਾਂ ਨਾਲ ਜੀ ਆਇਆਂ ਕਹਿੰਦੇ ਹੋਏ ਚੇਅਰ ਸੰਬੰਧੀ ਮੁੱਢਲੀ ਜਾਣਕਾਰੀ ਦਿੱਤੀ ਤੇ ਦੱਸਿਆ ਕਿ ਇਹ ਚੇਅਰ ਕਾਫ਼ੀ ਯਤਨਾਂ ਪਿੱਛੋਂ ਕਾਰਜਸ਼ੀਲ ਹੋ ਸਕੀ ਹੈ। ਇਸ ਸੈਮੀਨਾਰ ਨੂੰ ਆਯੋਜਿਤ ਕਰਨ ਦਾ ਮਨੋਰਥ ਆਜ਼ਾਦੀ ਪਿੱਛੋਂ ਨਾਮਧਾਰੀ ਜਗਤ ਵਿਚ ਵਾਪਰੀਆਂ ਘਟਨਾਵਾਂ ਨੂੰ ਦ੍ਰਿਸ਼ਟੀਗੋਚਰ ਕਰਨਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਚੇਅਰ ਨਾਮਧਾਰੀ ਪਰੰਪਰਾ, ਮੌਖਿਕ ਇਤਿਹਾਸ ਅਤੇ ਵੱਖ-ਵੱਖ ਆਰਕਾਈਵਜ਼ ਵਿਚ ਪਏ ਹੋਏ ਨਾਮਧਾਰੀ ਸਰੋਤਾਂ ਨੂੰ ਲੱਭਣ ਅਤੇ ਇਕੱਤਰ ਕਰਨ ਦਾ ਖੋਜ ਕਾਰਜ ਕਰੇਗੀ। ਸੰਬੰਧਿਤ ਸੈਮੀਨਾਰ ਦੇ ਉਦਘਾਟਨੀ ਸੈਸ਼ਨ ਵਿਚ ਡਾ. ਜੋਗਿੰਦਰ ਸਿੰਘ, ਪ੍ਰੋਫ਼ੈਸਰ ਤੇ ਸਾਬਕਾ ਮੁਖੀ ਇਤਿਹਾਸ ਵਿਭਾਗ ਤੇ ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਡਾ. ਹਰਮਿੰਦਰ ਸਿੰਘ ਬੇਦੀ, ਚਾਂਸਲਰ ਕੇਂਦਰੀ ਯੂਨੀਵਰਸਿਟੀ, ਹਿਮਾਚਲ ਪ੍ਰਦੇਸ਼, ਡਾ. ਗੁਰਿੰਦਰ ਸਿੰਘ ਮਾਨ, ਡਾਇਰੈਕਟਰ ਗਲੋਬਲ ਇੰਸਟੀਚਿਊਟ ਆਫ਼ ਸਿੱਖ ਸਟੱਡੀਜ਼ ਅਮਰੀਕਾ, ਸ. ਸੁਰਿੰਦਰ ਸਿੰਘ ਨਾਮਧਾਰੀ, ਡਾ. ਐੱਸ.ਪੀ. ਸਿੰਘ, ਸਾਬਕਾ ਉਪ-ਕੁਲਪਤੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਸਤਿਗੁਰੂ ਉਦੈ ਸਿੰਘ, ਮੁਖੀ ਨਾਮਧਾਰੀ ਜਗਤ, ਭੈਣੀ ਸਾਹਿਬ, ਲੁਧਿਆਣਾ ਅਤੇ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਆਰ. ਕੇ. ਕੋਹਲੀ ਤੇ ਯੂਨੀਵਰਸਿਟੀ ਰਜਿਸਟਰਾਰ ਪ੍ਰੋਫ਼ੈਸਰ ਜਗਦੀਪ ਸਿੰਘ ਨੇ ਸ਼ਿਰਕਤ ਕੀਤੀ।

ਡਾ. ਜੋਗਿੰਦਰ ਸਿੰਘ ਪ੍ਰੋਫ਼ੈਸਰ ਤੇ ਸਾਬਕਾ ਮੁਖੀ ਇਤਿਹਾਸ ਵਿਭਾਗ ਤੇ ਸਾਬਕਾ ਚੇਅਰ ਪ੍ਰੋ. ਨਾਮਧਾਰੀ ਸਤਿਗੁਰੂ ਰਾਮ ਸਿੰਘ ਚੇਅਰ, ਗੁਰੂ ਨਾਨਕ ਦੇਵ ਯੂਨੀਵਰਸਿਟੀ

ਅੰਮ੍ਰਿਤਸਰ ਨੇ ਕੁੰਜੀਵਤ ਭਾਸ਼ਨ ਦੇਂਦਿਆਂ 19ਵੀਂ ਸ਼ਤਾਬਦੀ ਦੇ ਅੱਧ ਦੀ ਪਹਿਲੀ ਜੰਗ-ਏ-ਆਜ਼ਾਦੀ ਵਿਚ ਨਾਮਧਾਰੀ ਲਹਿਰ ਦੇ ਯੋਗਦਾਨ ਨੂੰ ਅਹਿਮ ਦੱਸਿਆ। ਉਨ੍ਹਾਂ ਨੇ ਨਾਮਧਾਰੀ/ਕੂਕਾ ਲਹਿਰ ਉਪਰ ਆਜ਼ਾਦੀ ਤੋਂ ਪਿੱਛੋਂ ਹੋਏ ਅਧਿਐਨ ਨੂੰ ਸਾਰਥਕ ਦੱਸਿਆ ਪਰੰਤੂ, ਬੇਇਨਸਾਫ਼ੀ ਇਹ ਹੋਈ ਕਿ ਵਿਦਵਾਨਾਂ ਨੇ ਕੂਕਾ ਲਹਿਰ ਨੂੰ ਸਿੱਖ ਧਰਮ ਵਿਚੋਂ ਮਨਫ਼ੀ ਕਰ ਦਿੱਤਾ ਹੈ ਅਤੇ 20ਵੀਂ ਸਦੀ ਵਿਚ ਨਾਮਧਾਰੀ ਜਨ-ਅੰਕੜਾ (Demography) ਜਾਨਣ ਲਈ ਸਾਡੇ ਕੋਲ ਸਰੋਤ ਨਹੀਂ ਹਨ। ਉਨ੍ਹਾਂ ਅਨੁਸਾਰ ਨਾਮਧਾਰੀ ਭਾਈਚਾਰੇ ਵਿਚ ਬਹੁਗਿਣਤੀ ਜੱਟ ਸਿੱਖ ਹਨ, ਦੂਸਰੇ ਨੰਬਰ 'ਤੇ ਰਾਮਗੜ੍ਹੀਆ ਭਾਈਚਾਰਾ ਆਉਂਦਾ ਹੈ। 19ਵੀਂ ਸਦੀ ਦੇ ਅਖ਼ੀਰ ਵਿਚ 85% ਜੱਟ ਸਿੱਖ ਇਸ ਲਹਿਰ ਵਿਚ ਸ਼ਾਮਿਲ ਸਨ। 20ਵੀਂ ਸ਼ਤਾਬਦੀ ਵਿਚ ਜੱਟ ਸਿੱਖਾਂ ਦੀ ਗਿਣਤੀ ਘਟਣੀ ਸ਼ੁਰੂ ਹੋ ਗਈ ਅਤੇ ਰਾਮਗੜ੍ਹੀਆਂ ਦੀ ਗਿਣਤੀ ਵਧਣੀ ਸ਼ੁਰੂ ਹੋ ਗਈ ਸੀ ਤੇ ਹੋਰ ਲੋਕ ਵੀ ਨਾਮਧਾਰੀ ਲਹਿਰ ਵਿਚ ਸ਼ਾਮਿਲ ਹੋ ਗਏ।

ਡਾ. ਹਰਮਿੰਦਰ ਸਿੰਘ ਬੇਦੀ, ਚਾਂਸਲਰ, ਕੇਂਦਰੀ ਯੂਨੀਵਰਸਿਟੀ; ਹਿਮਾਚਲ ਪ੍ਰਦੇਸ਼ ਨੇ ਨਾਮਧਾਰੀ ਲਹਿਰ ਬਾਰੇ ਆਪਣੇ ਵਿਚਾਰ ਵੱਖ-ਵੱਖ ਹਿੰਦੀ ਸਾਹਿਤ ਦੇ ਸੰਦਰਭ ਵਿਚ ਪੇਸ਼ ਕੀਤੇ। ਉਨ੍ਹਾਂ ਦਾ ਕਹਿਣਾ ਹੈ ਕਿ ਵਾਰਤਾਕਾਰ ਪੰਡਤ ਸ਼ਰਧਾ ਰਾਮ ਫਿਲੌਰੀ ਨੇ ਆਪਣੀਆਂ ਹਿੰਦੀ ਦੀਆਂ ਲਿਖਤਾਂ ਵਿਚ ਨਾਮਧਾਰੀ ਲਹਿਰ ਦਾ ਆਜ਼ਾਦੀ ਦੇ ਸੰਗਰਾਮ ਵਿਚ ਕਿੰਨਾ ਵਡਮੁੱਲਾ ਯੋਗਦਾਨ ਸੀ, ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਮਹਾਤਮਾ ਗਾਂਧੀ ਨੇ 'ਹਰੀਜਨ' ਰਸਾਲੇ ਵਿਚ ਆਪਣੇ ਵਿਚਾਰ ਦੇਂਦਿਆਂ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ ਅਸਹਿਯੋਗ ਅੰਦੋਲਨ ਉਨ੍ਹਾਂ ਤੋਂ ਪਹਿਲਾਂ ਸਿੱਖਾਂ ਨੇ ਸ਼ੁਰੂ ਕੀਤਾ ਹੈ। ਮੁਨਸ਼ੀ ਪ੍ਰੇਮ ਚੰਦ ਦੀਆਂ ਕਹਾਣੀਆਂ ਵਿਚ ਥਾਂ ਪੁਰ ਥਾਂ ਨਾਮਧਾਰੀ ਸਿੱਖਾਂ ਦੇ ਆਜ਼ਾਦੀ ਸੰਘਰਸ਼ ਨੂੰ ਉਲੀਕਿਆ ਗਿਆ ਹੈ। ਡਾ. ਬੇਦੀ ਨੇ ਦੱਸਿਆ ਕਿ ਮਰਾਠੀ ਅਤੇ ਬੰਗਾਲੀ ਲੋਕਾਂ ਨੇ ਨਾਮਧਾਰੀ ਲਹਿਰ ਤੋਂ ਪ੍ਰੇਰਿਤ ਹੋ ਕੇ ਗਾਲਪਨਿਕ ਰਚਨਾ ਕੀਤੀ। ਉਨ੍ਹਾਂ ਦੱਸਿਆ ਕਿ ਇਕ ਮਰਾਠੀ ਨਾਟਕ ਨਾਮਧਾਰੀ ਪਹਿਰਾਵੇ ਵਿਚ ਖੇਡਿਆ ਗਿਆ। ਇਸ ਉਪਰੰਤ ਨਾਮਧਾਰੀ ਲਹਿਰ ਦੀਆਂ ਕਾਰਗੁਜ਼ਾਰੀਆਂ ਉਤੇ ਨਜ਼ਰਸਾਨੀ ਕਰਦਿਆਂ ਉਨ੍ਹਾਂ ਦੱਸਿਆ ਕਿ 1942 ਈ. ਵਿਚ ਭੈਣੀ ਸਾਹਿਬ ਵਿਖੇ ਇਕ ਹਿੰਦੀ ਸੰਮੇਲਨ ਕੀਤਾ ਗਿਆ ਸੀ ਤੇ ਕਰੀਬਨ ਸਾਰੇ ਹੀ ਨਾਮਧਾਰੀ ਗੁਰੂਆਂ ਨੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਪ੍ਰਯਤਨ ਜਾਰੀ ਰੱਖੇ ਸਨ। ਨਾਮਧਾਰੀ ਭਾਈਚਾਰੇ ਦਾ ਸੱਚਾ ਸੁੱਚਾ ਬਿੰਬ ਸਮੁੱਚੇ ਪੰਜਾਬ ਤੇ ਭਾਰਤ ਵਿਚ ਫ਼ੈਲ ਰਿਹਾ ਹੈ।

ਡਾ. ਗੁਰਿੰਦਰ ਸਿੰਘ ਮਾਨ ਯੂ.ਐੱਸ.ਏ. ਨੇ ਕਿਹਾ ਕਿ ਆਦਰਸ਼ਕ ਅਧਿਐਨ ਸੰਭਵ ਹੀ ਉਦੋਂ ਹੁੰਦਾ ਹੈ ਜਦੋਂ ਵਿਦਵਾਨ, ਵਿਦਿਆਰਥੀ ਤੇ ਸੰਬੰਧਿਤ ਭਾਈਚਾਰਾ ਇਕੱਠੇ ਕੰਮ ਕਰਦੇ ਹਨ। ਆਜ਼ਾਦੀ ਤੋਂ ਪਿੱਛੋਂ ਵੀ ਨਾਮਧਾਰੀਆਂ ਨੇ ਭੈਣੀ ਸਾਹਿਬ ਵਿਖੇ ਨਾਮਧਾਰੀ ਗੁਰਦੁਆਰਾ, ਅਰਦਾਸ ਹਾਲ, ਨਾਮਧਾਰੀ ਸੰਗੀਤ ਦੀ ਸ਼ੁਰੂ ਕੀਤੀ

ਗਈ ਰੀਤ ਨੂੰ ਬਰਕਰਾਰ ਰੱਖਿਆ ਹੈ। ਉਨ੍ਹਾਂ ਨੇ ਕਿਹਾ ਕਿ ਭੈਣੀ ਸਾਹਿਬ ਵਿਚ ਚੰਦਨ ਦੇ ਬੂਟਿਆਂ ਤੇ ਮੋਰ ਵਰਗੇ ਪੰਛੀਆਂ ਦੀ ਵਿਸ਼ੇਸ਼ ਤੌਰ 'ਤੇ ਦੇਖਭਾਲ ਕੀਤੀ ਜਾਂਦੀ ਹੈ। 1934 ਈ. ਤੋਂ ਚੱਲ ਰਹੀ ਵਰਨੀ ਪਾਠ ਦੀ ਪਵਿੱਤਰਤਾ ਤੇ ਉਸ ਦੇ ਪ੍ਰਭਾਵ ਦਾ ਜ਼ਿਕਰ ਵੀ ਕੀਤਾ। ਉਨ੍ਹਾਂ ਨੇ ਆਪਣੀ ਵਿਚਾਰਧਾਰਾ (ਦਰਸ਼ਨ) ਨੂੰ ਸਮਝਾਉਣ ਲਈ ਤਸਵੀਰਾਂ ਦੀਆਂ Slides ਵੀ ਪੇਸ਼ ਕੀਤੀਆਂ ਤਾਂ ਜੋ ਭੈਣੀ ਸਾਹਿਬ ਵਿਖੇ ਅਧਿਆਤਮਕ ਰੰਗਤ ਨੂੰ ਸਰੋਤਿਆਂ ਦੇ ਰੂਬਰੂ ਕੀਤਾ ਜਾਵੇ। ਉਨ੍ਹਾਂ ਸਰੋਤਿਆਂ ਨੂੰ ਇਹ ਵੀ ਦੱਸਿਆ ਕਿ ਨਾਮਧਾਰੀ ਸ਼ਾਕਾਹਾਰੀ ਜੀਵਨ ਜਿਊਂਦੇ ਤੇ 'ਚੰਡੀ ਦੀ ਵਾਰ' ਦਾ ਪਾਠ ਕਰਦੇ ਹਨ। ਉਨ੍ਹੀਵੀਂ ਸਦੀ ਦੇ ਅਖ਼ੀਰ ਵਿਚ ਸਤਿਗੁਰੂ ਰਾਮ ਸਿੰਘ ਤੇ ਸਰਦਾਰ ਦਿਆਲ ਸਿੰਘ ਮਜੀਠੀਆ ਮਹਾਨ ਚਿੰਤਕ ਹੋਏ ਹਨ, ਇਨ੍ਹਾਂ ਦੇ ਵਿਚਾਰਾਂ ਨੂੰ ਸਮਝੇ ਬਗ਼ੈਰ 19ਵੀਂ ਸਦੀ ਦੇ ਅਖ਼ੀਰਲੇ ਇਤਿਹਾਸਕ ਸੰਦਰਭ ਨੂੰ ਨਹੀਂ ਸਮਝਿਆ ਜਾ ਸਕਦਾ। ਨਾਮਧਾਰੀ ਲਹਿਰ ਸੰਗੀਤ ਅਤੇ ਕਲਾ ਦੀ ਸਰਪ੍ਰਸਤੀ ਕਰ ਰਹੀ ਹੈ ਤੇ ਅੱਜ ਵੀ ਰਬਾਬ ਅਤੇ ਦਿਲਰੁਬਾ ਭੈਣੀ ਸਾਹਿਬ ਵਿਚ ਵੱਜ ਰਹੀਆਂ ਹਨ।

ਨਾਮਧਾਰੀ ਸੁਰਿੰਦਰ ਸਿੰਘ ਜੀ, ਪ੍ਰਧਾਨ ਵਿਸ਼ਵ ਨਾਮਧਾਰੀ ਸੰਗਤ ਨੇ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਉਪਦੇਸ਼ ਸਾਰੇ ਭਾਰਤ ਅਤੇ ਸੰਸਾਰ ਵਿਚ ਫ਼ੈਲਣਾ ਚਾਹੀਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਬੇਟੀ ਬਚਾਓ ਤੇ ਵਾਤਾਵਰਨ ਬਚਾਓ ਵਰਗੇ ਕਾਰਜ ਬਹੁਤ ਪਹਿਲੇ ਆਰੰਭ ਕਰ ਦਿੱਤੇ ਸਨ, ਜਿਨ੍ਹਾਂ ਦਾ ਸਰਕਾਰਾਂ ਅੱਜ ਪ੍ਰਚਾਰ ਕਰ ਰਹੀਆਂ ਹਨ। ਨਾ-ਮਿਲਵਰਤਨ ਅੰਦੋਲਨ ਗਾਂਧੀ ਨੇ ਪਿੱਛੋਂ ਜਾ ਕੇ ਛੋਹਿਆ, ਜਦੋਂ ਕਿ ਇਸ ਲਹਿਰ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਬਹੁਤ ਅਰਸਾ ਪਹਿਲਾਂ ਆਰੰਭ ਕਰ ਦਿੱਤਾ ਸੀ। ਸ੍ਰ. ਸੁਰਿੰਦਰ ਸਿੰਘ ਜੀ ਨਾਮਧਾਰੀ ਨੇ ਸਤਿਗੁਰੂ ਉਦੈ ਸਿੰਘ ਜੀ ਦੀ ਮੌਜੂਦਗੀ ਵਿਚ ਇਹ ਭਰੋਸਾ ਦਿਵਾਇਆ ਕਿ ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ ਵਿਖੇ ਪ੍ਰੋਫ਼ੈਸਰ ਕੁਲਦੀਪ ਸਿੰਘ ਦੀ ਅਗਵਾਈ ਅਧੀਨ ਸ਼ੁਰੂ ਕੀਤੀ ਗਈ ਸਤਿਗੁਰੂ ਰਾਮ ਸਿੰਘ ਚੇਅਰ ਦੀ ਸਫ਼ਲਤਾ ਲਈ ਹਰ ਪ੍ਰਕਾਰ ਦਾ ਸਹਿਯੋਗ ਕਰਨਗੇ।

ਇਸ ਉਦਘਾਟਨੀ ਸੈਸ਼ਨ ਦੇ ਮੁੱਖ ਮਹਿਮਾਨ ਡਾ. ਐਸ.ਪੀ. ਸਿੰਘ, ਸਾਬਕਾ ਵਾਈਸ ਚਾਂਲਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਆਪਣੇ ਬਹੁਮੁੱਲੇ ਵਿਚਾਰ ਦੇਂਦਿਆਂ ਕਿਹਾ ਕਿ ਨਾਮਧਾਰੀ ਇਤਿਹਾਸ ਨੂੰ ਦੋ ਪੜਾਵਾਂ ਵਿਚ ਵੰਡ ਕੇ ਵੇਖਿਆ ਜਾ ਸਕਦਾ ਹੈ। ਇਕ ਪੜਾਅ ਆਜ਼ਾਦੀ ਤੋਂ ਪਹਿਲਾਂ ਤੇ ਦੂਜਾ ਆਜ਼ਾਦੀ ਤੋਂ ਪਿੱਛੋਂ ਦਾ। ਪਹਿਲੇ ਪੜਾਅ ਵਿਚ ਨਾਮਧਾਰੀਆਂ ਨੇ ਆਜ਼ਾਦੀ ਦੇ ਸੰਘਰਸ਼ ਵਿਚ ਲਾਸਾਨੀ ਕੁਰਬਾਨੀਆਂ ਦਿੱਤੀਆਂ ਤੇ ਅੰਗਰੇਜ਼ੀ ਸਾਮਰਾਜ ਦਾ ਵਿਰੋਧ ਕੀਤਾ। 1947 ਈ. ਤੋਂ ਬਾਅਦ ਦੇ ਪੜਾਅ ਵਿਚ ਵਧੇਰੇ ਚੁਣੌਤੀਆਂ ਨਾ ਹੋਣ ਕਰਕੇ, ਇਸ ਲਹਿਰ ਦੀ ਸੰਰਚਨਾ ਵਿਚ ਤਬਦੀਲੀ ਆਉਂਦੀ ਵਿਖਾਈ ਦਿੰਦੀ ਹੈ। ਵਰਤਮਾਨ ਸਮੇਂ ਵਿਚ ਜੇ ਇਹ ਲਹਿਰ ਰਾਜਸੀ ਤੇ ਸਮਾਜਿਕ ਚੁਣੌਤੀਆਂ ਨੂੰ ਆਪਣੇ ਸਮੁਦਾਇ ਤੱਕ

ਹੀ ਸੀਮਤ ਨਾ ਰੱਖ ਕੇ ਸਮੁੱਚੇ ਸਮਾਜ ਤਕ ਫੈਲਾਏ ਤਾਂ ਇਸ ਦੀ ਦੇਣ ਕਾਫ਼ੀ ਮਹੱਤਵਪੂਰਨ ਹੋ ਸਕਦੀ ਹੈ ਤੇ ਵਿਸ਼ਵ ਪੱਧਰ 'ਤੇ ਇਕ ਮਾਡਲ ਵਜੋਂ ਉਭਰ ਕੇ ਸਾਹਮਣੇ ਆਵੇਗੀ। ਆਪਣਾ ਪਿਛੋਕੜ, ਵਿਰਸਾ, ਇਤਿਹਾਸ ਤੇ ਪਰੰਪਰਾਵਾਂ ਨੂੰ ਵਰਤਮਾਨ ਸੰਦਰਭ ਵਿਚ ਰੱਖ ਕੇ ਪਹਿਚਾਨਣ ਦੀ ਲੋੜ ਹੈ ਅਤੇ ਇਤਿਹਾਸ ਨੂੰ ਇਤਿਹਾਸ ਦੇ ਤੌਰ 'ਤੇ ਹੀ ਪਹਿਚਾਣਿਆ ਜਾਣਾ ਲੋੜੀਂਦਾ ਹੈ। ਅਜਿਹੇ ਕਾਰਜ ਯੂਨੀਵਰਸਿਟੀ ਦੇ ਵਿਭਾਗਾਂ ਤੇ ਸਥਾਪਿਤ ਚੇਅਰ ਰਾਹੀਂ ਹੀ ਕੀਤੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਨਾਮਧਾਰੀ ਇਤਿਹਾਸ ਨੂੰ ਸੰਕੀਰਨ ਦਾਇਰੇ ਵਿਚੋਂ ਕੱਢ ਕੇ ਸਮੁੱਚੇ ਸਮਾਜ ਤਕ ਫੈਲਾਉਣ ਦਾ ਕਾਰਜ ਨਾਮਧਾਰੀ ਚੇਅਰ ਬਾਖ਼ੂਬੀ ਨਿਭਾ ਸਕਦੀ ਹੈ।

ਇਸ ਰਾਸ਼ਟਰੀ ਸੈਮੀਨਾਰ ਵਿਚ ਨਾਮਧਾਰੀ ਜਗਤ ਦੇ ਮੌਜੂਦਾ ਮੁਖੀ ਸਤਿਗੁਰੂ ਉਦੈ ਸਿੰਘ ਜੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸੈਮੀਨਾਰ ਦੇ ਉਦਘਾਟਨੀ ਸੈਸ਼ਨ ਵਿਚ ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਨੂੰ ਮੰਨਣ ਵਾਲਾ ਹਰ ਬੰਦਾ ਸਿੱਖ ਹੈ, ਭਾਵੇਂ ਉਸ ਦੀ ਕੋਈ ਵੀ ਦਿੱਖ ਹੋਵੇ। ਉਨ੍ਹਾਂ ਕਿਹਾ ਕਿ ਮੈਨੂੰ ਸਿੱਖ ਹੋਣ 'ਤੇ ਮਾਣ ਹੈ ਅਤੇ ਗੁਰੂ ਸਾਹਿਬਾਨ ਦੁਆਰਾ ਰਚੀ ਗਈ ਗੁਰਬਾਣੀ ਪੰਜਾਬ ਜਾਂ ਭਾਰਤ ਲਈ ਹੀ ਨਹੀਂ ਸਗੋਂ ਪੂਰੇ ਵਿਸ਼ਵ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਇਸ ਲਈ ਸਿੱਖੀ ਅਤੇ ਗੁਰਬਾਣੀ ਨੂੰ ਸੀਮਤ ਦਾਇਰੇ ਵਿਚ ਰੱਖ ਕੇ ਸਮਝਣ ਦੀ ਬਨਿਸਬਤ ਇਸ ਦਾ ਵੱਧ ਤੋਂ ਵੱਧ ਪ੍ਰਸਾਰ ਕਰਨਾ ਚਾਹੀਦਾ ਹੈ। ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਆਜ਼ਾਦ ਭਾਰਤ ਵਿਚ ਸਤਿਗੁਰੂ ਰਾਮ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਬੜੀ ਲੋੜ ਹੈ। ਵਰਤਮਾਨ ਭਾਰਤ ਦੇ ਰਾਜਨੀਤਿਕ, ਆਰਥਿਕ, ਸਮਾਜਿਕ, ਨੈਤਿਕ ਅਤੇ ਸਭਿਆਚਾਰਕ ਪਾਸਾਰਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿਚ ਦੱਸੇ ਆਦੇਸ਼ਾਂ ਅਨੁਸਾਰ ਪ੍ਰਚਾਰ ਕੇ ਬਿਹਤਰ ਬਣਾਇਆ ਜਾ ਸਕਦਾ ਹੈ। ਭਾਵੇਂ ਨਾਮਧਾਰੀ ਜਾਂ ਕੂਕਾ ਲਹਿਰ ਪੰਜਾਬ ਅਤੇ ਵਿਸ਼ੇਸ਼ ਤੌਰ 'ਤੇ ਸਿੱਖ ਭਾਈਚਾਰੇ ਨਾਲ ਸੰਬੰਧਿਤ ਸੀ, ਪਰੰਤੂ ਇਸ ਨੇ ਭਾਰਤ ਦੇ ਕੌਮੀ ਸੁਤੰਤਰਤਾ ਸੰਗਰਾਮ ਦੌਰਾਨ ਸਮੁੱਚੇ ਭਾਰਤੀ ਜਨ-ਸਮੂਹ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕੀਤਾ। ਉਨ੍ਹਾਂ ਦੱਸਿਆ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਸਿਧਾਂਤਾਂ ਉਪਰ ਗੁਰੂ ਗੋਬਿੰਦ ਸਿੰਘ ਜੀ ਦਾ ਅਧਿਕ ਪ੍ਰਭਾਵ ਹੈ ਤੇ ਨਾਮਧਾਰੀ ਜਗਤ ਵਿਚ ਅੰਮ੍ਰਿਤ ਤਿਆਰ ਕਰਦੇ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਣੀਆਂ ਪੜ੍ਹੀਆਂ ਜਾਂਦੀਆਂ ਹਨ। ਉਨ੍ਹਾਂ ਬੀਬੀਆਂ ਨੂੰ ਵੀ ਅੰਮ੍ਰਿਤ ਛਕਾਇਆ ਅਤੇ ਲੜਕੀ ਨੂੰ ਮਾਰਨ ਤੋਂ ਵਰਜਿਆ, ਵਿਧਵਾ ਵਿਆਹ 'ਤੇ ਬਲ ਦਿੱਤਾ। ਸਤਿਗੁਰੂ ਉਦੈ ਸਿੰਘ ਜੀ ਨੇ ਕਿਹਾ ਕਿ ਅੱਤਵਾਦ ਦੇ ਸਮੇਂ ਜਿਵੇਂ ਬਾਕੀ ਸਮਾਜ ਦਾ ਨੁਕਸਾਨ ਹੋਇਆ ਤਿਵੇਂ ਨਾਮਧਾਰੀ ਜਗਤ ਉੱਤੇ ਵੀ ਬੁਰਾ ਅਸਰ ਪਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਮਤਕਾਰ ਜੀਵਨ ਨਗਰ ਦੇ ਉਸ ਇਲਾਕੇ ਵਿਚ ਵੇਖੇ ਗਏ, ਜਿਥੇ ਫ਼ਸਲ ਨਹੀਂ ਹੁੰਦੀ ਸੀ, ਉਹ

ਹੁਣ ਭਾਰਤ ਦਾ ਸਭ ਤੋਂ ਵੱਧ ਉਤਪਾਦਨ ਦੇਣ ਵਾਲਾ ਇਲਾਕਾ ਬਣ ਗਿਆ ਹੈ। 1920 ਈ. ਦੇ ਆਸਪਾਸ ਪਾਕਿਸਤਾਨੀ ਪੰਜਾਬ ਤੋਂ ਭਾਰੀ ਗਿਣਤੀ ਵਿਚ ਨਾਮਧਾਰੀ ਬੈਂਕੋਕ, ਥਾਈਲੈਂਡ ਤੇ ਅਫ਼ਰੀਕਾ ਵਿਚ ਜਾ ਆਬਾਦ ਹੋਏ। ਨਾਮਧਾਰੀ ਸੰਗਤ ਨੇ ਆਜ਼ਾਦੀ ਦੇ ਸੰਗਰਾਮ ਵਿਚ ਹਰ ਉਸ ਪਾਰਟੀ ਦਾ ਸਾਥ ਦਿੱਤਾ ਜੋ ਬਰਤਾਨਵੀ ਹਕੂਮਤ ਦੇ ਵਿਰੁੱਧ ਸੀ। ਅਖ਼ੀਰ ਵਿਚ ਸਤਿਗੁਰਾਂ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਸਭ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਉਨ੍ਹਾਂ ਗੁਰੂ ਸਾਹਿਬ ਦੇ ਸਿੱਖੀ ਸਿਧਾਂਤਾਂ ਉੱਤੇ ਚੱਲ ਕੇ ਸਮਾਜ ਨੂੰ ਸੋਹਣਾ ਬਣਾਉਣ ਦੀ ਇੱਛਾ ਜ਼ਾਹਰ ਕੀਤੀ।

ਰਾਸ਼ਟਰੀ ਸੈਮੀਨਾਰ ਦੌਰਾਨ ਪ੍ਰਧਾਨਗੀ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ ਦੇ ਵਾਈਸ ਚਾਂਸਲਰ ਡਾ. ਆਰ.ਕੇ. ਕੋਹਲੀ ਨੇ ਸਭ ਤੋਂ ਪਹਿਲਾਂ ਇਸ ਗੱਲ ਦੀ ਖ਼ੁਸ਼ੀ ਜ਼ਾਹਰ ਕੀਤੀ ਕਿ ਵਰਤਮਾਨ ਨਾਮਧਾਰੀ ਸਤਿਗੁਰੂ ਉਦੈ ਸਿੰਘ, ਨਾਮਧਾਰੀ ਸੰਗਤ ਦੇ ਯੂਨੀਵਰਸਿਟੀ ਦੀ ਧਰਤੀ ਨੂੰ ਚਰਨ ਛੂਹ ਨਾਮਧਾਰੀ ਚੇਅਰ ਦੇ ਸੈਮੀਨਾਰ ਕਰਵਾਉਣ ਕਰਕੇ ਮਿਲੀ ਹੈ। ਉਨ੍ਹਾਂ ਨਾਮਧਾਰੀ ਚੇਅਰ ਨੂੰ ਸ਼ੁਰੂ ਕਰਨ ਲਈ ਕਿਨ੍ਹਾਂ ਕਿਨ੍ਹਾਂ ਮੁਸ਼ਕਿਲਾਂ ਨੂੰ ਸਰ ਕਰਨਾ ਪਿਆ, ਦਾ ਵਿਸਥਾਰ ਵਿਚ ਵਰਨਣ ਕੀਤਾ। ਉਨ੍ਹਾਂ ਇੱਛਾ ਪ੍ਰਗਟ ਕੀਤੀ ਕਿ ਨਵ-ਸਥਾਪਿਤ ਚੇਅਰ ਪ੍ਰੋਫ਼ੈਸਰ ਕੁਲਦੀਪ ਸਿੰਘ ਦੀ ਅਗਵਾਈ ਅਧੀਨ ਰਚਨਾਤਮਿਕ ਕੰਮ ਕਰਕੇ ਯੂਨੀਵਰਸਿਟੀ ਦਾ ਨਾਮ ਰੌਸ਼ਨ ਕਰੇਗੀ। ਉਨ੍ਹਾਂ ਨੇ ਨੌਜਵਾਨ ਪੀੜ੍ਹੀ ਨੂੰ ਆਪਣੇ ਪੂਰਵਜਾਂ ਦੇ ਵਿਚਾਰਾਂ ਤੋਂ ਪ੍ਰੇਰਿਤ ਹੋਣ ਦਾ ਸੁਨੇਹਾ ਦਿੱਤਾ। ਉਨ੍ਹਾਂ ਨਾਮਧਾਰੀ ਇਤਿਹਾਸ ਵਿਚ ਪਏ ਭੁਲੇਖਿਆਂ ਨੂੰ ਦੂਰ ਕਰਨ 'ਤੇ ਜ਼ੋਰ ਦਿੱਤਾ ਤੇ ਨਾਮਧਾਰੀ ਦਰਬਾਰ ਦੀ ਸਹਿਮਤੀ ਨਾਲ ਖੋਜ ਕਾਰਜ ਕਰਨ ਲਈ ਇਕ ਰੋਡ ਮੈਪ ਤਿਆਰ ਕਰਨ ਅਤੇ ਇਕ ਡਾਕੂਮੈਂਟਰੀ ਬਣਾਉਣ ਦੀ ਸਲਾਹ ਦਿੱਤੀ। ਵੀ.ਸੀ. ਸਾਹਿਬ ਨੇ ਪੰਜਾਬ ਕੇਂਦਰੀ ਯੂਨੀਵਰਸਿਟੀ ਵਿਚ ਗੁਰੂ ਨਾਨਕ ਦੇਵ ਜੀ ਦੇ ਨਾਮ 'ਤੇ ਚੇਅਰ ਬਣਾਉਣ ਦੀ ਇੱਛਾ ਪ੍ਰਗਟਾਈ ਅਤੇ ਨਾਮਧਾਰੀ ਲਹਿਰ ਦਾ ਵਿਸ਼ਵ ਪੱਧਰ ਤਕ ਫੈਲਾਓ ਹੋਣ ਦੀ ਕਾਮਨਾ ਕੀਤੀ।

ਯੂਨੀਵਰਸਿਟੀ ਰਜਿਸਟਰਾਰ ਪ੍ਰੋਫ਼ੈਸਰ (ਡਾ.) ਜਗਦੀਪ ਸਿੰਘ ਜੀ ਨੇ ਆਏ ਹੋਏ ਮਹਿਮਾਨਾਂ ਅਤੇ ਨਾਮਧਾਰੀ ਸੰਗਤ ਦਾ ਧੰਨਵਾਦ ਕਰਦਿਆਂ ਹੋਇਆਂ ਕਿਹਾ ਕਿ ਨਾਮਧਾਰੀ ਲਹਿਰ ਦਾ ਆਜ਼ਾਦੀ ਦੇ ਸੰਘਰਸ਼ ਵਿਚ ਵੱਡਾ ਯੋਗਦਾਨ ਹੈ ਅਤੇ ਇਤਿਹਾਸ ਵਿਚ ਜੋ ਸਥਾਨ ਸਤਿਗੁਰੂ ਰਾਮ ਸਿੰਘ ਅਤੇ ਉਨ੍ਹਾਂ ਦੁਆਰਾ ਕੀਤੇ ਗਏ ਕਾਰਜਾਂ ਨੂੰ ਮਿਲਣਾ ਚਾਹੀਦਾ ਸੀ, ਨਹੀਂ ਦਿੱਤਾ ਗਿਆ। ਉਨ੍ਹਾਂ ਸਰਹੱਦੀ ਪਿੰਡਾਂ ਵਿਚ ਵਸਦੇ ਨਾਮਧਾਰੀ ਪਰਿਵਾਰਾਂ ਦੀਆਂ ਮੁਸ਼ਕਲਾਂ ਦਾ ਹਵਾਲਾ ਵੀ ਦਿੱਤਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਲਹਿਰ ਨੂੰ ਇਤਿਹਾਸਕ ਸੰਦਰਭ ਵਿਚ ਰੱਖ ਕੇ ਸਮਝਣ ਦੀ ਲੋੜ ਹੈ। ਉਨ੍ਹਾਂ ਪੰਜਾਬ ਕੇਂਦਰੀ ਯੂਨੀਵਰਸਿਟੀ ਬਠਿੰਡਾ ਵਿਖੇ ਗੁਰੂ ਨਾਨਕ ਦੇਵ ਚੇਅਰ ਅਤੇ ਸਿੱਖ ਸਟੱਡੀਜ਼ ਦੇ ਵਿਸ਼ੇ ਲਿਆਉਣ ਦੀ ਇੱਛਾ ਪ੍ਰਗਟਾਈ।

ਉਦਘਾਟਨੀ ਸਮਾਰੋਹ ਤੋਂ ਪਿੱਛੋਂ ਪਹਿਲਾ ਅਕਾਦਮਿਕ ਸੈਸ਼ਨ ਡਾ. ਗੁਰਿੰਦਰ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤਾ ਗਿਆ। ਇਸ ਸੈਸ਼ਨ ਵਿਚ ਸ੍ਰ. ਸਵਰਨ ਸਿੰਘ ਵਿਰਕ, ਪ੍ਰੋ. ਸੁਰਜੀਤ ਸਿੰਘ ਭੱਟੀ, ਪ੍ਰੋ. ਬੱਬਸ਼ਾਹ ਮੈਂਗੀ, ਪ੍ਰੋ. ਤਰੁਣ ਅਰੋੜਾ, ਸ੍ਰ. ਜਸਵਿੰਦਰ ਸਿੰਘ ਹਿਸਟੋਰੀਅਨ ਅਤੇ ਡਾ. ਦਲਜੀਤ ਕੌਰ ਨੇ ਪੇਪਰ ਪੇਸ਼ ਕੀਤੇ। ਸ੍ਰ. ਸਵਰਨ ਸਿੰਘ ਵਿਰਕ ਨੇ ਆਪਣੇ ਪਰਚੇ "ਕੂਕਾ ਅੰਦੋਲਨ ਦਾ ਪੰਜਾਬੀ ਸਾਹਿਤ : ਵਿਰਸਾ ਅਤੇ ਵਰਤਮਾਨ" ਉੱਤੇ ਵਿਚਾਰ ਚਰਚਾ ਕਰਦੇ ਹੋਏ ਦੱਸਿਆ ਕਿ ਵਿਰਸੇ ਵਿਚ ਸਭ ਤੋਂ ਵੱਡਾ ਨਾਂ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਲਿਖੇ ਗਏ ਹੁਕਮਨਾਮਿਆਂ ਦਾ ਹੈ। ਬਸਤੀਵਾਦ ਦੇ ਵਿਰੋਧ ਵਿਚ ਉੱਠੀ ਕੂਕਾ ਲਹਿਰ ਦੇ ਚਰਿੱਤਰ ਨੂੰ ਕਾਵਿਕ ਅੰਦਾਜ਼ ਵਿਚ ਇਉਂ ਦੱਸਦੇ ਹਨ :

ਕੂਕਿਆਂ ਦਾ ਪੰਥ ਨਿਰਾਲਾ
ਹੱਥਾਂ ਦੇ ਵਿਚ ਗੜਵੇ ਰੱਖਦੇ
ਗਲ ਵਿਚ ਉੱਨ ਦੀ ਮਾਲਾ
ਗਹਿਣਾ ਗੱਟਾ ਮੂਲ ਨਾ ਪਾਉਂਦੇ
ਸਿੱਧਾ ਰੱਖਦੇ ਚਾਲਾ।

ਆਧੁਨਿਕ ਪੰਜਾਬੀ ਵਾਰਤਕ ਦੇ ਮੋਢੀ ਹੋਣ ਦਾ ਮਾਣ ਵੀ ਸਤਿਗੁਰੂ ਰਾਮ ਸਿੰਘ ਨੂੰ ਬਖ਼ਸ਼ਦੇ ਹੋਏ ਉਨ੍ਹਾਂ ਦੱਸਿਆ ਕਿ ਇਹ ਲਹਿਰ ਪੰਜਾਬ ਤੇ ਪੰਜਾਬੀਅਤ ਨੂੰ ਤਰਜੀਹ ਦਿੰਦੀ ਰਹੀ ਹੈ ਭਾਵੇਂ ਪੰਜਾਬ ਵਿਚ ਵੱਸਣ ਵਾਲੇ ਕੁਝ ਸਿੱਖਾਂ ਨੇ ਅੰਗਰੇਜ਼ਾਂ ਨੂੰ ਭੜਕਾਇਆ ਕਿ ਸਤਿਗੁਰੂ ਰਾਮ ਸਿੰਘ ਅੰਗਰੇਜ਼ੀ ਸਾਮਰਾਜ ਦੀਆਂ ਜੜ੍ਹਾਂ ਉਖਾੜ ਰਹੇ ਹਨ ਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਉੱਤੇ ਮਿੱਟੀ ਪਾ ਰਹੇ ਹਨ। ਜਦੋਂ ਕਿ ਪੌਣੀ ਸਦੀ ਦੇ ਇਤਿਹਾਸ ਉੱਤੇ ਨਜ਼ਰ ਮਾਰੀਏ ਤਾਂ ਕੂਕਿਆਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਮਿਲਦਾ ਹੈ। ਉਨ੍ਹਾਂ ਨਿਹਾਲ ਸਿੰਘ, ਇੰਦਰ ਸਿੰਘ ਚਕਰਵ੍ਰਤੀ ਤੇ ਨਿਧਾਨ ਸਿੰਘ ਦੀਆਂ ਪ੍ਰਾਪਤੀਆਂ ਦਾ ਚਰਚਾ ਵੀ ਕੀਤਾ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡਾ. ਸੁਰਜੀਤ ਸਿੰਘ ਭੱਟੀ ਨੇ ਆਪਣੇ ਵਿਚਾਰ ਪ੍ਰਸਤੁਤ ਕਰਦਿਆਂ ਦੱਸਿਆ ਕਿ ਸਤਿਗੁਰੂ ਰਾਮ ਸਿੰਘ ਦੇ ਅਧੀਨ ਚਲਦੀ ਨਾਮਧਾਰੀ ਲਹਿਰ ਵਿਚੋਂ ਕਿਸੇ ਵੀ ਕੂਕੇ ਨੇ ਸਾਮਰਾਜ ਦੀਆਂ ਜ਼ਿਆਦਤੀਆਂ ਅੱਗੇ ਗੋਡੇ ਟੇਕ ਕੇ ਮੁਆਫ਼ੀ ਨਹੀਂ ਮੰਗੀ। ਉਨ੍ਹਾਂ ਕਿਹਾ ਨਾਮਧਾਰੀ ਲਹਿਰ ਸਿੱਖ ਲਹਿਰ ਦੀ ਹੀ ਨਿਰੰਤਰਤਾ ਹੈ ਜਿਸ ਨੇ ਸਤਿਗੁਰੂ ਰਾਮ ਸਿੰਘ ਦੀਆਂ ਪਰੰਪਰਾਵਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਤੇ ਸਤਿਗੁਰੂ ਜਗਜੀਤ ਸਿੰਘ ਦੇ ਜ਼ਰੀਏ ਨਿਭਾਇਆ। ਇਨ੍ਹਾਂ ਸੰਗੀਤ, ਰਾਗ ਤੇ ਸਾਜ਼ਾਂ ਨੂੰ ਜਿੰਨਾ ਮਾਣ ਬਖ਼ਸ਼ਿਆ, ਓਨਾ ਕਿਸੇ ਹੋਰ ਲਹਿਰ ਨੇ ਨਿਰੰਤਰਤਾ ਨਹੀਂ ਦਿੱਤੀ। ਡੀ.ਏ.ਵੀ. ਕਾਲਜ, ਅੰਮ੍ਰਿਤਸਰ ਤੋਂ ਪ੍ਰੋ. ਬੱਬਸ਼ਾਹ ਨੇ ਨਾਮਧਾਰੀ ਜਗਤ ਵਿਚ ਔਰਤ ਦੀ ਸਥਿਤੀ ਬਾਰੇ ਚਰਚਾ ਕਰਨ ਤੋਂ ਪਹਿਲਾਂ ਵੈਦਿਕ, ਬੁੱਧ ਤੇ ਗੁਰੂ

ਨਾਨਕ ਕਾਲ ਵਿਚ ਔਰਤ ਦੀ ਸਥਿਤੀ ’ਤੇ ਪੰਛੀ ਝਾਤ ਪਾਈ ਤੇ ਇਸ ਉਪਰੰਤ ਉਨ੍ਹਾਂ ਨੇ ਦੱਸਿਆ ਕਿ ਨਾਮਧਾਰੀ ਜਗਤ ਵਿਚ ਔਰਤ ਦੀ ਸਥਿਤੀ ਜਾਂ ਆਜ਼ਾਦੀ ਨੂੰ ਲੈ ਕੇ ਵਾਸਤਵਿਕ ਸਥਿਤੀ ਸੰਤੋਸ਼ਜਨਕ ਨਹੀਂ ਹੈ। ਕਹਿਣ ਨੂੰ ਭਾਵੇਂ ਔਰਤਾਂ ਵਿਚੋਂ ਵੀ ਸੂਬੇ ਬਣਾਏ ਗਏ ਹਨ ਪਰੰਤੂ ਵਿਵਹਾਰਿਕ ਪੱਧਰ ’ਤੇ ਔਰਤਾਂ ਆਪਣੇ ਪਤੀ ਦੇ ਨਾਂ ਪਿੱਛੇ ਹੀ ਕਾਰਜਸ਼ੀਲ ਹੁੰਦੀਆਂ ਹਨ। ਸਤਿਗੁਰੂ ਰਾਮ ਸਿੰਘ ਨੇ ਸਮੇਂ ਦੇ ਸਮਾਜ ਦੀਆਂ ਜੋ ਸਮੱਸਿਆਵਾਂ ਸਨ, ਉਨ੍ਹਾਂ ’ਤੇ ਵਿਚਾਰ ਕਰਕੇ ਸੁਧਾਰ ਲਿਆਉਣ ਦੀ ਕੋਸ਼ਿਸ਼ ਕੀਤੀ। ਡਾ. ਤਰੁਣ ਅਰੋੜਾ, ਮੁਖੀ ਅਤੇ ਡੀਨ ਲਾਅ ਵਿਭਾਗ, ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ ਨੇ ਹੁਕਮਨਾਮਿਆਂ ਵਿਚੋਂ ਲਾਅ ਨਾਲ ਸੰਬੰਧਤ ਅਰਦਾਸਾਂ ਨੂੰ ਘੋਖਿਆ। ਉਨ੍ਹਾਂ ਦੱਸਿਆ ਕਿ ਜੇ ਹੁਕਮਨਾਮਿਆਂ ਨੂੰ ਸੰਵਿਧਾਨਕ ਪ੍ਰਣਾਲੀ ਨਾਲ ਜੋੜ ਕੇ ਵੇਖਿਆ ਜਾਵੇ ਤਾਂ ਇਹ ਗਿਆਤ ਹੁੰਦਾ ਹੈ ਕਿ ਨਵੇਂ ਕਾਨੂੰਨਾਂ ਦੀ ਸਹੀ ਤਰੀਕੇ ਨਾਲ ਵਰਤੋਂ ਨਹੀਂ ਕੀਤੀ ਜਾਂਦੀ। ਹੁਕਮਨਾਮਿਆਂ ਵਿਚ ਗੁਰੂ ਸ਼ਬਦਾਂ ਨਾਲ ਪ੍ਰੀਤ ਪਾਉਣ ਦੀ ਕੋਸ਼ਿਸ਼ ਕੀਤੀ ਹੈ ਪਰੰਤੂ, ਅਜੋਕੇ ਲੀਡਰ ਸੰਵਿਧਾਨ ਅਨੁਸਾਰ ਲੋਕਾਂ ਦੀ ਮਦਦ ਕਰਨ ਦੀ ਬਜਾਇ ਸਾਰੇ ਨਿਯਮਾਂ ਤੇ ਅਸੂਲਾਂ ਨੂੰ ਛਿੱਕੇ ਟੰਗ ਰਹੇ ਹਨ। ਜਿਸ ਭਰੂਣ ਹੱਤਿਆ ਉੱਤੇ ਰੋਕ ਦੀਆਂ ਗੱਲਾਂ ਸੰਵਿਧਾਨਕ ਪੱਧਰ ਉੱਤੇ ਅੱਜ ਕੀਤੀਆਂ ਜਾ ਰਹੀਆਂ ਹਨ, ਇਨ੍ਹਾਂ ਦਾ ਜ਼ਿਕਰ ਹੁਕਮਨਾਮਿਆਂ ਵਿਚੋਂ ਪ੍ਰਾਪਤ ਹੁੰਦਾ ਹੈ।

ਨਾਮਧਾਰੀ ਇਤਿਹਾਸ ਨਾਲ ਜੁੜੇ ਉੱਚ ਵਿਦਵਾਨ ਸ੍ਰ. ਜਸਵਿੰਦਰ ਸਿੰਘ ਹਿਸਟੋਰੀਅਨ ਨੇ ਆਪਣੇ ਸੰਖਿਪਤ ਵਿਚਾਰਾਂ ਰਾਹੀਂ ਦੱਸਿਆ ਕਿ ਰਾਜ ਕਰੇਗਾ ਖਾਲਸਾ ਨਾਮਧਾਰੀਆਂ ਨੇ ਸ਼ੁਰੂ ਕੀਤਾ ਪਰੰਤੂ, 1863 ਈ. ਉਪਰੰਤ ਸਤਿਗੁਰੂ ਰਾਮ ਸਿੰਘ ਨੂੰ ਅੰਮ੍ਰਿਤਸਰ ਜਾਣ ਤੋਂ ਰੋਕਿਆ ਗਿਆ ਕਿਉਂਕਿ ਆਮ ਧਾਰਨਾ ਅੰਗਰੇਜ਼ਾਂ ਸਨਮੁਖ ਇਹ ਬਣਾਈ ਜਾ ਰਹੀ ਸੀ ਕਿ ਨਾਮਧਾਰੀ ਸਾਮਰਾਜ ਦੀਆਂ ਕਾਰਵਾਈਆਂ ਵਿਚ ਅੜਿੱਕਾ ਹਨ। ਪੇਸ਼ ਕੀਤੇ ਗਏ ਪੇਪਰਾਂ ਵਿਚ ਵਿਦਵਾਨਾਂ ਨੇ ਨਾਮਧਾਰੀ ਲਹਿਰ ਦੇ ਆਜ਼ਾਦੀ ਸੰਘਰਸ਼ ਅਤੇ ਆਜ਼ਾਦੀ ਪਿੱਛੋਂ ਪਾਏ ਗਏ ਯੋਗਦਾਨ ਨੂੰ ਉਭਾਰਿਆ। ਇਸ ਲਹਿਰ ਨੇ ਬਦੇਸ਼ੀ ਕੱਪੜਾ ਪਾਉਣ, ਦਹੇਜ ਨੂੰ ਰੋਕਣ, ਸਾਦੇ ਵਿਆਹ ਅਤੇ ਸਾਦਾ ਜੀਵਨ, ਕਿਰਸਾਨੀ ਭਾਈਚਾਰੇ ਦੇ ਯੋਗਦਾਨ, ਨਾ ਮਿਲਵਰਤਨ ਲਹਿਰ ਚਲਾਉਣ, ਨਾਮਧਾਰੀ ਰਹਿਤ ਮਰਿਯਾਦਾ ਵਿਚ ਰਹਿਣ ਉੱਤੇ ਜ਼ੋਰ ਦਿੱਤਾ। ਆਧੁਨਿਕ ਯੁੱਗ ਵਿਚ ਹੁਕਮਨਾਮਿਆਂ ਦੇ ਰਾਜਨੀਤਿਕ, ਧਾਰਮਿਕ, ਸਮਾਜਿਕ ਮਹੱਤਵ, ਗੁਰਦੁਆਰਾ ਸੁਧਾਰ ਲਹਿਰ, ਔਰਤ ਦੇ ਸੁਧਾਰ ਲਈ ਕੀਤੇ ਕੰਮਾਂ ਅਤੇ ਉਨ੍ਹਾਂ ਦਾ ਪ੍ਰਭਾਵ ਆਦਿ ਇਤਿਹਾਸਕ ਪੱਖਾਂ ਉੱਤੇ ਚਾਨਣਾ ਪਾਇਆ ਗਿਆ।

ਪਹਿਲੇ ਅਕਾਦਮਿਕ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਡਾ. ਗੁਰਿੰਦਰ ਸਿੰਘ ਮਾਨ (U.S.A.) ਨੇ ਕਿਹਾ ਕਿ ਪਰਚਿਆਂ ਵਿਚ ਸਾਹਿਤ ਅਤੇ ਇਤਿਹਾਸ ਦੇ ਡੂੰਘੇਰੇ ਸੰਬੰਧਾਂ ਉੱਤੇ ਵਿਸ਼ੇਸ਼ ਚਰਚਾ ਕਰਨ ਦੇ ਨਾਲ ਨਾਲ ਸੁਤੰਤਰ ਭਾਰਤ ਵਿਚ ਨਾਮਧਾਰੀ ਸਿੱਖਾਂ

ਦੇ ਯੋਗਦਾਨ ਨੂੰ ਵੀ ਬਾਖ਼ੂਬੀ ਪੇਸ਼ ਕੀਤਾ ਗਿਆ ਹੈ। ਹੁਕਮਨਾਮਿਆਂ ਤੋਂ ਲੈ ਕੇ ਹੁਣ ਤਕ ਜੋ ਵੀ ਸਾਹਿਤ ਰਚਿਆ ਗਿਆ ਹੈ ਜਾਂ 'ਸਤਿਯੁਗ' ਰਸਾਲਾ ਜੋ ਹੁਣ ਤੱਕ ਛਪ ਰਿਹਾ ਹੈ, ਵਿਸ਼ੇਸ਼ ਸਰੋਤ ਹੈ। ਇਹ ਨਾਮਧਾਰੀ ਲਹਿਰ ਦੀ ਵਿਸ਼ੇਸ਼ ਪ੍ਰਾਪਤੀ ਹੈ। ਇਤਿਹਾਸ ਵਿਚ ਕਿਸੇ ਵੀ ਲਹਿਰ ਦਾ ਸਾਹਿਤ ਵਿਸ਼ੇਸ਼ ਸਥਾਨ ਰੱਖਦਾ ਹੈ। ਇਸ ਤੋਂ ਇਲਾਵਾ ਗਊ ਹੱਤਿਆ 'ਤੇ ਰੋਕ, ਆਜ਼ਾਦੀ ਦੀ ਸਹੀ ਵਰਤੋਂ ਦੀ ਚੇਤੰਨਤਾ ਪੈਦਾ ਕਰਨ, ਕਾਵਿ ਰੂਪਾਂ ਦੀ ਵਰਤੋਂ, ਵਿੱਦਿਆ ਪ੍ਰਾਪਤੀ, ਹੱਥੀਂ ਕੰਮ ਕਰਨਾ, ਗੁਰਬਾਣੀ ਨਾਲ ਵਿਹਾਰਕ ਪੱਧਰ 'ਤੇ ਸੰਬੰਧ ਬਣਾਉਣਾ, ਵਿਦੇਸ਼ੀ ਕੰਪਨੀਆਂ ਦਾ ਵਿਰੋਧ ਆਦਿ ਨਾਮਧਾਰੀ ਲਹਿਰ ਦੇ ਮੁੱਖ ਪੱਖਾਂ ਨੂੰ ਸੈਮੀਨਾਰ ਵਿਚਲੀ ਰਚਨਾਤਮਿਕ ਚਰਚਾ ਵਿਚ ਉਭਾਰਿਆ ਗਿਆ।

ਰਾਸ਼ਟਰੀ ਸੈਮੀਨਾਰ ਦਾ ਦੂਜਾ ਅਕਾਦਮਿਕ ਸੈਸ਼ਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਅਤੇ ਪ੍ਰੋ. ਡਾ. ਸੁਖਦੇਵ ਸਿੰਘ ਸਿਰਸਾ ਦੀ ਪ੍ਰਧਾਨਗੀ ਵਿਚ ਆਯੋਜਿਤ ਕੀਤਾ ਗਿਆ। ਇਸ ਸੈਸ਼ਨ ਵਿਚ ਸ੍ਰ. ਹਰਪਾਲ ਸਿੰਘ ਸੇਵਕ, ਸੂਬਾ ਸੁਰਿੰਦਰ ਕੌਰ ਖਰਲ, ਸ੍ਰ. ਸਵਰਨ ਸਿੰਘ ਸਨੇਹੀ, ਸ੍ਰ. ਦਵਿੰਦਰ ਸਿੰਘ ਗਿੱਲ, ਡਾ. ਆਲਾ ਸਿੰਘ, ਡਾ. ਜੀਤ ਸਿੰਘ ਜੋਸ਼ੀ, ਪ੍ਰੋ. ਸਤਵੀਰ ਕੌਰ ਨੇ ਪਰਚੇ ਪੜ੍ਹੇ। ਸ੍ਰ. ਹਰਪਾਲ ਸਿੰਘ ਸੇਵਕ ਨੇ ਆਪਣੇ ਪਰਚੇ ਦਾ ਵਿਸ਼ਾ 'ਨਾਮਧਾਰੀਆਂ ਦਾ ਸੰਗੀਤ ਦੇ ਵਿਕਾਸ ਵਿਚ ਯੋਗਦਾਨ' ਨੂੰ ਵਿਆਖਿਆਤਮਕ ਢੰਗ ਨਾਲ ਸਰੋਤਿਆਂ ਦੇ ਰੂਬਰੂ ਕੀਤਾ। ਗੁਰਬਾਣੀ ਨੂੰ ਆਧਾਰ ਬਣਾ ਕੇ ਸੰਗੀਤ ਦੀ ਸਾਰਥਕਤਾ ਦੱਸੀ। ਉਨ੍ਹਾਂ ਦੱਸਿਆ ਕਿ ਨਾਮਧਾਰੀ ਸਤਿਗੁਰੂ ਹਰੀ ਸਿੰਘ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੀ ਸੰਗੀਤ ਦੀਆਂ ਰੀਤਾਂ ਨੂੰ ਸੰਭਾਲਿਆ, ਅੰਮ੍ਰਿਤਸਰ ਤੋਂ ਰਾਗੀਆਂ ਨੂੰ ਬੁਲਾ ਕੇ ਗੁਰੂ ਰਾਮਦਾਸ ਤੇ ਗੁਰੂ ਅਰਜਨ ਦੇਵ ਦੀਆਂ ਰੀਤਾਂ ਨੂੰ ਆਪਣੇ ਕੋਲ ਸੰਭਾਲਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦਿਲੀ ਇੱਛਾ ਹੁੰਦੀ ਸੀ ਕਿ ਹਰ ਸਿੱਖ ਦੇ ਬੱਚੇ 'ਚੋਂ ਰਾਗ ਦੀ ਖ਼ੁਸ਼ਬੂ ਜ਼ਰੂਰ ਆਵੇ। ਨਾਮਧਾਰੀਆਂ ਨੇ ਸੰਗੀਤ, ਸਾਹਿਤ, ਖੇਡਾਂ, ਖੇਤੀਬਾੜੀ ਦੇ ਖੇਤਰ ਵਿਚ ਬਹੁਤ ਕੰਮ ਕੀਤਾ। ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵੀ ਇਹੋ ਧਾਰਨਾ ਸੀ ਕਿ ਨਾਮਧਾਰੀ ਨੌਜਵਾਨ ਕਲਾਸੀਕਲ ਸੰਗੀਤ ਨਾਲ ਜੁੜ ਕੇ ਆਪਣੀ ਸ਼ਾਨ ਕਾਇਮ ਰੱਖਣ। ਉਨ੍ਹਾਂ ਦੱਸਿਆ ਕਿ ਪੰਜਾਬ ਤੋਂ ਬਾਹਰ ਵੱਸਦੇ ਨਾਮਧਾਰੀਆਂ ਨੇ ਸੰਗੀਤ ਦੀ ਪਰੰਪਰਾ ਨੂੰ ਸੰਭਾਲ ਕੇ ਰੱਖਿਆ।

ਇਸ ਸੈਸ਼ਨ ਦੇ ਦੂਸਰੇ ਪ੍ਰਵਕਤਾ ਸੂਬਾ ਸੁਰਿੰਦਰ ਕੌਰ 'ਖਰਲ' ਨੇ ਦੇਸ ਦੀ ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਖੇਤੀਬਾੜੀ ਤੇ ਬਾਗ਼ਬਾਨੀ ਦੇ ਵਿਕਾਸ ਵਿਚ ਨਾਮਧਾਰੀਆਂ ਦੇ ਵਿਸ਼ੇਸ਼ ਯੋਗਦਾਨ ਨੂੰ ਸਰੋਤਿਆਂ ਨਾਲ ਸਾਂਝਿਆ ਕੀਤਾ। ਜਿਹੜੇ ਲੋਕ ਪਾਕਿਸਤਾਨ ਤੋਂ ਉੱਜੜ ਕੇ ਆਏ ਸਨ ਉਨ੍ਹਾਂ ਨੂੰ ਰਹਿਣ ਲਈ ਘਰ ਅਤੇ ਨਿੱਤ ਗੁਜ਼ਾਰੇ ਲਈ ਖੇਤੀਬਾੜੀ ਕਰਨ ਵਾਸਤੇ ਜ਼ਮੀਨਾਂ ਦਿੱਤੀਆਂ। ਸਤਿਗੁਰੂ ਰਾਮ ਸਿੰਘ ਜੀ ਤੋਂ ਲੈ ਕੇ

ਵਰਤਮਾਨ ਸਤਿਗੁਰੂ ਉਦੈ ਸਿੰਘ ਜੀ ਤੱਕ ਇਸ ਪ੍ਰਯਤਨ ਨੂੰ ਨਿਰੰਤਰ ਰੱਖਿਆ ਗਿਆ ਤੇ ਜੀਵਨ ਨਗਰ ਵੀ ਵਸਾਇਆ। ਸ੍ਰ. ਸਵਰਨ ਸਿੰਘ ਸਨੇਹੀ ਨੇ 'ਸ਼ਾਕਾਹਾਰੀ ਤੇ ਨਸ਼ਿਆਂ' ਉੱਤੇ ਵਿਚਾਰ ਕੀਤੀ। ਉਨ੍ਹਾਂ ਨੇ ਕਿਹਾ ਗੁਰੂ ਨਾਨਕ ਸਾਹਿਬ ਦੇ ਸ਼ਾਕਾਹਾਰ ਉੱਤੇ ਸਤਿਗੁਰੂ ਰਾਮ ਸਿੰਘ ਨੇ ਪਹਿਰਾ ਦਿੱਤਾ। ਉਨ੍ਹਾਂ ਨੇ ਮਾਸ ਖਾਣ ਉੱਤੇ ਪਾਬੰਦੀ ਲਾਈ, ਗਊ ਹੱਤਿਆ ਨੂੰ ਰੋਕਿਆ ਤੇ ਨਸ਼ਿਆਂ ਉੱਤੇ ਪਾਬੰਦੀ ਲਾਈ। ਆਧੁਨਿਕ ਯੁੱਗ ਵਿਚ ਨਸ਼ਿਆਂ ਉੱਤੇ ਰੋਕ ਲਾਉਣ ਲਈ ਸਰਕਾਰੀ ਪੱਧਰ ਤੇ ਪ੍ਰਸਾਸ਼ਨ ਵੱਲੋਂ ਯੋਗ ਕਦਮ ਚੁੱਕੇ ਜਾ ਰਹੇ ਹਨ ਪਰੰਤੂ, ਨਾਮਧਾਰੀ ਸਤਿਗੁਰਾਂ ਵੱਲੋਂ ਬਹੁਤ ਸਮਾਂ ਪਹਿਲਾਂ ਨਸ਼ੇ ਉੱਤੇ ਪਾਬੰਦੀ ਲਾ ਕੇ ਸਰਲ ਸਾਧਾਰਨ ਜੀਵਨ ਸ਼ੈਲੀ ਅਪਣਾਉਣ ਉੱਤੇ ਜ਼ੋਰ ਦਿੱਤਾ। ਇਸ ਸੈਸ਼ਨ ਵਿਚ ਆਜ਼ਾਦੀ ਤੋਂ ਪਿੱਛੋਂ ਨਾਮਧਾਰੀ ਜਗਤ ਦੀ ਸੰਗੀਤ, ਬਾਗ਼ਬਾਨੀ ਅਤੇ ਖੇਤੀਬਾੜੀ, ਸ਼੍ਰੋਮਣੀ ਪ੍ਰਬੰਧਕ ਕਮੇਟੀ ਵਿਚ ਯੋਗਦਾਨ ਤੇ ਨਾਮਧਾਰੀ ਜੀਵਨ ਸ਼ੈਲੀ ਉੱਤੇ ਵਿਚਾਰ ਚਰਚਾ ਹੋਈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਡਾ. ਆਲਾ ਸਿੰਘ ਨੇ ਨਾਮਧਾਰੀ ਖੇਤੀਬਾੜੀ ਟੈਕਨੋਲੋਜੀ ਵਿਸ਼ੇ 'ਤੇ ਨਿਵੇਕਲਾ ਪਰਚਾ ਪੇਸ਼ ਕੀਤਾ ਤੇ ਨਾਮਧਾਰੀ ਜਗਤ ਦੁਆਰਾ ਖੇਤੀਬਾੜੀ ਦੇ ਵਿਕਾਸ ਵਿਚ ਪਾਏ ਜਾ ਰਹੇ ਯੋਗਦਾਨ ਦੀ Power Point ਨਾਲ ਵਿਆਖਿਆ ਕੀਤੀ।

ਵਿਦਵਾਨ ਦੇਵਿੰਦਰ ਸਿੰਘ ਗਿੱਲ ਜੀ ਨੇ ਆਪਣੇ ਪੇਪਰ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਾਮਧਾਰੀ ਪੰਥ ਦਾ ਯੋਗਦਾਨ' ਵਿਚ ਦੱਸਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ, ਸਿੰਘ ਸਭੀਏ ਤੇ ਅਕਾਲੀ ਭਰਾਵਾਂ ਨਾਲ ਤਹਿ ਦਿਲੋਂ ਪ੍ਰੇਮ ਕਰਦੇ ਸਨ। ਗਿੱਲ ਸਾਹਿਬ ਨੇ ਨਾਮਧਾਰੀ ਦਰਬਾਰ ਦੇ ਨਿਯੁਕਤ ਕੀਤੇ ਗਏ ਉਨ੍ਹਾਂ ਮੈਂਬਰਾਂ ਦੀ ਜਾਣਕਾਰੀ ਦਿੱਤੀ ਜੋ ਸਮੇਂ ਸਮੇਂ ਨਿਯੁਕਤ ਕੀਤੇ ਜਾਂਦੇ ਰਹੇ ਸਨ। 1973 ਈਸਵੀ ਵਿਚ ਹੋਈ ਸਰੋਵਰ ਦੀ ਕਾਰ ਸੇਵਾ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਸੰਗਤ ਸਹਿਤ ਸ਼ਮੂਲੀਅਤ ਕੀਤੀ। ਨਾਮਧਾਰੀ ਜਗਤ ਦੇ ਪ੍ਰਬੁੱਧ ਲੇਖਕ ਸਵਰਨ ਸਿੰਘ ਸਨੇਹੀ ਜੀ ਨੇ Paramount Namdhari Tenets-Up With Vegetarianism Down With Drugs ਪਰਚਾ ਪੇਸ਼ ਕੀਤਾ ਹੈ ਤੇ ਇਸ ਸੰਦਰਭ ਵਿਚ ਆਜ਼ਾਦੀ ਤੋਂ ਪਹਿਲਾਂ ਤੇ ਬਾਅਦ ਵਿਚ ਨਾਮਧਾਰੀ ਗੁਰੂ ਸਾਹਿਬਾਨ ਤੇ ਸੰਗਤ ਦੁਆਰਾ ਪਾਏ ਯੋਗਦਾਨ ਦਾ ਵਰਣਨ ਕੀਤਾ।

ਡਾ. ਸੁਖਦੇਵ ਸਿੰਘ ਸਿਰਸਾ ਨੇ ਨਾਮਧਾਰੀ ਜੀਵਨ ਦੀ ਸਾਦਗੀ ਅਤੇ ਵਿਚਾਰਾਂ ਨੂੰ ਉੱਤਮ ਦੱਸਿਆ। ਉਨ੍ਹਾਂ ਅਨੁਸਾਰ ਜੋ ਲਹਿਰ ਆਪਣਾ ਸਾਹਿਤ ਨਹੀਂ ਰਚਦੀ, ਉਹ ਕਦੇ ਵੀ ਸਫ਼ਲ ਨਹੀਂ ਹੁੰਦੀ। ਦੂਜੇ ਪਾਸੇ ਜੋ ਲਹਿਰ ਜੀਵਨ ਦੀ ਸੁੱਚਤਾ ਉੱਪਰ ਆਧਾਰਿਤ ਹੋਵੇ, ਉਹੀ ਸਾਹਿਤ ਰਚਦੀ ਹੈ। ਉਨ੍ਹਾਂ ਨੇ ਨਾਮਧਾਰੀ ਸਾਹਿਤ ਵਿਚ ਬਾਰਾਮਾਹ ਦਾ ਜ਼ਿਕਰ ਕੀਤਾ ਕਿ ਕਿਵੇਂ ਇਹ ਬਾਰਾਂਮਾਹ ਨਾਮਧਾਰੀ ਜਗਤ ਦੀ ਮਾਨਸਿਕਤਾ ਦੀ ਪੇਸ਼ਕਾਰੀ ਕਰਦੇ ਹਨ। ਸੈਮੀਨਾਰ ਦੇ ਅੰਤ ਵਿਚ ਸਤਿਗੁਰੂ ਰਾਮ

ਸਿੰਘ ਚੇਅਰ ਦੇ ਚੇਅਰ ਪ੍ਰੋਫ਼ੈਸਰ ਡਾ. ਕੁਲਦੀਪ ਸਿੰਘ ਨੇ ਧੰਨਵਾਦੀ ਸ਼ਬਦ ਕਹਿੰਦਿਆਂ ਇਸ ਸੈਮੀਨਾਰ ਨੂੰ ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ ਦੇ ਇਤਿਹਾਸ ਵਿਚ ਨਿਵੇਕਲੀ ਛੋਹ ਦਾ ਪ੍ਰਮਾਣ ਦੱਸਿਆ। ਯੂਨੀਵਰਸਿਟੀ ਕੈਂਪਸ ਵਿਚ ਨਾਮਧਾਰੀ ਸੰਗਤ ਦਾ ਆ ਕੇ ਇਸ ਧਰਤੀ ਨੂੰ ਪਵਿੱਤਰ ਕਰਨਾ ਇਕ ਯਾਦਗਾਰੀ ਪਲ ਰਹੇਗਾ। ਡਾ. ਕੁਲਦੀਪ ਸਿੰਘ ਨੇ ਸੈਮੀਨਾਰ ਵਿਚ ਸ਼ਿਰਕਤ ਕਰਨ ਵਾਲੇ ਸਾਰੇ ਵਿਦਵਾਨਾਂ, ਵਿਸ਼ੇਸ਼ ਤੌਰ ’ਤੇ ਯੂਨੀਵਰਸਿਟੀ ਵਾਈਸ ਚਾਂਸਲਰ ਪ੍ਰੋ. ਆਰ. ਕੇ. ਕੋਹਲੀ, ਰਜਿਸਟਾਰ ਪ੍ਰੋ. ਜਗਦੀਪ ਸਿੰਘ ਅਤੇ ਆਪਣੇ ਹਮ-ਰੁਤਬਾ ਪ੍ਰੋ. ਹਰਪਾਲ ਸਿੰਘ ਪੰਨੂੰ ਜੀ ਦਾ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਹਰ ਕਦਮ ’ਤੇ ਮੇਰੀ ਅਗਵਾਈ ਕੀਤੀ। ਇਸ ਤੋਂ ਇਲਾਵਾ ਸ੍ਰ. ਹਰਜਿੰਦਰ ਸਿੰਘ ਜੀ ਨਾਮਧਾਰੀ ਸਟੋਰ, ਬਠਿੰਡਾ ਵਾਲਿਆਂ ਦਾ ਲੰਗਰ ਅਤੇ ਚਾਹ ਵਗੈਰਾ ਦੀ ਸੇਵਾ ਲਈ ਧੰਨਵਾਦ ਕੀਤਾ। ਸ੍ਰ. ਹਰਪਾਲ ਸਿੰਘ ਸੇਵਕ ਨੇ ਨਾਮਧਾਰੀ ਇਤਿਹਾਸ ਨਾਲ ਸੰਬੰਧਤ ਘਟਨਾਵਾਂ ਦੀ ਪ੍ਰਦਰਸ਼ਨੀ ਦਾ ਪ੍ਰਬੰਧ ਕਰਕੇ ਯੂਨੀਵਰਸਿਟੀ ਵਿਚ ਪੜ੍ਹਨ ਵਾਲੇ ਗ਼ੈਰ ਪੰਜਾਬੀ ਤੇ ਦੂਜੇ ਵਿਸ਼ਿਆਂ ਨਾਲ ਸੰਬੰਧਿਤ ਵਿਦਿਆਰਥੀਆਂ ਲਈ ਵਿਸ਼ੇਸ਼ ਰੁਚੀ ਦਾ ਸਬੱਬ ਪੈਦਾ ਕੀਤਾ। ਤੁਲਨਾਤਮਿਕ ਸਾਹਿਤ ਵਿਭਾਗ ਤੋਂ ਡਾ. ਰਮਨਦੀਪ ਕੌਰ ਨੇ ਸਟੇਜ ਦੀ ਕਾਰਵਾਈ ਨੂੰ ਬਾਖ਼ੂਬੀ ਨਿਭਾਇਆ। ਡਾ. ਅਮਨਦੀਪ ਸਿੰਘ ਬਰਾੜ ਤੇ ਪ੍ਰੋ. ਤਰੁਨ ਅਰੋੜਾ ਸੈਮੀਨਾਰ ਦੇ ਸਾਰੇ ਪ੍ਰਬੰਧਾਂ ਲਈ ਮਦਦਗਾਰ ਰਹੇ। ਡਾ. ਲਖਵੀਰ ਸਿੰਘ ਰਾਮਪੁਰਾ ਵਾਲਿਆਂ ਨੇ ਨਾਮਧਾਰੀ ਸੰਗਤ ਵਿਚ ਕੋ-ਆਰਡੀਨੇਟਰ ਦੀ ਜ਼ਿੰਮੇਵਾਰੀ ਨੂੰ ਬਾਖ਼ੂਬੀ ਨਿਭਾਇਆ। ਅੰਤ ਵਿਚ ਉਨ੍ਹਾਂ ਨੇ ਸਭ ਮਹਿਮਾਨਾਂ ਦਾ, ਇਸ ਸੈਮੀਨਾਰ ਨੂੰ ਸਫ਼ਲ ਬਣਾਉਣ ਵਾਲਿਆਂ ਦਾ ਦਿਲੋਂ ਧੰਨਵਾਦ ਕੀਤਾ।

**-ਪ੍ਰੋਫ਼ੈਸਰ (ਡਾ.) ਕੁਲਦੀਪ ਸਿੰਘ**
ਚੇਅਰ ਪ੍ਰੋਫ਼ੈਸਰ
ਸਤਿਗੁਰੂ ਰਾਮ ਸਿੰਘ ਚੇਅਰ
ਪੰਜਾਬ ਕੇਂਦਰੀ ਯੂਨੀਵਰਸਿਟੀ
ਬਠਿੰਡਾ-151001
ਫ਼ੋਨ : 94632 55697

## Keynote Address

# The Namdhari Sikhs in Independent India : Their Historical Background and Challenges

-Joginder Singh

### I

The Namdhari Sikhs form a small religious community in Punjab. Outside Punjab, they are microscopic in Haryana, Himachal Pradesh, Rajasthan, Delhi and Uttar Pradesh. Outside India, hundreds of their families have settled in Thailand, Australia, African countries, USA, Canada and England since the beginning of Punjabi diaspora in late nineteenth century. In and outside Punjab, they belong to agriculturist, artisan and menial castes. At present, more than half of the Namdhari following in Punjab belong to the agriculturist castes: Jats, Sainis, Rajputs and Kambojs. The artisans comprise Ramgarhias, Parjapats, Chhembas, Suniaras, Nais, Julahas, Mehras and Ramdasias/Mazhabis. There is marginal number of Aroras and Khatris whereas the Brahmins and Banias are exceptions.

Over a period of hundred fifty years, the Namdhari Sikhs have evolved their distinct beliefts and practices. They worship embodied Guru and reverently call him Satguru. He is their spiritual and temporal head. They believe that Satguru can liberate them from sufferings and sorrows. With his grace, they seek spiritual quest and attain bliss. He is bakhshanhar (forgiver) and atones

their sins. Satguru's abode is Gurdwara Shri Bhaini Sahib, Ludhiana. The Namdhari Sikhs observe maryada which comprises daily nam simran, earning livelihood by honest means and show piety to the people. As early as 1940, Namdhari Guru Partap Singh obliged his followers to perform nam simran only for an hour daily. However, they are free to recite nam shabad with rosary in hands whenever they wish to do that. They participate in the collective congregations called jap paryog, varni (rituals of meditation) and havan. Periodical melas (socio-religious festivals) particularly asu da-mela are also organised at Bhaini Sahib headquarters.

On all occasions of joys and sorrows, the Namdhari Sikhs arrange path (reading) of the Adi-Granth which is placed in a room after cleaning or washing it. The pathis (scripture-readers) perform this job within seven days. At the end, vak (receiving guru's word or command from the Adi-Granth) is taken and ardas (supplication) is performed in the names of Satguru Ram Singh and his successors. Then sacramental food (karah parsad) is distributed. The divan is also held for shabad-kirtan. The akhand-path, (a continuous reading) is performed by the orthodox Namdhari-Sikhs known as Sodhis. The well-water is arranged in a big quantity for drinking and washing (the tap-water is not used). Similarly, other samagari (ration) is arranged in advance. However, utmost attention is given to the mode of cooking and serving food.

The Namdhari Sikhs perform ceremonies related to birth, marriage and death in accordance to their own maryada. However, they are not totally free from the customs of their respective zat-biradris. They perform ceremonies of namkaran and Chaunke Charna. Similarly, they solemnize marriages by anand-riti preferably at Bhaini Sahib. The parents propose boy or girl and seek Satguru's approval; fill up performa designed by the Vishav Namdhari Sangat, Bhaini Sahib. The performa records their names,

occupation, gotra of their paternal and maternal homes; date of birth, height and qualifications of girl and boy. The parents give undertaking that they have not exchanged dowry and committed no violation of commands of Sri Satguru. The Vishav Namdhari Sangat certifies that both boy and girl are of stipulated age, gurmukh in appearance and can recite ardas. Before solemnizing anand-riti, the parents perform sehaj paths at their respective houses or at Bhaini Sahib. The mass marriages are arranged at Bhaini Sahib periodically.

Ideally speaking, the Namdhari Sikhs perceive death of a person as Almighty's will and avoid breast beating and loud wailing. As per Namdhari maryada, the deceased person is given full bath and administered amrit (nector). Pyre is raised keeping head of the dead towards Pol-Star. Ashes are collected in a bag and thrown into flowing water. They perform a path either at local dharamsala or Bhaini Sahib.

## II

The founder of Namdhari community was Baba Balak Singh (1785-1862) who revived the Sikh tradition of monotheism and emphasized nam-simran, rejecting all forms of ritualism and exhorting the man to worship God alone. He asked his followers that they should offer prasad of rupee one and four annas in the name of God. He instructed his followers to take bath twice a day and to keep one small symbol of sword in the pagri; to earn livelihood by their own efforts and to eat food cooked only by the Gursikh. He further asked them to follow ethics in their day-to-day life and avoid indulgences. He prohibited the use of meat, tobacco and liquor. The founder of Namdhari mission also started anand riti. (Sujit Kaur Jolly 1988, 39-40)

There were three successor claimants namely Lal Singh, Kahan

Singh and Ram Singh. However, Baba Balak Singh administered gur-mantar to Ram Singh and appointed him as his successor in one of the gatherings held at Hazro. Lal Singh stayed back at Hazro whereas Kahan Singh and Ram Singh shifted to Amritsar and village Bhaini Ararian respectively. (Nahar Singh 1965, 29)

Namdhari Guru Ram Singh extended the scope of teachings of his spiritual predecessor in terms of revival of the Khalsa traditions of 18th and 19th centuries but he gave primacy to the teachings of Granth Sahib and Rehatnamas for delineating upon his spiritual mission. For the socio-political mission, he referred to the Prem Sumarag and Sakhi literature. He formed Sant Khalsa on the day of Baisakhi of 1857 A.D. and administered amrit of khande-ki-pahul to five Sikhs. He also unfurled the flag of Sant Khalsa which was triangular in shape and white in colour. (Ganda Singh 1944, 34; Fauja Singh 1965, 19; M.M. Ahluwalia 1965, 53) The Namdhari tradition claims that Baba Ram Singh administered khande-di-pahul to the women which was an exceptional ritual in the mid-19th century Punjab.

The Namdhari Guru, in all probability, got the concept of Sant Khalsa from Prem Sumarag. This granth prophesises that with Akal Purakh's blessings, the Sant Khalsa would be formed in the age of Kalyuga by a messenger of Akal Purakh. He would destroy the enemies of the Panth and false gurus; remove the ignorance of the people and reaffirm their faith in Akal Purakh. The Sant Khalsa would usher an era of Satjug. (Randhir Singh 1965, 1-4) The word Satjug (Sat + Yuga) signifies a period of time when righteousness, compassion and austerity were observed by the people. Most probably Ram Singh wanted to revive that period. For the Sant Khalsa, he introduced a strict code of discipline. Accordingly, they were required to lead pure and clean lives attuned to the Name of God; develop regular and disciplined habits of rising at 3.00 a.m., brush-

ing their teeth, bathing and reciting the Name of God, especially the Chandi di Var- Guru Gobind Singh's composition. Recitation of Chandi di Var was intended to inculcate the martial spirit among the members of the Sant Khalsa. For this motive he laid down a specific mode for reciting Chandi da Path in an assembly which lasted for two to three days. (M.M. Ahluwalia 1965, 48-49)

Namdhari Guru Ram Singh also made an arrangement for the training of young Sant Khalsa in the use of gadka, horse-riding and weapons. Already distinct in physical appearance, he wished that the Sant Khalsa should feel as if they were 'the eclectic', while others were mlechh, unclean. For that matter, he taught them the virtues of purity and truth. He ensured that 'on initiation all vices are supposed to be foresworn, such as lying, stealing, drinking, adultery etc.' However, 'there was also the provision of a Panchayat where the offenders could be punished or brought back to the path of religious purity.' (M.M. Ahluwalia 1965, 48-49)

Ram Singh revived the Sikh tradition of Kirtan, singing in praise of God. He wished that through the devotional singing, his followers should have personal experience of heavenly joy and spiritual ecstasy. Some of his followers while reciting the name of God lost control over their senses and emitted shrieks, their turbans fell off. It was from this state of religious and ecstatic frenzy that they came to be known as Kukas- shriekers. He employed professional singers, the ragis and formed ragi-jathas (group of devotional singers) and dhadi-jathas (groups of bards). These jathas were deployed in the different areas. The dhadi jatha sang the songs of bravery of the Sikh heroes in the diwans. He instructed his sangat to observe austerity in extending hospitality to them. The singing jathas were given food and Rs 1/- for other expenses. (Joginder Singh 2010 a, 46) He revived the tradition of reading and reciting gurbani and performing bhog of the Granth Sahib in the

dharamsalas. He established and repaired the old dharamsalas. He was pained to know that the sacred Sikh scriptures were kept in the almirahs. He got the copies of -Granth Sahib printed for his followers.

Namdhari Guru Ram Singh undertook extensive tours of villages and towns of Punjab for reaching straight to the people and understanding their problems and aspirations, and propagating social reforms. In these tours, he was accompanied by his troupe comprising 100 to 500 followers. Among these followers were ragis, granthis and parcharaks. He himself held religious discourses. The ragis and granthis recited gurbani and performed kirtan in the diwans and hollas. Besides, he undertook the pilgrimages of Harmandir Sahib, Amritsar; Nankana Sahib; Gurdwaras at Muktsar and Anandpur Sahib.

Namdhari Guru Ram Singh challenged the vested interests of the Mahants and Pujaris which were in possession of religious places. He found that the custodians of devidvars, shivdvaras and mandirs (Hindu worshipping places) were parasites who made these places means of extortion. His staunch followers held these custodians and places in contempt. Being the devotees of Akal Purakh, they found that the idols and idol worship were insult to God. Translating his belief into practice, his staunch followers desecrated and demolished the sacred places of the Hindus and Muslims alike. The villagers protested and resisted these actions. As a result, violent clashes took place injuring relatives and friends to whom these graves belonged. (Nahar Singh 1965, 28-34) The British Government was alarmed of such incidents and arrested these staunch followers. They were put on trail and awarded with various punishments. It seems that their' intention was to eliminate fear and superstitions prevalent among the common people. (M.M. Ahluwalia 1965, 64) The incident of destruction of graves and

tombs in the day light projected the heroic image of the Namdhari Sikhs.

Namdhari Guru and his followers also confronted the Mahants and Pujaris who were in possession of historical gurdwaras. His confrontration with the Pujaris of Gurdwara Keshgarh Sahib brought basic religious differences to the forefront. Thes Pujaris alleged that Namdhari Guru was not gurmukh. They argued that that (a) he set himself as a Guru, (b) he whispered a mantar in the ear of a convert whereas practice was to administer amrit, (c) he made a convert to repeat Janam Guru Hazro Aur Basi Guru Bhaini whereas the actual practice was that Janam Guru Patna Aur Basi Guru Anandpur and (d) Kukas' turbans fell off on their shoulders in the state of frenzy in the presence of Guru Granth Sahib. It was a Sufi not Sikh practice. The Namdhari Guru evaded to answer his deviation of the Sikh tradition and said that pujaris failed to appreciate his religious reforms and counter charged them for their indulgences like drinking, lying, and female infanticide etc. He further alleged that the priestly class was creating rifts in the Panth itself. He reiterated that he was a servant of God and revived the maryada of tenth Guru. He told the priestly class that it was he who inspired hundreds of people to read and recite gurbani. (Ganda Singh 2000, 40; Joginder Singh 2010, a 68)

The Namdhari Guru could see the reason for which the wealthy and priestly classes opposed his followers. He also noted contradictions between the rich and poor people. The latter aspired for the spiritual quest whereas the former perceived a threat from the poor. He quoted Guru Nanak's verse in this context. He said that they were the cursed people and crying foul was their habit. He apprehended that the rulers and priests wanted to eliminate Namdhari Sikhs. He regretted that the ruling class refused to see

the fact that the Namdhari Sikhs were Guru Gobind Singh's creation. If the Namdhari Sikhs had made successful strives, it was due to Guru's grace. In contrast to the irreligious behaviour of the rulers, the Namdhari Guru asserted that his followers alone performed akhand paths and mediated on the name of God. (Jaswinder Singh 1998, 352-53, 469-95; Joginder Singh 2010 a, 138-39)

To encounter the temporal might of the Sodhis, Bedis, Mahants and Pujaris, the Namdhari Guru Ram Singh propagated that he formed Sant Khalsa to carry on Guru Gobind Singh's divine mission. Giani Gian Singh, a Nirmala scholar, argues that Ram Singh being the incarnation of Guru Gobind Singh dedicated himself to the liberation of mankind and to re-unite the human-beings with Almighty and liberate them from their temporal stranglehold of the contemporary traditional Sikh leaders who used the religious places for their vested interests. Namdhari Guru asserted that the struggle between temporal and spiritual lords was going on since Guru Nanak Dev's times. (Joginder Singh 2010 a, 138-39)

Namdhari Guru Ram Singh responded to the social problems of the Sikh peasantry and artisan classes. His bold attack on infanticide, dowry and widow-burning was actually an attack on the people of upper classes who practised these evils. The lower order of the society emulated them and became victims of these evils. Unable to afford expenses of dowry, the people of the lower order killed daughters. Several of them remained singles which often generated moral laxity. The Namdhari Guru himself noted that the Khalsa of Lahore Kingdom was the victim of prostitution and sodomy. He thought that the compulsory marriages could reduce the ignominious living or remove the social stigma. He made taboo for the Namdhari congregation to keep itself away from the morally depraved persons. He further made taboo for the Namdhari Sikhs not to remain singles. With the introduction of anand-riti

and mass-marriages without dowry it became easier for his Sikhs to go for a married life. He vigorously carried on the Khalsa rahit of 18th century liberating his followers from the stranglehold of Brahamanical practices. (Jaswinder Singh 1998, 392-95, 420, 451-53, 469-95; Joginder Singh 2010a, 52-58)

Exposed to the Khalsa traditions of 18th century, the Namdhari Guru and his followers could not reconcile with the British raj and its allies. They circulated the extracts of the Sau-Sakhis imagining the reestablishment of the Khalsa raj. They also owned the cause of Maharaja Dalip Singh who sought to take back the Sikh Sovereign State. Through the extracts of the Sau-Sakhis, the Namdhari Sikhs reassured themselves and the people around them that in the house of a carpenter, Guru Gobind Singh shall take birth in the form of Ram Singh who will drive British across the Yamuna River. Moreover, correspondence shared between the Namdhari Guru and Russian Tzar through Suba Gurbachan Singh and Suba Bishan Singh makes absolutely clear that the Namdhari Guru made every diplomatic and military efforts to prepare thousands of the Namdhari Sikhs to fight out British for the restoration of the Khalsa raj. (Joginder Singh 2010a, 90-98)

The confrontation of the Namdhari Sikhs over the issue of cow-slaughter was the consequence of anti-British acculturation by the Namdhari Guru in the Khalsa tradition of 18th century. The British knew that this religious orientation could go against the entrenchment of their raj. The confrontation between the Namdhari Sikhs and raj started when it lifted the ban on cow-slaughter and permitted the Muslim butchers to open their slaughter houses and sell beef in the towns. This seriously offended the religious sentiments of the Hindus and Sikhs, especially when beef was sold in the streets of the holy city of Amritsar. Eight Namdhari Sikhs attacked the butchers of a slaughter house in Amritsar city on the

night of 14 June 1871. Three butchers were killed on the spot and three were badly wounded. The police tortured twelve innocent Hindu and Sikh inhabitants to confess their crime and were committed to the sessions by the Deputy Commissioner. Namdhari Guru ordered the culprit Namdhari Sikhs to present themselves before the magistrate and confess their guilt. On their own confession, four Namdhari Sikhs were hanged on 15 September 1871and one more in August 1873.

Similar murders of the butchers by the Namdhai Sikhs had also taken place at Raikot in the Ludhiana District on the 15th July, 1871. Of the butchers, 4 were killed on the spot and 7 badly injured. In this case, 7 Namdhari Sikhs were accused, 5 belonging to Nabha State and 2 to Patiala State. They were arrested with the help of the Maharajas of Patiala and Nabha. They were produced before a magistrate at village Bassian. An effort was made by the police to implicate and involve Namdhari Guru Ram Singh as an instigator and abettor. He was summoned to appear before the magistrate at Bassian which he did on 5th August 1871. Three of the Namdhari Sikhs were hanged at Raikot in the presence of a large gathering. The remaining two accused, (Giani Rattan Singh and Rattan Singh of Naiwala) were later hanged at Ludhiana outside the jail premises on 26th November 1871. (Joginder 2010a 98-104)

Soon after a climax followed on January 13, 1872. A group of Namdhari Sikhs from Bhaini attacked the obscure fort of Malodh in Ludhiania district. They tried to force their way into the town of Malerkotla. They contemplated that they could overpower Malodh estate and then Malerkotla for securing arms and horses. Nevertheless, they could not anticipate the resistance from Malodh fort of Badan Singh. In a battle that ensued they suffered losses to the tune of two killed and four wounded but were able to get three

swords, one gun, two horses and one mare. Delay in attacking Malerkotla gave the State forces time to prepare themselves for this eventuality. In the fighting that ensued between the Namdhari Sikhs (125 in number) and State forces, both suffered several casualities. For the British, the elimination of Kukaism became absolutely essential. The British succeeded in this task with the help of Sikh landed aristocracy and traditional religious leaders. The British also foiled the attempt of Maharaja Dalip Singh who wanted to become ruler of the Sikh Sovereign State. The rapprochement between the British and the Sikh landed aristocracy prompted the Singh Sabha movement to promote loyalist culture among the Sikhs subsequently. (Joginder Singh 2010a98-104)

## III

In early years of 20th century, political scenario changed in favour of Namdhari Sikhs. Namdhari Guru Partap Singh (1906-1959) resolved to shed of sectarian ideology of his predecessors and identify the Namdhari Sikhs with the nationalist forces and integrate them with the world of the Hindus. The Satjug, the spokesman of the Namdhari community, defined the role of the Namdhari Sikhs in the national perspective. It reminded them that Namdhari Guru Ram Singh had already set the practice of observing swadeshi and boycotting British courts, administrative services and educational institutions etc. It asked the Namdhari Sikhs to participate in the Non-Cooperation Movement launched by Mahatma Gandhi. Some prominent Namdhari leaders took initiative in this regard and participated in the political conferences organised by the Congress. They supported resolutions for promoting swaraj and participated in the bonefire of imported clothes. (Satjug 2001, 48) Maharaj Nihal Singh participated in the proceedings of Lahore Congress Session (1929). Mata Jiwan Kaur, mother of the

Namdhari Guru, was incharge of the community kitchen which served food to the delegates. Similarly, Namdhari Sikhs participated in the Civil Disobedience Movement (1930). Maharaj Nihal Singh, along with his associates, courted arrest during the course of this movement. The Kuka Congress Dal was formed. Responding to the patriotic gestures of the Namdhari Sikhs, the Congress leaders like Jawaharlal Nehru and Rajinder Prasad visited Bhaini Sahib headquarters and eulogized their sacrifices during the Kuka Movement. (Joginder Singh 2010b,77-78)

Simultaneously, for ending the social exclusion of the Namdhari Sikhs, Satjug told the Namdhari Sikhs that the Sikhs were Hindus and Sikhism was an off-shoot of Hinduism. Inder Singh Chakarvarti, a Namdhari scholar, invoked the popular Hindu theory of incarnation for building up philosophical linkages between Sikhs and Hindus. He argued that the Sikh Gurus were avtars who came to this world on the command of Akal Purakh to liberate the suffering humanity. Chakarvarti quoted the Vedic literature, especially Shavite and Vaishnavite Puranas for the illustration of the important attributes of incarnations of Vishnu who appeared on the earth to save dharma from being supplanted by adharma. (Joginder Singh 2010a 166-69)

Inder Singh Chakarvarti argued that the ten Sikh Gurus appeared on the earth for protecting Vedic Dharam. He cited Guru Nanak's composition in this context. He also referred to Guru Tegh Bahadur who laid down his life for the sake of tilak-janju (sacred thread) on 11 November, 1675. His kurbani (sacrifice) instilled a spirit of sacrifice among the dead Hindu race. He quoted couplets of Sri Guru Partap Suraj and Panth Prakash. For corroborating his version of execution of Guru Tegh Bahadur, Chakarvarti cited Guru Gobind Singh's writing Bachitra Natak. Taking a leap forward in this context, Guru Gobind Singh created Khalsa Panth which was

to work as the volunteer corps of Hindu race. Guru took this initiative because the Hindus had lost a sense of pride and self-respect. They were helpless even to defend the honour of their wives and daughters. (Joginder Singh 2010a 166-69)

For further substantiating his theory of socio-cultural Hindu-Sikh commonality, Chakarvarti profusely quoted couplets from the Adi-Granth, works of Guru Gobind Singh, Bhai Gurdas (of Behlo) and Bhai Santokh Singh. Quoting Bhai Gurdas, Chakarvarti said that Guru Gobind Singh performed Yagya for the revival of Hindu race in the presence of Pandit Kesho Das. When the latter failed to demonstrate the appearance of Durga, Guru Gobind Singh himself performed havan. Moreover, Chakarvarti cited the couplet of Giani Gian Singh for telling the reader that Guru Gobind Singh performed yag-hom for instilling a spirit of chivalry and fearlessness in the people. Above all, it was the havan which produced kirpan for eliminating the devils and the devatas used the kirpan for defeating rakhash. (Joginder Singh 2010a, 166-69 )

The Hindu leaders responded to the Namdhari ideology in 1920s. Bhai Parmanand, a Hindu nationalist, wrote a small article for the Namdhari periodical, the Satjug and argued that the movement founded by Namdhari Guru Ram Singh was religious in its character but was transformed into a political. Namdhari Guru taught the Indian people that if they wanted to attain freedom they should learn to lay down their lives; lead a simple life and control their worldly desires. Such life-style was pre-requisite for attaining freedom. Bhai Parmanand argued that it was Namdhari Guru Ram Singh who evolved the concept of non-cooperation asking the people to boycott the British courts and goods in those times when English education was yet to be started. He was forerunner of Mahatma Gandhi in advocating the programme of non-cooperation. (Satjug, Lahore Vol. I 1920, 6-7)

> ਹੋਰੁ ਭਾਈ ਤੁਸਾ ਦਾ ਧੰਨ ਜਨਮ ਹੈ ਜੋ ਏਨੀ ਦੂਰ ਸਮੁੰਦਰੋ ਪਾਰ ਆਕੇ ਦਰਸ਼ਨ ਦਿਤਾ, ਏਨਾ ਤਸੀਹਾ ਸਹਿਆ। ਤੁਸੀ ਤਾ ਭਾਈ ਸਿਖੀ ਬਾਲਾ ਪੂਰਾ ਕੰਮ ਕੀਤਾ, ਮੇਰੇ ਮੈ ਤੇ ਗੁਰਿਆਈ ਦਾ ਕੰਮ ਬਾਲ ਸਮਾਨ ਬੀ ਨਹੀ। ਹੋਰ ਭਾਈ ਤੁਸੀ ਤਾਂ ਸਾਡੀ ਦੇਹ ਪ੍ਰਾਨ ਹੈ। ਸਾਨੂ ਤਾ ਪੰਜਾਬ ਦਾ ਜੇ ਭੰਗੀ ਮਿਲਦਾ ਹੈ ਤਾ ਓਸਨੂ ਬੀ ਬਡੀ ਚਾਹਿ ਨਾਲ ਮਿਲਦੇ ਹਾ। ਸਾਨੂੰ ਤਾ ਪੰਜਾਬ ਦੇ ਮਾਨੁਖ ਦਾ ਦੀਦਾਰ ਹੋਣਾ ਬੀ ਬਡਾ ਦੁਰਲੰਭ ਹੈ।
>
> ਅਸੀ ਜੋ ਬਾਰ ਬਾਰ ਮਨੇ ਕਰਦੇ ਹਾ ਜੋ ਕੋਈ ਆਵੇ ਨਾ ਛੇਤੀ, ਜੋ ਕੋਈ ਆਵੇ ਈ ਤਾ ਬਰਸ ਦਿਨ ਮੈ ਆਵੇ, ਏਕ ਆਦਮੀ ਆਵੇ, ਅਰੁ ਜਨਾਨਾ ਕੋਈ ਨਾ ਆਵੇ, ਸੋ ਇਸ ਵਾਸਤੇ ਆਖਦੇ ਹਾ ਜੋ ਏਤਨੀ ਦੂਰ ਅਰ ਏਨਾ ਬਹੁਤਾ ਖਰਚ ਕਰਕੇ ਆਉਣਾ

ਅਰੁ ਬਡਾ ਕਸਟ ਸਹਿਕੇ, ਸੋ ਏਥੇ ਏ ਮਲੇਛ ਮਿਲਣ ਨਹੀ ਦਿੰਦੇ। ਤੁਸਾਡੀ ਮਾਲਮੀ ਹੋਇ ਗਈ, ਕਿਸੇ ਨੇ ਕਰਵਾਇ ਦਿਤੀ। ਸੋ ਏਨਾ ਹੁਣ ਬਡੀ ਤਕੜਾਈ ਕਰੀ ਹੋਈ ਹੈ। ਸੋ ਏਨਾ ਦੇ ਬੀ ਕੁਛ ਬਸ ਨਹੀ। ਜਿਹੜਾ ਬਡਾ ਗੋਰਾ ਹੈ, ਸਾਰੇ ਦੇਸਾ ਉਤੇ ਜਿਸਦਾ ਹੁਕਮ ਹੈ, ਓਸਦਾ ਲਿਖਾ ਹੁਕਮ ਏਥੇ ਕੰਧ ਦੇ ਨਾਲ ਲਾਇਆ ਹੈ ਜੋ ਕੋਈ ਆਦਮੀ ਏਸ ਦੇ ਨਾਲ ਬਾਤ ਕਰੇ ਤਾ ਓਸਨੂ ਕੈਦ ਕਰੋ, ਅਰ ਜੇ ਕੁਛ ਬਾਹਰ ਤੇ ਸਿਟੇ ਅੰਦਰ ਕੇ ਤਾ ਅੰਦਰੋ ਬਾਹਰ ਸਿਟੇ ਤਾ ਓਸਨੂ ਬੀ ਕੈਦ ਕਰੋ। ਅਰ ਕੋਈ ਆਦਮੀ ਨਾ ਏਸੇ ਸੌਹੇ ਖੜਾ ਹੋਣ ਦੇਓ। ਸੋ ਏ ਏਮੇ ਕਰਦੇ ਹੈ। ਪ੍ਰਮੇਸਰ ਨੇ ਏਨਾ ਦੇ ਸੰਤਰੀਆ ਦੇ ਮਨ ਮੈ ਨਰਮਾਈ ਪਾਈ ਹੈ, ਤਾ ਏਹ ਕੁਛਕ ਬਾਤ ਕਰਾਇ ਦਿੰਦੇ ਹੈਨ।

ਕੋਈ ਕੋਈ ਸੰਤਰੀ ਬੀ ਐਸੇ ਹੈ ਬਾਹਰਿ ਆਦਮੀ ਨੂ ਖੜਾ ਨਹੀ ਹੋਇ ਦਿੰਦੇ। ਜੇ ਏਨਾ ਮਲੇਛਾ ਨੂ ਕੁਛ ਮਲੂਮ ਹੋਇ ਜਾਇ ਤਾ ਏ ਨਾਲੇ ਸੰਤਰੀਆ ਨੂ ਬੀ ਕੈਦ ਕਰਨ, ਨਾਲੇ ਨਾਮਾ ਕਟਿ ਦੇਣ, ਨਾਲੇ ਬੈਤ ਮਾਰਨ ਨਾਲੇ ਜਿਹੜਾ ਸਾਨੂ ਮਿਲਣ ਆਵੇ ਉਸ ਨੂੰ ਬੀ ਕੈਦ ਕਰ ਦੇਣਗੇ, ਅਰ ਕਿ ਜਾਣੇ ਕੌਣ ਟਾਪੂ ਮੈ ਸਾਨੂ ਲੈ ਜਾਣਗੇ ਐਸੀ ਔਖੀ ਜਗਾ ਮੈ। ਗੁਰੂ ਹੀ ਪੜਦਾ ਕਜੀ ਜਾਦਾ ਹੈ। ਏਸ ਵਾਸਤੇ ਅਸੀ ਮਨੇ ਕਰਦੇ ਹਾ ਜੋ ਕੋਈ ਨਾ ਆਓ। ਅਸੀ ਤਾ ਬੰਦ ਮੈ ਹੈ, ਜੇਕਰ ਆਪਣੇ ਆਦਮੀਆ ਨੂ ਤੁਸੀਹਾ ਹੋਆ ਤਾ ਸਾਨੂ ਹੋਰ ਦੁਖ ਬੜਾ ਹੋ ਜਾਊਗਾ।

ਭਾਈ ਸਾਨੂ ਏਨਾ ਦੀ ਤਕੜਾਈ ਦਾ ਕੋਈ ਦੁਖ ਨਹੀ ਭਾਮੇ ਬੀਹ ਬੰਦੂਕਾ ਕੰਨੇ ਧਰੀ ਫਿਰਨ। ਇਹ ਦੁਖ ਹੈ ਜੋ ਆਪਣੇ ਸਿੰਘਾ ਸਾਥ ਮੇਲਾ ਨਹੀ ਹੁੰਦਾ, ਹੋਰ ਸਾਨੂ ਕਿਸੇ ਦੇ ਮੇਲੇ ਦੀ ਲੋੜ ਨਹੀ।...ਸਾਰੀ ਬਾਤੁ ਦਾ ਤਾਤਪਰਜ ਏਹੁ ਹੈ ਜੋ ਕਰ ਏਸ ਦੀ ਅਰਦਾਸ ਜਾਇ ਰਹੀ ਮਾਝੇ ਪੰਜਾਬ ਮੈ ਤਾ ਏਸ ਦੇ ਆਦਮੀ ਹੈ ਅਰੁ ਏਸਦਾ ਕਹਾ ਮੰਨਦੇ ਹੈਨ ਤਾ ਏਹੁ ਆਪਣੇ ਸਿੰਘਾ ਨੂ ਆਖਕੇ ਸਾਡੇ ਲੋਕਾ ਦਾ ਸੂੜ ਕਰਵਾਇ ਦੇਊਗਾ। ਏਸ ਦੀ ਬਡੀ ਤਕੜਾਈ ਰਖੋ। ਏਸ ਬਾਤ ਤੇ ਏਨਾ ਨੇ ਮੇਰੀ ਬਡੀ ਤਕੜਾਈ ਰਖੀ ਹੋਈ ਹੈ।

ਹੋਰੁ ਭਾਈ ਸਾਨੂ ਤਾ ਤੁਮਾਰੇ ਦਰਸਨ ਦੀ ਲੋੜ ਤੁਮਾਰੇ ਤੇ ਬਹੁਤ ਹੈ ਕਈ ਹਿਸੇ। ਕਿਸ ਕਰਕੇ? ਥੁਆਨੂ ਤਾ ਹਮਾਰੇ ਜੈਸੇ ਸਿਖਾ ਦੇ ਦਰਸਨ ਬਹੁਤ ਹੈਨ, ਸਾਨੂ ਤਾ ਨਾਮ ਜਪਣ ਬਾਲਿਆ

ਦਾ ਦਰਸਨ ਬਡਾ ਦੁਰਲੰਭ ਹੈ। ਜੇ ਗੁਰੂ ਕਰਾਊਗਾ ਤਾ ਭਾਈ ਸੰਗਤ ਦੇ ਈ ਦਰਸਨ ਕਰਨੇ ਹੈਨ, ਸੰਗਤਿ ਨੂ ਹੀ ਦੇਣੇ ਹੈ। ਹਮਾਰਾ ਤਾ ਭਾਈ ਸਾਕ ਨਾਤਾ ਸਾਧ ਸੰਗਤਿ ਈ ਹੈ। ਗੁਰੂ ਸਾਹਿਬ ਅਗੇ ਬੇਨਤੀ ਏਹੁ ਕਰਦੇ ਹਾ ਜੋ ਗੁਰੂ ਜੀ ਸਾਨੂ ਆਪਣੀ ਸੰਗਤਿ ਦੇ ਦਰਸਨ ਕਰਾਓ, ਅਗੇ ਜੋ ਗੁਰੂ ਨੂ ਭਾਵੇ।...

ਸਾਨੂ ਤਾ ਬਡੀ ਚਿੰਤਾ ਰਹਿੰਦੀ ਹੈ ਜਿਤਨਾ ਚਿਰ ਸੁਖ ਸਾਂਦ ਨਾਲ ਤੁਰ ਨਹੀ ਜਾਂਦੇ ਸਿੰਘ। ਏ ਮਲੇਛ ਬਡੇ ਨਿਰਦਏ ਹੈ। ਏਨਾ ਨੂ ਗੁਰੂ ਈ ਸਭਾਲੂਗਾ।[3]

ਉਪਰੋਕਤ ਹੁਕਮਨਾਮੇ ਤੋਂ ਸਤਿਗੁਰੂ ਜੀ ਦੇ ਬੰਦੀ ਜੀਵਨ ਦੇ ਸਮਾਚਾਰ ਮਿਲਦੇ ਹਨ ਤੇ ਇਹ ਵੀ ਪਤਾ ਲੱਗਦਾ ਹੈ ਕਿ ਪੰਜਾਬ ਵਿਚ ਕੂਕਿਆਂ ਦੀ ਵਿਸ਼ਾਲ ਗਿਣਤੀ ਤੋਂ ਹੀ ਸਰਕਾਰ ਭੈਭੀਤ ਹੋ ਗਈ ਸੀ ਕਿ ਗੁਰੂ ਰਾਮ ਸਿੰਘ ਫਰੰਗੀਆਂ ਦਾ ਤਲਾ ਮੂਲ ਪੁੱਟਣ ਦੇ ਸਮਰੱਥ ਹਨ। ਹੁਕਮਨਾਮੇ ਵਿਚ ਸ਼ਬਦ ਸੂੜ ਕਰਾਉਣਾ ਵਰਤਿਆ ਹੈ ਭਾਵ ਜਿਸ ਤਰ੍ਹਾਂ ਕਿਸਾਨ ਖੇਤ ਵਿਚੋਂ ਅਣਵਾਂਛਿਤ ਜੜ੍ਹੀ ਬੂਟੀਆਂ ਪੁੱਟ ਕੇ ਬਾਹਰ ਵਗਾਹ ਮਾਰਦਾ ਹੈ, ਉਸ ਨੂੰ ਸੂੜ ਕਰਨਾ ਜਾਂ ਮਾਰਨਾ ਕਹਿੰਦੇ ਹਨ। ਅੰਤ ਵਿਚ ਸਤਿਗੁਰੂ ਜੀ 'ਨਿਰਦਈ ਮਲੇਛਾਂ' ਦੇ ਸਰਵਨਾਸ਼ ਦੀ ਬੇਨਤੀ, ਆਪਣੇ ਅਧਿਆਤਮਕ ਅੰਦਾਜ਼ ਵਿਚ ਗੁਰੂ ਅੱਗੇ ਕਰਦੇ ਹਨ।

ਇਹ ਹੁਕਮਨਾਮੇ ਔਰਤਾਂ ਦੀ ਮੁਕਤੀ ਵਾਸਤੇ ਵੱਡਾ ਸੰਦੇਸ਼ ਦਿੰਦੇ ਹਨ। ਜੰਮਦੀਆਂ ਕੁੜੀਆਂ ਮਾਰਨ ਦੇ ਪ੍ਰਚਲਿਤ ਰਿਵਾਜ ਤੇ ਸਤਿਗੁਰੂ ਜੀ ਆਪਣੀ ਸੰਗਤ ਨੂੰ ਇਹ ਤਾੜਨਾ ਕਰਦੇ ਹਨ ਕਿ ਲੜਕੀ ਮਾਰਨ ਵਾਲੇ, ਉਸ ਨੂੰ ਵਿਆਹ ਲਈ ਪੈਸੇ ਲੈ ਕੇ ਵੇਚਣ ਵਾਲੇ, ਵੱਟੇ ਦੁਆਰਾ ਅਨਜੋੜ ਵਿਆਹ ਕਰਨ ਵਾਲੇ ਨੂੰ ਸੰਗਤ ਵਿਚ ਨਾ ਵੜਨ ਦਿੱਤਾ ਜਾਏ, ਉਸ ਦਾ ਸਮਾਜਿਕ ਬਾਈਕਾਟ ਕੀਤਾ ਜਾਏ। ਆਪ ਜੀ ਨੇ ਬਾਲ ਵਿਆਹ ਦੀ ਮਨਾਹੀ ਕੀਤੀ ਅਤੇ ਲੜਕੀਆਂ ਅਤੇ ਲੜਕਿਆਂ ਲਈ ਵਿਆਹ ਦੀ ਘੱਟੋ ਘੱਟ ਉਮਰ ਕ੍ਰਮਵਾਰ 18 ਅਤੇ 20 ਸਾਲ ਤਹਿ ਕੀਤੀ, ਇਹ ਉਮਰ ਲਗਭਗ ਉਹੋ ਹੈ, ਜਿਥੇ ਭਾਰਤ ਸਰਕਾਰ ਇਕ ਸੌ ਸਾਲ ਬਾਅਦ ਪੁੱਜੀ ਸੀ ਅਤੇ ਕੁੜੀ ਮੁੰਡੇ ਲਈ ਘੱਟੋ ਘੱਟ ਉਮਰ 18 ਅਤੇ 21 ਸਾਲ ਵਿਆਹ ਲਈ ਜ਼ਰੂਰੀ ਕੀਤੀ ਸੀ।[4]

ਸਤਿਗੁਰੂ ਰਾਮ ਸਿੰਘ ਜੀ ਨੇ ਸੂਬਾ ਬਿਸ਼ਨ ਸਿੰਘ ਕਾਬਲ ਵਾਲਾ ਅਤੇ ਬਾਬਾ ਗੁਰਚਰਨ ਸਿੰਘ ਚੱਕ ਰਾਮਦਾਸ, ਰੂਸੀ ਸਰਕਾਰ ਨਾਲ ਗੱਲਬਾਤ ਕਰਨ ਲਈ ਨਿਯੁਕਤ ਕੀਤੇ ਸਨ। ਰੂਸ ਦੇ ਸੈਨਿਕ ਸਹਿਯੋਗ ਨਾਲ ਦੇਸ ਵਿਚੋਂ, ਅੰਗਰੇਜ਼ਾਂ ਨੂੰ ਕੱਢਣ ਦੀਆਂ ਯੋਜਨਾਵਾਂ ਉਲੀਕੀਆਂ ਗਈਆਂ। ਸੋ ਕਈ ਹੁਕਮਨਾਮਿਆਂ ਵਿਚ ਸਤਿਗੁਰੂ ਜੀ ਰੂਸ ਦੀ ਇਸ ਖਿੱਤੇ ਵਿਚ ਫ਼ੌਜੀ ਸਥਿਤੀ ਬਾਰੇ ਪੁੱਛਗਿੱਛ ਕਰਦੇ ਹਨ ਪਰ ਉਹ ਅੰਗਰੇਜ਼ਾਂ ਲਈ ਕੋਡਵਰਡ 'ਬਿੱਲਾ ਸਿੰਘ' ਅਤੇ ਰੂਸ ਲਈ 'ਸਰੂਪ ਸਿੰਘ' ਵਰਤਦੇ ਹਨ। ਉਹ

ਆਪਣੇ ਪੰਜਾਬ ਪਰਤਣ ਨੂੰ ਵੀ ਰੂਸਾਂ ਦੀ ਆਮਦ ਨਾਲ ਜੋੜ ਕੇ ਲਿਖਦੇ ਹਨ।[5]

ਇਹ ਹੁਕਮਨਾਮੇ ਨਾਮਧਾਰੀ ਇਤਿਹਾਸ ਦਾ ਬਹੁਤ ਵੱਡਾ ਸੋਮਾ ਹਨ। ਇਨ੍ਹਾਂ ਵਿਚ ਦਰਸ਼ਨ ਕਰਨ ਗਏ ਅਨੇਕ ਸਿੰਘ ਸਿੰਘਣੀਆਂ ਅਤੇ ਹੋਰਨਾਂ ਗੁਰੂ ਪਿਆਰਿਆਂ ਦੇ ਨਾਵਾਂ ਦਾ ਪਤਾ ਚੱਲਦਾ ਹੈ। ਇਸੇ ਤਰ੍ਹਾਂ ਪੰਜਾਬ ਦੇ ਅਨੇਕ ਪਿੰਡਾਂ ਦਾ ਜ਼ਿਕਰ ਵੀ ਇਨ੍ਹਾਂ ਹੁਕਮਨਾਮਿਆਂ ਵਿਚ ਮਿਲਦਾ ਹੈ ਜਿਨ੍ਹਾਂ ਦੇ ਵਸਨੀਕਾਂ ਨੂੰ ਸਤਿਗੁਰੂ ਜੀ ਯਾਦ ਕਰਦੇ ਹਨ। ਇਹ ਪਿੰਡ ਉਸ ਸਮੇਂ ਕੂਕਾ ਅੰਦੋਲਨ ਦੇ ਪ੍ਰਮੁੱਖ ਕੇਂਦਰ ਸਨ, ਬੇਸ਼ਕ ਸਤਿਗੁਰੂ ਜੀ ਬਹੁਤ ਸਾਰੇ ਪਿੰਡਾਂ ਦੇ ਬਹੁਤ ਸਾਰੇ ਸਿੰਘਾਂ ਦੇ ਜਾਣਕਾਰ ਸਨ ਪਰ ਇਹ ਨਾਮ ਸੀਮਤ ਮਾਤਰਾ ਵਿਚ ਹਨ ਕਿਉਂ ਜੁ ਆਪ ਲਿਖਦੇ ਹਨ—

> ਥੋੜਾ ਲਿਖਾ ਹੈ ਬਹੁਤਾ ਕਰਕੇ ਜਾਣਨਾ। ਨਾਮ ਠਾਮ ਲਿਖੇ ਤੇ ਕਾਗਤੁ ਬਧ ਜਾਦਾ ਹੈ। ਖਾਲਸਾ ਅਨੰਦ ਹੈ।[6]

ਹੁਕਮਨਾਮਿਆਂ ਵਿਚ ਕੋਈ 75 ਪਿੰਡਾਂ ਸ਼ਹਿਰਾਂ ਦੇ ਨਾਮ ਵੱਖ-ਵੱਖ ਸੰਦਰਭਾਂ ਵਿਚ ਆਉਂਦੇ ਹਨ ਜਿਵੇਂ ਕਿ ਭੈਣੀ (ਸਾਹਿਬ) ਜਿਸ ਨੂੰ ਰਾਮਦਾਸਪੁਰ ਨਾਮ ਨਾਲ ਵੀ ਲਿਖਿਆ ਹੈ। ਅੰਮ੍ਰਿਤਸਰ, ਲਾਹੌਰ, ਗੰਗਾ (ਹਰਿਦੁਆਰ), ਕਲੈਹਰੀ, ਜੋਗਾ, ਉੱਭਾ, ਆਕਲੀਆ (ਮਾਨਸਾ), ਪਿੱਥੋ, ਗੁਮਟੀ, ਦਮਦਮਾ ਸਾਹਿਬ, ਮਾਈਸਰ ਖਾਨਾ (ਬਠਿੰਡਾ), ਖੋਟੇ (ਮੋਗਾ), ਮੁਕਤਸਰ, ਬਾਜਾਖਾਨਾ (ਫਰੀਦਕੋਟ), ਧੁਲੇਤਾ, ਛੋਕਰ, ਮੁਠੱਡਾ (ਜਲੰਧਰ), ਕਲਕੱਤਾ, ਦਿੱਲੀ, ਪਰਾਗ (ਅਲਾਹਾਬਾਦ), ਪਟਨਾ, ਰੰਗੂਨ, ਮੱਕਾ, ਚੁੰਨ੍ਹੀ, ਖਮਾਣੋ (ਫਤੇਹਗੜ੍ਹ ਸਾਹਿਬ), ਝਾੜ ਮੜੀ, ਮਢੌਰ, ਸੌਢਾ, ਕੋਟ ਕਛੂਆ (ਅੰਬਾਲਾ), ਅੰਬਾਲਾ, ਵਰਿਆਂਹ, ਉੱਬੋਕੀ, ਠੱਟਾ, ਠਰੂ, ਜੌਹਲ, ਬਰਮਾਲੀਪੁਰ (ਬੰਗਾਲੀਪੁਰ), ਕੱਕੜ, ਭਸੀਣ, ਨਾਰਲੀ, ਬੁਰਜ ਰਾਇਕੇ, ਸਿੰਘਪੁਰਾ, ਸਭਰਾਵਾਂ, ਲੋਪੋਕੇ, ਚੇਲੇਕੇ, ਮਰਹਾਣਾ (ਅੰਮ੍ਰਿਤਸਰ), ਭੜਾਣਾ (ਲਾਹੌਰ-ਪਾਕਿਸਤਾਨ), ਰੁੜਕੀ ਨੇੜੇ ਬਹਾਦਰਗੜ੍ਹ (ਪਟਿਆਲਾ), ਪੈਲਾਦਸਰ-ਬਡਤੀਰਥ, ਪਿੰਡ ਹਰੀਪੁਰਾ (ਫਾਜ਼ਿਲਕਾ), ਰਾਈਆਂ, ਮੂੰਡੀਆਂ, ਬਿਜਲੀਪੁਰ ਕੋਟ (ਗੰਗੂ ਰਾਇ), ਲੱਲ ਕਲਾਂ, ਕੁੱਬੇ, ਘੁੰਗਰਾਲੀ, ਉਦਾਲਾਂ, ਰਾਇਪੁਰ, ਗੁੱਜਵਰਾਲ, ਲੋਹਗੜ੍ਹ, ਸਾਹਨੇਵਾਲ (ਲੁਧਿਆਣਾ), ਪਟਿਆਲਾ, ਆਨੰਦਪੁਰ ਸਾਹਿਬ, ਲੁਧਿਆਣਾ, ਫਿਲੌਰ (ਜਲੰਧਰ), ਪਿਸ਼ਾਵਰ, ਨਵਾਂ ਗਾਉਂ (ਨਮਾਂ ਗਿਰਾਇ), ਸੁਹੇਵਾ ਸਾਹਿਬ (ਜ਼ਿਲ੍ਹਾ ਚੁਰੂ-ਰਾਜਸਥਾਨ), ਮੋਰਮਈ (ਮੌਲਮੀਨ), ਅਬਿਚਲ ਨਗਰ (ਹਜ਼ੂਰ ਸਾਹਿਬ, ਨਾਂਦੇੜ, ਮਹਾਂਰਾਸ਼ਟਰ), ਰੂਸ, ਅਕਾਲ ਬੁੰਗਾ (ਅੰਮ੍ਰਿਤਸਰ), ਭਾਦਲਾ (ਖੰਨਾ), ਕਾਬਲ, ਬੁਖਾਰਾ (ਮੱਧ ਏਸ਼ੀਆ) ਇਤਿਆਦਿਕ।

ਇਸੇ ਤਰ੍ਹਾਂ ਇਹ ਹੁਕਮਨਾਮੇ ਜਿਨ੍ਹਾਂ ਵਿਅਕਤੀਆਂ ਨੂੰ ਸੰਬੋਧਿਤ ਹਨ ਉਨ੍ਹਾਂ ਵਿਚੋਂ ਕੁਝ ਕੁ ਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ—ਨੈਣਾ ਸਿੰਘ ਵਰਿਆਂਹ, ਭਗਵਾਨ ਸਿੰਘ ਫੱਤੇਵਾਲ, ਨਿਧਾਨ ਸਿੰਘ ਚੰਬਾ—ਤਿੰਨਾਂ ਦਾ ਜ਼ਿਲ੍ਹਾ ਅੰਮ੍ਰਿਤਸਰ। ਗੁਰੂ ਹਰੀ ਸਿੰਘ ਜੀ, ਸੂਬਾ ਖ਼ੁਸ਼ਹਾਲ ਸਿੰਘ ਥਰਾਜ (ਸਿਰਸਾ), ਮਨੀ ਸਿੰਘ ਮਾਈਸਰਖਾਨਾ

(ਬਠਿੰਡਾ), ਸਰਦਾਰ ਮੰਗਲ ਸਿੰਘ ਬਿਸ਼ਨਪੁਰਾ (ਲੁਧਿਆਣਾ), ਉਤਮ ਸਿੰਘ ਰਾਇਸਰ (ਬਰਨਾਲਾ), ਕਾਹਨ ਸਿੰਘ ਬਾਜਾਖਾਨਾ (ਫਰੀਦਕੋਟ), ਜੈਤਾ ਸਿੰਘ ਘਣੀਆ (ਫਰੀਦਕੋਟ), ਲਾਲ ਸਿੰਘ ਗੁਮਟੀ (ਬਠਿੰਡਾ), ਪੰਜਾਬ ਸਿੰਘ ਜੋਗਾ (ਮਾਨਸਾ), ਸੂਬਾ ਸਮੁੰਦ ਸਿੰਘ ਖੋਟੇ (ਮੋਗਾ), ਸੁਬੇਗ ਸਿੰਘ ਮਰਹਾਣਾ ਅਤੇ ਜੀਵਨ ਸਿੰਘ ਸਰਹਾਲੀ (ਅੰਮ੍ਰਿਤਸਰ), ਸਰਮੁਖ ਸਿੰਘ ਸੂਬਾ, ਲੱਲੂਵਾਲ ਅਤੇ ਗੁਰਦਿਤ ਸਿੰਘ ਕੋਟ ਧਰਮੂ (ਮਾਨਸਾ), ਰਤਨ ਸਿੰਘ, ਮਤਾਬ ਸਿੰਘ, ਆਲਾ ਸਿੰਘ, ਬਸਾਵਾ ਸਿੰਘ, ਬਹਾਦਰ ਸਿੰਘ ਉੱਬੋਕੀ, ਕਾਹਨ ਸਿੰਘ ਠੱਟੀ, ਜੀਤ ਸਿੰਘ, ਦੇਵਾ ਸਿੰਘ ਠਰੂ, ਸਾਹਿਬ ਸਿੰਘ ਜੌਹਲ (ਸਭ ਦਾ ਜ਼ਿਲ੍ਹਾ ਅੰਮ੍ਰਿਤਸਰ), ਦੇਵਾ ਸਿੰਘ ਲਾਹੌਰ, ਬਘੇਲ ਸਿੰਘ ਨਾਰਲੀ (ਪਹਿਲਾਂ ਲਾਹੌਰ, ਹੁਣ ਅੰਮ੍ਰਿਤਸਰ), ਚੰਦਾ ਸਿੰਘ ਸਕਤੂ ਨੰਗਲ (ਅੰਮ੍ਰਿਤਸਰ), ਫਤੇਹ ਸਿੰਘ, ਆਲਾ ਸਿੰਘ, ਜੈ ਸਿੰਘ, ਨਗਾਰਚੀ ਸਿੰਘ, ਹਾਕਮ ਸਿੰਘ, ਨਗੀਨਾ ਸਿੰਘ, ਹਰਿਦਿਤ ਸਿੰਘ, ਟੇਕ ਸਿੰਘ, ਦੁਆ ਆਲਾ ਸਿੰਘ, ਵਾਵਾ ਬਾਲਾ, ਸੋਧ ਸਿੰਘ, ਗੰਡਾ ਸਿੰਘ, ਸੂਤਾ ਸਿੰਘ, ਖਜ਼ਾਨ ਸਿੰਘ ਮੁਠੱਡਾ (ਜਲੰਧਰ), ਗੁਰੂ ਪੁੱਤਰੀ ਬੀਬੀ ਨੰਦਾਂ, ਭੈਣੀ ਸਾਹਿਬ, ਦਰਬਾਰਾ ਸਿੰਘ (ਗੁਰੂ ਜੀ ਦੇ ਤਾਏ ਦਾ ਪੁੱਤਰ), ਲਹਿਣਾ ਸਿੰਘ, ਗੁਰਦਿਤ ਸਿੰਘ, ਬੂਟਾ ਸਿੰਘ, ਅਤਰ ਸਿੰਘ, ਸ਼ੇਰ ਸਿੰਘ ਖਰਾਸੀਆ, ਬਾਬਾ ਗੁਪਾਲ ਸਿੰਘ, ਮੁਸਤਾਨ ਸਿੰਘ, ਜਮੀਤ ਸਿੰਘ, ਮੇਲਾ ਸਿੰਘ, ਜੈ ਸਿੰਘ, ਸੋਭਾ ਸਿੰਘ, ਸੰਗਤ ਸਿੰਘ, ਨਰਾਇਣ ਸਿੰਘ, ਸਾਉਣ ਸਿੰਘ, ਹਿੰਮਤ ਸਿੰਘ, ਈਸਰ ਸਿੰਘ—ਇਹ ਸਾਰੇ ਸਿੰਘ ਪਿੰਡ ਭੈਣੀ ਸਾਹਿਬ ਜਾਂ ਡੇਰੇ ਵਿਚ ਰਹਿੰਦੇ ਸਨ। ਦੋ ਚਾਰ ਨੂੰ ਛੱਡ ਕੇ ਬਹੁਤੇ ਆਏ ਬਾਹਰੋਂ ਸਨ। ਸਿਆਮ ਸਿੰਘ (ਸ਼ਾਮ ਸਿੰਘ, ਸਰਹਾਲੀ, ਅੰਮ੍ਰਿਤਸਰ), ਬਸੰਤ ਸਿੰਘ, ਸੂਰਤ ਸਿੰਘ, ਹਰਿਨਾਮ ਸਿੰਘ (ਗੁਰੂ ਜੀ ਦੇ ਦੋਹਿਤੇ, ਬੀਬੀ ਨੰਦਾ ਦੇ ਪੁੱਤਰ), ਨਰੈਣ ਸਿੰਘ (ਗੁਰੂ ਹਰੀ ਸਿੰਘ ਜੀ ਦਾ ਦੋਹਿਤਾ), ਰਾਘੋ ਸਿੰਘ ਲਾਂਗਰੀ, ਮਾਤਾ ਸਾਹਬੋ (ਗੁਰੂ ਹਰੀ ਸਿੰਘ ਦੇ ਮਹਿਲ), ਭੋਲੀ (ਗੁਰੂ ਰਾਮ ਸਿੰਘ ਜੀ ਦੇ ਮਾਮੇ ਦੀ ਨੂੰਹ), ਬੀਬੀ ਭਾਗੋ (ਗੁਰੂ ਹਰੀ ਸਿੰਘ ਜੀ ਦੀ ਪੁਤਰੀ ਮਾਤਾ ਸਾਹਿਬੋ ਵਿਚੋਂ), ਬੀਬੀ ਉੱਤਮੀ ਉਰਫ ਘੁੱਲੀ (ਚੱਕ ਦੇਸ ਰਾਜ-ਜਲੰਧਰ), ਇਹ ਸਭ ਵੀ ਇਸ ਸਮੇਂ ਡੇਰੇ ਵਿਚ ਰਹਿੰਦੇ ਸਨ। ਹੀਰਾ ਮਿਸਰ ਰਾਮਪੁਰ (ਲੁਧਿਆਣਾ) ਗੁਆਂਢੀ ਪਿੰਡ ਦਾ ਬ੍ਰਾਹਮਣ। ਸੁੰਦਰ ਸਿੰਘ ਖੋਟੇ (ਮੋਗਾ), ਨੱਥਾ ਸਿੰਘ ਗਾਦੜੀ (ਫਿਰੋਜ਼ਪੁਰ), ਮਿਹਰ ਸਿੰਘ ਉਰਫ਼ ਸੰਤਾ ਸਿੰਘ ਪਿੰਡ ਲੋਪੋਕੀ (ਅੰਮ੍ਰਿਤਸਰ ਬੁੱਚੜ ਬੋਧ ਸਾਕੇ ਦਾ ਮਫਰੂਰ), ਹਰੀ ਸਿੰਘ ਅੰਮ੍ਰਿਤਸਰ ਸ਼ਹਿਰ ਦਾ ਭਾਟੜਾ ਸਿੰਘ, ਲਾਹੌਰ ਸਿੰਘ ਅਤੇ ਬੀਬੀ ਹਰ ਕੌਰ (ਅੰਮ੍ਰਿਤਸਰ ਸ਼ਹਿਰ ਦੇ ਪਤੀ ਪਤਨੀ, ਉੱਨ ਦੀ ਮਾਲਾ ਬਣਾ ਕੇ ਵੇਚ ਕੇ ਗੁਜ਼ਾਰਾ ਕਰਨ ਵਾਲੇ), ਅਤਰੀ ਉਰਫ਼ ਬੀਬੀ ਅਤਰ ਕੌਰ ਉਰਫ਼ ਮਤਾਬ ਕੌਰ, ਮਾਈਸਰਖਾਨੇ ਦੇ ਰਾਮ ਸਿੰਘ ਉਰਫ਼ ਹਰਿਨਾਮ ਸਿੰਘ ਦੀ ਪੁੱਤਰੀ, ਸੂਬਾ ਸੁੱਧ ਸਿੰਘ ਮੰਢੌਰ (ਅੰਬਾਲਾ), ਬਚਿੱਤਰ ਸਿੰਘ, ਹੀਰਾ ਸਿੰਘ ਮੂੰਡੀਆਂ (ਜ਼ਿਲ੍ਹਾ ਲੁਧਿਆਣਾ ਦੇ ਪਿਤਾ ਪੁੱਤਰ), ਨਰਾਇਣ ਸਿੰਘ ਫਲੌਰ, ਰਾਮ ਸਿੰਘ, ਬਿਹਾਰੀ ਸਿੰਘ,

ਭਗਵਾਨ ਸਿੰਘ, ਲੱਖਾ ਸਿੰਘ, ਉਮਰਾਉ ਸਿੰਘ, ਸੁਆਮੀ ਤਖ਼ਤ ਸਿੰਘ (ਇਹ ਸਾਰੇ ਸਿੰਘ ਪੰਜਾਬ ਵਿਚੋਂ ਗਏ ਸਨ ਅਤੇ ਇਸ ਸਮੇਂ ਕਲਕੱਤੇ ਬੜੀ ਸੰਗਤ ਵਿਖੇ ਟਿਕੇ ਹੋਏ ਸਨ), ਭਾਈ ਗੁਰਦਿੱਤਾ ਰਾਮ ਰਬਾਬੀ ਵੀ ਇਨ੍ਹਾਂ ਪਾਸ ਹੀ ਰੁਕਿਆ ਹੋਇਆ ਸੀ। ਮਸਤਾਨ ਸਿੰਘ ਕਾਹਨ ਸਿੰਘ (ਅੰਬਾਲੇ ਸ਼ਹਿਰ ਵਿਚ ਦੋਵੇਂ ਰਹਿੰਦੇ ਸਨ)। ਜੋਧ ਸਿੰਘ, ਰਮੇਸਰ ਸਿੰਘ, ਨਰਾਇਣ ਸਿੰਘ, ਦੂਜਾ ਨਰਾਇਣ ਸਿੰਘ, ਉਤਮ ਸਿੰਘ ਝਾੜਮੜੀ, ਈਸਰ ਸਿੰਘ ਮਢੌਰ, ਮਾਨ ਸਿੰਘ ਸੌਢਾ (ਸਭ ਦਾ ਜ਼ਿਲ੍ਹਾ ਅੰਬਾਲਾ)। ਮੂਲਾ ਸਿੰਘ, ਕਾਲਾ ਸਿੰਘ (ਫੱਤੇਵਾਲ-ਅੰਮ੍ਰਿਤਸਰ), ਬਾਬਾ ਜਮੀਅਤ ਸਿੰਘ ਗਿੱਲ (ਸਿਆਲਕੋਟ), ਗੁਰਦਿੱਤ ਸਿੰਘ, ਅਤਰ ਸਿੰਘ, ਮਹੰਤ ਸਿੰਘ ਅਤੇ ਮਿਸਰ ਗਣਪਤ (ਪਿੰਡ ਲੱਲ ਕਲਾਂ ਰਿਆਸਤ ਪਟਿਆਲਾ, ਹੁਣ ਜ਼ਿਲ੍ਹਾ ਲੁਧਿਆਣਾ)। ਬੀਬੀ ਜੁਆਲਾ ਦੇਵੀ (ਫੱਤੇਵਾਲ ਦੇ ਆਹਲੂਵਾਲੀਆ ਪਰਿਵਾਰ ਵਿਚੋਂ ਸੀ, ਅੰਮ੍ਰਿਤਸਰ ਸ਼ਹਿਰ ਦੀ ਕੂਕਾ ਆਗੂ), ਹਮੀਰ ਸਿੰਘ ਦੁਰਗਾਪੁਰ (ਜਲੰਧਰ) ਦਾ ਸੈਣੀ ਸਿੰਘ, ਗੁਰਦਿਤ ਸਿੰਘ ਬੈਂਕੇ ਚੀਮੇ ਤੇ ਅਰੂੜ ਸਿੰਘ ਸਹਾਰਨ (ਗੁਜਰਾਂਵਾਲਾ), ਸਾਧੂ ਸਿੰਘ, ਕਿਰਪਾਲ ਸਿੰਘ, ਹਰੀ ਸਿੰਘ (ਅੰਮ੍ਰਿਤਸਰ ਸ਼ਹਿਰ), ਕਿਰਪਾਲ ਸਿੰਘ ਰਾਗੀ ਭਦੌੜ (ਬਰਨਾਲਾ), ਸੱਦਾ ਸਿੰਘ (ਅੰਮ੍ਰਿਤਸਰ ਸ਼ਹਿਰ), ਮੀਂਹਾਂ ਸਿੰਘ (ਸਰਹਾਲੀ ਦੇ ਸ਼ਾਮ ਸਿੰਘ ਦਾ ਪੁੱਤਰ), ਲਾਲ ਸਿੰਘ (ਲਤਾਲਾ-ਲੁਧਿਆਣਾ), ਪ੍ਰਤਾਪ ਸਿੰਘ (ਅੰਮ੍ਰਿਤਸਰ ਸ਼ਹਿਰ ਵਿਚ ਰਹਿੰਦਾ ਸੀ, ਮੂਲਾ ਸਿੰਘ ਕਾਲਾ ਸਿੰਘ ਫਤੇਵਾਲੀਆਂ ਦਾ ਬਹਿਨੋਈ), ਅਤਰ ਸਿੰਘ ਕੋਟ ਕਛੂਆ ਅਤੇ ਫੂਲਾ ਸਿੰਘ (ਦੋਹਾਂ ਦਾ ਜ਼ਿਲ੍ਹਾ ਅੰਬਾਲਾ ਸੀ), ਅਕਾਲ ਬੁੰਗਾ (ਅਕਾਲ ਤਖਤ ਸ੍ਰੀ ਅੰਮ੍ਰਿਤਸਰ ਸਾਹਿਬ) ਦੇ ਤਤਕਾਲੀ ਅਤੇ ਸੰਬੂਹ ਪੁਜਾਰੀਆਂ ਅਤੇ ਨਿਹੰਗ ਸਿੰਘਾਂ ਦੇ ਨਾਮ, ਸਾਉਣ ਸਿੰਘ ਰੋਡੇ (ਮੋਗਾ), ਹਰਿਨਾਮ ਸਿੰਘ ਨਥਾਣਾ ਤੇ ਧੰਨਾ ਸਿੰਘ ਗੁਮਟੀ (ਬਠਿੰਡਾ), ਸੋਭਾ ਸਿੰਘ ਖੁਰਦਪੁਰ (ਜਲੰਧਰ), ਹੀਰਾ ਸਿੰਘ ਲੰਮੂ (ਸਾਬਕਾ ਕਮਾਂਡਰ ਕਸ਼ਮੀਰ ਕੂਕਾ ਰੈਜੀਮੈਂਟ ਵਾਸੀ ਸਢੌਰਾ-ਯਮੁਨਾ ਨਗਰ), ਦਿਆ ਸਿੰਘ (ਸੇਵਕ ਨਾਨੂੰ ਸਿੰਘ ਦਾ ਸਕਾ ਭਾਈ), ਮਿਹਰ ਸਿੰਘ (ਨਾਨੂੰ ਸਿੰਘ ਦਾ ਚਚੇਰਾ ਭਾਈ), ਪਿੰਡ ਰੁੜਕੀ (ਪਟਿਆਲਾ), ਹਰਨਾਮ ਸਿੰਘ (ਮੰਡੀ ਕਲਾਂ-ਬਠਿੰਡਾ) ਇਤਿਆਕਿ। ਉਪਰੋਕਤ ਸੂਚੀ ਵਿਚੋਂ ਜ਼ਿਆਦਾਤਰ ਸਿੰਘ ਸਤਿਗੁਰੂ ਜੀ ਦੇ ਦਰਸ਼ਨ ਕਰਨ ਰੰਗੂਨ ਗਏ ਅਤੇ ਹੁਕਮਨਾਮੇ ਲਿਆਏ। ਜਾਣ ਵਾਲਿਆਂ ਵਿਚ ਜੇਕਰ ਸ੍ਰ. ਸ਼ਾਮ ਸਿੰਘ ਸਰਹਾਲੀ, ਭਗਵਾਨ ਸਿੰਘ ਫੱਤੇਵਾਲ, ਬਘੇਲ ਸਿੰਘ ਨਾਰਲੀ, ਨੱਥਾ ਸਿੰਘ ਗਾਦੜੀ, ਕਾਹਨ ਸਿੰਘ ਬੁਰਜ, ਹੀਰਾ ਸਿੰਘ ਕਮਾਂਡਰ, ਦੇਵਾ ਸਿੰਘ ਲਾਹੌਰ ਜਿਹੇ ਵੱਡੇ ਮਾਲ ਗੁਜ਼ਾਰ ਸਨ ਤਾਂ ਭਾਈ ਹਮੀਰ ਸਿੰਘ ਤਪਾ ਦੁਰਗਾਪੁਰ, ਹਰੀ ਸਿੰਘ ਭਾਟੜਾ ਅੰਮ੍ਰਿਤਸਰ, ਲਾਹੌਰ ਜਿਹੇ ਸਾਧਨਹੀਣ ਸਿੰਘ ਵੀ ਸਨ ਜਿਨ੍ਹਾਂ ਨੇ ਕਿਰਾਇਆ ਵੀ ਸੰਗਤ ਪਾਸੋਂ ਮੰਗਿਆ ਹੋਵੇਗਾ। ਭਗਵਾਨ ਸਿੰਘ ਮਰਹਾਣਾ ਉਰਫ਼ ਅੜਬੰਗ ਸਿੰਘ ਜਿਹੇ ਅੰਮ੍ਰਿਤਸਰ ਸਾਕੇ ਦੇ ਮਫਰੂਰ ਵੀ ਗੁਰੂ ਦਰਸ਼ਨਾਂ ਦਾ ਲਾਗ ਲੈ ਆਏ ਜਦੋਂ ਕਿ ਉਸ ਦੇ ਦੂਜੇ ਸਾਥੀ ਮਿਹਰ ਸਿੰਘ ਲੋਪੋਕੇ ਨੂੰ

ਇਧਰ ਆਉਣ ਤੋਂ ਗੁਰੂ ਰਾਮ ਸਿੰਘ ਨੇ ਵਰਜ ਦਿੱਤਾ ਸੀ ਕਿ ਉਹ ਪਕੜੇ ਜਾ ਸਕਦੇ ਹਨ।

ਗੁਰਜ ਗਿਆਨ ਦੀਆਂ ਗੱਲਾਂ ਬਾਤਾਂ, ਵੇਲੇ ਦੀ ਜਾਬਰ ਸਰਕਾਰ ਨਾਲ ਹਰ ਤਰ੍ਹਾਂ ਭਜਨ ਬਾਣੀ, ਚੰਡੀ ਦੀ ਵਾਰ ਆਦਿ ਦੇ ਪਾਠਾਂ ਦੁਆਰਾ ਆਢਾ ਲਾਈ ਰੱਖਣਾ, ਗੁਰੂ ਜੀ ਦੇ ਏਜੰਡੇ 'ਤੇ ਸੀ। ਇਨ੍ਹਾਂ ਪੱਤਰਾਂ ਦੀ ਬਗ਼ਾਵਤੀ ਸੁਰ ਪ੍ਰਤੱਖ ਹੈ, ਜਿਸ ਲਈ ਲੁਧਿਆਣੇ ਦੇ ਪੁਲੀਸ ਕਪਤਾਨ ਵਾਰਬਰਟਨ ਨੇ ਪੰਜਾਬ ਸਰਕਾਰ ਨੂੰ ਲਿਖਿਆ ਸੀ ਕਿ ਸਾਰੇ ਪੰਜਾਬ ਵਿਚ ਇਕੋ ਦਿਨ ਨਿਸ਼ਚਿਤ ਸਮੇਂ 'ਤੇ ਕੂਕਿਆਂ ਦੇ ਘਰਾਂ ਦੀਆਂ ਤਲਾਸ਼ੀਆਂ ਲੈ ਕੇ ਹਥਿਆਰ ਅਤੇ ਅਪੱਤੀਜਨਕ ਲਿਖਤਾਂ ਜ਼ਬਤ ਕੀਤੀਆਂ ਜਾਣ।[7] ਸਰਕਾਰ ਦੇ ਮਨ 'ਤੇ ਕੂਕਿਆਂ ਦਾ ਭੈਅ ਕਿਸ ਕਦਰ ਵਿਆਪਕ ਸੀ, ਇਹ ਇਨ੍ਹਾਂ ਪੱਤਰਾਂ ਵਿਚੋਂ ਥਾਂ ਥਾਂ ਤੋਂ ਪ੍ਰਗਟ ਹੁੰਦਾ ਹੈ—

> ਏਨਾ ਨੂ ਮੇਰਾ ਸਰੀਰ ਕਾਲ ਕੀ ਸਮਾਨ ਦਿਸਦਾ ਹੈ। ਆਖੇ ਹੈ ਏਨੇ ਮੁਲਖ ਬਿਗਾੜ ਦਿਤਾ ਹੈ। ਮੈ ਤਾ ਕੁਛ ਨਹੀ ਕੀਤਾ, ਨਾ ਕਰ ਹੀ ਸਕਦਾ ਹਾ। ਗੁਰੂ ਜੀ ਦਾ ਖੇਲ ਰਚਿਆ ਹੋਆ ਹੈ ਕੁਛ। ਗੁਰੂ ਹੀ ਜਾਣ ਆਪਣੇ ਖੇਲ ਨੂ। ਓਥੇ ਗੁਰੂ ਲੈ ਆਊਗਾ ਤਾ ਬਥੇਰੇ ਬਚਨ ਬਿਲਾਸ ਕਰਾਗੇ ਨਾਲੇ ਸੁਣਾਗੇ। ਹੁਣ ਸਮਾ ਐਸਾ ਹੀ ਹੈ, ਭਾਣਾ ਗੁਰੂ ਜੀ ਦਾ ਗਿਆਨੀ ਗੁਣੀ ਸਭ ਬਰਲ ਗਏ, ਸਭ ਨੇ ਪਰਮੇਸਰ ਨਾਲ ਦਾਈਆ ਬੰਨ ਲਿਆ ਹੈ। ਅਗੇ ਦੇਖੋ ਜੀ ਗੁਰੂ ਜੀ ਕੀ ਦਿਖਾਲਦਾ ਹੈ।[8]

ਨਰਾਇਣ ਸਿੰਘ ਫਲੌਰ ਅਤੇ ਸੱਦਾ ਸਿੰਘ ਅੰਮ੍ਰਿਤਸਰ ਹੋਰਾਂ ਨੂੰ ਦਿੱਤੇ ਹੁਕਮਨਾਮੇ ਵਿਚ ਲਿਖਦੇ ਹਨ—

> ਹੋਰ ਭਾਈ ਏਥੇ ਸਾਡੇ ਪਾਸ ਕਿਸੇ ਨੂ ਨਾ ਬੋਲਣ ਦਿੰਦੇ ਹੈ, ਨਾ ਖੜਾ ਹੋਣ ਦਿੰਦੇ ਹੈ। ਇਨਾ ਨੂ ਏਨਾ ਦੇ ਕਰਮ ਨੇ ਬਹੁਤ ਭੈ ਦੇ ਰਖਾ ਹੈ। ਆਖੇ ਹੈ ਜੇ ਏਧੀ ਬਾਤ ਪੰਜਾਬ ਮੈ ਜਾ ਰਹੀ ਤਾ ਕੂਕੇ ਸੂੜ ਕਰ ਦੇਣਗੇ ਵਿਲਿਆ ਦਾ। ਕਾਲ ਜੈਸਾ ਭੈ ਹੈ ਏਨਾ ਕੋ ਨਾਮਧਾਰੀਆ ਦਾ। ਰਜਾਇ ਪ੍ਰਮੇਸਰ ਦੀ ਐਸੀ ਈ ਹੈ ਕੁਛ।[9]

ਬਸਤੀਵਾਦੀ ਹਾਕਮਾਂ ਵਿਰੁੱਧ ਵਿੱਢੀ ਲੜਾਈ ਨੂੰ ਸਤਿਗੁਰੂ ਜੀ ਆਪਣੇ ਅਧਿਆਤਮ ਦੇ ਪੈਂਤੜੇ 'ਤੇ ਖਲੋ ਕੇ ਲੜ ਰਹੇ ਹਨ। ਜਬਰ ਬਹੁਤ ਪ੍ਰਬਲ ਹੈ। ਸਾਮੰਤ ਸ਼ਾਹੂਕਾਰ, ਪੁਰੋਹਿਤ ਪੁਜਾਰੀ ਸ਼੍ਰੇਣੀਆਂ ਰਾਜੇ ਮਹਾਰਾਜੇ ਸਭ ਅੰਗਰੇਜ਼ਾਂ ਦੇ ਹੱਕ ਵਿਚ ਭੁਗਤ ਰਹੇ ਹਨ ਪਰ ਉਹ ਸਿੱਖੀ ਵਿਚ ਕੱਚੇ ਹਨ। ਇਸ ਲਈ ਗੁਰੂ ਜੀ ਆਪਣੇ

ਅਨੁਆਈਆਂ ਨੂੰ ਸਿੱਖੀ ਵਿਚ ਪਰਪੱਕ ਕਰਕੇ, ਵਿਰੋਧੀ ਤਾਕਤਾਂ ਦੇ ਸਨਮੁਖ ਸੀਨਾ ਤਾਣ ਕੇ ਖੜ੍ਹੇ ਹੋਣ ਦਾ ਢੰਗ ਦੱਸ ਰਹੇ ਹਨ। ਉਹ ਅੰਮ੍ਰਿਤ ਵੇਲੇ ਦਾ ਇਸ਼ਨਾਨ, ਭਜਨ ਬਾਣੀ, ਇਸ 'ਤੇ ਖ਼ਾਸ ਜ਼ੋਰ ਦਿੰਦੇ ਹਨ—

> ਅਸੀ ਬੀ ਗੁਰੂ ਸਾਹਿਬ ਦੇ ਬਚਨ ਸੁਨਕੇ ਆਖਦੇ ਹੈ ਸਭਨੇ ਭਜਨੁ ਬਾਣੀ ਤਕੜੇ ਹੋ ਕੇ ਕਰਨਾ, ਢਿਲੇ ਨਹੀ ਪੈ ਜਾਣਾ। ਮੇਰਾ ਕਹਿਣਾ ਸਤਿ ਕਰਕੇ ਮੰਨਣਾ। ਇਉ ਨਹੀ ਜਾਨਣਾ ਆਪ ਬੈਠਾ ਲੀਕਾ ਕਾਲੇ ਪਾਨੀ ਦੀਆ ਕਢੀ ਜਾਦਾ ਹੈ। ਅਰੁ ਪਿਛਾ ਰਾਤ ਉਠ ਕੇ ਜਰੂਰ ਨਾਉਣਾ।[10]

ਇਨ੍ਹਾਂ ਹੁਕਮਨਾਮਿਆਂ ਵਿਚ ਕਿਰਤ ਦੀ ਮਹੱਤਤਾ, ਲੋੜਵੰਦਾਂ ਦੀ ਸਹਾਇਤਾ ਕਰਨ, ਹਉਮੈ ਤੋਂ ਬਚਣ, ਸਾਤਵਿਕ ਭੋਜਨ ਛਕਣ, ਦਾਰੂ ਮਾਸ ਅਤੇ ਹੋਰ ਨਸ਼ਿਆਂ ਤੋਂ ਪਰਹੇਜ਼ ਕਰਨ, ਅਣਕਮਾਈ ਮਾਇਆ ਦੀ ਝਾਕ ਨਾ ਰੱਖਣ, ਬਿਗ਼ਾਨੇ ਹੱਕਾਂ ਤੋਂ ਟਾਲਾ ਵੱਟਣ, ਨਾਰੀ ਪੁਰਖ ਸਮਾਨਤਾ ਲਾਗੂ ਕਰਨ, ਮੁੰਡਿਆਂ ਕੁੜੀਆਂ ਨੂੰ ਗੁਰਮੁਖੀ ਅੱਖਰ ਪੜ੍ਹਾਉਣ, ਬੁੱਢਿਆਂ ਬੱਚਿਆਂ ਸਭਨਾਂ ਨੂੰ ਅੱਖਰ ਸਿੱਖ ਕੇ ਗੁਰਬਾਣੀ ਕੰਠ ਕਰਨ, ਵਿਹਲੇ ਨਾ ਫਿਰਨ, ਨਿੰਦਕ ਦੀਆਂ ਵੀ ਰੋਟੀ ਕੱਪੜੇ ਦੀਆਂ ਲੋੜਾਂ ਪੂਰੀਆਂ ਕਰਨ, ਵੰਡ ਕੇ ਛਕਣ, ਗੁਰੂ ਕੇ ਲੰਗਰ ਦੀ ਸੇਵਾ ਕਰਨ, ਸੀਤ ਪ੍ਰਸਾਦਿ ਦੇ ਨਾਂ ਤੇ ਜੂਠਾ ਨਾ ਖਾਣ, ਨਾ ਕਿਸੇ ਨੂੰ ਦੇਣ, ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੇ ਘਰਾਂ ਵਿਚ ਭੋਗ ਪਾਉਣ, ਅੰਗਰੇਜ਼ ਸਰਕਾਰ ਦੀ ਨੌਕਰੀ ਨਾ ਕਰਨ, ਗਾਈਆਂ 'ਤੇ ਤਰਸ ਕਰਨ, ਸਨਬੰਧੀ ਦੇ ਸਰੀਰ ਛੱਡ ਜਾਣ ਤੇ ਰੋਣ ਪਿੱਟਣ ਨਾ ਕਰਨ, ਜਥਾਸ਼ਕਤ ਪੁੰਨ ਦਾਨ ਕਰਨ, ਧਾਰਮਿਕ ਸਮਾਗਮ ਸਮੇਂ ਅਡੰਬਰ ਨਾ ਕਰਨ, ਥੋੜ੍ਹੀ ਬਾਤ ਤੇ ਗਲ ਨਾ ਪੈਣ— ਖਿਮਾ ਧੀਰਜ ਕਰਨ, ਸ਼ਾਂਤੀ ਰੱਖਣ, ਮੰਦੇ ਕਰਮ ਵਾਲਿਆਂ ਤੋਂ ਵਿਥ ਰੱਖਣ, ਬੋਲ ਕੁਬੋਲ ਸਹਿ ਜਾਣ, ਸੀਲ ਸੰਤੋਖ ਰੱਖਣ, ਸਦਾ ਗੁਰੂ ਗੁਰੂ ਜਪਣ, ਵਰ ਪ੍ਰਾਪਤ ਲੜਕੀਆਂ ਦੇ ਸਮੇਂ ਸਿਰ ਅਨੰਦ ਪੜ੍ਹਾਉਣ, ਲਾਰਾ ਲਾ ਕੇ ਜੁਆਬ ਨਾ ਦੇਣ, ਆਪਸ ਵਿਚ ਮਿਲ ਕੇ ਰਹਿਣ, ਮੰਦਾ ਫਿੱਕਾ ਨਾ ਬੋਲਣ, ਰਾਗੀ ਸਿੰਘ ਨੂੰ ਸ਼ਬਦ ਭੇਟਾ ਦੇਣ, ਸੀਰੀ ਨਾਲ ਨਰਮਾਈ ਰੱਖਣ, ਵਿਭਚਾਰ ਤੋਂ ਬਚਣ, ਅਮਾਨਤ ਵਿਚ ਖਿਆਨਤ ਨਾ ਕਰਨ, ਕਾਹਲ ਨਾ ਕਰਨ, ਆਦਿਕ ਸਦਾਚਾਰਕ ਗੁਣ ਉਜਾਗਰ ਹੁੰਦੇ ਹਨ। ਗੁਰਬਾਣੀ ਦੀਆਂ ਬਹੁਤ ਸਾਰੀਆਂ ਤੁਕਾਂ ਅਤੇ ਕਹਾਵਤਾਂ ਦਾ ਵੀ ਪ੍ਰਯੋਗ ਕੀਤਾ ਗਿਆ ਹੈ। ਸਤਿਗੁਰੂ ਜੀ ਦੇ ਮਨ ਦੀ ਵੈਰਾਗੀ ਦਸ਼ਾ ਵੀ ਕਈ ਥਾਂਵਾਂ 'ਤੇ ਪ੍ਰਤੱਖ ਹੁੰਦੀ ਹੈ। ਇਨ੍ਹਾਂ ਹੁਕਮਨਾਮਿਆਂ ਦੇ ਪਾਠ ਕਰਨ ਸਮੇਂ ਪਾਠਕ ਆਪਣੇ ਆਪ ਨੂੰ ਉਸ ਮਨੋਦਸ਼ਾ ਵਿਚ ਮਹਿਸੂਸ ਕਰ ਸਕਦਾ ਹੈ ਜਿਸ ਵਿਚੋਂ ਉਸ ਸਮੇਂ ਨਾਮਧਾਰੀ ਸੰਗਤ ਲੰਘ ਰਹੀ ਸੀ। ਅੰਗਰੇਜ਼ੀ ਸਰਕਾਰ ਨਾਲ ਮੁਕਾਬਲਾ ਕਰਨ ਲਈ ਜਿਸ ਤਰ੍ਹਾਂ ਦਾ ਸੂਰਮਾ ਮਨੁੱਖ ਸਫਲ ਹੋ ਸਕਦਾ ਸੀ,

ਉਹਦੀ ਸਿਰਜਣਾ ਦੇ ਝਲਕਾਰੇ ਇਨ੍ਹਾਂ ਪੱਤਰਾਂ ਵਿਚੋਂ ਮਿਲਦੇ ਹਨ। ਉਨ੍ਹੀਵੀਂ ਸਦੀ ਦੇ ਮਗਰਲੇ ਅੱਧ ਦੇ ਸਾਡੇ ਸਾਹਿਤ, ਇਤਿਹਾਸ ਦਾ ਇਹ ਹੁਕਮਨਾਮੇ ਅਦੁੱਤੀ ਢੋਆ ਹਨ। ਸਮੁੱਚਾ ਕੂਕਾ ਅੰਦੋਲਨ ਦਾ ਪੰਜਾਬੀ ਸਾਹਿਤ, ਜਿਹੜੀਆਂ ਵਿਸ਼ਾਲ ਨੀਹਾਂ 'ਤੇ ਖੜ੍ਹਾ ਹੈ, ਉਸ ਦੀ ਉਸਾਰੀ ਵਿਚ ਇਨ੍ਹਾਂ ਹੁਕਮਨਾਮਿਆਂ ਦਾ ਵਡਮੁੱਲਾ ਯੋਗਦਾਨ ਹੈ। ਡਾ. ਹਰਿਭਜਨ ਸਿੰਘ ਅਨੁਸਾਰ, "ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦੀ ਵਾਰਤਕ ਸ਼ੈਲੀ ਦਾ ਮੁੱਖ ਗੁਣ ਸਰਲਤਾ ਅਤੇ ਨਿਮਰਤਾ ਹੈ ਪਰ ਇਨ੍ਹਾਂ ਦਾ ਗੰਭੀਰ ਅਧਿਅਨ ਨਾਮਧਾਰੀ ਮੱਤ ਦੇ ਅਨੇਕ ਪੱਖਾਂ ਉੱਤੇ ਪ੍ਰਕਾਸ਼ ਪਾਉਣਾ ਵਾਲਾ ਹੈ।...ਇਨ੍ਹਾਂ ਹੁਕਮਨਾਮਿਆਂ ਤੋਂ ਹੀ ਇਹ ਗੱਲ ਪ੍ਰਗਟ ਹੋ ਜਾਂਦੀ ਹੈ ਕਿ ਇਨ੍ਹਾਂ ਦਾ ਰਚਨਹਾਰ ਪ੍ਰਵਾਸ ਦੇ ਬੰਦੀ ਜੀਵਨ ਵਿਚ ਕੀ ਕੁਝ ਅਨੁਭਵ ਕਰਦਾ ਅਤੇ ਸੋਚਦਾ ਹੈ। ਪੰਜਾਬ ਦੇ ਇਤਿਹਾਸਕ ਸਮਾਚਾਰਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਆਪ ਜੀ ਦੇ ਮਨ ਵਿਚ ਕਿੰਨੀ ਉਤਸੁਕਤਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਅੰਤਰ ਆਤਮਾ ਨੂੰ ਜਾਨਣ ਲਈ ਇਨ੍ਹਾਂ ਹੁਕਮਨਾਮਿਆਂ ਤੋਂ ਵਧੇਰੇ ਹੋਰ ਕੋਈ ਵੀ ਉੱਤਮ ਪ੍ਰਮਾਣ ਨਹੀਂ ਹੋ ਸਕਦਾ।"[11]

ਜਦੋਂ ਜਿਹੇ ਗੁਰੂ ਰਾਮ ਸਿੰਘ ਰੰਗੂਨ ਵਿਖੇ ਕੈਦ ਸਨ, 1882 ਈ. ਦੇ ਮਾਰਚ ਅਪ੍ਰੈਲ ਵਿਚ ਭਾਈ ਸੰਤੋਖ ਸਿੰਘ (1845-1909 ਈ.) ਬਾਹੋਵਾਲ (ਹੁਸ਼ਿਆਰਪੁਰ) ਵਾਸੀ ਕਈ ਭੇਖਾਂ ਵਿਚ ਵਿਚਰਨ ਬਾਅਦ, ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਹਰੀ ਸਿੰਘ ਜੀ ਦੀ ਸ਼ਰਨ ਵਿਚ ਆਇਆ। ਉਹ ਪੜ੍ਹਿਆ ਲਿਖਿਆ, ਗੁਰਮਤਿ ਦਾ ਗਿਆਤਾ ਵਿਦਵਾਨ ਸੱਜਣ ਸੀ, ਜਿਸ ਨੂੰ ਗੁਰੂ ਹਰੀ ਸਿੰਘ ਦੀ ਪਾਰਖੂ ਨਜ਼ਰ ਨੇ ਤਾੜ ਕੇ ਆਪਣੇ ਡੇਰੇ ਵਿਚ ਟਿਕਣ ਦਾ ਸੱਦਾ ਦੇ ਦਿੱਤਾ। ਸੰਤੋਖ ਸਿੰਘ ਨੂੰ ਬੰਦੀ ਜੀਵਨ ਹੰਢਾ ਰਿਹਾ ਉਸ ਸਮੇਂ ਦਾ ਭੈਣੀ ਸਾਹਿਬ ਆਪਣੇ ਸੁਪਨਿਆਂ ਦੀ ਧਰਤੀ ਮਾਲੂਮ ਹੋਇਆ। ਉਸ ਨੂੰ ਪਤਾ ਸੀ ਕਿ ਪੁਲਿਸ ਚੌਂਕੀ, ਨਵੇਂ ਆਇਆਂ ਨੂੰ ਵਾਰ-ਵਾਰ ਤੰਗ ਕਰਦੀ ਹੈ ਪਰ ਉਹ ਫਿਰ ਵੀ ਟਿਕ ਗਿਆ। ਉਸ ਨੇ ਡੇਰੇ ਵਿਚ ਲੰਗਰ ਦੀ, ਤਬੇਲੇ ਦੀ ਸੇਵਾ ਵੀ ਕਰਨੀ ਅਤੇ ਦੁਪਹਿਰ ਸਮੇਂ ਨਾਮਧਾਰੀ ਇਤਿਹਾਸ ਦੇ ਸਮਕਾਲੀ ਸਰੋਤਾਂ ਤੋਂ ਜਾਣਕਾਰੀ ਲੈ ਕੇ, ਪੰਜਾਬੀ ਵਾਰਤਕ ਵਿਚ 'ਸਤਿਗੁਰੂ ਬਿਲਾਸ' ਨਾਮ ਦੇ ਗ੍ਰੰਥ ਵਿਚ ਲਿਖਣੀ ਸ਼ੁਰੂ ਕੀਤੀ। ਪਿਛਲੇ ਪਹਿਰ ਦੇ ਦੀਵਾਨ ਵਿਚ ਗੁਰੂ ਹਰੀ ਸਿੰਘ ਦੇ ਸਾਹਵੇਂ ਜੋ ਲਿਖਿਆ ਹੁੰਦਾ, ਉਸ ਨੂੰ ਪੜ੍ਹ ਕੇ ਸੁਣਾਉਂਦੇ। ਲੋੜ ਅਨੁਸਾਰ ਸੰਗਤ ਜਾਂ ਗੁਰੂ ਜੀ ਹੋਈ ਉੱਕ-ਚੁੱਕ ਦਰੁਸਤ ਕਰਵਾ ਦਿੰਦੇ। ਸੰਤੋਖ ਸਿੰਘ ਨੂੰ ਪੁਲਿਸ ਚੌਂਕੀ ਦੇ ਇਕ ਹਵਾਲਦਾਰ ਨਾਲ ਖਹਿਬੜਨ ਕਾਰਨ ਛੇ ਮਹੀਨੇ ਲੁਧਿਆਣੇ ਜੇਲ੍ਹ ਵਿਚ ਕੈਦ ਵੀ ਕੱਟਣੀ ਪਈ। ਪਰ ਉਹ ਫਿਰ ਵੀ ਰਿਹਾਅ ਹੁੰਦਿਆਂ ਹੀ ਡੇਰੇ ਵਿਚ ਆ ਹਾਜ਼ਰ ਹੋਇਆ। ਸੰਤੋਖ ਸਿੰਘ ਦਾ ਡੇਰੇ ਵਿਚ ਕਿਆਮ ਦਾ ਸਮਾਂ ਗੁਰੂ ਹਰੀ ਸਿੰਘ (1819-1906) ਜੀ ਦੇ ਜੀਵਨ ਦੇ ਆਖ਼ਰੀ 25 ਕੁ ਸਾਲ ਸਨ। ਇਸ ਸਮੇਂ ਵਾਪਰੀਆਂ ਘਟਨਾਵਾਂ ਦਾ ਤਾਂ ਸੰਤੋਖ ਸਿੰਘ

ਪ੍ਰਤੱਖ ਦਰਸ਼ੀ ਸੀ। ਸਤਿਗੁਰੂ ਰਾਮ ਸਿੰਘ ਦੇ ਬਚਪਨ, ਜੁਆਨੀ ਦੇ ਸਮਾਚਾਰਾਂ ਲਈ ਸੰਤੋਖ ਸਿੰਘ ਉਨ੍ਹਾਂ ਦੇ ਪਿੰਡ ਦੇ ਹਾਣੀਆਂ ਤੋਂ ਪੁੱਛਦਾ। ਫ਼ੌਜੀ ਜੀਵਨ ਬਾਰੇ ਜਾਣਕਾਰੀ, ਸੂਬਾ ਕਾਹਨ ਸਿੰਘ ਚੱਕ ਵਾਲਾ ਜੋ ਰਿਹਾਈ ਬਾਅਦ ਅੰਮ੍ਰਿਤਸਰ ਆ ਟਿਕੇ ਸਨ, ਉਨ੍ਹਾਂ ਤੋਂ ਅਤੇ ਰੰਗੂਨ, ਮਰਗੋਈ, ਅਲਾਹਾਬਾਦ ਦੇ ਹਾਲਾਤ, ਪੰਜਾਬ ਪਰਤ ਆਏ ਸੇਵਕ ਨਾਨੂੰ ਸਿੰਘ ਤੋਂ ਸੁਣ ਕੇ ਲਿਖੇ। ਗੁਰੂ ਹਰੀ ਸਿੰਘ, ਮਾਤਾ ਜੀਵਨ ਕੌਰ ਤੋਂ ਇਲਾਵਾ, ਗੁਰੂ ਰਾਮ ਸਿੰਘ ਜੀ ਦੇ ਨਾਲ ਦੇ ਬਹੁਤ ਸਾਰੇ ਸਿੱਖ ਡੇਰੇ ਵਿਚ ਮੌਜੂਦ ਸਨ। ਇਉਂ ਸੰਤੋਖ ਸਿੰਘ ਹੋਰਾਂ ਦੀ ਜਾਣਕਾਰੀ ਦੇ ਸੋਮੇ ਅਜਿਹੇ ਹਨ ਕਿ ਇਹ ਗ੍ਰੰਥ ਪਹਿਲੇ ਦਰਜੇ ਦੀ ਅਗਵਾਈ ਜਿਹੀ ਮਹੱਤਤਾ ਰੱਖਦਾ ਹੈ। ਇਸ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਗਟ ਹੋਣ (1816) ਤੋਂ ਲੈ ਕੇ ਗੁਰੂ ਹਰੀ ਸਿੰਘ ਦੇ ਜੋਤੀ ਜੋਤਿ ਸਮਾਉਣ ਤਕ (1906 ਈ.) ਕੋਈ 90 ਸਾਲਾਂ ਦੇ ਪੰਜਾਬ ਅਤੇ ਸਤਿਗੁਰੂ ਜੀ ਅਤੇ ਨਾਮਧਾਰੀ ਪੰਥ ਦੇ ਸਮਾਚਾਰ ਅੰਕਿਤ ਹਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਵਿਚ ਦੇਸ਼ ਆਜ਼ਾਦੀ ਤੋਂ ਪਹਿਲਾਂ ਸ੍ਰੀ ਭੈਣੀ ਸਾਹਿਬ ਦੇ ਨਾਮਧਾਰੀ ਦੀਵਾਨਾਂ ਵਿਚ ਇਸ ਹੱਥ ਲਿਖਤ ਗ੍ਰੰਥ ਦੀ ਕਥਾ ਕੀਤੀ ਜਾਂਦੀ ਸੀ। ਪਰ ਆਪਣੇ ਰਚਨਾ ਕਾਲ ਤੋਂ ਇਕ ਸਦੀ ਬਾਅਦ ਜਸਵਿੰਦਰ ਸਿੰਘ ਹੋਰਾਂ ਨੇ ਇਸ ਨੂੰ ਸੰਪਾਦਿਤ ਕਰਕੇ ਦੋ ਭਾਗਾਂ ਵਿਚ ਭੈਣੀ ਸਾਹਿਬ ਦੇ ਨਾਮਧਾਰੀ ਦਰਬਾਰ ਵੱਲੋਂ 2000 ਈ. ਵਿਚ ਪਹਿਲਾ ਭਾਗ ਅਤੇ ਦੂਜਾ 2005 ਈ. ਵਿਚ ਪ੍ਰਕਾਸ਼ਿਤ ਕੀਤਾ। ਦੋਹਾਂ ਭਾਗਾਂ ਦੀ ਭੂਮਿਕਾ ਵਿਚ ਜਸਵਿੰਦਰ ਸਿੰਘ ਨੇ ਇਸ ਗ੍ਰੰਥ ਬਾਰੇ ਮੁੱਲਵਾਨ ਜਾਣਕਾਰੀ ਦਿੰਦਿਆਂ ਇਹ ਵੀ ਲਿਖਿਆ ਹੈ ਕਿ ਭਾਈ ਬਾਹੋਵਾਲ ਦੁਆਰਾ ਵਰਣਿਤ ਬਹੁਤ ਸਾਰੇ ਇਤਿਹਾਸਕ ਵਾਕਿਆਤ ਦੀ ਸਰਕਾਰੀ ਦਸਤਾਵੇਜ਼ਾਂ ਤੋਂ ਵੀ ਪੁਸ਼ਟੀ ਹੁੰਦੀ ਹੈ ਜਿਸ ਕਾਰਨ ਇਸ ਗ੍ਰੰਥ ਦੀ ਪ੍ਰਮਾਣਿਕਤਾ ਸਿੱਧ ਹੁੰਦੀ ਹੈ। ਇਸ ਗ੍ਰੰਥ ਨੂੰ ਪੰਜਾਬੀ ਵਾਰਤਕ ਵਿਚ ਲਿਖੇ ਜਾਣ ਦਾ ਕਾਰਨ ਦੱਸਦੇ ਹੋਏ ਭਾਈ ਸੰਤੋਖ ਸਿੰਘ ਲਿਖਦੇ ਹਨ ਕਿਉਂਕਿ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਵਾਰਤਕ ਵਿਚ ਹਨ, ਇਸੇ ਲਈ ਮੈਂ ਵੀ ਇਹ ਗ੍ਰੰਥ ਵਾਰਤਕ ਵਿਚ ਲਿਖ ਰਿਹਾ ਹਾਂ ਜੋ ਕਿ ਸਮਝਣੀ ਵੀ ਆਸਾਨ ਹੈ। ਉਂਜ ਉਹ ਗ੍ਰੰਥ ਦੇ ਬੇਨਤੀ ਵਾਲੇ ਭਾਗ ਵਿਚ, ਹੇਠ ਲਿਖੇ ਦੋ ਕਬਿੱਤ ਲਿਖ ਕੇ, ਆਪਣੀ ਕਾਵਿ-ਕਲਾ ਦਾ ਜੌਹਰ ਵੀ ਵਿਖਾਉਂਦੇ ਹਨ ਅਤੇ ਇਸ ਗ੍ਰੰਥ ਦਾ ਸਾਰ ਵੀ ਪੇਸ਼ ਕਰ ਦਿੰਦੇ ਹਨ—

ਮੰਗਲਾ ਚਰਨ ਆਦਿ ਉਤਪਤੀ, ਸੰਸਾਰ ਗੋਸ਼ਟ,<br>
ਆਤਮਾ-ਪ੍ਰਮਾਤਮਾ, ਜੁਗਾਵਲੀ ਲਿਖਾਇ ਬੋ।<br>
ਅੰਗਨ ਸਮੇਤ ਤੀਰ ਬੇਦ ਤੇ ਪੁਰਾਣ ਵਿੱਦਿਆ,<br>
ਜਪੁਜੀ ਕੇ ਲਗ ਮਾਤ੍ਰ ਅੱਖਰ ਗਨਾਇ ਬੋ।<br>
ਲਿਖਾ ਹੈ ਗੁਰਿੰਡਨਾਮਾ ਬਾਰ੍ਹਵੇਂ ਸਰਬੰਸ ਗਾਥ,<br>
ਗੁਰੂ ਯਾਰਵੇਂ ਦੀ ਪ੍ਰਗਟ ਹੋਨ ਦੀ ਜਤਾਇ ਬੋ।

ਏਤੇ ਲਿਖੇ ਆਦ ਸੁਣ ਕੇਤੇ ਗ੍ਰੰਥ ਸੋਧ ਸੋਧ,
ਪੜ੍ਹੇ ਸੁਣੇ ਪ੍ਰੇਮੀ ਗੁਣੀ ਵੇਖਕੇ ਰਿਝਾਇ ਬੋ।

ਪੁਨ੍ਹਾ ਗੁਰੂ ਬਾਰ੍ਹਵੇਂ ਅਵਤਾਰ ਲੀਲਾ ਖੇਲ ਕਰ,
ਨੌਕਰੀ ਲਾਹੌਰ ਹੂੰ ਸੇ ਹਜਰੋਂ ਜੀ ਜਾਇ ਬੋ।
ਲੈ ਕੇ ਉਪਦੇਸ ਮਸਤਾਨੇ ਹੋ ਨਰੇਸ ਸਾਚੇ,
ਕਰੀ ਕਿਰਸਾਨੀ ਬਨਜ ਗੰਗਾ ਗਏ ਆਇ ਬੋ।
ਸੂਬੇ ਥਾਪ ਧਰਮ ਵਰਤਾਏ, ਮੜ੍ਹੀ ਗੋਰ ਢਹਾਏਂ,
ਬੁੱਚੜ ਹਟਾਏ ਜੈਸੇ ਕੋਟਲੇ ਪੈ ਧਾਇ ਬੋ।
ਪੰਥ ਪ੍ਰਕਾਸ਼ ਨਿਜ ਭਾਈ ਕੋ ਅਵਾਸ ਕਲਾ,
ਜਾਇ ਟਾਪੂ ਕਵੀ ਕਹੇ ਫੇਰ ਗੁਰੂ ਆਇ ਬੋ।[12]

ਪੂਰਬਲੇ ਗੁਰੂ ਸਾਹਿਬਾਨ ਦੇ ਜੀਵਨ ਸਮਾਚਾਰਾਂ ਲਈ ਅਸੀਂ ਜਨਮ ਸਾਖੀਆਂ ਅਤੇ ਗੁਰਬਿਲਾਸਾਂ 'ਤੇ ਟੇਕ ਰੱਖਦੇ ਹਾਂ। ਗੁਰਬਿਲਾਸ ਲਿਖੇ ਗੁਰਮੁਖੀ ਲਿਪੀ ਪਰ ਭਾਸ਼ਾ ਬ੍ਰਜ ਵਿਚ ਗਏ ਜਿਹਾ ਕਿ ਛੇਵੇਂ ਗੁਰੂ ਸਾਹਿਬ ਜੀ ਦਾ ਭਗਤ ਸਿੰਘ ਦਾ ਗੁਰਬਿਲਾਸ ਅਤੇ ਦਸਵੇਂ ਪਾਤਸ਼ਾਹ ਬਾਰੇ ਕੁਇਰ ਸਿੰਘ, ਸੁੱਖਾ ਸਿੰਘ ਆਦਿ ਦੇ ਗੁਰਬਿਲਾਸ। ਭਾਈ ਸੰਤੋਖ ਸਿੰਘ ਹੋਰਾਂ ਨੇ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਦੇ ਅਖੀਰ ਵਿਚ, ਸ੍ਰੀ ਗੁਰੂ ਪ੍ਰਤਾਪ ਸੂਰਜ, ਇਸ ਤੋਂ ਪਹਿਲਾਂ ਨਾਨਕ ਪ੍ਰਕਾਸ਼ ਆਦਿ ਗ੍ਰੰਥ ਬ੍ਰਜ ਵਿਚ ਲਿਖੇ। ਜਨਮਸਾਖੀਆਂ ਵਿਚ ਭਾਈ ਬਾਲੇ ਵਾਲੀ, ਭਾਈ ਮਨੀ ਸਿੰਘ ਵਾਲੀ ਆਦਿ ਸਾਖੀਆਂ, ਮਿਹਰਬਾਨ ਵਾਲੀ ਜਨਮਸਾਖੀ ਆਦਿ ਪੰਜਾਬੀ ਵਾਰਤਕ ਵਿਚ ਹਨ। ਭਾਈ ਸੰਤੋਖ ਸਿੰਘ ਬਾਹੋਵਾਲ ਦੇ ਸਤਿਗੁਰੂ ਬਿਲਾਸ ਦੀ ਵਾਰਤਕ ਪਹਿਲੀਆਂ ਜਨਮਸਾਖੀਆਂ ਨਾਲੋਂ ਜ਼ਿਆਦਾ ਆਧੁਨਿਕ ਰੰਗ ਵਾਲੀ ਹੈ। ਇਸ ਦੀ ਭਾਸ਼ਾ ਪੰਜਾਬੀ ਦੀ ਪੁਆਧੀ ਰੰਗ ਵਾਲੀ ਮਲਵਈ ਉਪ ਭਾਖਾ ਹੈ। ਇਸ ਵਿਚ ਸਿੰਘ ਬੋਲਿਆਂ ਦੀ ਵੀ ਭਰਪੂਰ ਵਰਤੋਂ ਕੀਤੀ ਗਈ ਹੈ। ਬਹੁਤ ਸਾਰੇ ਸ਼ਬਦ ਸਮੇਂ ਦੀ ਲੋੜ ਮੁਤਾਬਕ ਲੇਖਕ ਆਪ ਸਿਰਜਦਾ ਹੈ, ਸਤਿਗੁਰੂ ਜੀ ਦੇ ਹੁਕਮਨਾਮਿਆਂ ਦੇ ਪ੍ਰਭਾਵ ਹੇਠ ਉਹ ਡਿਪਟੀ ਕਮਿਸ਼ਨਰ ਨੂੰ 'ਜ਼ਿਲ੍ਹੇ ਬਾਲਾ ਗੋਰਾ', ਪੰਜਾਬ ਤੇ ਬੰਗਾਲ ਦੇ ਲੈਫਟੀਨੈਂਟ ਗਵਰਨਰਾਂ ਨੂੰ ਕ੍ਰਮਵਾਰ 'ਲਾਟ ਪੰਜਾਬ' ਤੇ 'ਲਾਟ ਬੰਗਾਲ' ਲਿਖਦੇ ਹਨ। ਬਹੁਤ ਥਾਈਂ ਅੰਗ੍ਰੇਜ਼ ਅਫ਼ਸਰਾਂ ਵਾਸਤੇ ਸ਼ਬਦ 'ਬਿੱਲਾ' ਅਤੇ 'ਫਰੰਗੀ' ਵਰਤਿਆ ਹੈ ਜਿਹਾ ਕਿ ਸਾਕਾ ਮਲੇਰਕੋਟਲਾ ਸਮੇਂ, ਡੀ.ਸੀ. ਕਾਵਨ ਅਤੇ ਜਥੇਦਾਰ ਹੀਰਾ ਸਿੰਘ ਦੀ ਗੱਲਬਾਤ ਤੋਂ ਭਾਸ਼ਾ ਦਾ ਵੀ ਅਤੇ ਅੰਦੋਲਨ ਦੇ ਰਾਜਸੀ ਤੱਤ ਦਾ ਵੀ ਗਿਆਨ ਹੁੰਦਾ ਹੈ—

> "ਬਿੱਲੇ ਨੇ ਹੀਰਾ ਸਿੰਘ ਨੇ ਪੁਛਿਆ ਤੁਮਨੇ ਕਿਉਂ ਗਦਰ ਮਚਾਇਆ ਹੈ? ਹੀਰਾ ਸਿੰਘ ਨੇ ਕਹਿਆ ਤੁਸੀਂ ਗਊ ਬੱਧ ਕਰਦੇ

ਹੋ ਅਸੀਂ ਗਊ ਬੱਧ ਨਹੀਂ ਸਹਾਰ ਸਕਦੇ ਹੈਂ। ਗਊਆਂ ਦੀ ਰਛਿਆ ਵਾਸਤੇ ਗਦਰ ਮਚਾਇਆ ਹੈ। ਬਿੱਲਾ ਬੋਲਿਆ ਕਿ ਹਮ ਜਾਣਤੇ ਹੈਂ ਕਿ ਤੁਮਨੇ ਰਾਜ ਕੇ ਲੀਏ ਗ਼ਦਰ ਮਚਾਇਆ ਹੈ, ਪਰ ਰਾਜ ਸਾਨੂੰ ਖ਼ੁਦਾ ਦਾ ਦੀਆ ਹੋਇਆ ਹੈ। ਸਾਥੋਂ ਐਵੇਂ ਨਹੀਂ ਖੋਹਿਆ ਜਾ ਸਕਦਾ।"[13]

ਸਤਿਗੁਰੂ ਜੀ ਸਮਤਾ-ਮੂਲਕ, ਸਮਾਜਿਕ-ਆਰਥਿਕ ਢਾਂਚਾ, ਸਿਰਜਣ ਦੇ ਪੱਖ ਵਿਚ ਸਨ। ਬੇਸ਼ਕ ਇਸ ਢਾਂਚੇ ਦੀ ਸਿਰਜਣਾ ਨੂੰ ਹੀ ਉਹ ਸ੍ਰਿਸ਼ਟੀ ਤੇ ਧਰਮ ਵਰਤਣ ਦਾ ਨਾਮ ਦਿੰਦੇ ਹਨ। ਸਾਂਝਾ ਲੰਗਰ ਹੋਵੇਗਾ ਸਭ ਦਾ ਅਤੇ ਜਦੋਂ ਰਾਜਾ ਪਰਜਾ ਸਭ ਇਕ ਸਤਰ 'ਤੇ ਆ ਗਏ, ਫਿਰ ਦਮਨ ਤੇ ਆਧਾਰਿਤ ਸਰਕਾਰੀ ਮਸ਼ੀਨਰੀ ਬੇਲੋੜੀ ਹੋ ਜਾਏਗੀ। ਸਤਿਗੁਰੂ ਜੀ ਵੱਲੋਂ ਖ਼ੁਸ਼ੀ ਵਿਚ ਕੀਤੇ ਬਚਨ ਬਾਹੋਵਾਲ ਜੀ ਲਿਖਦੇ ਹਨ—

"ਅਕਾਲ ਅਕਾਲ ਹੋਵੇਗਾ ਝਾੜ ਬੂਟੇ ਨਾਲ। ਰਿੱਧੀਆਂ ਸਿੱਧੀਆਂ ਹਾਜ਼ਰ ਖੜ੍ਹੀਆਂ ਰਹਿਣਗੀਆਂ। ਸਿੰਘਾਂ ਦੇ ਘਰੀਂ ਲੱਛਮੀ ਨਿਵਾਸ ਕਰੇਗੀ। ਸੰਤ ਖਾਲਸੇ ਦੇ ਹੱਥੀਂ ਵਰਤੇਗੀ। ਜੇਹੜਾ ਗਫ਼ਾ ਸਾਨੂੰ ਮਿਲਿਆ ਹੈ ਸੋ ਧੁਆਨੂੰ ਵੰਡ ਛਕਿਆ ਹੈ। ਫੇਰ ਜਿਹੜਾ ਲਿਆਵਾਂਗੇ ਸੋ ਭੀ ਵਰਤਾਇਕੇ ਛਕਾਂਗੇ। ਬੜੇ ਸੁਖ ਦੇਵਾਂਗੇ। ਜੋ ਕੁਛ ਕਰਦੇ ਹੈਂ ਸਭ ਸੰਤ ਖਾਲਸੇ ਦੇ ਵਾਸਤੇ ਕਰਦੇ ਹੈਂ। ਐਸਾ ਸਮਾਂ ਆਵੇਗਾ ਬਾਰ੍ਹੀਂ ਕੋਹੀਂ ਦੀਵਾ ਬਲੇਗਾ। ਬਾਰੀਂ ਕੋਹੀਂ ਪੜਾਉ ਹੋਵੇਗਾ। ਏਕ ਜਗ੍ਹਾ ਲੰਗਰ ਹੋਵੇਗਾ। ਅਦਾਲਤ ਭੀ ਏਕ ਜਗ੍ਹਾ ਹੋਵੇਗੀ। ਐਸੀ ਸਜਾਇ ਦੇਵਾਂਗੇ ਸਾਰੀ ਪਿਰਥੀ ਪਰ ਪਾਪ ਹਟ ਜਾਏਗਾ। ਕਾਗਜ਼ ਨਾਲ ਲਿਖ ਕੇ ਅਦਾਲਤ ਨਹੀਂ ਕਰਨੀ। ਅੰਤਰਯਾਤਮਾ ਸੇ ਅਦਾਲਤ ਹੋਵੇਗੀ। ਏਕ ਕੋ ਸਜਾਇ ਦੇਵਾਂਗੇ, ਸਾਰੀ ਧਰਤੀ ਪਰ ਧਰਮ ਚਲ ਜਾਵੇਗਾ। ਜੇਹਲਖਾਨੇ ਨਹੀਂ ਰਹਿਣਗੇ। ਹੋਰ ਹੀ ਵਰਤਾਰਾ ਵਰਤੇਗਾ।"[14]

ਪਹਿਲਾ ਭਾਗ, ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਗਟ ਹੋਣ ਤੋਂ ਲੈ ਕੇ ਪਰਦੇਸ ਜਾਣ ਤਕ ਦੇ ਸਮੇਂ ਦਾ ਵਰਣਨ ਕਰਦਾ ਹੈ ਅਤੇ ਦੂਜੇ ਭਾਗ ਵਿਚ ਭੈਣੀ ਸਾਹਿਬ ਦੀ ਪੁਲਿਸ ਚੌਂਕੀ ਦੀਆਂ ਸਖਤੀਆਂ, ਸਤਿਗੁਰੂ ਜੀ ਅਤੇ ਸੂਬਿਆਂ ਦਾ ਇਲਾਹਾਬਾਦ ਕਿਲੇ ਵਿਚ, ਫਿਰ ਰੰਗੂਨ ਅਤੇ ਮਰਗੋਈ ਕਿਆਮ ਦੇ ਵੇਰਵੇ ਹਨ। ਗੁਰੂ ਦਰਸ਼ਨਾਂ ਲਈ ਪੰਜਾਬ ਦੀ ਧਰਤੀ ਤੋਂ ਬਰਮਾ ਵੱਲ ਜਾਣ ਵਾਲੇ ਨਾਮਧਾਰੀ ਸਿੰਘਾਂ ਦੇ ਵੇਰਵੇ, ਗੁਰੂ ਹਰੀ ਸਿੰਘ ਰੂਸ ਦੇ ਸੈਨਿਕ ਸਹਿਯੋਗ ਨਾਲ ਅੰਗਰੇਜ਼ਾਂ ਨੂੰ ਪੰਜਾਬ ਵਿਚੋਂ ਕੱਢਣ ਲਈ, ਆਪਣੇ ਦੂਤਾਂ ਨੂੰ ਮੱਧ ਏਸ਼ੀਆ ਦੇ ਰੂਸੀ ਇਲਾਕੇ ਵਿਚ ਭੇਜਦੇ ਹਨ ਅਤੇ ਉਧਰੋਂ ਆਏ ਪੱਤਰ,

ਪੰਜਾਬ ਦੇ ਸਿੰਘਾਂ ਦੁਆਰਾ ਗੁਰੂ ਰਾਮ ਸਿੰਘ ਤਕ ਪੁਚਾਉਂਦੇ ਹਨ। ਉਹ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਅਖੰਡ ਅਤੇ ਸਧਾਰਨ, ਆਦਿ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦਾ ਪਰਵਾਹ ਚਲਾਉਂਦੇ ਹਨ। ਭੈਣੀ ਸਾਹਿਬ ਵਿਚ ਗੁਰੂ ਰਾਮ ਸਿੰਘ ਦੁਆਰਾ ਆਰੰਭਿਆ ਲੰਗਰ ਰੁਕਣ ਨਹੀਂ ਦਿੰਦੇ ਅਤੇ ਕਾਲ ਪੀੜਤਾਂ ਦੀ ਬਾਂਹ ਫੜਦੇ ਹਨ। ਸਰਕਾਰ ਤੋਂ ਛੁੱਟੀ ਲੈ ਕੇ ਮਾਲਵਾ, ਦੁਆਬਾ, ਮੈਨ ਦੁਆਬ, ਮਾਝਾ, ਦੜਪ ਅਤੇ ਬਾਰ ਦੇ ਖਿੱਤਿਆਂ ਵਿਚ ਪ੍ਰਚਾਰ ਦੌਰੇ ਕਰਕੇ ਕੂਕਾ ਅੰਦੋਲਨ ਦੀ ਜੋਤ ਮੱਧਮ ਨਹੀਂ ਪੈਣ ਦਿੰਦੇ। ਉਨ੍ਹਾਂ ਦੇ ਜੋਤੀ ਜੋਤ ਸਮਾਉਣ ਅਤੇ ਨਾਮਧਾਰੀ ਪੰਥ ਦੀ ਗੁਰਗੱਦੀ ਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਬਿਰਾਜਮਾਨ ਹੋਣ ਤਕ ਦੇ ਵੇਰਵੇ ਬਾਹੋਵਾਲ ਜੀ ਲਿਖ ਗਏ ਹਨ। ਬਾਹੋਵਾਲ ਜੀ ਇਸ ਗ੍ਰੰਥ ਦਾ ਤਤਕਰਾ ਲਿਖਣ ਤੋਂ ਪਹਿਲਾਂ 1909 ਈ. ਵਿਚ ਭੈਣੀ ਸਾਹਿਬ ਵਿਖੇ ਪੂਰੇ ਹੋ ਗਏ ਸਨ। ਬਸਤੀਵਾਦ ਵਿਰੋਧੀ ਪੰਜਾਬੀ ਵਾਰਤਕ ਦੀ ਇਹ ਗ੍ਰੰਥ ਮੂੰਹ ਬੋਲਦੀ ਤਸਵੀਰ ਹੈ। ਇਸ ਵਿਚ ਨਾਮਧਾਰੀ ਜੀਵਨ ਜਾਚ, ਪ੍ਰਮੁੱਖ ਨਾਮਧਾਰੀ ਸਾਧੂ ਸੰਤਾਂ ਦੇ ਬਾਰੇ ਵੀ ਵਡਮੁੱਲੀ ਜਾਣਕਾਰੀ ਦਰਜ ਹੈ। ਪੰਜਾਬੀ ਵਾਰਤਕ ਦਾ ਆਧੁਨਿਕ ਮੂੰਹ ਮੁਹਾਂਦਰਾ ਘੜਨ ਵਿਚ ਬਾਹੋਵਾਲ ਦਾ ਯੋਗਦਾਨ ਮਿਸਾਲੀ ਗਿਣਿਆ ਜਾਏਗਾ। ਜਦੋਂ ਗੁਰੂ ਹਰੀ ਸਿੰਘ ਜੀ ਡੇਰੇ ਵਿਚ ਅਖੰਡ ਪਾਠਾਂ ਦੇ ਚੋਰੀ ਛਿਪੇ ਭੋਗ ਪਾਉਣ ਲੱਗੇ ਤਾਂ ਲੁਧਿਆਣੇ ਦਾ ਪੁਲਿਸ ਅਫ਼ਸਰ ਵਾਰਬਰਟਨ ਆਇਆ—

> "ਬਟਨ ਚੜ੍ਹ ਕੇ ਆਇਆ। ਭੋਗ ਪੈ ਚੁੱਕੇ ਸੇ। ਬਟਨ ਨੇ ਦੇਖਿਆ ਪਾਠ ਤਾਂ ਕੋਈ ਨਹੀਂ ਹੈ। ਕਹਿਣੇ ਲਗਾ ਮਹਾਰਾਜ ਜੀ ਕੋ ਕਿ ਜੇਕਰ ਭਾਈ ਮਾਂਗੂ ਕਰੇਂਗਾ ਤਾਂ ਤੈਨੂੰ ਬੀ ਓਧੇ ਈ ਪਾਸ ਭੇਜਾਂਗੇ। ਭੋਗ ਨਾ ਪਾਵੋ। ਦੀਵਾਨ ਲਾਇਕੇ ਸ਼ਬਦ ਭੀ ਨਾ ਪੜ੍ਹੋ ਅਰ ਇਥੇ ਸਿੰਘ ਬੀ ਨਾ ਔਣੇ ਦੇਓ। ਫਰੰਗੀ ਨੇ ਹੁਕਮ ਦੀਆ ਕਿ ਜੇਕਰ ਭੋਗ ਪਾਇਆ ਜਾਂ ਪਾਂਚ ਸਿੰਘ ਭੀ ਇਕੱਠੇ ਹੋਏ ਦੇਖ ਲਏ ਤਾਂ ਛੇ ਮਹੀਨੇ ਕੀ ਕੈਦ ਕਰਾਂਗੇ। ਜੋ ਜੋ ਨਾਮਧਾਰੀਆਂ ਸੀ ਸਭ ਨੂੰ ਸੁਣਾਇਆ ਗਿਆ ਇਹ ਹੁਕਮ।"[15]

ਇਸ ਦੌਰ ਦੇ ਕੂਕਿਆਂ ਨੇ ਵਾਰਤਕ ਤੋਂ ਬਾਅਦ ਪੰਜਾਬੀ ਕਵਿਤਾ ਵਿਚ ਵੀ ਉੱਚ ਪਾਏ ਦੀ ਰਚਨਾ ਕੀਤੀ। ਭਾਈ ਚੰਦਾ ਸਿੰਘ ਝੱਬਰ (ਸ਼ੇਖੂਪੁਰਾ) ਜੋ 1867 ਈ. ਦੀ ਦੀਵਾਲੀ ਸਮੇਂ ਅੰਮ੍ਰਿਤਸਰ ਦਰਬਾਰ ਸਾਹਿਬ ਦੀ ਸਤਿਗੁਰੂ ਰਾਮ ਸਿੰਘ ਜੀ ਦੀ ਯਾਤਰਾ ਦਾ ਪ੍ਰਤੱਖ ਦਰਸ਼ੀ ਹੈ। ਗੁਜਰਾਂਵਾਲੇ ਸ਼ਹਿਰ ਵਿਚ ਦੁਕਾਨ ਵੀ ਕਰਦਾ ਰਿਹਾ ਸੀ, ਨੇਤਰ ਜੋਤੀ ਤੋਂ ਵਿਰਵਾ ਹੋ ਗਿਆ ਸੀ ਪਰ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਵਿਚ ਉਸ ਦੀ ਰਚਨਾ 'ਬਾਰਾਂਮਾਂਹ' ਪੰਜਾਬੀ ਸਾਹਿਤ ਵਿਚ ਵਿਸ਼ੇਸ਼ ਮੁਕਾਮ ਰੱਖਦੀ ਹੈ।

ਇਸ ਦਾ ਪਾਠ ਸੁਣ ਕੇ ਕੂਕਿਆਂ ਦਾ ਮਸਤਾਨੇ ਹੋ ਜਾਣਾ ਸਰਕਾਰੀ ਰੀਕਾਰਡ ਵਿਚ ਦਰਜ ਹੈ। "ਇਸ ਵਿਚ ਕੂਕਿਆਂ ਦਾ ਆਪਣੇ ਪਰਦੇਸੀ ਸਤਿਗੁਰੂ ਰਾਮ ਸਿੰਘ ਪ੍ਰਤੀ ਡੁੱਲ੍ਹ ਡੁੱਲ੍ਹ ਪੈਂਦੇ ਪ੍ਰੇਮ ਦਾ ਵਰਣਨ ਹੈ ਜਿਨ੍ਹਾਂ ਨੂੰ ਉਹ ਬਾਰ੍ਹਵਾਂ ਪਾਤਸ਼ਾਹ ਕਹਿੰਦੇ ਹਨ। ਇਹ ਰਚਨਾ ਪੰਜਾਬੀ ਤੋਂ ਅੰਗਰੇਜ਼ੀ ਵਿਚ ਅਨੁਵਾਦ ਕਰਕੇ, ਪੰਜਾਬ ਤੇ ਭਾਰਤ ਸਰਕਾਰ ਨੂੰ ਭੇਜੀ ਗਈ ਸੀ। ਇਸ ਵਿਚ ਰੂਸ, ਕਾਬਲ ਨਾਲ ਕੂਕਿਆਂ ਦੇ ਸੰਬੰਧਾਂ ਦੇ ਵਰਣਨ ਤੋਂ ਅੰਗਰੇਜ਼ ਸਰਕਾਰ ਭੈਭੀਤ ਹੋ ਗਈ ਸੀ।"[16] ਇਹ ਰਚਨਾ ਇਸ ਤੋਂ ਕੋਈ ਇਕ ਸਦੀ ਪਹਿਲਾਂ ਲਿਖੇ ਗਏ ਭਾਈ ਬੀਰ ਸਿੰਘ ਦੇ ਗੁਰੂ ਗੋਬਿੰਦ ਸਿੰਘ ਜੀ ਦੇ ਬਾਰਾਂਮਾਂਹ ਦੀ ਤਰਜ਼ 'ਤੇ ਲਿਖੀ ਗਈ ਹੈ। ਇਸ ਵਿਚ ਨਾਮਧਾਰੀ ਜੀਵਨ ਜਾਚ ਅਤੇ ਕੂਕਾ ਸੰਗਰਾਮ ਦੇ ਵਿਭਿੰਨ ਪਾਸਾਰਾਂ, ਬੁੱਚੜ ਬੱਧ ਸਾਕਿਆਂ ਦਾ ਸੰਖੇਪ ਪਰ ਸਟੀਕ ਵਰਣਨ ਹੈ। ਇਸ ਵਿਚ ਸੂਫ਼ੀ ਕਵਿਤਾ ਜਿਹਾ ਰੰਗ ਵੀ ਹੈ ਅਤੇ ਹਿਜਰ ਵਿਛੋੜੇ ਦੀਆਂ ਬਾਤਾਂ ਦੇ ਨਾਲ-ਨਾਲ ਬੀਰ ਰਸ ਦਾ ਸੰਚਾਰ ਵੀ ਹੈ। ਸਤਿਗੁਰੂ ਰਾਮ ਸਿੰਘ ਜੀ ਦੁਆਰਾ ਨਵੇਂ ਸਮਾਜਿਕ ਆਰਥਿਕ ਪ੍ਰਬੰਧ ਸਿਰਜਣ ਵੱਲ ਵੀ ਇਸ਼ਾਰੇ ਹਨ—

ਸਤਿਗੁਰ ਫੇਰ ਪੰਜਾਬੇ ਆਵਣ,
ਅਗਲੀਆਂ ਸਫ਼ਾਂ ਸਭ ਉਠਾਵਣ,
ਨਵੇਂ ਹੋਰ ਨਿਸ਼ਾਨ ਝੁਲਾਵਣ,
ਜੱਗ ਵਿਚ ਸ੍ਰੀ ਅਕਾਲ ਜਪਾਵਣ,
ਅਸੁਰ ਸੰਘਾਰ ਕੇ।

ਨੂੰਹ ਸੱਸ ਦੇ ਝਗੜੇ ਦੇ ਬਹਾਨੇ ਕਵੀ ਨੇ ਲੋਕ ਰੰਗ ਵੀ ਉਘਾੜਿਆ ਹੈ—

ਸੁਣ ਲਓ ਸੰਤ ਜਨਾਂ ਗੱਲ ਹੋਰ
ਮੈਨੂੰ ਭਜਨ ਲੈਣ ਦੀ ਲੋੜ
ਤਾਂ ਮੈਂ ਪਹੁੰਚੀ ਸਤਿਗੁਰ ਕੋਲ
ਲਿਆ ਭਜਨ ਮੈਂ ਕਰਕੇ ਜ਼ੋਰ
ਘਰ ਵਿਚ ਰਹੇ ਹਮੇਸ਼ਾ ਸ਼ੋਰ
ਸੱਸ ਕੱਢੇਂਦੀ ਮੰਦੇ ਬੋਲ
ਨੀ ਤੈਂ ਜਾਣਾ ਕੂਕਿਆਂ ਕੋਲ
ਇਹ ਮਿਹਣੇ ਮਾਰਦੀ।

ਭਾਈ ਚੰਦਾ ਸਿੰਘ ਹੋਰਾਂ ਦੇ ਨੇੜੇ ਤੇੜੇ ਹੀ ਇਕ ਨਿਹਾਲ ਸਿੰਘ ਨਾਮ ਦਾ ਨਾਮਧਾਰੀ ਕਵੀ, ਕਬਿੱਤ ਛੰਦ ਵਿਚ ਬਾਰਾਂਮਾਂਹ ਲਿਖਦਾ ਹੈ। ਇਸ ਵਿਚ ਵੀ ਨਾਮਧਾਰੀ ਜੀਵਨ ਜਾਚ, ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖਿਆ ਦਾ ਪੰਜਾਬ ਦੀਆਂ ਹੱਦਾਂ ਟੱਪ ਕੇ, ਕਾਬਲ ਕੰਧਾਰ, ਬਲਖ-ਬੁਖਾਰੇ ਤਕ ਪੁੱਜਣ ਦਾ ਵੇਰਵਾ ਮਿਲਦਾ ਹੈ। ਕੂਕਿਆਂ ਦੀਆਂ

ਰੋਜ਼ ਘਰਾਂ ਵਿਚ, ਜਰਾਇਮ ਪੇਸ਼ਾ ਲੋਕਾਂ ਜਿਉਂ ਹਾਜ਼ਰੀਆਂ ਲੱਗਣ ਦਾ ਜ਼ਿਕਰ ਵੀ ਆਉਂਦਾ ਹੈ—

ਪੋਹ ਪਾਧੀ ਅਪਰਾਧੀ, ਵੱਡੇ ਚੁਗਲ ਫਸਾਦੀ,
ਜਾ ਕੇ ਆਖਦੇ ਤਸੀਲੇ, ਕਰੋ ਸਿੰਘਾਂ ਦਾ ਇਲਾਜ ਜੀ।
ਕਰਨ ਸ਼ੋਰ ਤੇ ਸ਼ਰਾਬਾ, ਸਾਨੂੰ ਖੌਫ਼ ਬੜਾ ਡਾਢਾ,
ਐਸੀ ਕਰੋ ਤਦਬੀਰ, ਮੱਤ ਹੋਵੇ ਨਾ ਫ਼ਸਾਦ ਜੀ।
ਬਾਤ ਸੁਣੀ ਅੰਗਰੇਜ਼ ਬੈਠ ਕਰਦੇ ਵਿਚਾਰ,
ਐਸੀ ਹੋਵੇ ਨਾ ਕੋਈ ਕਾਰ, ਦੂਰ ਕਰਨ ਸਾਡਾ ਰਾਜ ਜੀ।
ਪਿੰਡ ਪਿੰਡ ਤਕੜਾਈ, ਬੈਠ ਗਏ ਨੇ ਸਿਪਾਹੀ,
ਨਿਹਾਲ ਸਿੰਘ ਲਿਖਣ ਨਾਮ ਲੈਣ ਹਾਜ਼ਰੀ ਹਿਸਾਬ ਜੀ।[17]

ਨਿਹਾਲ ਸਿੰਘ ਹੋਰਾਂ ਦੇ ਘਰ-ਬਾਰ ਆਲ ਪਰਵਾਰ ਦੀ ਕੋਈ ਸੋਅ ਨਹੀਂ ਮਿਲਦੀ। ਇਸ ਬੇਸਿਰ ਨਾਵੇਂ ਕਵੀ ਦਾ ਸਿਰਨਾਵਾਂ, ਨਾਮਧਾਰੀ ਪੰਜਾਬੀ ਸਾਹਿਤ ਵਿਚ ਸਦਾ ਲਈ ਦਰਜ ਹੋ ਚੁੱਕਾ ਹੈ।

ਬ੍ਰਜ ਭਾਸ਼ਾ ਵਿਚ ਪੰਜਾਬ ਦਾ ਬਹੁਤ ਸਾਰਾ ਸਿੱਖ ਇਤਿਹਾਸ ਲਿਖਿਆ ਗਿਆ ਹੈ। ਇਸੇ ਪਰੰਪਰਾ ਦਾ ਅਨੁਸਰਣ ਕਰਦਿਆਂ ਭਾਈ ਧਿਆਨ ਸਿੰਘ ਕਾਦਰਯਾਦ (ਮਿੰਟਗੁਮਰੀ, ਪੱਛਮੀ ਪੰਜਾਬ) ਨੇ ਬ੍ਰਜ ਭਾਸ਼ਾ ਵਿਚ ਇਕ ਸੰਖੇਪ ਜਿਹਾ ਪੁਸਤਕ ਸ੍ਰੀ ਸਤਿਗੁਰੂ ਬਿਲਾਸ—ਪਾਤਸ਼ਾਹੀ ਬਾਰ੍ਹਵੀਂ ਲਿਖਿਆ ਸੀ। ਇਨ੍ਹਾਂ ਦਾ ਜੀਵਨ ਕਾਲ 1852 ਤੋਂ 1907 ਈ. ਤਕ ਫੈਲਿਆ ਹੈ। ਅਰੋੜੇ ਸਿੱਖ ਸਨ। ਇਸ ਗ੍ਰੰਥ ਦਾ ਰਚਨਾ ਕਾਲ 1904-06 ਈ. ਦੇ ਵਿਚਾਲੇ ਹੈ। ਆਪ ਗੁਰਬਾਣੀ ਦੇ ਗਿਆਤਾ ਸਨ। ਅੱਠੀਂ ਪਹਿਰੀਂ ਇਕੋ ਚੌਂਕੜੇ ਤੇ ਆਦਿ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਕੇ ਭੋਗ ਪਾ ਦਿੰਦੇ ਸਨ। ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਦਿਆ ਗੁਰੂ ਸਨ। ਗੁਰੂ ਰਾਮ ਸਿੰਘ ਦੇ ਵਿਛੋੜੇ ਵਿਚ ਇਨ੍ਹਾਂ ਦੇ ਨੇਤਰ ਤਰ ਰਹਿੰਦੇ ਸਨ। ਨਾਮਧਾਰੀ ਦਰਬਾਰ ਨੇ 1942 ਈ. ਵਿਚ ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਦੀ ਸੰਪਾਦਨਾ ਹੇਠ ਇਹ ਪੁਸਤਕ ਛਪਵਾਈ ਸੀ। ਆਪ ਨੇ ਗੁਰੂ ਰਾਮ ਸਿੰਘ ਜੀ ਦੇ ਅਨੰਦਪੁਰ ਸਾਹਿਬ ਦੇ ਆਖਰੀ ਹੱਲੇ ਦੀ ਚੜ੍ਹਤ ਖ਼ੁਦ ਵੇਖੀ ਸੀ। ਇਸ ਹੌਲੇ ਸਮੇਂ ਕੁਝ ਸਿੰਘਾਂ ਨੇ ਫਿਰ ਅਗਲੇ ਵਰ੍ਹੇ ਇਥੇ ਹੋਲਾ ਮਹੱਲਾ ਮਨਾਉਣ ਦੀ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਜੋ ਬਚਨ ਕੀਤੇ, ਉਹ ਉਨ੍ਹਾਂ ਦੇ ਦੇਸ ਨਿਕਾਲੇ ਦੀ ਭਵਿੱਖਬਾਣੀ ਸਾਬਿਤ ਹੋਏ—

ਪਰਾਲਬਧ ਸੇ ਦੇਖੋਂ ਹੋਲਾ। ਜਾਇ ਬਦੇਸ ਕੋਇ ਦਿਨ ਚੋਲਾ।
ਇਹੋ ਮਹੱਲਾ ਹੋਲਾ ਖੇਲੇਂ। ਨਦੀਆਂ ਵਾਹ ਸੰਜੋਗੀ ਮੇਲੇ।
ਕੈ ਦਿਨ ਹੋਏ ਸਿੰਘਨ ਭੀ ਰੋਕਾ। ਫਿਰ ਬਿਚਰੈ ਨਿਰਭੈ ਬਿਨ ਸੋਕਾ।

ਐਸਾ ਕਹਿ ਕਰ ਦੀਓ ਉਪਦੇਸੁ। ਕਰੋ ਬੰਦਗੀ ਮਿਟੇ ਕਲੇਸੁ।
ਸਬਦ ਸਾਥ ਜਿਉਂ ਜਿਉਂ ਚਿਤ ਲਾਵੇ। ਤਿਉਂ ਤਿਉਂ ਸਰਬ ਸੁਖ ਧਨ ਪਾਵੋ।[18]

ਭਾਈ ਰਾਇ ਸਿੰਘ ਦਾ ਹਜ਼ੂਰ ਸਾਹਿਬ ਦੱਖਣ ਵਿਚ ਜਾ ਕੇ ਰਹਿਤ ਮਰਿਆਦਾ ਲਿਆਉਣ ਦਾ ਡੇਰਾ ਭੈਣੀ ਸਾਹਿਬ ਦੀ ਉਸਾਰੀ, ਇਕ ਪਹਾੜੀ ਰਾਜੇ ਦੀ ਸੈਨਾ ਲਈ ਇਕ ਹਜ਼ਾਰ ਨਾਮਧਾਰੀ ਸਿੰਘ ਭੇਜਣ ਦੀ ਬੇਨਤੀ, ਸਤਿਗੁਰੂ ਜੀ ਦੇ ਪ੍ਰਦੇਸ ਗਮਨ ਸਮੇਂ ਗੁਰੂ ਹਰੀ ਸਿੰਘ ਨਾਲ ਹੋਏ ਬਚਨ ਬਿਲਾਸ, ਅੰਮ੍ਰਿਤਸਰ ਵਿਖੇ ਪੁਜਾਰੀਆਂ ਨੂੰ ਮਰਿਆਦਾ ਦੇ ਸੁਆਲ 'ਤੇ ਗੁਰੂ ਜੀ ਵੱਲੋਂ ਨਿਰੁੱਤਰ ਕਰਨਾ ਇਤਿਆਦਿਕ ਇਤਿਹਾਸਕ ਹਵਾਲਿਆਂ ਨਾਲ ਭਰਪੂਰ ਸਮੱਗਰੀ ਮਿਲਦੀ ਹੈ। ਕਵਿਤਾ ਅਲੰਕ੍ਰਿਤ ਅਤੇ ਰਸਦਾਰ। ਬੋਲੀ ਸਮਝ ਆਉਣ ਵਾਲੀ ਬ੍ਰਜ ਹੈ। ਗੁਰੂ ਰਾਮ ਸਿੰਘ ਜੀ ਦਾ ਮਿਸ਼ਨ ਗੁਰੂ ਗੋਬਿੰਦ ਸਿੰਘ ਜੀ ਵਾਲਾ ਹੀ ਹੈ—ਗਊ ਅਤੇ ਗ਼ਰੀਬ ਦੀ ਰੱਖਿਆ ਕਰਨੀ। ਬ੍ਰਜ ਵਿਚ ਹੀ ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ ਹੋਰਾਂ ਦੇ 28 ਕਬਿੱਤ, ਸਿੰਘਾਂ ਨਾਮਧਾਰੀਆਂ ਦੇ ਕਥਾ ਦੇ ਅਨੁਵਾਨ ਹੇਠ ਮਿਲਦੇ ਹਨ। ਗਿਆਨੀ ਜੀ ਦਾ ਜੀਵਨ 1822-1921 ਈ. ਦੇ ਦਰਮਿਆਨ ਹੈ। ਉਨ੍ਹਾਂ ਨੇ ਪੰਜਾਬ ਵਿਚ ਖਾਲਸਾ ਰਾਜ ਦਾ ਤਪ ਤੇਜ ਵੀ ਵੇਖਿਆ ਅਤੇ ਗੁਰੂ ਰਾਮ ਸਿੰਘ ਜੀ ਦੀ ਚੜ੍ਹਦੀ ਕਲਾ ਅਤੇ ਕੂਕਿਆਂ ਵਿਰੁੱਧ ਕਠੋਰ ਦਮਨ ਦੀਆਂ ਕਾਰਵਾਈਆਂ ਵੀ ਉਨ੍ਹਾਂ ਅੱਖੀਂ ਵੇਖੀਆਂ ਸਨ। ਇਸ ਲਈ ਉਹ ਨਿਰਪੱਖ ਇਤਿਹਾਸਕਾਰ ਦੇ ਤੌਰ 'ਤੇ ਕੂਕਾ ਕੀਰਤੀ ਨੂੰ ਬਿਆਨ ਕਰਦੇ ਹਨ। ਉਹ ਗੁਰੂ ਬਾਲਕ ਸਿੰਘ, ਗੁਰੂ ਰਾਮ ਸਿੰਘ ਅਤੇ ਬਾਬਾ ਬੁੱਧ ਸਿੰਘ (ਗੁਰੂ ਹਰੀ ਸਿੰਘ) ਤਕ ਦਾ ਵਰਣਨ 1889 ਈ. ਵਿਚ ਛਪੇ ਪੰਥ ਪ੍ਰਕਾਸ਼ ਵਿਚ ਕਰਦੇ ਹਨ। ਉਹ ਕੂਕਿਆਂ ਬਾਰੇ ਲਿਖਦੇ ਹਨ—"ਸਹੀ ਨਾਮ ਨਾਮਧਾਰੀ ਆਹਿ ਤਿਨ ਕਾ ਉਦਾਰੀ, ਕੂਕ ਮਾਰਨੇ ਤੈ ਕੂਕੇ ਜਗਤ ਬਖਾਨ ਹੈ।" ਹੋਰ ਕਹਿੰਦੇ ਹਨ—"ਦਸਮੇ ਗੁਰੂ ਕੇ ਸਿੰਘ ਸਾਦਕ ਸਹੀ ਹੈਂ ਸਭ, ਲਾਲਸਾ ਲਲਾਮ ਰਾਜ਼ ਲੈਬੇ ਕੀ ਅਚੂਕੇ ਹੈ।" ਰਾਮ ਸਿੰਘ ਹੀ ਕੋ "ਸਤਿਗੁਰੂ ਅਵਤਾਰ ਪੀਰ ਜਾਨੈ, ਜੋ ਬਖਾਨੈ ਵਹਿ ਸੋਊ ਮਾਨ ਹੈਂ ਸਭੀ।" ਗਿਆਨੀ ਜੀ ਦੀ ਰਚਨਾ ਇਸ ਲਈ ਵੀ ਮਹੱਤਵਪੂਰਨ ਹੈ ਕਿ ਉਹ ਸਾਕਾ ਮਲੇਰਕੋਟਲਾ ਦੇ ਪ੍ਰਤੱਖ ਦਰਸ਼ੀ ਸਨ ਅਤੇ ਉਨ੍ਹਾਂ ਨੇ ਦੀਵੇ ਤੇ ਆਉਣ ਵਾਲੇ ਪਤੰਗਿਆਂ ਜਿਉਂ, ਭੱਜ-ਭੱਜ ਕੇ ਤੋਪ ਦੇ ਮੂੰਹ ਅੱਗੇ ਆ ਕੇ ਕੂਕਿਆਂ ਦੇ ਸ਼ਹਾਦਤ ਪਾਉਣ ਦਾ ਜ਼ਿਕਰ ਕੀਤਾ ਹੈ। ਉਹ ਕੂਕਿਆਂ ਦੀ ਤੁਲਨਾ, ਬੰਦਾ ਸਿੰਘ ਬਹਾਦਰ ਨਾਲ 1716 ਈ. ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਨਾਲ ਕਰਦੇ ਹਨ, ਜਿਨ੍ਹਾਂ ਨੂੰ ਬੇਖ਼ੌਫ਼ ਹੋ ਕੇ ਦਿੱਲੀ ਵਿਚ ਸਿਰ ਦਿੰਦਿਆਂ ਖਾਫੀ ਖਾਂ ਜਿਹੇ ਇਤਿਹਾਸਕਾਰਾਂ ਨੇ ਵੇਖਿਆ ਸੀ। ਗਿਆਨੀ ਜੀ ਨੇ ਆਪਣੀ ਮਨੋਹਰ ਸ਼ੈਲੀ ਵਿਚ, ਇਨ੍ਹਾਂ ਕਬਿੱਤਾਂ ਵਿਚ ਮਾਨੋ ਸਾਗਰ ਵਿਚ ਗਾਗਰ ਬੰਦ ਕਰ ਦਿੱਤਾ ਹੈ।

ਗਿਆਨੀ ਕਾਲਾ ਸਿੰਘ ਨੰਗਲ (1865-1929 ਈ.) ਵੱਡਾ, ਪੱਖੋਵਾਲ (ਲੁਧਿਆਣਾ) ਦੇ ਪਾਸ ਦੇ ਰਹਿਣ ਵਾਲੇ, ਗੁਰੂ ਹਰੀ ਸਿੰਘ ਜੀ ਦੇ ਸਮੇਂ 1885 ਈ.

ਵਿਚ ਕੂਕੇ ਬਣੇ। ਠਠਿਆਰਾਂ ਦਾ ਕੰਮ ਕਰਦੇ ਸਨ, ਪਿੰਡਾਂ ਵਿਚ ਤੁਰ ਫਿਰ ਕੇ ਮੌਜੂਦ ਸਰੋਤਾਂ ਤੋਂ ਨਾਮਧਾਰੀ ਇਤਿਹਾਸ ਇਕੱਠਾ ਕਰਦੇ ਸਨ। 1889 ਈ. ਵਿਚ ਦੋ ਟ੍ਰੈਕਟ ਲਿਖ ਕੇ ਪ੍ਰਕਾਸ਼ਿਤ ਕਰਾਏ 'ਪੈਂਤੀਸ ਅੱਖਰੀ' ਭਾਵ ਸਾਕਾ ਮਲੇਰਕੋਟਲਾ, ਪੰਜਾਬੀ ਬੈਂਤਾਂ ਵਿਚ ਅਤੇ 'ਉਸਤਤਨਾਮਾ ਸਤਿਗੁਰੂ ਰਾਮ ਸਿੰਘ' ਜੋ ਜ਼ਿਆਦਾਤਰ ਕਬਿੱਤਾਂ ਵਿਚ ਹੈ। ਇਹ ਦੋਵੇਂ ਰਚਨਾਵਾਂ ਉਸ ਸਮੇਂ ਜ਼ਬਤ ਹੋ ਗਈਆਂ ਸਨ ਅਤੇ ਅੰਗਰੇਜ਼ ਸਰਕਾਰ ਨੇ ਕਵੀ ਨੂੰ ਦੋ ਸਾਲ ਲਈ ਪਿੰਡ ਵਿਚ ਨਜ਼ਰਬੰਦ ਕਰ ਦਿੱਤਾ ਸੀ। ਸੰਨ 1914 ਈ. ਵਿਚ 'ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼' ਲਿਖਿਆ। ਇਹ ਪੰਜਾਬੀ ਬੈਂਤਾਂ ਵਿਚ ਸੀ। ਇਸ ਵਿਚ ਨਾਮਧਾਰੀ ਇਤਿਹਾਸ ਦੇ ਕਈ ਲੁਕਵੇਂ ਪੱਖ ਉਜਾਗਰ ਕੀਤੇ ਗਏ ਸਨ। ਉਨ੍ਹਾਂ ਨੇ ਸਾਕਾ ਅੰਮ੍ਰਿਤਸਰ, ਸ਼ਹੀਦ ਬਿਲਾਸ ਰਾਇਕੋਟ, ਬਾਰਾਂਮਾਂਹ, ਜਨਮਸਾਖੀ ਭਗਤ ਰਵਿਦਾਸ, ਜਨਮਸਾਖੀ ਭਗਤ ਨਾਮਦੇਵ ਆਦਿ ਪੁਸਤਕਾਂ ਵੀ ਪੰਜਾਬੀ ਕਵਿਤਾ ਵਿਚ ਲਿਖੀਆਂ। ਕਵੀ ਨੇ ਨਾਮਧਾਰੀ ਪੰਥ ਦਾ ਪ੍ਰਚਾਰ ਵੀ ਕੀਤਾ ਅਤੇ ਉਹ ਸੁਲਾਹ ਕੁਲ ਵਿਅਕਤੀ ਸੀ, ਜਿਸ ਦੇ ਹਵਾਲੇ ਉਸ ਦੀ 'ਜਨਮਸਾਖੀ ਭਗਤ ਰਵਿਦਾਸ' ਵਿਚੋਂ ਮਿਲਦੇ ਹਨ—

ਪਾਈ ਵਿਦਿਆ ਕਾਵਿ ਦੀ ਸੰਸਕ੍ਰਿਤੀ,
ਅਰਬੀ, ਫਾਰਸੀ ਇਲਮ ਨੂੰ ਪਾਂਵਦਾ ਮੈਂ।
ਲਿਖੇ ਪੁਸਤਕ ਠੇਠ ਪੰਜਾਬੀ ਅੰਦਰ,
ਸ਼ਬਦ ਸਿਧੇ-ਸਾਧੇ ਲਿਖੀ ਜਾਂਵਦਾ ਮੈਂ।
ਪੈਂਤੀ ਅੱਖਰੀ ਲਿਖੀ ਕਿਤਾਬ ਪਹਿਲਾਂ,
ਜ਼ੁਲਮ ਗੋਰਿਆਂ ਕੀਤਾ ਛਪਾਂਵਦਾ ਮੈਂ।
ਕਥਾ ਕੋਟਲੇ ਦੀ ਤੋਪ ਜ਼ਾਲਮਾਂ ਦੀ,
ਸਿੰਘ ਸ਼ਹੀਦ ਬਤਾਂਵਦਾ ਮੈਂ।
ਏਸ ਲਿਖਣ ਪਿਛੋਂ ਨਜ਼ਰਬੰਦ ਰਿਹਾ,
ਰਿਹਾ ਆਪਣਾ ਜੀਵਨ ਬਿਤਾਂਵਦਾ ਮੈਂ।
ਏਨਾ ਛਪਣ ਵੇਲੇ ਦਿਕਤਾਂ ਪੇਸ਼ ਹੋਈਆਂ,
ਤਲਾਸ਼ੀ ਕਰਾਂ ਕਿਤਾਬਾਂ ਗੁਆਂਵਦਾ ਮੈਂ।
ਪਿੰਡਾਂ ਵਿਚ ਸਤਸੰਗ ਸੀ ਕੈਮ ਕੀਤਾ,
ਅੰਮ੍ਰਿਤ ਕਰ ਪ੍ਰਚਾਰ ਛਕਾਂਵਦਾ ਮੈਂ।
ਕਿਸੇ ਮਜ਼੍ਹਬ ਦੇ ਨਾਲ ਨਾ ਵੈਰ ਕਰਦਾ,
ਨਾਨਕ ਨਾਮ ਦਾ ਝੰਡਾ ਝੁਲਾਂਵਦਾ ਮੈਂ।

ਜੀਆ ਨੱਥਾ ਦੇ ਦਵਿੰਦਰ ਸਿੰਘ ਗਿੱਲ ਹੋਰਾਂ ਵੱਡਾ ਤਰੱਦਦ ਕਰਕੇ ਇੰਗਲੈਂਡ ਤੋਂ

ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼, ਬ੍ਰਿਟਿਸ਼ ਲਾਇਬ੍ਰੇਰੀ ਵਿਚੋਂ ਮੰਗਵਾ ਕੇ ਇਕ ਸਦੀ ਬਾਅਦ ਇਸ ਦੀ ਦੂਜੀ ਛਾਪ ਛਪਵਾਈ ਸੀ। ਇਸ ਰਚਨਾ ਨੂੰ ਪੰਜਾਬੀ ਸਾਹਿਤ ਦੇ ਖੋਜੀ ਆਲੋਚਕ ਬਹੁਤ ਦੇਰ ਤੋਂ ਉਡੀਕ ਰਹੇ ਸਨ।

ਨਾਮਧਾਰੀ ਪੰਜਾਬੀ ਸਾਹਿਤ ਦਾ ਵੀਹਵੀਂ ਸਦੀ ਦਾ ਪਹਿਲਾ ਅੱਧ ਜਾਂ ਇਸ ਤੋਂ ਇਕ ਦਰਜਾ ਵੱਧ ਦਾ ਸਮਾਂ ਸੰਤ ਨਿਧਾਨ ਸਿੰਘ ਆਲਿਮ (1889-1956) ਅਤੇ ਸੰਤ ਇੰਦਰ ਸਿੰਘ ਚੱਕਰਵਰਤੀ ਦੇ ਨਾਮ ਲਿਖਿਆ ਗਿਆ ਹੈ। ਆਲਿਮ ਜੀ ਲੋਪੋਕੀ (ਅੰਮ੍ਰਿਤਸਰ) ਅਤੇ ਚੱਕਰਵਰਤੀ ਜੀ ਭੈਣੀ ਸਾਹਿਬ ਦੇ ਗੁਆਂਢੀ ਪਿੰਡ ਲੱਲ ਕਲਾਂ (ਪਹਿਲਾਂ ਰਿਆਸਤ ਪਟਿਆਲਾ, ਹੁਣ ਜ਼ਿਲ੍ਹਾ ਲੁਧਿਆਣਾ) ਦੇ ਬਸ਼ਿੰਦੇ ਸਨ। ਉਨ੍ਹਾਂ ਦਾ ਜੀਵਨ ਕਾਲ 1902 ਤੋਂ 1971 ਈ. ਤਕ ਫੈਲਿਆ ਹੈ। ਉਹ ਭਾਸ਼ਾ ਵਿਭਾਗ, ਪਟਿਆਲਾ ਵਿਚ ਕੋਸ਼ਕਾਰ ਵੀ ਰਹੇ ਸਨ। ਪੰਜਾਬੀ ਪੁਆਧੀ ਕੋਸ਼ ਉਨ੍ਹਾਂ ਦਾ ਵੱਡਾ ਕੰਮ ਸੀ। ਇਹ ਦੋਵੇਂ ਸੱਜਣ ਨਾਮਧਾਰੀ ਦਰਬਾਰ ਦੇ ਆਗੂ ਵੀ ਸਨ ਅਤੇ ਲਾਹੌਰ ਤੇ ਸ੍ਰੀ ਭੈਣੀ ਸਾਹਿਬ ਤੋਂ ਛਪਣ ਵਾਲੇ ਨਾਮਧਾਰੀ ਦਰਬਾਰ ਦੇ ਪਰਚੇ ਸਤਿਜੁਗ ਦੇ ਸੰਪਾਦਕ ਵੀ ਰਹੇ ਸਨ। ਇਨ੍ਹਾਂ ਸਤਿਜੁਗ ਤੋਂ ਇਲਾਵਾ ਹੋਰ ਬਹੁਤ ਸਾਰੇ ਪੱਤਰ, ਪੱਤਰਕਾਵਾਂ ਦਾ ਸੰਪਾਦਨ ਵੀ ਕੀਤਾ ਸੀ। ਇਹ ਦੋਵੇਂ ਸੁਤੰਤਰਤਾ ਸੰਗਰਾਮੀ ਵੀ ਸਨ। ਆਲਿਮ ਜੀ ਨੇ ਕਾਂਗਰਸ ਪਲੇਟਫਾਰਮ ਤੋਂ ਕੈਦਾਂ ਵੀ ਕੱਟੀਆਂ ਅਤੇ ਚੱਕਰਵਰਤੀ ਜੀ ਰਿਆਸਤੀ ਪਰਜਾ ਮੰਡਲ ਵਿਚ ਸਰਗਰਮ ਰਹੇ। ਇਹ ਦੋਵੇਂ ਬਹੁਵਿਧਾਈ ਲੇਖਕ ਸਨ। ਆਲਿਮ ਜੀ ਨੇ 'ਗੁਰੂ ਪਦ ਪ੍ਰਕਾਸ਼' ਤਿੰਨ ਹਿੱਸੇ, ਨਾਮਧਾਰੀ ਸਿਧਾਂਤ ਪ੍ਰਦਰਸ਼ਨ, ਸਿੱਖ ਧਰਮ ਤੇ ਮਾਸ, 'ਜੁੱਗ ਪਲਟਾਊ ਸਤਿਗੁਰੂ' ਆਦਿ ਵਾਰਤਕ ਵਿਚ ਅਤੇ 'ਰੂਹਾਨੀ ਟੈਲੀਫੋਨ' ਕਾਵਿ ਪੁਸਤਕਾਂ ਲਿਖੀਆਂ। 'ਜੁੱਗ ਪਲਟਾਊ ਸਤਿਗੁਰੂ' ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਚਰਿਤਰ ਤੇ ਆਧਾਰਿਤ ਸੀ ਜੋ ਜਨਵਰੀ 1947 ਵਿਚ ਦਿੱਲੀ ਤੋਂ ਛਪੀ ਸੀ, ਇਸ ਵਿਚ ਪਹਿਲੀ ਵਾਰ ਵਿਗਿਆਨਕ ਢੰਗ ਨਾਲ ਕੂਕਾ ਅੰਦੋਲਨ ਦੇ ਇਤਿਹਾਸ ਦੀ ਵਿਆਖਿਆ ਕੀਤੀ ਗਈ ਸੀ। ਸਤਿਜੁਗ ਦੇ ਪਹਿਲੇ ਸੰਤ-ਅੰਕ (1940 ਈ.) ਵਿਚ ਬਹੁਤ ਸਾਰੇ ਨਵੇਂ-ਪੁਰਾਣੇ ਨਾਮਧਾਰੀ ਸੰਤਾਂ ਦੇ ਜੀਵਨ ਵੀ ਆਲਿਮ ਜੀ ਨੇ ਲਿਖ ਕੇ ਛਪਵਾਏ ਸਨ। ਸਤਿਜੁਗ ਵਿਚ ਹੀ ਸਵਦੇਸ਼ੀ ਅਤੇ ਦੇਸ਼ ਪ੍ਰੇਮ ਬਾਰੇ ਉਨ੍ਹਾਂ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਛਪਦੀਆਂ ਰਹਿੰਦੀਆਂ ਸਨ ਜਿਨ੍ਹਾਂ ਵਿਚ ਨਾਮਧਾਰੀ ਇਤਿਹਾਸ ਨੂੰ ਵੀ ਮਹਿਮਾ ਮੰਡਿਤ ਕੀਤਾ ਹੁੰਦਾ ਸੀ। ਇਹ ਦੋਵੇਂ ਸੱਜਣ ਤਕਰੀਰ ਤੇ ਤਹਿਰੀਰ ਦੇ ਧਨੀ ਸਨ। ਚੱਕਰਵਰਤੀ ਜੀ ਦੇ 1929-30 ਈ. ਤੋਂ 1940-42 ਈ. ਤਕ ਕੋਈ 10-12 ਸਾਲ ਸਤਿਜੁਗ ਦੇ ਸਾਲਾਨਾ ਬਸੰਤ ਅੰਕਾਂ ਵਿਚ ਲਿਖੇ ਮੁੱਖ ਲੇਖ, ਨਾਮਧਾਰੀ ਇਤਿਹਾਸ ਦੇ ਵਿਭਿੰਨ ਪੱਖਾਂ ਤੇ ਬੜੇ ਰੌਚਕ ਅੰਦਾਜ਼ ਅਤੇ ਸਾਹਿਤਕ ਸ਼ੈਲੀ ਵਿਚ ਚਾਨਣਾ ਪਾਉਂਦੇ ਸਨ। ਸੰਨ 1936 ਈ. ਦੇ ਬਸੰਤ ਅੰਕ ਵਿਚ ਛਪਿਆ ਲੇਖਕ 'ਅਪੂਰਵ ਬਲੀਦਾਨ' ਸਾਕਾ ਮਲੇਰਕੋਟਲਾ ਅਤੇ ਸਤਿਗੁਰੂ ਜੀ ਦੇ ਦੇਸ਼ ਨਿਕਾਲੇ

ਦੇ ਪ੍ਰਸੰਗ ਨੂੰ ਮਾਰਮਿਕ ਸ਼ਬਦਾਂ ਵਿਚ ਚਿਤਰਨ ਵਾਲਾ ਸੀ। ਉਸੇ ਵਿਚ ਚੱਕਰਵਰਤੀ ਜੀ ਸਤਿਗੁਰੂ ਜੀ ਦੇ ਮੁਖਾਰਬਿੰਦ ਤੋਂ ਕਲਕੱਤਿਉਂ ਜਹਾਜ਼ 'ਤੇ ਚੜ੍ਹਨ ਸਮੇਂ, ਅੰਗਰੇਜ਼ ਹਾਕਮਾਂ ਨੂੰ ਇਹ ਭਵਿੱਖਤ ਬਚਨ ਕਢਾਉਂਦੇ ਹਨ—

ਗੱਲਾਂ ਦਿਲ ਦੀਆਂ ਦਿਲ ਵਿਚ ਰਹੀਆਂ,
ਸਭੇ ਪੂਰੀਆਂ ਕਰ ਵਿਖਾਉਣੀਆਂ ਨੇ।
ਤੁਸਾਂ ਸਾਨੂੰ ਸਿਆਲ ਵਿਚ ਕੱਢਿਆ ਏ,
ਅਸਾਂ ਹਾੜ ਮੁਸੀਬਤਾਂ ਪਾਉਣੀਆਂ ਨੇ।

ਚੱਕਰਵਰਤੀ ਜੀ ਦੀ ਬਾਗੀਆਨਾ ਤਬੀਅਤ ਵਾਲੀ ਉਪਰੋਕਤ ਰਚਨਾ ਕਾਰਨ ਹੀ ਤਤਕਾਲੀਨ ਪੰਜਾਬ ਸਰਕਾਰ ਨੇ ਸਤਿਜੁਗ ਦਾ ਇਹ ਬਸੰਤ ਅੰਕ ਜ਼ਬਤ ਕਰ ਲਿਆ ਸੀ। ਚੱਕਰਵਰਤੀ ਜੀ ਨੇ ਆਪਣੇ ਜੀਵਨ ਦਾ ਵੱਡਾ ਸਾਹਿਤਕ ਕਾਰਜ, ਸਤਿਗੁਰੂ ਰਾਮ ਸਿੰਘ ਜੀ ਬਾਰੇ ਮਹਾਂਕਾਵਿ, ਮਾਲਵੇਂਦ੍ਰ ਲਿਖ ਕੇ ਕੀਤਾ ਸੀ ਜਿਸ ਦਾ ਪੰਜਾਬੀ ਮਹਾਂਕਾਵਿ ਵਿਚ ਨਿਵੇਕਲਾ ਸਥਾਨ ਹੈ। ਇਸ ਰਚਨਾ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਸਾਂਝੀਵਾਲਤਾ ਵਾਲੇ ਜੀਵਨ ਆਦਰਸ਼ ਨੂੰ ਕਵੀ ਨੇ ਆਪਣੇ ਸ਼ਬਦਾਂ ਵਿਚ ਇਉਂ ਬਿਆਨਿਆ ਹੈ—

ਕੰਮੀ ਕਾਮੇ ਕਰਨਗੇ ਇਸ ਧਰਤੀ 'ਤੇ ਰਾਜ
ਨਵੀਆਂ ਹੋਣ ਅਦਾਲਤਾਂ, ਉਗਣ ਨਵੇਂ ਸਮਾਜ
ਕੰਮੀ ਕੋਈ ਨਾ ਰਹੇਗਾ, ਕੰਮੀਂ ਸਾਰੇ ਹੋਣ
ਵਿਹਲੜ ਭੁੱਖੇ ਮਰਨਗੇ, ਪਏ ਜਾਨ ਨੂੰ ਰੋਣ
ਸਾਰੀ ਇਹ ਮਨੁੱਖਤਾ, ਹੋ ਜਾਵੇਗੀ ਇਕ
ਮੈਂ ਸਮਝਾਂਗਾ ਉਸ ਦਿਨ, ਪੁੰਨੀ ਮੇਰੀ ਸਿਕ

ਹੁਣ ਮਨੁੱਖ ਮਨੁੱਖ ਦਾ, ਕਦੀ ਨਾ ਰਹੇ ਗੁਲਾਮ
ਆਇਆ ਬੰਦੀਵਾਨ ਦੀ, ਕਰਨ ਲਈ ਕਲਿਆਣ

ਰਾਜਾ ਕੋਈ ਨਾ ਰਹੇਗਾ, ਧਰਤੀ ਉਤੇ ਇਕ
ਟੋਏ ਟਿਬੇ ਢਾਹ ਕੇ, ਕਰ ਦੇਵਾਂ ਇਕਮਿਕ

ਮੈਂ ਹਾ ਆਇਆ ਕਰਨ ਨੂੰ, ਧਰਤੀ ਇਹ ਇਕ ਸਾਰ
ਹਿੰਸਾ ਗਊ ਗਰੀਬ ਦੀ, ਦੂਰ ਪਾਪ ਦਾ ਭਾਰ
ਸ਼ਸਤਰ ਦਾ ਕਰ ਖ਼ਾਤਮਾ, ਮਾਲਾ ਕਰ ਪਰਧਾਨ
ਬੰਦੇ ਹੋਵਣ ਦੇਵਤੇ, ਜਪਣ ਗੁਰੂ ਦਾ ਨਾਮ।[20]

1956 ਵਿਚ ਮਾਲਵੇਂਦ੍ਰ ਦੀ ਭੂਮਿਕਾ ਦੇ ਤੌਰ 'ਤੇ ਚੱਕਰਵਰਤੀ ਹੋਰਾਂ "ਕੂਕਿਆਂ

ਬਾਰੇ" ਇਕ ਮਹੱਤਵਪੂਰਨ ਪੁਸਤਕ ਲਿਖੀ ਸੀ। ਇਸ ਤੋਂ 10-12 ਸਾਲ ਪਹਿਲਾਂ ਪ੍ਰੋ. ਗੰਡਾ ਸਿੰਘ ਹੋਰਾਂ ਨੇ "ਕੂਕਿਆਂ ਦੀ ਵਿਥਿਆ" ਪੁਸਤਕ ਵਿਚ ਨਾਮਧਾਰੀ ਇਤਿਹਾਸ ਨੂੰ ਪੱਖਪਾਤੀ ਨਜ਼ਰੀਏ ਤੋਂ ਤੋੜ-ਮਰੋੜ ਕੇ ਪੇਸ਼ ਕੀਤਾ ਸੀ। ਚੱਕਰਵਰਤੀ ਜੀ ਨੇ ਅਨੇਕਾਂ ਗ਼ੈਰ ਨਾਮਧਾਰੀ ਲੇਖਕਾਂ ਦੀਆਂ ਸਤਿਜੁਗ ਦੇ ਬਸੰਤ ਅੰਕਾਂ ਅਤੇ ਹੋਰ ਥਾਵਾਂ 'ਤੇ ਛਪੀਆਂ ਲਿਖਤਾਂ ਦੇ ਹਵਾਲੇ ਨਾਲ ਸਤਿਗੁਰੂ ਰਾਮ ਸਿੰਘ ਅਤੇ ਨਾਮਧਾਰੀ ਸਿੰਘਾਂ ਦੀਆਂ ਦੇਸ਼ ਕੌਮ ਲਈ ਘਾਲੀਆਂ ਘਾਲਣਾਵਾਂ ਦਾ ਉੱਚ ਮੁਲੰਕਣ ਕੀਤਾ ਹੈ। ਇਸ ਵਿਚ ਚੱਕਰਵਰਤੀ ਜੀ ਨੇ ਆਪਣੇ ਬਹੁਤ ਸਾਰੇ ਸਮਕਾਲੀ ਨਾਮਧਾਰੀ ਸਿੱਖਾਂ ਦੇ ਸੰਖੇਪ ਰੇਖਾ ਚਿਤਰ ਵੀ ਦਿੱਤੇ ਹਨ ਜਦੋਂ ਅਜੇ ਪੰਜਾਬੀ ਸਾਹਿਤ ਵਿਚ ਇਸ ਵਿਧਾ 'ਤੇ ਕਿਸੇ ਹੋਰ ਲੇਖਕ ਨੇ ਹੱਥ ਨਹੀਂ ਅਜ਼ਮਾਇਆ ਸੀ। 'ਬੀਤਰਾਗ', 'ਜੈ' ਅਤੇ 'ਅੜਬੰਗੀ' ਆਪ ਦੇ ਇਤਿਹਾਸਕ ਨਾਵਲ ਹਨ, ਜਿਨ੍ਹਾਂ ਦਾ ਵਿਸ਼ਾ ਨਾਮਧਾਰੀ ਇਤਿਹਾਸ ਦੀਆਂ ਪ੍ਰਸਿੱਧ ਹਸਤੀਆਂ ਸੂਬਾ ਜਵਾਹਰ ਸਿੰਘ ਡਰੌਲੀ ਭਾਈ ਕੀ (ਮੋਗਾ), ਲਾਹੌਰ ਦਰਬਾਰ ਦੇ ਰਾਜਾ ਲਾਲ ਸਿੰਘ ਦੀ ਪੁੱਤਰੀ 'ਜੈ' ਜੋ ਆਪਣੇ ਪਰਿਵਾਰ ਦੀਆਂ ਅੰਗਰੇਜ਼ ਭਗਤ ਰਵਾਇਤਾਂ ਤੋਂ ਤੰਗ ਆ ਕੇ, ਸਤਿਗੁਰੂ ਰਾਮ ਸਿੰਘ ਦੇ ਦਰਬਾਰ ਵਿਚ ਭੈਣੀ ਸਾਹਿਬ ਆ ਜਾਂਦੀ ਹੈ। ਜਿਥੇ 28 ਜਨਵਰੀ 1914 ਨੂੰ ਉਹ ਚਲਾਣਾ ਕਰਦੀ ਹੈ। ਅੜਬੰਗੀ ਨਾਵਲ ਮਾਝੇ ਵਿਚ ਜੰਮੇ ਅਤੇ ਮਾਲਵੇ ਵਿਚ ਵਿਚਰਨ ਵਾਲੇ, ਖਾੜਕੂ ਕੂਕੇ ਭਗਵਾਨ ਸਿੰਘ ਅੜਬੰਗੀ ਦੇ ਜੀਵਨ 'ਤੇ ਆਧਾਰਿਤ ਹੈ। ਇਹ ਨਾਵਲ ਚੱਕਰਵਰਤੀ ਹੋਰਾਂ ਨੇ ਅੜਬੰਗੀ ਦੇ ਗੇਂਦਾ ਸਿਪਾਹੀ ਨੂੰ ਕਤਲ ਕਰਨ ਵਾਲੇ ਮੁਕੱਦਮੇ ਨਾਲ ਸੰਬੰਧਿਤ ਅਧਿਕਾਰੀਆਂ ਦੀਆਂ ਡਾਇਰੀਆਂ 'ਤੇ ਆਧਾਰਿਤ ਨਵੀਂ ਤਕਨੀਕ ਵਿਚ ਲਿਖਿਆ ਗਿਆ ਹੈ। ਦੇਸ਼ ਪ੍ਰੇਮ ਅਤੇ ਆਪਣੀ ਮਿੱਟੀ ਦਾ ਮੋਹ ਉਨ੍ਹਾਂ ਦੇ ਸਾਰੇ ਨਾਵਲਾਂ ਵਿਚ ਡੁੱਲ੍ਹ ਡੁੱਲ੍ਹ ਪੈਂਦਾ ਹੈ। ਉਨ੍ਹਾਂ ਦਾ ਜੰਗਲ ਬੇਲਿਆਂ, ਨਦੀਆਂ, ਜੂਹਾਂ, ਬਨਸਪਤੀ ਆਦਿ ਦਾ ਵਰਣਨ ਵੀ ਹਕੀਕਤ ਦੇ ਨੇੜੇ ਹੈ। ਉਨ੍ਹਾਂ ਨੇ ਆਪਣੀ ਰਚਨਾ ਵਿਚ ਕੇਂਦਰੀ ਬੋਲੀ ਦੀ ਵਰਤੋਂ ਕੀਤੀ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਜਿਹਲ ਜੀਵਨ ਬਾਰੇ ਉਨ੍ਹਾਂ ਦਾ ਨਾਟਕ 'ਸ਼ਾਹੀ ਕੈਦੀ' ਕਾਫ਼ੀ ਚਰਚਿਤ ਰਿਹਾ ਅਤੇ ਇਸ ਦਾ ਹਿੰਦੀ ਵਿਚ ਛਪਿਆ ਅਨੁਵਾਦ ਪੜ੍ਹ ਕੇ ਇਕ ਗੁਜਰਾਤੀ ਲੇਖਕ 'ਕੰਚਨ ਸ਼ਾਲ' ਨੇ ਇਸ ਦਾ ਗੁਜਰਾਤੀ ਵਿਚ ਅਨੁਵਾਦ ਕਰਨ ਦੀ ਸੰਤ ਜੀ ਤੋਂ ਆਗਿਆ ਮੰਗੀ ਸੀ। ਇਸੇ ਨਾਟਕ ਵਿਚ ਇਨਕਲਾਬੀ ਆਤਮਾ ਦੇ ਮਾਲਕ ਸੰਤ ਜੀ, ਗੁਲਾਮੀ ਦੀ ਲਾਹਨਤ ਬਾਰੇ ਲਿਖਦੇ ਹਨ, 'ਪਿੰਜਰਾ ਤਾਂ ਪਿੰਜਰਾ ਹੀ ਹੈ, ਉਹ ਲੋਹੇ ਦਾ ਹੋਵੇ ਤਦ ਕੀ, ਜੇ ਸੋਨੇ ਦਾ ਹੋਵੇ ਤਦ ਕੀ?"[21]

ਗੁਰੂ ਬਾਲਕ ਸਿੰਘ ਜੀ ਦੇ ਜੀਵਨ ਵੇਰਵਿਆਂ ਅਤੇ ਸਾਖੀਆਂ ਬਾਰੇ ਉਨ੍ਹਾਂ ਨੇ "ਨਾਮਧਾਰੀ ਇਤਿਹਾਸ—ਹਿੱਸਾ ਪਹਿਲਾ" ਲਿਖ ਕੇ ਸਤਿਜੁਗ ਛਾਪਣ ਵਾਲੇ ਪ੍ਰੈਸ ਵਿਚੋਂ ਭੈਣੀ ਸਾਹਿਬ ਤੋਂ 1934 ਵਿਚ ਛਪਵਾਇਆ। ਇਸ ਲਈ ਲੇਖਕ ਨੇ ਗੁਰੂ

ਬਾਲਕ ਸਿੰਘ ਜੀ ਦੇ ਨਿਵਾਸ ਸਥਾਨ ਹਜਰੋਂ ਸਾਹਿਬ ਤੇ ਪੋਠੋਹਾਰ ਦੇ ਕਈ ਪਿੰਡਾਂ ਦੀ ਯਾਤਰਾ ਕਰਕੇ ਵਾਕਿਆਤ ਕਾਨੀਬੰਦ ਕੀਤੇ ਸਨ। ਇਹ ਜਨਮਸਾਖੀ ਸ਼ੈਲੀ ਵਿਚ ਲਿਖੀ ਪੁਸਤਕ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਭੋਗ ਦੇ ਮੇਲੇ 'ਤੇ ਉਨ੍ਹਾਂ ਵੱਲੋਂ ਲਿਖਿਆ ਟ੍ਰੈਕਟ 'ਅਟੱਲ ਪ੍ਰਤਾਪੀ' ਸਤਿਗੁਰੂ ਜੀ ਦੇ ਜੀਵਨ ਦੇ ਵਿਵਿਧ ਪੱਖਾਂ ਬਾਰੇ ਸੰਖੇਪ ਜਾਣਕਾਰੀ ਦੇਣ ਵਾਲਾ ਹੈ। ਉਨ੍ਹਾਂ ਦਾ ਨਾਟਕ 'ਸ਼ੂਦਰ ਦਾ ਬਲੀਦਾਨ' ਮਨੂਵਾਦੀ ਵਰਣ ਵਿਵਸਥਾ 'ਤੇ ਕਰੜਾ ਵਿਅੰਗ ਕਰਦਾ ਹੈ। ਮੇਰੇ ਚੋਣਵੇਂ ਇਕਾਂਗੀ, ਪੰਥ ਕੀ ਜੀਤ, ਪੂਰਬ ਪੱਛਮ, ਪ੍ਰੀਤ ਪੈਗੰਬਰ, ਪਟਨਾ ਸ਼ਹਿਰ ਵਿਖੇ, ਰਾਸ਼ਟਰ ਭਾਸ਼ਾ ਆਦਿ ਹੋਰ ਪ੍ਰਸਿੱਧ ਨਾਟਕ, ਇਕਾਂਗੀ ਆਦਿ ਆਪ ਨੇ ਲਿਖੇ ਹਨ। ਗੁਰੂ ਤੇਗ ਬਹਾਦਰ ਅਤੇ ਕਾਰਲ ਮਾਰਕਸ ਬਾਰੇ ਕ੍ਰਮਵਾਰ 'ਹਿੰਦ ਦੀ ਚਾਦਰ' ਅਤੇ 'ਮਹਾਂਮਾਨਵ' ਮਹਾਂਕਾਵਿ ਵੀ ਉਨ੍ਹਾਂ ਦੀਆਂ ਚਰਚਿਤ ਰਚਨਾਵਾਂ ਰਹੀਆਂ ਹਨ। ਹਿੰਦੀ ਪੰਜਾਬੀ ਕੋਸ਼ ਅਤੇ ਪੁਆਧੀ ਕੋਸ਼ ਤੋਂ ਬਿਨਾਂ ਬਹੁਤ ਸਾਰੀਆਂ ਪੁਰਾਤਨ ਪੁਸਤਕਾਂ ਵੀ ਉਨ੍ਹਾਂ ਨੇ ਸੰਪਾਦਿਤ ਕਰਵਾ ਕੇ ਛਪਵਾਈਆਂ। ਸੰਤ ਜੀ ਬਨਾਰਸ, ਅਲਾਹਾਬਾਦ, ਚਿਟਗਾਂਵ ਆਦਿ ਸਥਾਨਾਂ 'ਤੇ ਪ੍ਰਸਿੱਧ ਹਿੰਦੀ ਸਾਹਿਤਕਾਰਾਂ ਦੇ ਅਤੇ 'ਪ੍ਰੀਤ-ਸੈਨਿਕ' ਦੇ ਤੌਰ 'ਤੇ 'ਪ੍ਰੀਤ ਨਗਰ' ਵਿਚ ਰਹਿ ਕੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਸਾਂਵੀ ਪੱਧਰੀ ਜ਼ਿੰਦਗੀ ਦੀ ਤੋਰ ਵਾਲੇ, ਪ੍ਰੀਤ-ਫ਼ਲਸਫ਼ੇ ਨਾਲ ਵੀ ਮੁੱਠਭੇੜ ਕਰਦੇ ਰਹੇ। ਉਹ ਖੁੱਲ੍ਹੇ ਅਸਮਾਨਾਂ ਹੇਠ ਵਿਚਰਣ ਵਾਲੀ ਉੱਚ ਦਿਆਲੀ ਸ਼ਖ਼ਸੀਅਤ ਸਨ ਜਿਨ੍ਹਾਂ ਨੇ ਬਸਤੀਵਾਦ ਵਿਰੋਧੀ, ਕੂਕਾ ਅੰਦੋਲਨ ਦਾ ਆਪਣੀ ਕਲਮ ਨਾਲ ਪੂਰੇ ਚਾਲੀ ਵਰ੍ਹੇ ਪ੍ਰਚਾਰ ਕੀਤਾ ਸੀ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਵੀ ਉਨ੍ਹਾਂ ਦਾ ਜ਼ਿਕਰ ਵੱਡੇ ਸਾਹਿਤਕਾਰ ਜਿਉਂ ਹੁੰਦਾ ਹੈ। ਉਨ੍ਹਾਂ ਨੇ ਆਪਣੇ ਸਮੇਂ ਦੀਆਂ ਸਮਕਾਲੀ ਸਿਆਸੀ ਲਹਿਰਾਂ ਨੂੰ ਕੂਕਾ ਅੰਦੋਲਨ ਦੇ ਅਵਚੇਤਨ ਵਿਚ ਰੱਖ ਕੇ ਹੀ ਵਿਚਾਰਿਆ। ਜਿਨ੍ਹਾਂ ਦਿਨਾਂ ਵਿਚ ਉਹ ਸਤਿਜੁਗ ਦੇ ਸੰਪਾਦਕ ਸਨ ਉਸ ਸਮੇਂ ਛਪਣ ਵਾਲੇ ਬਸੰਤ ਅੰਕਾਂ ਵਿਚ ਉਸ ਸਮੇਂ ਦੇ ਸਾਰੇ ਹੀ ਉੱਘੇ ਪੰਜਾਬੀ, ਲੇਖਕਾਂ, ਕਵੀਆਂ, ਇਤਿਹਾਸਕਾਰਾਂ ਦੀ ਹਾਜ਼ਰੀ ਲੁਆਉਣੀ ਆਪ ਯਕੀਨੀ ਬਣਾਇਆ ਕਰਦੇ ਸਨ।

ਬਿਸ਼ਨ ਸਿੰਘ ਹਿਸਟੋਰੀਅਨ ਗਿਆਨੀ ਕਾਲਾ ਸਿੰਘ ਨੰਗਲ ਦੇ ਸਪੁੱਤਰ ਸਨ। ਉਹ ਕਵੀ ਵੀ ਸਨ ਅਤੇ ਵਾਰਤਕ ਲੇਖਕ ਵੀ। ਉਨ੍ਹਾਂ ਨੇ ਵੀ ਆਪਣੇ ਪਿਤਾ ਜਿਉਂ ਪਿੰਡ ਪਿੰਡ ਫਿਰ ਕੇ ਨਾਮਧਾਰੀ ਇਤਿਹਾਸ ਇਕੱਠਾ ਕੀਤਾ। ਉਨ੍ਹਾਂ ਦਾ ਜੀਵਨ ਕਾਲ, 1895-1981 ਈ. ਹੈ। ਉਨ੍ਹਾਂ ਦਾ ਵੱਡਾ ਕੰਮ ਕੂਕਿਆਂ ਨਾਲ ਸੰਬੰਧਿਤ ਲੁਧਿਆਣੇ ਅਤੇ ਆਸ ਪਾਸ ਦੇ ਜ਼ਿਲ੍ਹਿਆਂ ਵਿਚੋਂ ਲੋਕ ਗੀਤਾਂ ਦੀ ਖੋਜ ਬੀਣ ਹੈ। ਇਹ ਸਾਰੇ ਲੋਕ ਗੀਤ ਉਨ੍ਹਾਂ ਤੋਂ ਲੈ ਕੇ 2013 ਈ. ਦੇ ਸਤਿਜੁਗ ਦੇ ਬਸੰਤ ਅੰਕ ਵਿਚ ਰਜਿੰਦਰ ਸਿੰਘ ਗੁਰੂ ਸਰ ਨੇ ਇਕ ਵੱਡਆਕਾਰੀ ਲੇਖਕ ਵਿਚ ਛਾਪ ਦਿੱਤੇ ਸਨ। ਇਨਕਲਾਬੀ ਕੂਕਾ, ਬਾਗ਼ੀ ਕੂਕਾ, ਆਜ਼ਾਦੀ ਲਹਿਰ ਵਿਚ ਨਾਮਧਾਰੀ ਦੇਵੀਆਂ, ਕੂਕਾ ਸਿੱਖ ਤੇ ਅੰਗਰੇਜ਼

ਰਾਜ ਆਦਿਕ ਹੋਰ ਪ੍ਰਸਿੱਧ ਰਚਨਾਵਾਂ ਹਨ। ਉਨ੍ਹਾਂ ਦੇ ਲੇਖ ਕਵਿਤਾਵਾਂ ਨਾਮਧਾਰੀ ਪੱਤਰਕਾਵਾਂ ਵਿਚ ਛਪਦੇ ਰਹੇ। ਕੂਕਾ ਇਤਿਹਾਸ ਦੀਆਂ ਕਈ ਬਾਰੀਕੀਆਂ ਲੱਭਣ ਲਈ ਅਸੀਂ ਬਿਸ਼ਨ ਸਿੰਘ ਹੋਰਾਂ ਦੇ ਸਿੱਧ ਪੱਧਰੇ ਢੰਗ ਨਾਲ ਕੀਤੇ ਜਤਨਾਂ ਦੇ ਰਿਣੀ ਹਾਂ।

ਵੀਹਵੀਂ ਸਦੀ ਦਾ ਹੀ ਉੱਘਾ ਕਿੱਸਾਕਾਰ ਕੂਕਾ-ਕਵੀ ਹਰਨਾਮ ਸਿੰਘ ਬੁਗਲੀ ਕਲਾਂ (ਲੁਧਿਆਣਾ) ਆਪਣੀ ਅਮਰ ਰਚਨਾ 'ਸੰਤ ਖਾਲਸਾ', 'ਤਵਾਰੀਖ ਨਾਮਧਾਰੀ' 1935 ਈ. ਵਿਚ ਛਪਵਾ ਕੇ ਚਰਚਿਤ ਹੋਇਆ। ਇਸ ਤੋਂ ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਛੋਟੇ ਭਾਈ ਮਹਾਰਾਜ ਗੁਰਦਿਆਲ ਸਿੰਘ (1897-1929) ਨੇ ਨਾਮਧਾਰੀ ਅਖ਼ਬਾਰ ਸਤਿਜੁਗ, ਹਫ਼ਤੇਵਾਰ 1920 ਈ. ਵਿਚ ਲਾਹੌਰ ਤੋਂ ਸ਼ੁਰੂ ਕਰਵਾਇਆ। ਸਜ਼ਿਗ ਵਿਚ ਛਾਪਣ ਲਈ ਉਨ੍ਹਾਂ ਨੇ ਇੰਡੀਆ ਆਫ਼ਸ ਲੰਦਨ ਤੋਂ 'ਕੂਕਾ ਆਊਟ ਬ੍ਰੇਕ" ਨਾਮ ਦੀ ਦਸਤਾਵੇਜ਼ੀ ਸਮੱਗਰੀ ਮੰਗਵਾ ਕੇ ਪੰਜਾਬੀ ਵਿਚ ਉਲਥਾਈ ਸੀ। ਜਦੋਂ ਹਰਨਾਮ ਸਿੰਘ ਦਾ ਕਿੱਸਾ ਸੰਤ ਖਾਲਸਾ ਅੰਗ੍ਰੇਜ਼ ਸਰਕਾਰ ਨੇ ਜ਼ਬਤ ਕਰਕੇ ਹਰਨਾਮ ਸਿੰਘ ਤੇ ਮੁਕੱਦਮਾ ਚਲਾਇਆ ਤਾਂ ਉਸ ਨੇ ਕਿਹਾ ਕਿ ਮੈਂ ਤਾਂ "ਕੂਕਾ ਆਊਟ ਬ੍ਰੇਕ" ਵਿਚ ਜੋ ਗੁਰੂ ਰਾਮ ਸਿੰਘ ਦੇ ਸਮਕਾਲੀ ਅੰਗਰੇਜ਼ ਅਧਿਕਾਰੀ ਲਿਖ ਚੁੱਕੇ ਹਨ, ਉਸੇ ਦੇ ਆਧਾਰ 'ਤੇ ਪੰਜਾਬੀ ਬੈਂਤਾਂ ਵਿਚ ਇਹ ਕਾਵਿ ਰਚਨਾ ਕੀਤੀ ਹੈ। ਕਵੀ ਜੀ ਬਰੀ ਹੋ ਗਏ। ਇਸ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਫ਼ੌਜੀ ਜੀਵਨ ਦੇ ਸਮਾਚਾਰ, ਗੁਰੂ ਬਾਲਕ ਸਿੰਘ ਜੀ ਨਾਲ ਉਨ੍ਹਾਂ ਦਾ ਮੇਲ, ਨਾਮਧਾਰੀ ਪੰਥ ਸਾਜਣ, ਸਤਿਗੁਰੂ ਜੀ ਦੇ ਸ਼ੁਭ ਉਪਦੇਸ਼, ਮਾਈਆਂ ਬੀਬੀਆਂ ਨੂੰ ਅੰਮ੍ਰਿਤ ਛਕਾਉਣ ਅਤੇ ਆਨੰਦ ਮਰਿਆਦਾ ਲਾਗੂ ਕਰਨ, 1862 ਈ. ਵਿਚ ਹੀ ਅੰਮ੍ਰਿਤਸਰ ਗੁਰਧਾਮਾਂ ਦੇ ਪੁਜਾਰੀਆਂ ਵੱਲੋਂ ਸਤਿਗੁਰੂ ਜੀ ਦਾ ਵਿਰੋਧ, 1863 ਈ. ਦਾ ਗੰਗਾ ਹਰਿਦੁਆਰ ਦਾ ਦੌਰਾ, 1863 ਈ. ਵਿਚ ਮਾਘੀ ਤੇ ਮੁਕਤਸਰ ਜਾਣ, 1867 ਈ. ਦਾ ਅਨੰਦਪੁਰ ਦਾ ਹੋਲਾ ਮਹੱਲਾ, ਭਾਈ ਰਾਇ ਸਿੰਘ ਨੂੰ ਹਜ਼ੂਰ ਸਾਹਿਬ ਖਾਲਸਾਈ ਰਹਿਤ ਮਰਿਆਦਾ ਲਿਆਉਣ ਲਈ ਭੇਜਣਾ, ਮਾਨਾਂਵਾਲੇ (ਸਿਆਲਕੋਟ) ਦਾ ਹੋਲਾ ਮਹੱਲਾ, ਬੁੱਚੜਬੱਧ ਦੇ ਸਾਕੇ, ਸਤਿਗੁਰੂ ਜੀ ਦਾ ਪਰਦੇਸ ਗਮਨ, ਗੁਰੂ ਹਰੀ ਸਿੰਘ ਜੀ ਨਮਿਤ 3 ਜੂਨ 1906 ਈ. ਨੂੰ ਭੋਗ ਮੇਲਾ, ਸਤਿਗੁਰੂ ਪ੍ਰਤਾਪ ਸਿੰਘ ਦਾ ਗੁਰਗੱਦੀ 'ਤੇ ਬਿਰਾਜਮਾਨ ਹੋਣਾ, ਆਦਿਕ ਇਤਿਹਾਸਕ ਘਟਨਾਵਾਂ ਕਾਵਿ-ਬੱਧ ਕੀਤੀਆਂ ਗਈਆਂ ਹਨ। ਆਪਣੀ ਰਚਨਾ ਦੇ ਆਰੰਭ ਵਿਚ ਹੀ ਕਵੀ ਅੰਗਰੇਜ਼ ਸਰਕਾਰ ਵੱਲੋਂ ਨਾਮਧਾਰੀਆਂ ਉੱਤੇ ਕੀਤੇ ਹਿਰਦੇਵੇਧਕ ਜ਼ੁਲਮਾਂ ਦਾ ਵਰਣਨ ਕਰਦਾ ਹੈ—

ਪੰਜ ਖਾਲਸਾ ਜਿਵੇਂ ਖਰਾਬ ਹੋਇਆ,
ਸੰਤ ਖਾਲਸੇ ਲਿਆ ਆਕਾਰ ਜਿਕਣ
ਸਾਕੇ ਕੋਟਲੇ ਦਾ ਸਾਰਾ ਹਾਲ ਦੱਸੂੰ,
ਭਾਣੇ ਸਤਿਗੁਰਾਂ ਦੀਏ ਗੁਜ਼ਾਰ ਜਿਕਣ

ਅੱਸੀ ਵੀਰ ਪੱਕੇ ਸਿਦਕੀ ਨਾਮਧਾਰੀ,
ਤੋਪਾਂ ਦਾਗ ਕਰਕੇ ਦਿੱਤੇ ਮਾਰ ਜਿਕਣ
ਬਿਨ ਮੁਕਦਮਾ ਚਲੇ ਸਜ਼ਾ ਦਿਤੀ,
ਕੀਤਾ ਨਹੀਂ ਇਨਸਾਫ਼ ਸਰਕਾਰ ਜਿਕਣ
ਗੌਰਮਿੰਟ ਨੇ ਸਤਿਗੁਰੂ ਰਾਮ ਸਿੰਘ ਨੂੰ,
ਕੀਤਾ ਫੇਰ ਸਮੁੰਦਰੋਂ ਪਾਰ ਜਿਕਣ
ਪਕੇ ਸਿਖ ਸਿਦਕੀ ਬਲੀ ਬੀਰ ਬਾਂਕੇ,
ਭਾਰੇ ਜਿਸਮ ਤੇ ਦੁਖ ਸਹਾਰ ਜਿਕਣ
ਬਰਮੇ ਮੁਲਕ ਜਾ ਕੇ ਮਿਲੇ ਸਤਿਗੁਰੂ ਨੂੰ,
ਤਨ ਧਨ ਗੁਰ ਤੇ ਦਿਤੇ ਵਾਰ ਜਿਕਣ
ਨਾਮਧਾਰੀਆਂ ਦੀ ਸੰਗਤ ਅੱਜ ਤੋੜੀ,
ਕਰਦੀ ਸਤਿਗੁਰਾਂ ਦਾ ਇੰਤਜ਼ਾਰ ਜਿਕਣ
ਤੱਤ ਕੱਢ ਕੇ ਲਿਖੂੰ ਹਰਨਾਮ ਸਿਆਂ,
ਨਾਮਧਾਰੀਆਂ ਦੇ ਸਮਾਚਾਰ ਜਿਕਣ।[22]

ਕਵੀ ਜੀ ਨੇ 1959 ਈ. ਵਿਚ ਨਵੀਆਂ ਇਤਿਹਾਸਕ ਖੋਜਾਂ ਦੇ ਆਧਾਰ 'ਤੇ ਕੁਝ ਸੋਧਾਂ ਅਤੇ ਵਾਧੇ ਕਰਕੇ ਇਸ ਪੁਸਤਕ ਨੂੰ ਅੰਮ੍ਰਿਤਸਰ ਤੋਂ ਛਪਵਾਇਆ ਸੀ। ਕਵੀ ਜੀ ਦੇ ਚਲਾਣੇ ਤੋਂ ਬਾਅਦ ਪਿਛਲੀ ਸਦੀ ਦੇ ਆਖ਼ਰੀ ਦਹਾਕੇ ਵਿਚ ਮਹਾਰਾਜ ਬੀਰ ਸਿੰਘ ਜੀ ਨੇ ਇਸ ਨੂੰ ਜੀਵਨ ਨਗਰ (ਸਿਰਸਾ) ਦੇ ਆਪਣੇ ਪ੍ਰੈਸ ਤੋਂ ਵੀ ਛਪਵਾਇਆ ਸੀ। ਇਤਿਹਾਸ ਖੋਜੀਆਂ ਅਤੇ ਨਾਮਧਾਰੀ ਪ੍ਰਚਾਰਕਾਂ ਵਿਚ ਇਹ ਸਰਲ, ਸੁਬੋਧ ਸ਼ੈਲੀ ਵਿਚ ਲਿਖੀ ਪੁਆਧੀ ਰੰਗ ਵਾਲੀ ਪੰਜਾਬੀ ਦੀ ਕਾਵਿ ਰਚਨਾ ਹੈ ਜਿਸ ਵਿਚ ਕਵੀ ਨੇ ਆਪਣੇ ਪੁਰਖਿਆਂ ਅਤੇ ਹੋਰ ਸਮਕਾਲੀਆਂ ਤੋਂ ਲਿਖ ਕੇ ਨਾਮਧਾਰੀ ਇਤਿਹਾਸ ਕਾਵਿ ਬੱਧ ਕੀਤਾ ਹੈ। ਕਵੀ ਦੀ ਆਪਣੀ ਰਚਨਾ ਤੋਂ ਪਤਾ ਲੱਗਦਾ ਹੈ ਕਿ ਉਸ ਨੇ ਹੀਰੇ ਹਿੰਦ, ਖ਼ੂਨ ਖਾਲਸਾ (ਅਕਾਲੀ ਲਹਿਰ), ਨਿਰਭੈ ਅਕਾਲੀ (ਬਾਬਾ ਫੂਲਾ ਸਿੰਘ ਬਾਰੇ), ਗੁਰਦੁਆਰਿਆਂ ਦੀ ਤਵਾਰੀਖ, ਤਾਜ ਦਿੱਲੀ-ਪ੍ਰਿਥੀ ਰਾਜ ਦੇ ਹਾਲਚਾਲ, ਹੁਸਨ ਕਟਾਰ ਅਤੇ ਸੋਹਣੀ ਮਹੀਂਵਾਲ, ਆਦਿ ਕੋਈ ਹੋਰ ਦਸ ਕਾਵਿ-ਪੁਸਤਕਾਂ ਉਹ 1935 ਈ. ਤੋਂ ਪਹਿਲਾਂ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕਾ ਸੀ। ਪਰ ਅੱਜ ਕੱਲ੍ਹ ਇਨ੍ਹਾਂ ਦਾ ਕੋਈ ਖੁਰਾ ਖੋਜ ਨਹੀਂ ਮਿਲਦਾ। ਬਗੁਲੀ ਕਲਾਂ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਦਰਬਾਰ ਲੱਗਦੇ ਰਹੇ ਜਿਸ ਸਮੇਂ ਕਵੀ ਦਾ ਪਿਤਾ ਸੁੱਧ ਸਿੰਘ ਅਤੇ ਚਾਚੇ ਤਾਏ ਕੂਕੇ ਬਣੇ। ਇਸ ਸਾਰੇ ਪਰਿਵਾਰ ਦਾ ਵੇਰਵਾ ਕੂਕਾਜ਼ ਆਫ ਨੋਟ—1881, ਦਸਤਾਵੇਜ਼ਾਂ ਵਾਲੀ ਕਿਤਾਬ ਵਿਚ ਮਿਲਦਾ ਹੈ। ਇਕ ਖ਼ੂਬੀ ਇਹ ਵੀ ਨੋਟ ਕਰਨ ਵਾਲੀ ਹੈ ਕਿ 1899 ਈ. ਦੇ ਮਹਾਂਕਾਲ ਸਮੇਂ ਜਦੋਂ ਸਾਰਾ ਬਾਗੜ ਦੇਸ਼ ਉਦਰ ਪੂਰਤੀ ਲਈ ਭੈਣੀ

ਸਾਹਿਬ ਲੰਗਰ ਵੱਲ ਢੁੱਕ ਰਿਹਾ ਸੀ ਤਾਂ ਦਸ ਕੁ ਸਾਲ ਦੇ ਸਤਿਗੁਰੂ ਪ੍ਰਤਾਪ ਸਿੰਘ ਅਤੇ ਤਕਰੀਬਨ ਪੰਜ ਸੱਤ ਸਾਲ ਉਮਰ ਦਾ ਕਵੀ ਹਰਨਾਮ ਸਿੰਘ, ਸਾਰਾ ਦਿਨ ਭੱਜ ਭੱਜ ਕੇ ਲੰਗਰ ਵਰਤਾਇਆ ਕਰਦੇ ਸਨ। ਕਿੱਸਿਆਂ ਦੀ ਤਰਜ਼ ਵਿਚ ਨਾਮਧਾਰੀ ਪ੍ਰਸੰਗ ਲਿਖਣ ਵਾਲੇ ਨਿਰੰਜਨ ਸਿੰਘ ਮ੍ਰਿਗੇਸ਼ (1907-2002 ਈ.) ਨੇ ਸਾਕਾ ਮਲੇਰਕੋਟਲਾ (ਸੰ. ਸੁਵਰਨ ਸਿੰਘ ਸਨੇਹੀ), ਜੰਗ ਚਮਕੌਰ, ਬੱਬਰ ਬਾਹਨ ਦਾ ਪ੍ਰਸੰਗ, ਭਾਈ ਲਾਭ ਸਿੰਘ ਰਾਗੀ ਦਾ ਹਜਰੋਂ ਜਾਣਾ, ਭਾਈ ਮੀਹਾਂ ਸਿੰਘ ਦੁਆਰਾ ਬਰਮਾ ਵਿਚ ਸਤਿਗੁਰੂ ਦਰਸ਼ਨ, ਹੀਰ ਰਾਂਝਾ ਆਦਿ ਕਿੱਸੇ ਵੀ ਲਿਖੇ। ਉਹ ਸਰਹਾਲੀ ਦੇ ਪ੍ਰਸਿੱਧ ਕੂਕਾ ਆਗੂ ਸ਼ਾਮ ਸਿੰਘ ਦੇ ਵੰਸ਼ਜ ਸਨ। ਇਸੇ ਤਰ੍ਹਾਂ ਕਵੀਸ਼ਰ ਜੀਵਨ ਸਿੰਘ (1920-2000), ਜਿਨ੍ਹਾਂ ਨੇ ਸਾਰੀ ਉਮਰ ਨਾਮਧਾਰੀ ਇਤਿਹਾਸ ਦੀ ਕਵੀਸ਼ਰੀ ਗਾਈ, ਉਨ੍ਹਾਂ ਨੇ ਵੀ ਨਾਮਧਾਰੀ ਸਿੱਖ ਇਤਿਹਾਸ ਅਤੇ ਦੇਸ਼ ਭਗਤਾਂ ਸੂਰਬੀਰਾਂ ਬਾਰੇ 70-72 ਕਾਵਿ ਕਲਾ ਨਾਲ ਭਰਪੂਰ ਉੱਚ ਕੋਟੀ ਦੇ ਪ੍ਰਸੰਗ ਲਿਖੇ ਹਨ। ਸਾਕਾ ਮਲੇਰਕੋਟਲਾ ਨੂੰ ਛੱਡ ਕੇ ਬਾਕੀ ਛਪੇ ਨਹੀਂ। ਮਾਲਵੇ ਦੇ ਪੰਡਿਤ ਅੱਛਰੂ ਰਾਮ ਕਵੀਸ਼ਰ ਹੋਏ ਹਨ, ਉਨ੍ਹਾਂ ਵੀ ਸਾਕਾ ਮਲੇਰਕੋਟਲਾ ਅਤੇ ਹੋਰ ਕੂਕਾ ਪ੍ਰਸੰਗ ਲਿਖੇ ਸਨ, ਜਿਨ੍ਹਾਂ ਨੂੰ ਪਿੰਡ ਰੋਡੇ (ਮੋਗਾ) ਦਾ ਭਾਈ ਬਹਾਲ ਸਿੰਘ ਅਤੇ ਸਾਈਂ ਦਾਸ ਹੋਰਾਂ ਦਾ ਕਵੀਸ਼ਰੀ ਜਥਾ ਮਲਵਈ ਸ਼ਾਇਰੀ ਦੀਆਂ ਤਰਜਾਂ ਤੇ ਦੀਵਾਨਾਂ ਵਿਚ ਗਾਇਆ ਕਰਦਾ ਸੀ। ਭਾਈ ਗੁਰਬਖ਼ਸ਼ ਸਿੰਘ ਰਾਮਪੁਰੀ ਨੇ ਵੀ ਕਵਿਤਾ ਵਿਚ ਕੂਕਾ ਕਥਾ ਲਿਖੀ ਹੈ।

ਵੀਹਵੀਂ ਸਦੀ ਦੇ ਮਗਰਲੇ ਅੱਧ ਵਿਚ ਨਾਮਧਾਰੀ ਰਚਨਾਕਾਰਾਂ ਵਿਚ ਵੱਡਾ ਨਾਮ ਸੰਤ ਤਰਨ ਸਿੰਘ ਵਹਿਮੀ ਦਾ ਹੈ। ਉਹ ਹਿੰਦੂ ਚੱਕ (ਗੁਜਰਾਂਵਾਲਾ) ਦੇ ਟਕਸਾਲੀ ਨਾਮਧਾਰੀ ਪਰਿਵਾਰ ਵਿਚ 1902 ਈ. ਵਿਚ ਜਨਮੇ ਅਤੇ ਪਿੰਡ ਬੁੱਢੀ ਮਾੜੀ (ਸਿਰਸਾ) ਵਿਚ 19 ਜੁਲਾਈ 1978 ਨੂੰ ਚਲਾਣਾ ਕਰ ਗਏ। ਘਰ ਵਿਚ ਲੰਬੜਦਾਰੀ ਸੀ, ਮਾਮਲੇ ਦੇ ਹਿਸਾਬ ਕਿਤਾਬ ਲਈ ਸਕੂਲ ਵਿਚੋਂ ਉਰਦੂ ਪੜ੍ਹੀ। ਗੁਰਬਾਣੀ ਅਤੇ ਧਾਰਮਿਕ ਗ੍ਰੰਥ ਧਰਮਸ਼ਾਲਾ ਵਿਚੋਂ ਪੜ੍ਹੇ। ਸੰਨ 1920 ਦੇ ਦਹਾਕੇ ਦੇ ਆਰੰਭ ਵਿਚ ਭੈਣੀ ਸਾਹਿਬ ਜਾਂਦਿਆਂ ਆਉਂਦਿਆਂ ਸਤਿਗੁਰੂ ਜੀ ਦੀ ਸੰਗਤ ਵਿਚ ਚੱਕਰਵਰਤੀ ਜੀ ਆਦਿ ਵਿਦਵਾਨਾਂ ਨਾਲ ਮੇਲ ਹੋਇਆ। ਆਲਿਮ ਜੀ ਤਾਂ ਵੰਡ ਤੋਂ ਪਹਿਲਾਂ ਰਹਿੰਦੇ ਵੀ ਆਪ ਦੇ ਗੁਆਂਢੀ ਸ਼ਹਿਰ ਗੁਜਰਾਂਵਾਲੇ ਵਿਚ ਹੀ ਸਨ। ਇਨ੍ਹਾਂ ਸਾਰੀਆਂ ਵੱਡੀਆਂ ਹਸਤੀਆਂ ਤੋਂ ਉਨ੍ਹਾਂ ਨੂੰ ਨਾਮਧਾਰੀ ਇਤਿਹਾਸ ਇਕੱਠਾ ਕਰਨ ਅਤੇ ਲਿਖਣ ਦੀ ਚੇਟਕ ਲੱਗੀ। ਵਹਿਮ ਦੀ ਹੱਦ ਤਕ ਇਹ ਲਗਨ ਹੋਣ ਕਾਰਨ ਉਨ੍ਹਾਂ ਨੂੰ ਵਹਿਮੀ ਕਿਹਾ ਜਾਣ ਲੱਗਾ ਜਿਸ ਨੂੰ ਉਨ੍ਹਾਂ ਉਪਨਾਮ ਵਜੋਂ ਵਰਤ ਲਿਆ। ਆਪਣੇ ਇਸ ਵਹਿਮ ਬਾਰੇ ਉਹ ਆਪਣੀ ਇਕ ਕਵਿਤਾ ਵਿਚ ਲਿਖਦੇ ਹਨ—

ਕਿਸੇ ਨੂੰ ਹੈ ਵਹਿਮ ਕਾਰੋਬਾਰ ਨਾਰ ਪੁੱਤਰਾਂ ਦਾ,
ਕਿਸੇ ਨੂੰ ਹੈ ਵਹਿਮ ਚੌੜ, ਇੱਜ਼ਤ, ਕਿਆਸ ਦਾ।

ਕਿਸੇ ਨੂੰ ਹੈ ਵਹਿਮ ਵਾਧੂ ਗੱਲਾਂ ਕਰਨ ਸੁਣਨ ਦਾ ਹੀ,
ਕਿਸੇ ਨੂੰ ਹੈ ਵਹਿਮ ਮੈਥੋਂ ਵਧ ਜਾਏ ਨਾ ਪਾਸ ਦਾ।
ਕਿਸੇ ਨੂੰ ਹੈ ਵਹਿਮ ਮੇਰੀ ਮਾਇਆ ਪਾਇਆਂ ਹੋਰ ਹੋਵੇ,
ਕਿਸੇ ਨੂੰ ਹੈ ਵਹਿਮ ਖਾਣ, ਖੇਡਣ, ਲਿਬਾਸ ਦਾ।
ਇਕ ਇਕ ਵਹਿਮ ਵਿਚ ਰੁੱਝੀ ਸਾਰੀ ਦੁਨੀਆ ਜਿਉਂ,
ਵਹਿਮੀ ਨੂੰ ਹੈ ਵਹਿਮ ਨਾਮਧਾਰੀ ਇਤਿਹਾਸ ਦਾ।

ਸਤਿਜੁਗ ਅਖ਼ਬਾਰ ਵਿਚ ਨਾਮਧਾਰੀ ਸਾਧੂਆਂ ਸੰਤਾਂ ਬਾਰੇ ਸਮਾਚਾਰ ਪੁੱਛ ਗਿੱਛ ਕੇ ਵਹਿਮੀ ਜੀ, ਚੌਥੇ ਦਹਾਕੇ (ਪਿਛਲੀ ਸਦੀ) ਦੇ ਮੁੱਢ ਤੋਂ ਹੀ ਲਿਖਦੇ ਰਹੇ। ਸਤਿਗੁਰੂ ਰਾਮ ਸਿੰਘ ਅਤੇ ਉੱਘੀਆਂ ਨਾਮਧਾਰੀ ਹਸਤੀਆਂ ਦੇ ਵਿਲੱਖਣ ਕਾਰਨਾਮਿਆਂ ਨਾਲ ਭਰਪੂਰ ਕਵਿਤਾਵਾਂ ਵੀ ਲਿਖਦੇ। ਉਹ ਸਮਾਜਿਕ ਅਤੇ ਰਾਜਨੀਤਕ ਮਸਲਿਆਂ ਬਾਰੇ ਵੀ ਕਵਿਤਾਵਾਂ ਲਿਖਦੇ। ਪ੍ਰੋ. ਜਸਵੰਤ ਸਿੰਘ ਜੱਸ ਹੋਰਾਂ ਦੀ ਕਿਤਾਬ 'ਬਾਬਾ ਰਾਮ ਸਿੰਘ ਨਾਮਧਾਰੀ' ਵਿਚ ਇਤਿਹਾਸਕ ਵਾਕਿਆਤ ਦੀਆਂ ਉਕਾਈਆਂ ਨੂੰ ਸੋਧਣ ਲਈ ਉਨ੍ਹਾਂ 'ਸਚਹੁ ਉਰੈ ਸਭਿ ਕੋ' ਆਲੋਚਨਾਤਮਕ ਪੁਸਤਕ ਵੀ ਲਿਖੀ। ਗੁਰ ਇਤਿਹਾਸ ਨਾਲ ਸੰਬੰਧਿਤ ਪੰਜ ਭਰਮਾਂ ਦਾ ਨਿਰਾਕਰਣ ਕਰਨ ਲਈ 'ਪੰਜ ਨਿਰਨੇ' ਪੁਸਤਕ ਵੀ ਲਿਖੀ। ਉਨ੍ਹਾਂ ਪੰਜਾਬੀ ਦੀ ਕਿੱਸਾ ਕਾਵਿ ਪਰੰਪਰਾ ਵਿਚ ਸਾਫ਼ ਪਾਣੀ, ਅੱਖੀਆਂ, ਸੋਰਠ ਬੀਜਾ ਆਦਿਕ ਰਚਨਾਵਾਂ ਵੀ ਛਪਵਾਈਆਂ। ਨਾਮਧਾਰੀ ਇਤਿਹਾਸ ਦੀ ਰੋਸ਼ਨੀ ਵਿਚ ਕੁਝ ਹੋਰ ਕਿਤਾਬਾਂ ਲਿਖੀਆਂ ਪਰ ਉਨ੍ਹਾਂ ਦਾ ਸਦਜੀਵੀ ਕਾਰਜ ਛੇ ਭਾਗਾਂ ਵਿਚ ਛਪਿਆ ਵਾਰਤਕ ਗ੍ਰੰਥ 'ਜੱਸ ਜੀਵਨ' ਹੈ, ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਵੇਰਵਿਆਂ ਅਤੇ ਅਨੇਕ ਸਿੱਖਾਂ ਸਾਧੂਆਂ ਨਾਲ ਹੋਈਆਂ ਉਨ੍ਹਾਂ ਦੀਆਂ ਮੁਲਾਕਾਤਾਂ ਉੱਪਰ ਆਧਾਰਿਤ ਹੈ। ਇਹ ਰਚਨਾ ਵੀ ਜਨਮ ਸਾਖੀ ਸ਼ੈਲੀ ਵਿਚ ਲਿਖੀ ਗਈ ਹੈ ਅਤੇ ਦਰਅਸਲ ਜਿਥੋਂ ਸੰਤ ਸੰਤੋਖ ਸਿੰਘ ਬਾਹੋਵਾਲ ਦਾ ਕਾਰਜ ਖੇਤਰ ਸਮਾਪਤ ਹੁੰਦਾ ਹੈ, ਉਸ ਤੋਂ ਅੱਗੇ ਵਹਿਮੀ ਜੀ ਦਾ ਕੰਮ ਸ਼ੁਰੂ ਹੁੰਦਾ ਹੈ। ਭੈਣੀ ਸਾਹਿਬ ਦੇ ਹੋਲਿਆਂ ਮੇਲਿਆਂ ਸਮੇਂ ਨਾਮਧਾਰੀ ਸਿੱਖਾਂ ਨਾਲ ਮੁਲਾਕਾਤਾਂ ਵੇਲੇ ਵਹਿਮੀ ਜੀ ਆਪਣੇ ਗ੍ਰੰਥ ਲਈ ਆਧਾਰ ਸਮੱਗਰੀ ਉਮਰ ਭਰ ਇਕੱਠੀ ਕਰਦੇ ਰਹੇ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਬਾਅਦ ਉਨ੍ਹਾਂ ਇਸ ਨੂੰ ਵਿਧੀਵਤ ਲਿਖਣਾ ਆਰੰਭਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗੁਰਤਾ ਕਾਲ ਦੇ ਪਹਿਲੇ ਦੋ ਕੁ ਦਹਾਕਿਆਂ ਦੇ ਸਮਾਚਾਰ, ਉਨ੍ਹਾਂ ਸੰਬੰਧਿਤ ਸਿੱਖਾਂ ਤੋਂ ਪੁੱਛੇ। ਸਭ ਦਾ ਵੇਰਵਾ ਉਹ ਆਪਣੀ ਰਚਨਾ ਵਿਚ ਦਿੰਦੇ ਹਨ। ਮਗਰਲੇ ਤੀਹ ਕੁ ਸਾਲਾਂ ਦੇ ਵੇਰਵਿਆਂ ਲਈ, ਸਤਿਜੁਗ ਵਿਚ ਪ੍ਰਕਾਸ਼ਿਤ ਠੋਸ ਸਮੱਗਰੀ ਉਪਲਬਧ ਸੀ। ਇਸ ਲਈ ਵਹਿਮੀ ਜੀ ਦੀ ਇਹ ਵੱਡਆਕਾਰੀ ਰਚਨਾ ਨਾ ਸਿਰਫ਼ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਦੀ ਸਟੀਕ ਜਾਣਕਾਰੀ ਹੈ, ਸਗੋਂ ਇਹ ਉਨ੍ਹੀਵੀਂ ਸਦੀ ਦੇ ਮਗਰਲੇ ਕੁਝ ਦਹਾਕਿਆਂ ਅਤੇ ਵੀਹਵੀਂ ਦੇ ਪਹਿਲੇ ਛੇ

ਦਹਾਕਿਆਂ ਦੇ ਪੰਜਾਬ ਨਾਲ ਸੰਬੰਧਿਤ ਵਾਕਿਆਤ ਨੂੰ ਵੀ ਦਰਜ ਕਰਨ ਵਾਲੀ ਹੈ। ਇਸ ਵਿਚ ਦੇਸ਼ ਪ੍ਰਦੇਸ਼ ਅਤੇ ਕੌਮਾਂਤਰੀ ਸਤਰ 'ਤੇ ਵਾਪਰਨ ਵਾਲੀਆਂ ਘਟਨਾਵਾਂ ਵੀ ਦਰਜ ਹਨ। ਵੱਖ-ਵੱਖ ਧਾਰਮਿਕ ਰਾਜਨੀਤਿਕ, ਸਾਹਿਤਕ ਅਤੇ ਸਮਾਜਿਕ ਹਸਤੀਆਂ ਦਾ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਮੇਲਜੋਲ ਸੀ। ਗ਼ਦਰ ਪਾਰਟੀ, ਕਿਰਤੀ ਕਿਸਾਨ ਲਹਿਰਾਂ, ਅਕਾਲੀ ਪਾਰਟੀ, ਬੱਬਰ ਅਕਾਲੀ, ਜਲਿਆਂਵਾਲਾ ਬਾਗ ਦਾ ਸਾਕਾ, ਮਹਾਰਾਜਾ ਰਿਪੁਦਮਨ ਸਿੰਘ ਦਾ ਨਾਭੇ ਦੀ ਗੱਦੀ ਤੋਂ ਉਤਾਰਿਆ ਜਾਣਾ, ਭਗਤ ਸਿੰਘ ਅਤੇ ਸਾਥੀਆਂ ਦੀ ਫਾਂਸੀ, ਊਧਮ ਸਿੰਘ ਸੁਨਾਮ ਦੀ ਸ਼ਹੀਦੀ, ਸੁਭਾਸ਼ ਚੰਦਰ ਬੋਸ ਅਤੇ ਆਜ਼ਾਦ ਹਿੰਦ ਫ਼ੌਜ, ਮਹਾਤਮਾ ਗਾਂਧੀ, ਪੰਡਤ ਜਵਾਹਰ ਲਾਲ ਨਹਿਰੂ, ਸ੍ਰ. ਪਟੇਲ, ਮੌਲਾਨਾ ਅਬੁਲ ਕਲਾਮ ਆਜ਼ਾਦ ਆਦਿ ਦਾ ਜ਼ਿਕਰ ਗ੍ਰੰਥ ਦੀ ਅਮੀਰੀ ਵਿਚ ਵਾਧਾ ਕਰਦਾ ਹੈ। ਦੇਸ਼ ਬਟਵਾਰੇ ਦੇ ਅੱਖੀਂ ਡਿੱਠੇ ਸਮਾਚਾਰ ਵੀ ਅੰਕਿਤ ਹਨ। ਬਾਬਾ ਗੁਰਦਿਤ ਸਿੰਘ ਕਾਮਾਗਾਟਾ ਮਾਰੂ, ਭਗਤ ਸਿੰਘ ਦੇ ਪਿਤਾ ਸ੍ਰ. ਕਿਸ਼ਨ ਸਿੰਘ, ਸਰ ਸੁੰਦਰ ਸਿੰਘ ਮਜੀਠਾ, ਮਹਾਰਾਜ ਸਾਵਣ ਸਿੰਘ ਜੀ ਰਾਧਾ ਸੁਆਮੀ, ਲਾਲਾ ਲਾਜਪਤ ਰਾਏ, ਮਦਨ ਮੋਹਨ ਮਾਲਵੀਆ, ਸੈਫੁਦੀਨ ਕਿਚਲੂ, ਡਾ. ਸਤਪਾਲ, ਲਾਲਾ ਕੇਦਾਰਨਾਥ ਸਹਿਗਲ, ਚੌਧਰੀ ਗ਼ੁਲਾਮ ਹੈਦਰ ਖਾਂ, ਮਹਿਤਾ ਅਨੰਦ ਕਿਸ਼ੋਰ ਲਾਹੌਰ, ਸੁਆਮੀ ਸ਼ਰਧਾ ਨੰਦ, ਬਾਬਾ ਸੋਹਣ ਸਿੰਘ ਭਕਨਾ, ਸਰਦੂਲ ਸਿੰਘ ਕਵੀਸ਼ਰ, ਸੱਯਦ ਹਬੀਬੁੱਲਾ, ਬਾਬਾ ਖੜਕ ਸਿੰਘ ਬੇਤਾਜ ਬਾਦਸ਼ਾਹ, ਮਾਸਟਰ ਤਾਰਾ ਸਿੰਘ, ਸ੍ਰ. ਸੁੰਦਰ ਸਿੰਘ ਲਾਇਲਪੁਰੀ, ਸੇਠ ਜੁਗਲ ਕਿਸ਼ੋਰ ਬਿਰਲਾ, ਭਗਵਾਨ ਦਾਸ ਹਜਰੋਂ, ਸਰ ਜੋਗਿੰਦਰ ਸਿੰਘ ਤੇ ਡਾਕਟਰ ਗੋਕਲ ਚੰਦ ਨਾਰੰਗ ਵਜ਼ੀਰ ਪੰਜਾਬ, ਸੁਆਮੀ ਸੁਤੰਤਰਤਾ ਨੰਦ, ਗਿਆਨੀ ਸ਼ੇਰ ਸਿੰਘ, ਪ੍ਰੋਫ਼ੈਸਰ ਗੰਗਾ ਸਿੰਘ, ਪ੍ਰੋਫੈਸਰ ਜੋਧ ਸਿੰਘ, ਗੁਪਾਲ ਸਿੰਘ ਕੌਮੀ, ਭਾਈ ਕਾਹਨ ਸਿੰਘ ਨਾਭਾ, ਗਿਆਨੀ ਗਿਆਨ ਸਿੰਘ ਇਤਿਹਾਸਕਾਰ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਗਿਆਨੀ ਗੁਰਮੁਖ ਸਿੰਘ ਮੁਸਾਫਰ, ਭਾਈ ਸਾਹਿਬ ਭਾਈ ਅਰਜਨ ਸਿੰਘ ਬਾਗੜੀਆ, ਉਦਾਸੀ ਮਹੰਤ ਹੀਰਾ ਦਾਸ ਬਿਲਗਾ, ਆਦਿਕ ਸੈਂਕੜੇ ਨਾਮ ਅਜਿਹੇ ਹਨ ਜਿਨ੍ਹਾਂ ਦੀ ਨਾਮਧਾਰੀ ਦਰਬਾਰ ਨਾਲ ਸਾਂਝ ਦਾ ਕਾਰਨ ਸਤਿਗੁਰੂ ਪ੍ਰਤਾਪ ਸਿੰਘ ਬਣੇ। ਇਉਂ ਉਨ੍ਹਾਂ ਦਾ ਸੁਲਾਹਕੁਲ ਵਾਲਾ ਬਿੰਬ ਇਸ ਪੁਸਤਕ ਵਿਚੋਂ ਉਭਰਦਾ ਹੈ ਕਿਉਂਕਿ ਵਹਿਮੀ ਜੀ ਆਧੁਨਿਕ ਇਤਿਹਾਸ ਬੋਧ ਤੋਂ ਪ੍ਰੀਚਿਤ ਨਹੀਂ ਸਨ। ਇਸ ਲਈ ਉਨ੍ਹਾਂ ਦਾ ਇਸ ਰਚਨਾ ਦਾ ਮੰਤਵ, ਆਪਣੇ ਇਤਿਹਾਸ ਨਾਇਕ ਦੇ ਵਿਅਕਤੀਤਵ ਨੂੰ ਉਭਾਰਨ ਲਈ ਇਨ੍ਹਾਂ ਦੁਆਰਾ ਰਚਿਤ ਘਟਨਾਵਾਂ ਨੂੰ ਸਾਖੀ ਸਾਹਿਤ ਦੀ ਚਾਸ਼ਨੀ ਵਿਚ ਡੁਬੋਣਾ ਸੀ। ਉਨ੍ਹਾਂ ਦੀ ਵਾਕ ਬਣਤਰ ਪਾਠਕ ਸਰੋਤੇ ਤੋਂ ਵਿਸ਼ੇਸ਼ ਸੰਜਮ ਦੀ ਮੰਗ ਕਰਦੀ ਹੈ। ਨਾਮਧਾਰੀ ਪੰਥ ਦਾ ਧਾਰਮਿਕ, ਰਾਜਨੀਤਕ, ਸਮਾਜਿਕ ਅਤੇ ਸਾਹਿਤਕ ਦਸਤਾਵੇਜ਼ ਹੈ 'ਜੱਸ ਜੀਵਨ'। ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ ਵੱਲੋਂ, ਪੱਛਮੀ ਪੰਜਾਬ ਤੋਂ ਆ ਕੇ ਹਰਿਆਣਾ ਦੇ ਇਸ ਭੂ-ਭਾਗ ਵਿਚ ਨਿਵਾਸ ਕਰਨ ਵਾਲੇ, ਅਲਬੇਲੇ

ਸਾਹਿਤਕਾਰ ਦੀ ਯਾਦ ਵਿਚ ਇਕ ਸਾਲਾਨਾ ਸਨਮਾਨ ਦੇਣ ਦਾ ਸਿਲਸਿਲਾ ਵੀ ਪਿਛਲੇ ਕੁਝ ਸਾਲਾਂ ਤੋਂ ਜ਼ਾਰੀ ਹੈ।

ਇਕ ਨਾਮਧਾਰੀ ਵਿਦਿਆਲਾ ਭੈਣੀ ਸਾਹਿਬ ਵਿਚ 1928-29 ਈ. ਤੋਂ ਸ਼ੁਰੂ ਹੋਇਆ ਸੀ ਜਿਸ ਵਿਚ ਉਨ੍ਹਾਂ ਨੂੰ ਹਿੰਦੀ, ਪੰਜਾਬੀ, ਸੰਸਕ੍ਰਿਤ, ਅੰਗਰੇਜ਼ੀ ਆਦਿ ਭਾਸ਼ਾਵਾਂ, ਗੁਰਬਾਣੀ, ਗੁਰਮਤਿ ਸਾਹਿਤ ਅਤੇ ਦਸਤਕਾਰੀ ਦੀ ਸਿੱਖਿਆ ਵੀ ਦਿੱਤੀ ਜਾਂਦੀ ਸੀ। ਕਿਉਂਕਿ ਨਾਮਧਾਰੀ ਅੰਗਰੇਜ਼ੀ ਸਰਕਾਰ ਵੱਲੋਂ ਸਥਾਪਿਤ ਸਕੂਲਾਂ ਵਿਚ ਆਪਣੇ ਬੱਚਿਆਂ ਨੂੰ ਬਾਈਕਾਟ ਦੀ ਨੀਤੀ ਕਾਰਨ ਨਹੀਂ ਪੜ੍ਹਾਉਂਦੇ ਸਨ। ਉਂਜ ਵੀ 1921-22 ਵਿਚ ਗਾਂਧੀ ਜੀ ਦੇ ਅਸਹਿਯੋਗ ਅੰਦੋਲਨ ਤੋਂ ਬਾਅਦ, ਸਰਕਾਰੀ ਸਕੂਲਾਂ ਕਾਲਜਾਂ ਵਿਚ ਵਿਦਿਆਰਥੀਆਂ ਨੂੰ ਨਾ ਪੜ੍ਹਾਉਣ ਦੀ ਮੁਹਿੰਮ ਜ਼ੋਰ ਫੜ ਗਈ ਸੀ, ਇਸ ਲਈ ਅਨੇਕ ਥਾਵਾਂ ਤੋਂ ਕੌਮੀ ਵਿਦਿਆਲੇ, ਕਾਲਜ ਖੋਲ੍ਹੇ ਜਾ ਰਹੇ ਸਨ। ਇਸ ਸਕੂਲ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕੁਝ ਜ਼ਿੰਮੇਵਾਰੀ ਸਤਿਜੁਗ ਅਖ਼ਬਾਰ ਲਈ ਮਜ਼ਮੂਨ ਪ੍ਰਿੰਟ ਕਰਨ ਵਿਚ ਵੀ ਲਾਈ ਜਾਂਦੀ ਸੀ, ਜਿਸ ਕਾਰਨ ਇਥੋਂ ਪੜ੍ਹੇ ਕੋਈ ਪੌਣਾ ਸੈਂਕੜਾ ਵਿਦਿਆਰਥੀਆਂ ਵਿਚ, ਸਾਹਿਤਕ ਰੁਚੀਆਂ ਪਾਈਆਂ ਗਈਆਂ। ਹੋਰਨਾਂ ਤੋਂ ਇਲਾਵਾ ਇਨ੍ਹਾਂ ਵਿਚ ਤਿੰਨ ਆਪਣੇ ਭਾਵੀ ਜੀਵਨ ਵਿਚ ਸਤਿਜੁਗ ਦੇ ਸੰਪਾਦਕ ਅਤੇ ਉੱਘੇ ਲੇਖਕ ਹੋ ਨਿਬੜੇ। ਇਹ ਸਨ—ਪ੍ਰੀਤਮ ਸਿੰਘ ਕਵੀ, ਪ੍ਰੀਤਮ ਸਿੰਘ ਪੰਛੀ ਅਤੇ ਰਜਿੰਦਰ ਸਿੰਘ ਗੁਰੂਸਰ। ਕਵੀ ਡੱਫਰਕੇ (ਲਾਹੌਰ) ਦਾ ਮਝੈਲ, ਪੰਛੀ ਫਲਪੋਤਾ (ਜਲੰਧਰ) ਦਾ ਦੁਆਬੀਆ ਅਤੇ 'ਗੁਰੂ ਸਰ', ਗੱਦਾਂ ਡੋਬ (ਗੁਰੂ ਸਰ-ਫਾਜ਼ਿਲਕਾ) ਦਾ ਮਲਵਈ ਸੀ। ਪਹਿਲੇ ਦੋਵੇਂ ਵਿਦਿਆਲੇ ਦੀ ਸਿੱਖਿਆ ਤੋਂ ਤੁਰੰਤ ਬਾਅਦ, ਦੂਜੇ ਸੰਸਾਰ ਜੰਗ ਦੇ ਵਿਰੋਧ ਵਿਚ, ਅਮਨ ਦੀ ਧਿਰ ਵਜੋਂ ਉਭਰ ਰਹੇ ਸੰਸਾਰ ਕਮਿਊਨਿਸਟ ਅੰਦੋਲਨ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਵਿਸ਼ਵ ਸ਼ਾਂਤੀ ਦਾ ਪ੍ਰਤੀਕ ਅਤੇ ਸਮਤਾ ਮੂਲਕ ਸਿੱਖਿਆ ਦੇ ਅਨੁਰੂਪ ਸਮਝ ਕੇ, ਕੌਮੀ ਮੁਕਤੀ ਅਤੇ ਲੋਕ ਕ੍ਰਾਂਤੀ ਲਈ ਜੂਝ ਰਹੀ ਭਾਰਤੀ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਏ ਅਤੇ ਅਗਲੇ ਜੀਵਨ ਵਿਚ ਸਰਗਰਮ ਕਾਰਜ ਕਰਤਾ ਬਣ ਗਏ। ਇਸ ਲਈ ਉਨ੍ਹਾਂ ਦੀਆਂ ਭਾਵੀ ਲਿਖਤਾਂ ਵਿਚ ਨਾਮਧਾਰੀ ਸਾਹਿਤ ਇਤਿਹਾਸ ਦੀ ਕਮਿਊਨਿਸਟ ਪੈਂਤੜੇ ਤੋਂ ਨਿਰਖ ਪਰਖ ਕੀਤੀ ਜਾਣ ਲੱਗੀ। ਪ੍ਰੀਤਮ ਸਿੰਘ ਕਵੀ ਜਿਨ੍ਹਾਂ ਦੀਆਂ ਸਤਿਗੁਰੂ ਜਗਜੀਤ ਸਿੰਘ ਜੀ (1920-2012) ਦੇ ਗੁਰਤਾ ਕਾਲ ਤੋਂ ਪਹਿਲਾਂ ਦੇ ਇਕ ਸਾਲ ਅਤੇ ਫਿਰ 1959 ਤੋਂ 64 ਤਕ ਦੇ ਕੁਝ ਸਾਲਾਂ ਦੇ ਟੁੱਟਵੇਂ ਸਮਾਚਾਰ ਅਤੇ ਜੁਲਾਈ 1977 ਤੋਂ 1990-92 ਤਕ ਦੇ ਲਗਾਤਾਰ ਸਮਾਚਾਰ ਦੀਆਂ ਡਾਇਰੀਆਂ "ਬੀਤੇ ਦੀਆਂ ਪੈੜਾਂ" ਨਾਮੀ ਪੁਸਤਕ ਲੜੀ ਵਿਗਚ ਹੁਣ ਤਕ 17 ਕਿਤਾਬਾਂ ਛਪ ਚੁੱਕੀਆਂ ਹਨ ਅਤੇ ਅਜੇ ਤਕ 10-12 ਛਪਾਈ ਅਧੀਨ ਹਨ। ਹੁਣ ਤਕ 1986 ਤਕ ਦੇ ਸਮਾਚਾਰਾਂ ਦੀਆਂ ਡਾਇਰੀਆਂ ਛਪ ਚੁੱਕੀਆਂ ਹਨ। ਡਾਇਰੀ ਵਿਧਾ ਦੁਆਰਾ ਕਿਸੇ ਵਿਸ਼ੇਸ਼ ਭਾਈਚਾਰੇ ਨਾਲ ਸੰਬੰਧਿਤ

ਜੀਵਨ ਚਿਤਰਣ ਪੰਜਾਬੀ ਵਾਰਤਕ ਵਿਚ ਪ੍ਰੀਤਮ ਸਿੰਘ ਕਵੀ ਦੁਆਰਾ ਸਿਰਜਤ ਇਕ ਅਸਲੋਂ ਨਿਵੇਕਲੀ ਅਤੇ ਵਿਲੱਖਣ ਸ਼ੈਲੀ ਹੈ। ਨਾਮਧਾਰੀ ਸਾਹਿਤ, ਇਤਿਹਾਸ, ਸਭਿਆਚਾਰ ਨਾਲ ਸੰਬੰਧਿਤ ਵਡਮੁੱਲੀ ਸਮੱਗਰੀ ਇਸ ਵਿਚ ਦਰਜ ਹੈ। ਲਿਖਤਾਂ ਦੇ ਕੇਂਦਰੀ ਪਾਤਰ ਬੇਸ਼ਕ ਸਤਿਗੁਰੂ ਪ੍ਰਤਾਪ ਸਿੰਘ ਜਾਂ ਸਤਿਗੁਰੂ ਜਗਜੀਤ ਸਿੰਘ ਹਨ, ਇਸ ਵਿਚ ਨਾਮਧਾਰੀ ਸਮੁਦਾਇ ਨਾਲ ਸੰਬੰਧਿਤ, ਦੇਸਾਂ ਵਿਦੇਸ਼ਾਂ ਵਿਚ ਫੈਲੇ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ, ਵਕਤ ਦੀਆਂ ਅਨੇਕ ਸਮਾਜਿਕ, ਸਾਹਿਤਕ, ਧਾਰਮਿਕ, ਰਾਜਨੀਤਕ, ਕਾਰੋਬਾਰੀ ਅਤੇ ਪ੍ਰੋਫੈਸ਼ਨਲ ਵਿਅਕਤੀ ਜੋ ਕਿਸੇ ਵਿਸ਼ੇਸ਼ ਸਮੇਂ, ਸਤਿਗੁਰੂ ਜੀ ਦੇ ਸੰਪਰਕ ਵਿਚ ਆਏ ਉਨ੍ਹਾਂ ਬਾਰੇ ਵੀ ਜਾਣਕਾਰੀ ਮਿਲਦੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਨੋਦ-ਪ੍ਰਿਯਤਾ ਦੀਆਂ ਅਨੇਕਾਂ ਮਿਸਾਲਾਂ ਮਿਲਦੀਆਂ ਹਨ। ਅੱਧ 1979 ਵਿਚ ਜਦੋਂ ਕੇਂਦਰ ਦੀ ਜਨਤਾ ਪਾਰਟੀ ਦੀ ਮੋਰਾਰਜੀ ਡਿਸਾਈ ਸਰਕਾਰ ਡਾਵਾਂਡੋਲ ਹੋ ਰਹੀ ਸੀ, ਉਨ੍ਹਾਂ ਦਿਨਾਂ ਵਿਚ ਹੀ ਸਕਾਈ ਲੈਬ ਦੇ ਡਿੱਗਣ ਦੀ ਅਫਵਾਹ ਜ਼ੋਰਾਂ 'ਤੇ ਸੀ। ਕਿਸੇ ਦੇ ਪੁੱਛਣ 'ਤੇ ਸਤਿਗੁਰੂ ਜੀ ਨੇ ਕਿਹਾ—"ਸਕਾਈ ਲੈਬ ਤਾਂ ਨਹੀਂ ਮੈਨੂੰ ਤਾਂ 'ਡਿਸਾਈ ਲੈਬ' ਡਿਗਦੀ ਦਿਸ ਰਹੀ ਹੈ।" ਪ੍ਰੋ. ਪ੍ਰੀਤਮ ਸਿੰਘ ਪਟਿਆਲਾ ਜਿਹੇ ਨਾਮੀ ਵਿਦਵਾਨਾਂ ਨੇ 'ਬੀਤੇ ਦੀਆਂ ਪੈੜਾਂ' ਦੇ ਲੇਖਕ ਦੀ "ਮਿਹਨਤ, ਲਗਨ, ਸਿਰੜ ਤੇ ਉਸ ਦੇ ਲਿਖਣ ਦੇ ਅੰਦਾਜ਼" ਦੀ ਪ੍ਰਸੰਸਾ ਕੀਤੀ ਸੀ।[23] ਪ੍ਰੀਤਮ ਸਿੰਘ ਕਵੀ ਦਾ ਸਾਹਿਤਕ ਸਫ਼ਰ 1940 ਈ. ਤੋਂ ਸ਼ੁਰੂ ਹੋ ਕੇ ਲਗਪਗ ਮਈ 2002 ਜੀਵਨ ਦੇ ਆਖ਼ਰੀ ਸਾਲਾਂ ਤਕ ਜਾਰੀ ਰਿਹਾ। ਉਨ੍ਹਾਂ ਦਾ ਜਨਮ 1912 ਈ. ਦਾ ਸੀ। ਉਨ੍ਹਾਂ ਨੇ ਇਸ਼ਟ ਗੁਰੂ ਬਾਰੇ ਸੂਫੀਆਨਾ ਅੰਦਾਜ਼ ਵਿਚ ਰੁਬਾਈਆਂ ਦੀ ਕਿਤਾਬ ਸਿਮਰਨ ਵੀ ਲਿਖੀ ਅਤੇ ਅਨੇਕ ਛੋਟੇ ਛੋਟੇ ਪੈਂਫਲਿਟ ਵੀ। ਉਨ੍ਹਾਂ ਦੀ ਸ਼ੈਲੀ ਧਾਰਾ ਪ੍ਰਵਾਹ ਠੁੱਕਦਾਰ, ਰਸਦਾਰ, ਗੁੰਦਵੀਂ ਅਤੇ ਸੋਹਜ ਬੋਧ ਨਾਲ ਭਰਪੂਰ ਹੁੰਦੀ ਸੀ। ਆਪਣੀ ਲਿਖਤ ਵਿਚ ਉਨ੍ਹਾਂ ਕਿਸੇ ਵੱਡੇ ਛੋਟੇ ਦਾ ਲਿਹਾਜ ਨਹੀਂ ਕੀਤਾ। ਨਿਕਟ ਭਵਿੱਖ ਵਿਚ ਕੂਕਿਆਂ ਬਾਰੇ ਖੋਜ ਕਰਨ ਵਾਲਿਆਂ ਨੂੰ ਕੂਕਿਆਂ ਦੀ ਸੰਸਾਰ ਅਮਨ ਵਿਚ ਦੇਣ, ਸ਼ਾਕਾਹਾਰ, ਪੰਜਾਬੀ ਸਭਿਆਚਾਰ ਅਤੇ ਸਾਹਿਤ ਸਭਿਆਚਾਰ ਦੇ ਸੰਰਕਸ਼ਣ ਹਿੱਤ ਕੀਤੇ ਕਾਰਜਾਂ ਅਤੇ ਹੋਰ ਅਨੇਕ ਵਿਸ਼ਿਆਂ ਬਾਰੇ ਜਾਣਕਾਰੀ ਲਈ ਕਵੀ ਵੱਲੋਂ ਸੰਪਾਦਿਤ ਕਾਲ ਦੇ 'ਸਤਿਜੁਗ' ਦੇ ਆਮ ਅਤੇ ਵਿਸ਼ੇਸ਼ ਅੰਕਾਂ ਦੀ ਮੁੱਲਵਾਨ ਸਮੱਗਰੀ ਲਾਭਕਾਰੀ ਰਹੇਗੀ। ਮਿਸਾਲ ਵਜੋਂ 'ਸਤਿਜੁਗ' ਦੇ 1965 ਦੇ ਗੁਰੂ ਹਰੀ ਸਿੰਘ ਅੰਕ ਵਿਚ ਛਪੀ ਕਵੀ ਜੀ ਦੀ ਬਾਬਾ ਸੋਹਨ ਸਿੰਘ ਭਕਨਾ ਨਾਲ ਮਿਲਣੀ 'ਤੇ ਆਧਾਰਿਤ ਲੇਖ—'ਇਨਕਲਾਬੀ ਮਹਾਂਪੁਰਖ ਦੇ ਚਰਨਾਂ ਵਿਚ'।

ਪ੍ਰੀਤਮ ਸਿੰਘ ਪੰਛੀ (1922-2005) ਬਹੁਤ ਵੱਡੇ ਕੱਦ ਵਾਲਾ ਸਾਹਿਤਕਾਰ ਸੀ ਜਿਹੜਾ ਅਨੇਕ ਪੱਤਰ ਪੱਤ੍ਰਕਾਵਾਂ ਦਾ ਸੰਪਾਦਕ ਰਿਹਾ ਅਤੇ ਆਰਸੀ ਜਿਹੇ ਪਰਚਿਆਂ

ਵਿਚ ਲਗਾਤਾਰ ਛਪਦਾ ਰਿਹਾ। "ਟੁਕੜਿਆਂ ਵਿਚ ਵੰਡਿਆ ਆਦਮੀ" ਉਸ ਦੇ ਨਾਮਧਾਰੀ ਵਿਦਿਆਲੇ ਭੈਣੀ ਸਾਹਿਬ, ਮੁਲਤਾਨ ਜਿਹਲ ਆਦਿਕ ਅਨੇਕ ਥਾਵਾਂ ਵਿਚ ਵਿਚਰਨ ਸਮੇਂ ਬਾਰੇ ਲਿਖਤਾਂ ਹਨ। ਰਚਨਾ ਸਾਹਿਤਕ ਚਾਸ਼ਨੀ ਵਿਚ ਗੜੂੰਦ, ਸ੍ਵੈਜੀਵਨੀ ਮੂਲਕ ਹੈ। ਸੰਸਾਰ ਅਮਨ ਲਹਿਰ ਬਾਰੇ ਦੂਜੇ ਜੰਗ ਸਮੇਂ ਲਿਖੀ ਉਸ ਦੀ ਕਹਾਣੀ 'ਘੁੰਗਰੂ' ਸ਼ਾਹਕਾਰ ਕਲਾਕ੍ਰਿਤੀ ਹੈ। ਗਦਰ ਲਹਿਰ ਅਤੇ ਕੂਕਾ ਲਹਿਰ ਬਾਰੇ ਉਸ ਨੇ ਹਿੰਦੀ ਵਿਚ ਵੀ ਅਨੇਕ ਪੁਸਤਕਾਂ ਲਿਖੀਆਂ। ਤਿੰਨ ਕਹਾਣੀ ਸੰਗ੍ਰਹਿ ਅਤੇ ਨਾਵਲਿਟ 'ਕੁਦੇਸਣ' ਚਰਚਿਤ ਰਹੇ। ਉਹ ਮਨੋਵਿਗਿਆਨਕ ਝੁਕਾਅ ਵਾਲਾ ਲੇਖਕ ਸੀ ਜੋ ਆਪਣੀਆਂ ਰਚਨਾਵਾਂ ਵਿਚ ਇਕ ਦੋ ਤੁਕਾਂ ਰਾਹੀਂ ਵੱਡੇ ਅਰਥ ਸਿਰਜਦਾ ਸੀ।

ਰਜਿੰਦਰ ਸਿੰਘ ਗੁਰੂਸਰ (1921–92) ਦੇ ਸਮੇਂ ਸਤਿਜੁਗ, ਮਾਸਿਕ ਰੂਪ ਵਿਚ ਛਪਦਾ ਸੀ ਅਤੇ ਉਹ ਨਾਮਧਾਰੀ ਜਗਤ ਤੋਂ ਬਾਹਰ ਦੇ ਵਿਭਿੰਨ ਪਾਸਾਰਾਂ ਬਾਰੇ ਵੀ ਉਸਾਰੂ ਦ੍ਰਿਸ਼ਟੀਕੋਣ ਤੋਂ ਲਿਖਿਆ ਕਰਦਾ ਸੀ। ਉਨ੍ਹਾਂ ਦੀ ਲੇਖਣੀ ਵਿਅੰਗ ਪਰਧਾਨ ਹੁੰਦੀ ਸੀ ਅਤੇ ਉਸ ਦੀ ਰਚਨਾ ਵਿਚ ਪ੍ਰਕਿਰਤੀ ਚਿਤਰਣ ਕਮਾਲ ਦੀ ਕਲਾਤਮਕਤਾ ਨਾਲ ਪੇਸ਼ ਕੀਤਾ ਜਾਂਦਾ ਸੀ। ਉਨ੍ਹਾਂ ਨੇ ਮਾਰੂਥਲਾਂ, ਪਰਬਤਾਂ ਅਤੇ ਦੱਖਣ ਦੇਸ ਦੇ ਸਤਿਗੁਰੂ ਪਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਹੋਰਾਂ ਨਾਲ ਕੀਤੇ ਵਿਭਿੰਨ ਦੌਰਿਆਂ ਨੂੰ ਸ਼ਾਨਦਾਰ ਸਫ਼ਰਨਾਮਾ ਵਿਧਾ ਵਿਚ ਰਚਿਆ ਸੀ। ਉਨ੍ਹਾਂ ਦੇ ਚਲਾਣੇ ਤੋਂ ਬਾਅਦ ਛਪੀ। ਉਨ੍ਹਾਂ ਦਾ ਪਰਿਵਾਰਕ ਪਿਛੋਕੜ ਅਤੇ ਗੁਰੂ ਘਰ ਦੀਆਂ ਅਨੇਕ ਇਤਿਹਾਸਕ ਘਟਨਾਵਾਂ ਬਾਰੇ ਪੁਸਤਕ 'ਬਾਬਾਣੀਆਂ ਕਹਾਣੀਆਂ' ਦਸਤਾਵੇਜ਼ੀ ਮਹੱਤਵ ਰੱਖਦੀ ਹੈ। ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਹਿਲ ਮਾਤਾ ਭੁਪਿੰਦਰ ਕੌਰ ਜੀ ਦਾ ਭਤੀਜਾ ਸੀ। ਸੰਤ ਮੰਗਲ ਸਿੰਘ ਲਾਇਲਪੁਰੀ ਦੀਆਂ ਪੁਸਤਕਾਂ ਦੀ ਗਿਣਤੀ ਤਾਂ ਕਵਿਤਾਵਾਂ ਕਹਾਣੀਆਂ ਦੀਆਂ ਦੋ ਤਿੰਨ ਹੀ ਹੈ ਪਰ ਉਨ੍ਹਾਂ ਦਾ ਵੱਡਾ ਕਾਰਜ, ਦਿੱਲੀ ਤੋਂ 1956 ਈ. ਸਮੇਂ ਤਕ ਧਾਰਮਿਕ, ਸਾਹਿਤਕ, ਰਾਜਨੀਤਕ ਮਸਲਿਆਂ ਨੂੰ ਅੱਗੇ ਵਧੂ ਨਜ਼ਰੀਏ ਨਾਲ ਛੋਹਣ ਵਾਲਾ ਸਪਤਾਹਿਕ ਪਰਚਾ 'ਨਵਾਂ ਹਿੰਦੋਸਤਾਨ' ਸੀ ਫਿਰ ਇਹ ਰੋਜ਼ਾਨਾ ਵੀ ਹੋ ਗਿਆ। ਡਾ. ਅਮਰ ਭਾਰਤੀ ਉਨ੍ਹਾਂ ਦੇ ਛੋਟੇ ਭਾਈ ਇਸ ਦੇ ਐਡੀਟਰ ਬਣੇ। ਭਾਰਤੀ ਜੀ ਬੰਗਲਾ ਚੰਗੀ ਜਾਣਦੇ ਸਨ। ਬੰਗਾਲੀ, ਆਸਾਮੀ ਤੋਂ ਉਨ੍ਹਾਂ ਦੀਆਂ ਅਨੁਵਾਦਿਤ ਪੁਸਤਕਾਂ ਵਿਚੋਂ ਇਕ ਨੂੰ ਸਾਹਿਤ ਅਕਾਦਮੀ ਦਾ ਅਨੁਵਾਦ ਸਨਮਾਨ ਮਿਲਿਆ। ਭਾਰਤੀ ਜੀ ਮੁੱਖ ਤੌਰ 'ਤੇ ਨਾਮਧਾਰੀ ਸਿਧਾਂਤ ਨੂੰ ਪ੍ਰਮਾਣੀਕਤਾ ਗੁਰਮਤਿ ਅਤੇ ਭਾਰਤੀ ਦਰਸ਼ਨ ਅਨੁਸਾਰ ਸਿੱਧ ਕਰਨ ਵਾਲੇ ਲੇਖਕ ਸਨ। ਰਾਜਨੀਤੀ ਵਿਚ ਖੱਬੇ ਝੁਕਾਅ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਸਨ। ਉਨ੍ਹਾਂ ਦੀ ਅਦੁੱਤੀ ਰਚਨਾ 'ਸਿੱਖ ਇਤਿਹਾਸ ਤੇ ਕੂਕੇ' ਨਾਮਧਾਰੀ ਇਤਿਹਾਸ ਨੂੰ ਗੁਰਸਿੱਖੀ ਦੇ ਪ੍ਰਸੰਗ ਵਿਚ ਵਿਚਾਰ ਕੇ ਵਿਰੋਧੀ ਵਿਚਾਰਾਂ ਵਾਲਿਆਂ ਨਾਲ ਦਸਤਪੰਜਾ ਲੈਣ ਵਾਲੀ ਸੀ। ਉਨ੍ਹਾਂ ਨੇ 'ਦਸਮ ਗ੍ਰੰਥ ਵਿਚ ਕੁੰਡਲਨੀ ਤੱਤ' ਆਦਿ ਗਹਿਰ ਗੰਭੀਰ ਰਚਨਾਵਾਂ ਅਤੇ 'ਅਲਹੁ

ਬਰਸਹੁ ਮੇਹੁ' ਅਤੇ 'ਮੈਂ ਅਜੇ ਵਾਪਸ ਨਹੀਂ ਆਇਆ' ਗਹਿਰ ਗੰਭੀਰ ਮਸਲੇ ਹਲਕੀ ਫੁਲਕੀ ਵਾਰਤਕ ਵਿਚ ਪੇਸ਼ ਕਰਨ ਵਾਲੀਆਂ ਕਿਤਾਬਾਂ ਵੀ ਲਿਖੀਆਂ। ਉਨ੍ਹਾਂ ਦੀ ਇਸੇ ਸਾਹਿਤਕ ਪਰੰਪਰਾ ਨੂੰ ਉਨ੍ਹਾਂ ਦੇ ਭਤੀਜਿਆਂ ਐੱਸ.ਐੱਸ. ਮਨਧੀਰ ਅਤੇ ਸਰਬ ਸ਼ਕਤੀਮਾਨ ਨੂੰ ਜਾਰੀ ਰੱਖਿਆ। ਇਸੇ ਤਰ੍ਹਾਂ ਸਾਹਿਤਕ ਪੱਤਰਕਾਰੀ ਵਿਚ ਜਗਦੀਸ਼ ਸਿੰਘ ਵਰਿਆਮ (1938-20) ਹੋਰਾਂ ਨੇ ਵਰਿਆਮ ਮੈਗਜ਼ੀਨ ਰਾਹੀਂ ਨਵੇਂ ਪੂਰਨੇ ਪਾਏ। ਉਨ੍ਹਾਂ ਦਾ ਸ੍ਵੈ-ਬਿਰਤਾਂਤ 'ਖਿੱਲਰੇ ਪੱਤਰੇ' ਦੇਸ਼ ਬਟਵਾਰੇ ਬਾਰੇ ਰਚੇ ਸ੍ਰੇਸ਼ਟ ਪੰਜਾਬੀ ਸਾਹਿਤ ਵਿਚ ਗਿਣਿਆ ਜਾਂਦਾ ਹੈ।

ਇਸ ਸਮੇਂ ਦੇ ਇਕ ਵੱਡੇ ਸਾਹਿਤਕਾਰ, ਸਤਿਜੁਗ ਦੇ ਸੰਪਾਦਕ ਰਹੇ ਮਾ. ਨਿਹਾਲ ਸਿੰਘ ਜੀ ਸਨ ਜਿਨ੍ਹਾਂ ਦੀਆਂ ਸਾਖੀ ਵਿਧਾ ਵਿਚ ਨਾਮਧਾਰੀ ਇਤਿਹਾਸ ਅਤੇ ਸਤਿਗੁਰੂ ਦੀ ਉਦਾਰਤਾ ਨੂੰ ਦਰਸਾਉਂਦੀਆਂ ਅਨੇਕ ਪੁਸਤਕਾਂ ਤੋਂ ਇਲਾਵਾ, ਗੁਰੂ ਹਰੀ ਸਿੰਘ ਜੀਵਨ ਨੂੰ 'ਮਹਾਂ ਕਾਵਿ ਸੀਤਲਤਾ ਦੇ ਸਰੋਤ' ਵਿਚ ਪੇਸ਼ ਕੀਤਾ ਗਿਆ। ਇਹ ਖੁੱਲ੍ਹੀ ਕਵਿਤਾ ਹੈ ਜਿਸ ਵਿਚ ਕੂਕਿਆਂ 'ਤੇ ਹੁੰਦੇ ਸਰਕਾਰੀ ਦਮਨ, ਸਤਿਗੁਰੂ ਰਾਮ ਸਿੰਘ ਦੇ ਵਿਛੋੜੇ ਅਤੇ ਗੁਰੂ ਹਰੀ ਸਿੰਘ ਜੀ ਦੇ ਧੀਰਜਵਾਨ ਸਰੂਪ ਨੂੰ ਚਿਤਰਿਆ ਗਿਆ ਹੈ। ਮਾਸਟਰ ਜੀ ਦੀ ਇਹ ਕਵਿਤਾ ਕਲਾ ਪੱਖੋਂ ਉੱਚਪਾਏ ਦੀ ਹੈ। ਆਤਮਾ ਸਿੰਘ ਸਨ ਖੱਤਰਵੀ ਨੇ ਸਤਿਜੁਗ ਦੇ ਲੰਮੇ ਸੰਪਾਦਨ ਕਾਲ ਵਿਚ ਅਨੇਕ ਕਵਿਤਾਵਾਂ, ਕਹਾਣੀਆਂ ਰੋਜਨਾਮਚਿਆਂ ਦੁਆਰਾ ਨਾਮਧਾਰੀ ਇਤਿਹਾਸ ਪੇਸ਼ ਕੀਤਾ ਪਰ ਨਾਮਧਾਰੀ ਇਤਿਹਾਸ ਦੇ ਸਮੂਹ ਕਾਲ ਖੰਡਾਂ ਨੂੰ ਸਮੇਟਦੀ ਉਨ੍ਹਾਂ ਦੀ ਵੱਡ-ਆਕਾਰੀ ਪੁਸਤਕ 'ਸ੍ਰੀ ਨਾਨਕ ਰਾਜ' ਹੈ। ਕਰਮ ਸਿੰਘ ਪਟਵਾਰੀ ਦੀ 'ਗੁਰ ਇਤਿਹਾਸ ਜਾਣਕਾਰੀ' ਨਾਮਧਾਰੀ ਇਤਿਹਾਸ ਦੀਆਂ ਸਾਰੀਆਂ ਮਹੱਤਵਪੂਰਨ ਘਟਨਾਵਾਂ ਅਤੇ ਤਾਰੀਖਾਂ ਨੂੰ ਅੰਗਿਤ ਕਰਦੀ ਹੈ। ਪ੍ਰਿੰਸੀਪਲ ਬੇਅੰਤ ਕੌਰ ਜੀ ਦਾ ਸਥਾਨ ਵੱਡੇ ਲੇਖਕਾਂ ਵਾਲਾ ਹੈ। ਉਨ੍ਹਾਂ ਦੀ ਸਭ ਤੋਂ ਮਹੱਤਵਪੂਰਨ ਰਚਨਾ 'ਲਾਲ ਏਹੁ ਰਤਨ' ਪੰਜ ਭਾਗਾਂ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ਾਂ ਦਾ ਸੰਪਾਦਨ ਕਾਰਜ ਹੈ। ਇਹ ਪੁਸਤਕ ਨਾਮਧਾਰੀ ਇਤਿਹਾਸ, ਸਾਹਿਤ, ਸਮਾਜ ਅਤੇ ਸਭਿਆਚਾਰ ਦੇ ਖੋਜੀਆਂ ਲਈ, ਗੁਰਮਤਿ ਗਿਆਨ ਦੇ ਪਾਂਧੀਆਂ ਲਈ, ਸਫਲ ਜੀਵਨ ਜੀਣ ਦੇ ਗੁਰ ਸਿੱਖਣ ਵਾਲਿਆਂ ਲਈ ਅਦੁੱਤੀ ਰਚਨਾ ਹੈ। ਤਾਰਾ ਸਿੰਘ ਅਨਜਾਣ ਲੰਮਾ ਸਮਾਂ ਸਤਿਜੁਗ ਦੇ ਸੰਪਾਦਕ ਰਹੇ। ਉਨ੍ਹਾਂ ਨੇ ਦਿੱਲੀ ਵਿਚ ਪੰਜਾਬੀ ਭਾਸ਼ਾ ਅਧਿਆਪਨ ਦੇ ਕਾਰਜ ਵਿਚ ਨਾਮਣਾ ਖੱਟਿਆ। ਤਿੰਨ ਦਰਜਨਾਂ ਤੋਂ ਵੱਧ ਕਿਤਾਬਾਂ ਰਚਣ ਤੋਂ ਬਿਨਾਂ ਉਨ੍ਹਾਂ ਸਤਿਗੁਰੂ ਰਾਮ ਸਿੰਘ, ਸਤਿਗੁਰੂ ਪ੍ਰਤਾਪ ਸਿੰਘ, ਸ਼ਹੀਦ ਲਹਿਣਾ ਸਿੰਘ ਦੀਆਂ ਜੀਵਨੀਆਂ ਲਿਖੀਆਂ, ਸੰਖੇਪ ਨਾਮਧਾਰੀ ਇਤਿਹਾਸ ਅਤੇ ਨਾਵਲ "ਜਸ ਜੀਤ" ਸ੍ਵੈਜੀਵਨੀ ਮੂਲਕ ਵੀ ਰਚਿਆ। ਉਨ੍ਹਾਂ ਦੀ ਕਲਮ ਪਵਣ ਵੇਗ ਨਾਲ ਚੱਲੀ। ਗਿਆਨੀ ਤੇਜਾ ਸਿੰਘ ਕਵੈਂਟਰੀ ਦੀ ਸਮੁੱਚੀ ਰਚਨਾਵਲੀ ਦਾ ਉਨ੍ਹਾਂ ਸੰਪਾਦਨ ਕਾਰਜ ਵੀ ਕੀਤਾ। ਸੂਬਾ ਸੁਰਿੰਦਰ ਕੌਰ ਖਰਲ ਦੀ

ਸਤਿਗੁਰੂ ਜਗਜੀਤ ਸਿੰਘ ਦੀ ਜੀਵਨੀ ਦੋ ਭਾਗਾਂ ਵਿਚ 'ਪਰਕਾਸ਼ ਪੰਥ' ਮਹੱਤਵਪੂਰਨ ਰਚਨਾ ਹੈ। ਬਖਸ਼ਿਸ਼ ਕਾਵਿ-ਸੰਗ੍ਰਹਿ ਚਰਚਿਤ ਰਿਹਾ। 'ਨਾਮਧਾਰੀ ਸ਼ਹੀਦਾਂ' ਅਤੇ 'ਗੁਰ ਬੰਸਾਵਲੀ' ਆਦਿ ਇਤਿਹਾਸਕ ਸਮੱਗਰੀ ਭਰਪੂਰ ਕਿਤਾਬਾਂ ਵੀ ਲਿਖੀਆਂ ਹਨ। ਦਲੀਪ ਸਿੰਘ ਨਾਮਧਾਂਰੀ ਹੋਰਾਂ ਨਿਰੀਖਅਕ ਪੱਤਰ ਸੰਪਾਦਿਤ ਕੀਤਾ। ਨਾਮਧਾਰੀ ਇਤਿਹਾਸ, ਸਿਧਾਂਤ ਬਾਰੇ ਸ਼ਾਨਦਾਰ ਪੁਸਤਕਾਂ ਰਚੀਆਂ। ਇਸੇ ਤਰ੍ਹਾਂ ਮਹਾਰਾਜਾ ਬੀਰ ਸਿੰਘ ਜੀ (1923-2008) ਦੀ ਕਿਤਾਬ 'ਨਾਮਧਾਰੀ ਤੇ ਕਾਂਗ੍ਰਸ' ਨਾਮਧਾਰੀਆਂ ਦੇ ਕਾਂਗ੍ਰਸ ਨਾਲ ਇਕ ਸਦੀ ਲੰਮਾ ਸਮੇਂ ਤੇ ਫੈਲੇ ਖੱਟੇ ਮਿੱਠੇ ਸੰਬੰਧਾਂ ਦੀ ਬਾਤ ਪਾਉਂਦੀ ਹੈ। ਮਹਾਰਾਜ ਜੀ ਦੀਆਂ ਅਨੇਕ ਖੋਜੀ ਰਚਨਾਵਾਂ ਸਤਿਜੁਗ ਦੇ ਅੰਕਾਂ ਵਿਚ ਛਪੀਆਂ। ਸੁਵਰਨ ਸਿੰਘ ਸਨੇਹੀ ਨੇ ਨਾਮਧਾਰੀ ਸਾਹਿਤ ਇਤਿਹਾਸ ਤੇ ਅਨੇਕ ਖੋਜ ਪੱਤਰ ਲਿਖ ਕੇ ਪੰਜਾਬੀ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੇ 'ਪੰਜਾਬ ਪਾਸਟ ਐਂਡ ਪਰੈਜ਼ੈਂਟ' ਵਿਚ ਛਪਵਾਏ, ਅਖ਼ਬਾਰਾਂ ਵਿਚ ਲੇਖ ਲਿਖੇ, 'ਪ੍ਰਾਣ ਪੂਜਾ' ਵਿਚ ਸ਼ਾਹਕਾਰ ਬਾਰੇ ਲੇਖ ਸੰਪਾਦਿਤ ਕੀਤੇ ਅਤੇ 'ਰੱਤੇ ਵਹਿਣ' ਵਾਰਤਕ ਰਚਨਾ ਸੰਸਾਰ ਅਮਨ ਨੂੰ ਸਮਰਪਤ ਹੈ। ਸਨੇਹੀ ਜੀ ਕਾਵਿ ਰਚਨਾ ਵੀ ਕੀਤੀ ਅਤੇ ਪੰਜਾਬੀ ਸਾਹਿਤ ਦੇ ਵੱਡੇ ਨਾਂ ਮੁਨਸ਼ਾ ਸਿੰਘ ਦੁਖੀ ਦੀ ਜੀਵਨੀ ਲਿਖੀ। ਜਸਵਿੰਦਰ ਸਿੰਘ ਹਿਸਟੋਰੀਅਨ ਨੇ ਨਾਮਧਾਰੀ ਇਤਿਹਾਸ ਦੇ ਦਸਤਾਵੇਜ਼ਾਂ ਨੂੰ ਉਥੋਂ ਅੱਗੇ ਤੋਰਿਆ, ਜਿਥੇ 'ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ' ਦੇ ਸੰਪਾਦਕ ਭਾਈ ਨਾਹਰ ਸਿੰਘ ਐੱਮ.ਏ. ਤੇ ਭਾਈ ਕਿਰਪਾਲ ਸਿੰਘ ਐੱਮ.ਏ. ਨੇ ਛੱਡੇ ਸਨ। ਦਸਤਾਵੇਜ਼ਾਂ ਬਾਰੇ ਅੰਗਰੇਜ਼ੀ ਵਿਚ ਚਾਰ ਕਿਤਾਬਾਂ ਤੋਂ ਇਲਾਵਾ ਉਨ੍ਹਾਂ ਨੇ ਪੰਜਾਬੀ ਵਿਚ 'ਕਿਲਿਆਂ ਵਿਚ ਕੈਦ ਕੂਕੇ ਸ਼ੇਰ' ਬਹੁਤ ਜਾਣਕਾਰੀ ਭਰਪੂਰ ਪੁਸਤਕ ਲਿਖੀ ਹੈ ਜੋ ਜਲਾਵਤਨ ਸੂਬਿਆਂ ਬਾਰੇ ਹੈ।

ਭਾਈ ਨਿਸ਼ਾਨ ਸਿੰਘ ਨੇ ਕਰਮ ਸਿੰਘ ਬਾਲਮ ਹੋਰਾਂ ਦੀ ਸਾਰੀ ਕਾਵਿ-ਰਚਨਾ ਪੁਸਤਕ 'ਬਾਲਮ ਰਚਨਾਵਲੀ' ਵਿਚ ਸੰਪਾਦਿਤ ਕੀਤੀ ਅਤੇ ਜਸਵੰਤ ਸਿੰਘ ਮਸਤ ਨੇ ਗ਼ੈਰ ਨਾਮਧਾਰੀ ਪੰਜਾਬੀ ਕਵੀਆਂ ਦੀਆਂ ਸਮੇਂ-ਸਮੇਂ ਸਿਰ ਛਪੀਆਂ ਕਵਿਤਾਵਾਂ ਦਾ ਸੰਗ੍ਰਹਿ 'ਕਾਵਿ ਪੁਸ਼ਪਾਂਜਲੀ' ਪ੍ਰਕਾਸ਼ਿਤ ਕਰਵਾਇਆ ਜਿਸ ਵਿਚੋਂ ਨਾਮਧਾਰੀਆਂ ਦੁਆਰਾ ਆਜ਼ਾਦੀ ਅੰਦੋਲਨ ਵਿਚ ਪਾਏ ਯੋਗਦਾਨ ਦੀ ਚਰਚਾ ਹੁੰਦੀ ਹੈ।

ਅਜੋਕੇ ਯੁੱਗ ਦੇ ਨਾਮਧਾਰੀ ਕਵੀਆਂ ਵਿਚ ਮਾਸਟਰ ਅਮਰੀਕਾ ਸਿੰਘ, ਕਰਤਾਰ ਸਿੰਘ ਪੰਛੀ, ਸਾਧੂ ਸਿੰਘ ਕਿਸਾਨ, ਬਲਬੀਰ ਸਿੰਘ ਢਿੱਲੋਂ, ਗੁਰਦਿਆਲ ਸਿੰਘ ਪ੍ਰੀਤ ਢਿੱਲੋਂ, ਦਲਬੀਰ ਸਿੰਘ ਤਰਸ ਆਸਟ੍ਰੇਲੀਆ, ਜੋਗਿੰਦਰ ਸਿੰਘ ਕੰਗ, ਲਖਵਿੰਦਰ ਸਿੰਘ ਬਾਜਵਾ, ਪੂਰਨ ਸਿੰਘ ਨਿਰਾਲਾ, ਕਰਨੈਲ ਸਿੰਘ ਅਸਪਾਲ, ਬਲਦੇਵ ਸਿੰਘ ਵੜੈਚ, ਹਰਭਜਨ ਸਿੰਘ ਰਾਜਾ, ਰਜਿੰਦਰ ਸਿੰਘ ਰਾਜ, ਗੁਰਮੇਲ ਸਿੰਘ ਹੰਸ, ਬੀਬੀ ਰਾਜਿੰਦਰ ਕੌਰ, ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ, ਬੀਬੀ ਸਿੰਦਰ ਕੌਰ ਦਿੱਲੀ ਇਤਿਆਦਿ ਮਸ਼ਹੂਰ ਕਵੀ ਹਨ। ਉਪਰੋਕਤ ਕਵੀਆਂ ਵਿਚੋਂ ਮਾ. ਅਮਰੀਕ ਸਿੰਘ

ਹੋਰਾਂ ਨੇ ਗੁਰੂ ਬਾਲਕ ਸਿੰਘ ਜੀ ਦੇ ਜੀਵਨ ਬਾਰੇ, ਰਮਾਇਣ ਅਤੇ ਮਹਾਂਭਾਰਤ ਦੇ ਪੰਜਾਬੀ ਕਾਵਿ-ਅਨੁਵਾਦ ਅਤੇ ਲਖਵਿੰਦਰ ਸਿੰਘ ਬਾਜਵਾ ਨੇ ਸਤਿਗੁਰੂ ਰਾਮ ਸਿੰਘ, ਸਤਿਗੁਰੂ ਜਗਜੀਤ ਸਿੰਘ ਅਤੇ ਦੇਸ਼ ਬਟਵਾਰੇ ਤੇ ਮੁੜ ਵਸੇਬੇ ਸਮੇਂ ਬਾਰੇ ਮਹਾਂ ਕਾਵਿ ਅਤੇ ਪ੍ਰਬੰਧ ਕਾਵਿ ਲਿਖੇ ਹਨ। ਉਹ ਬਹੁਵਿਧਾਈ ਊਰਜਾਵਾਨ ਗਤੀਸ਼ੀਲ ਲੇਖਕ ਹੈ ਜਿਸ ਨੇ ਮਹਾਂਕਾਵਿ 'ਕੈਦੋ' ਪੰਜਾਬੀ ਬੈਂਤਾਂ ਵਿਚ ਲਿਖ ਕੇ ਪਹਿਲੀ ਵੇਰ ਕੈਦੋ ਦੇ ਪੱਖ ਵਿਚ ਗੱਲ ਕੀਤੀ ਹੈ ਕਿਉਂਕਿ ਹੁਣ ਨਾਮਧਾਰੀ ਭਾਈਚਾਰਾ ਸਾਰੀ ਦੁਨੀਆ ਵਿਚ ਫੈਲਿਆ ਹੋਇਆ ਹੈ ਇਸ ਲਈ ਨਾਮਧਾਰੀ ਪਰਵਾਸੀ ਲੇਖਕਾਂ-ਕਵੀਆਂ ਵਿਚ ਪ੍ਰਮੁੱਖ ਨਾਮ ਸੇਠ ਖਜ਼ਾਨ ਸਿੰਘ ਇਨਸਾਫ਼, ਸੁਹੇਲ ਸਿੰਘ ਧੀਰ, ਕੁਲਜੀਤ ਸਿੰਘ ਜੀਤ, ਸੁਰਜੀਤ ਸਿੰਘ ਜੀਤ, ਪੀ.ਐੱਸ. ਕੰਵਲ, ਰਜਿੰਦਰ ਕੰਵਲ, ਗੁਰਬਖਸ਼ ਸਿੰਘ ਸ਼ੌਕ, ਖੜਕ ਸਿੰਘ ਭਮਰਾ, ਇੰਦਰ ਦਮਨ ਸਿੰਘ ਰਤਨ, ਗਿਆਨੀ ਸੰਤੋਖ ਸਿੰਘ, ਗਿਆਨੀ ਤੇਜਾ ਸਿੰਘ ਕਵੈਂਟਰੀ, ਹਰਬੰਸ ਸਿੰਘ ਚਾਨਾ ਆਦਿ ਸ਼ਾਮਲ ਹਨ। ਸੰਤ ਤੇਜਾ ਸਿੰਘ ਕੰਵਲ ਨੇ 'ਚੰਨ ਤਾਰੇ' ਕਾਵਿ-ਰਚਨਾ ਜੋ ਪੰਜਾਬੀ ਬੈਂਤਾਂ ਵਿਚ ਹੈ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਉਨ੍ਹਾਂ ਦੇ ਸਮੇਂ ਦੇ ਨਾਮਧਾਰੀ ਸਾਧੂ ਸੰਤਾਂ, ਸੇਵਕਾਂ, ਪ੍ਰਚਾਰਕਾਂ, ਜਥੇਦਾਰਾਂ, ਦਾਨੀਆਂ ਅਤੇ ਸੂਰਮੇ ਸਿੰਘਾਂ ਬਾਰੇ, ਇਕ ਇਕ ਚੌਮਿਸਰੇ ਵਿਚ ਉਨ੍ਹਾਂ ਦੀ ਪੂਰੀ ਪੂਰੀ ਫੋਟੋ ਖਿੱਚ ਦਿੱਤੀ ਸੀ।

ਨਾਮਧਾਰੀ ਹਫਤਾਵਾਰ ਪਰਚੇ ਸਤਿਜੁਗ ਦਾ ਹੋਰ ਸਮੇਂ ਸਮੇਂ ਛਪਣ ਵਾਲੀਆਂ ਅਨੇਕ ਪੱਤਰ ਪੱਤਰਕਾਵਾਂ ਜਿਉਂ ਸੁਤੰਤਰਤਾ ਸੰਗਰਾਮ ਵਿਚ ਉੱਘਾ ਯੋਗਦਾਨ ਰਿਹਾ ਹੈ। ਇਹ ਪਹਿਲਾਂ ਲਾਹੌਰ ਵਿਚ ਭੈਣੀ ਸਾਹਿਬ, ਦੇਸ਼ ਬਟਵਾਰੇ ਬਾਦ ਜੀਵਨ ਨਗਰ ਫਿਰ ਦਿੱਲੀ ਅਤੇ ਹੁਣ ਸ੍ਰੀ ਭੈਣੀ ਸਾਹਿਬ ਤੋਂ ਪੰਦਰਵਾੜੇ ਨੂੰ ਛਪਦਾ ਹੈ। ਹੋਰ ਇਕ ਸਾਲ ਨੂੰ ਇਸ ਦੀ ਪਹਿਲੀ ਸ਼ਤਾਬਦੀ ਆਉਣ ਵਾਲੀ ਹੈ। ਸ਼ਹੀਦੇ ਆਜ਼ਮ ਭਗਤ ਸਿੰਘ ਹੋਰਾਂ ਦੀ ਸ਼ਹਾਦਤ ਬਾਅਦ ਸਤਿਜੁਗ ਨੇ ਉਤੋੜਿਤੀ ਕਈ ਅੰਕ ਪ੍ਰਕਾਸ਼ਿਤ ਕਰਕੇ ਨੌਕਰਸ਼ਾਹੀ ਦੇ ਇਸ ਨੀਚ ਫ਼ੈਸਲੇ ਵਿਰੁੱਧ ਰੋਸ ਪ੍ਰਗਟ ਕੀਤਾ ਸੀ। ਸਤਿਜੁਗ ਵਿਚ ਉੱਚ ਕੋਟੀ ਦੀ ਕਵਿਤਾ ਨਾਮਧਾਰੀ ਅਤੇ ਹੋਰ ਕਵੀਆਂ ਦੁਆਰਾ ਸਤਿਗੁਰੂ ਰਾਮ ਸਿੰਘ ਜੀ ਦੇ ਵਿਯੋਗ ਵਿਚ ਲਿਖੀ ਜਾਂਦੀ ਰਹੀ ਕਿਉਂਕਿ ਹਰ ਸਾਲ ਇਸ ਦਾ ਵਿਸ਼ੇਸ਼ ਅੰਕ 'ਬਸੰਤ ਅੰਕ' ਦੇ ਰੂਪ ਵਿਚ ਸਤਿਗੁਰੂ ਜੀ ਦੇ ਪ੍ਰਕਾਸ਼ ਪੁਰਬ ਸਮੇਂ ਕੱਢਿਆ ਜਾਂਦਾ ਸੀ, ਉਂਜ ਸਤਿਜੁਗ ਨੇ ਸਮੇਂ ਸਮੇਂ ਗੁਰੂ ਨਾਨਕ ਦੇਵ, ਗੁਰੂ ਗੋਬਿੰਦ ਸਿੰਘ ਜੀ, ਗੁਰੂ ਅੰਗਦ ਦੇਵ, ਸਾਹਿਬਜ਼ਾਦਿਆਂ ਦੀ ਸ਼ਹਾਦਤ, ਸਾਧੂ ਸੰਤਾਂ ਬਾਰੇ, ਅਫਰੀਕਾ ਅੰਕ, ਥਾਈਲੈਂਡ ਅੰਕ, ਅਮਨ ਅੰਕ, ਸ਼ਾਕਾਹਾਰ ਅੰਕ, ਗਊ ਅੰਕ, ਪਾਠ ਅੰਕ, ਸਤਿਗੁਰੂ ਪਰਤਾਪ ਸਿੰਘ ਅੰਕ, ਸਤਿਗੁਰੂ ਜਗਜੀਤ ਸਿੰਘ ਅੰਕ ਅਤੇ ਮਾਤਾ ਚੰਦ ਕੌਰ ਅੰਕ ਆਦਿਕ ਸਹੁ ਭਾਂਤੇ ਅੰਕ ਵੀ ਪ੍ਰਕਾਸ਼ਿਤ ਕੀਤੇ ਸਨ। ਸਮੇਂ ਸਮੇਂ ਸਤਿਜੁਗ ਦੇ ਪ੍ਰਿੰਟ ਲਾਈਨ ਤੇ ਛਪਣ ਵਾਲੇ ਸੰਪਾਦਕ ਸਨ—ਮਹਾਰਾਜ ਗੁਰਦਿਆਲ ਸਿੰਘ, ਨਿਧਾਨ

ਸਿੰਘ ਆਲਿਮ, ਮਾਸਟਰ ਬਲਵੰਤ ਸਿੰਘ, ਗੁਰਦਿਆਲ ਸਿੰਘ, ਹਰਬੰਸ ਸਿੰਘ, ਮਾਸਟਰ ਨਿਹਾਲ ਸਿੰਘ ਅਤੇ ਸ੍ਰ. ਹਰਵਿੰਦਰ ਸਿੰਘ ਹੰਸਪਾਲ। ਇਸ ਦੇ ਕਲਮੀ ਸੰਪਾਦਕਾਂ ਵਿਚ ਕ੍ਰਮਵਾਰ ਸ਼ਾਮਲ ਰਹੇ ਨਿਰੰਕਾਰ ਸਿੰਘ ਚੇਤਨ, ਨਿਧਾਨ ਸਿੰਘ ਆਲਿਮ, ਇੰਦਰ ਸਿੰਘ ਚੱਕਰਵਰਤੀ, ਪ੍ਰੀਤਮ ਸਿੰਘ ਕਵੀ, ਸਵਾਮੀ ਸ਼ਰਧਾ ਨੰਦ, ਪ੍ਰੀਤਮ ਸਿੰਘ ਪੰਛੀ, ਮਾਸਟਰ ਨਿਹਾਲ ਸਿੰਘ, ਰਜਿੰਦਰ ਸਿੰਘ ਗੁਰੂ ਸਰ, ਮੰਗਲ ਸਿੰਘ ਲਾਇਲਪੁਰੀ, ਸੁਵਰਨ ਸਿੰਘ ਸਨੇਹੀ, ਗੁਰਭਜਨ ਸਿੰਘ ਨਾਮਧਾਰੀ, ਸੰਤੋਖ ਸਿੰਘ ਸਾਜਨ, ਆਤਮਾ ਸਿੰਘ ਸਨਖੱਤਰਾ, ਆਤਮਾ ਸਿੰਘ ਜੌਹਲ, ਅਮਰ ਭਾਰਤੀ, ਤਾਰਾ ਸਿੰਘ ਅਨਜਾਣ ਅਤੇ ਹੁਣ ਹਰਪਾਲ ਸਿੰਘ ਸੇਵਕ।

ਸਤਿਜੁਗ ਨਾਮਧਾਰੀ ਪੰਥ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਵੀ ਪੇਸ਼ ਕਰਦਾ ਅਤੇ ਲੇਖ ਕਵਿਤਾਵਾਂ ਦੁਆਰਾ ਨਾਮਧਾਰੀ ਇਤਿਹਾਸ, ਸਾਹਿਤ, ਗੁਰਮਤਿ, ਗੁਰਬਾਣੀ ਅਨੁਸਾਰ ਜੀਵਨ ਜਾਚ ਅਤੇ ਸਤਿਗੁਰੂ ਸਾਹਿਬਾਨ ਦੇ ਉਪਦੇਸ਼ਾਂ ਨੂੰ ਵੀ ਅੱਖਰੀ ਕਾਮੇ ਵਿਚ ਪੇਸ਼ ਕਰਦਾ ਹੈ। ਸਮੇਂ ਸਮੇਂ ਇਸ ਵਿਚ ਪ੍ਰਕਾਸ਼ਿਤ ਹੁੰਦੇ ਰਹੇ ਉੱਘੇ ਨਾਮਧਾਰੀ ਲੇਖਕਾਂ, ਕਵੀਆਂ ਦੇ ਨਾਮ ਇਸ ਪ੍ਰਕਾਰ ਹਨ—ਤਰਨ ਸਿੰਘ ਵਹਿਮੀ, ਜੱਸਾ ਸਿੰਘ ਸੂਫੀ, ਭਾਈ ਹਰਨਾਮ ਸਿੰਘ ਰਾਗੀ, ਮਸਤਾਨ ਸਿੰਘ ਕਿਆਮਪੁਰ, ਇੰਦਰ ਸਿੰਘ ਚੱਕਰਵਰਤੀ, ਨਿਧਾਨ ਸਿੰਘ ਆਲਿਮ, ਮਾ. ਨਿਹਾਲ ਸਿੰਘ, ਊਧਮ ਸਿੰਘ ਆਜ਼ਿਜ਼, ਗਿਆਨੀ ਊਧਮ ਸਿੰਘ ਮੁਸਾਫ਼ਿਰ, ਗੁਰਦਿੱਤ ਸਿੰਘ ਕਮਲ, ਦਾਨ ਸਿੰਘ ਤਾਂਘੀ, ਰਤਨ ਸਿੰਘ ਕੂਕਾ, ਨਿਰੰਜਨ ਸਿੰਘ ਮ੍ਰਿਗੇਸ਼, ਗੁਰਬਖ਼ਸ਼ ਸਿੰਘ ਜੀਆ ਬੱਗਾ ਉਰਫ ਗੋਧਾ ਸਿੰਘ ਜੱਟ, ਭਾਈ ਸੂਰਤ ਸਿੰਘ ਖਾਲਸਾ, ਡਾ. ਇੰਦਰ ਸਿੰਘ ਦਮਕ, ਬਖਸ਼ੀਸ਼ ਸਿੰਘ ਸਫ਼ਰੀ, ਬੀਬੀ ਜਗੀਰ ਕੌਰ ਸੰਧੂ, ਬੀਬੀ ਲੀਲ੍ਹਾਵੰਤੀ, ਸ਼ਰਧਾ ਸਿੰਘ ਨਿਮਾਣਾ, ਪੂਰਨ ਸਿੰਘ ਰਾਏ, ਸੂਬਾ ਮੀਂਹਾਂ ਸਿੰਘ, ਤੇਜਾ ਸਿੰਘ ਸੋਖਲ, ਚਤਰ ਸਿੰਘ ਬੀਰ, ਇਕਬਾਲ ਸਿੰਘ ਮਨਚੰਦਾ, ਬਿਸ਼ਨ ਸਿੰਘ ਹਿਸਟੋਰੀਅਨ, ਸੁੰਦਰ ਸਿੰਘ ਫਰੀਦ, ਟਹਿਲ ਸਿੰਘ ਸੱਦੋਵਾਲ, ਮੰਗਲ ਸਿੰਘ ਲਾਇਲਪੁਰੀ, ਹਜ਼ੂਰਾ ਸਿੰਘ ਰਾਗੀ, ਸੁਰਜਨ ਸਿੰਘ ਪ੍ਰੇਮੀ, ਖੜਕ ਸਿੰਘ ਅੰਮ੍ਰਿਤਸਰ, ਡਾ. ਤਿਰਲੋਕ ਸਿੰਘ, ਪੰਡਤ ਗੋਪਾਲ ਸਿੰਘ, ਮਾਸਟਰ ਸੁਹਾਵਾ ਸਿੰਘ, ਵਰਿਆਮ ਸਿੰਘ ਮੁਸੱਵਰ, ਨੱਥਾ ਸਿੰਘ 'ਭੌਰ' ਚੁਗਾਵਾਂ, ਤਾਰਾ ਸਿੰਘ ਧੰਨੀ, ਖੁਸ਼ਹਾਲ ਸਿੰਘ ਗੁਪਤ, ਹਰਬੰਸ ਸਿੰਘ ਦੋਸ਼ੀ, ਰਾਮ ਚੰਦ ਪਟਵਾਰੀ ਪਾਕਿਸਤਾਨ, ਗਿਆਨੀ ਹਰਿਭਜਨ ਸਿੰਘ, ਬੀਬੀ ਬਲਬੀਰ ਕੌਰ, ਸ੍ਰ. ਬੂਟਾ ਸਿੰਘ ਐੱਮ.ਏ., (ਕਹਾਣੀਕਾਰ) ਦਿੱਲੀ, ਨਿਰੰਜਨ ਸਿੰਘ ਜਿਓਤੀ, ਨਿਰੰਕਾਰ ਸਿੰਘ ਚੇਤਨ, ਗਿਆਨੀ ਬੂਟਾ ਸਿੰਘ ਨੰਗਲ, ਸੁੰਦਰ ਸਿੰਘ ਦਰਵੇਸ਼ ਬੂਸੋਵਾਲ, ਹਰਭਜਨ ਸਿੰਘ, ਜ਼ਖ਼ਮੀ ਚੰਗਮਈ, ਵੈਦ ਬਲਵੰਤ ਸਿੰਘ ਨਾਮਧਾਰੀ, ਗੁਰਬਖ਼ਸ਼ ਸਿੰਘ ਸ਼ੋਕ ਅਫਰੀਕਾ, ਗੁਰਭਜਨ ਸਿੰਘ ਭਜਨ, ਪ੍ਰਕਾਸ਼ ਸਿੰਘ ਰਾਇਸਰੀ, ਸੰਤ ਰਾਮ ਉਦਾਸੀ, ਜਸਵੰਤ ਸਿੰਘ ਜੱਸ, ਮਾ. ਅਜੀਤ ਸਿੰਘ ਸੂਫੀ, ਪਿਆਰਾ ਸਿੰਘ ਵਿਰਦੀ, ਜਸਵੀਰ ਕੌਰ ਸ਼ਿਮਲਾ, ਕੁਲਦੀਪ ਕੌਰ

ਕਾਦੀਆਂ, ਸੰਤ ਮੇਹਰ ਸਿੰਘ ਕਾਨ੍ਹਪੁਰ, ਬਲਵਿੰਦਰ ਕੌਰ ਕਾਦੀਆਂ, ਸੁਵਰਨ ਸਿੰਘ ਵਿਰਕ, ਗੁਰਚਰਨ ਸਿੰਘ ਮਠਾੜੂ, ਜੋਗਿੰਦਰ ਸਿੰਘ ਮੁਕਤਾ, ਬਿਅੰਤ ਸਿੰਘ ਸੋਖਲ, ਵਰਿਆਮ ਸਿੰਘ ਪਿਆਸਾ, ਸੁਵਰਨ ਸਿੰਘ ਚੀਮਾ, ਸੁਵਰਨ ਸਿੰਘ ਸਨੇਹੀ, ਬਲਵੇਦ ਸਿੰਘ ਪ੍ਰੇਮੀ, ਹਰਿਭਜਨ ਸਿੰਘ ਪਰਵਾਨਾ, ਸ਼ੇਰ ਸਿੰਘ ਹੰਸ, ਸੰਪੂਰਨ ਸਿੰਘ ਨਿਮਾਣਾ, ਗੋਪਾਲ ਸਿੰਘ ਦਾਦੂ ਬਾਜਵਾ, ਭਗਤ ਸਿੰਘ ਪ੍ਰੇਮੀ ਬੰਕੋਲ, ਗੰਗਾ ਸਿੰਘ ਰਸੀਆ, ਸੁਵਰਨ ਸਿੰਘ ਮੁਠੱਡੇ, ਬਾਲ ਸਿੰਘ ਬੰਕੋਲ, ਪ੍ਰੀਤਮ ਜੀ ਸ਼ੇਖੂਪੁਰਾ, ਖਜ਼ਾਨ ਸਿੰਘ ਇਨਸਾਫ਼ ਲਾਲਾ ਮੂਸਾ, ਕਿਰਪਾਲ ਸਿੰਘ ਰਮਲੀ ਬੰਕੋਲ, ਭਗਤ ਸਿੰਘ ਪ੍ਰੇਮੀ ਬੰਕੋਲ, ਈਸ਼ਰ ਸਿੰਘ ਦਲੇਰ ਬੰਕੋਲ, ਦਿਆਲ ਸਿੰਘ ਨੈਰੋਬੀ, ਸੁੰਦਰ ਸਿੰਘ ਸੇਵਕ ਸੇਖਵਾਂ (ਹਾਲ), ਸ਼ਿੰਗਾਰਾ ਸਿੰਘ ਧਰਮਪੁਰਾ, ਨਿਸ਼ਾਨ ਸਿੰਘ ਜੌਹਲ, ਮਾ. ਹਰਸਾ ਸਿੰਘ ਬਾਠ, ਅਰਜਨ ਸਿੰਘ ਆਜ਼ਾਦ, ਬਖਸ਼ੀ ਸਿੰਘ ਆਦਿਲ ਬਟਾਲਾ, ਗੁਰਦਿਆਲ ਸਿੰਘ ਮੌਜੀ, ਰਘੁਬੀਰ ਸਿੰਘ ਬਾਜਵਾ ਆਦਿ 90 ਦੇ ਕਰੀਬ ਨਾਵਾਂ ਦੀ ਸੂਚੀ ਤੋਂ ਇਹ ਸਾਬਤ ਹੁੰਦਾ ਹੈ ਕਿ ਨਾਮਧਾਰੀਆਂ ਨੇ ਪਿਛਲੀ ਇਕ ਜਾਂ ਸਵਾ ਸਦੀ ਤੋਂ ਲੈ ਕੇ ਹੁਣ ਤਕ ਘੱਟੋ ਘੱਟ ਡੇਢ ਸੌ ਕਵੀ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ ਅਤੇ ਜੇ ਹੋਰ ਵਿਧਾਵਾਂ ਵਿਚ ਲਿਖਣ ਵਾਲੇ ਲੇਖਕਾਂ ਨੂੰ ਇਸ ਵਿਚ ਜੋੜ ਲਈਏ ਤਾਂ ਇਸ ਅਵਧੀ ਵਿਚ ਕੋਈ ਢਾਈ ਸੌ ਨਾਮ ਸਾਡੇ ਸਾਹਮਣੇ ਆਉਣਗੇ। ਇਹ ਸਭ ਇਸ ਕਾਰਨ ਸੰਭਵ ਹੋਇਆ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਕੂਕਿਆਂ ਨੂੰ ਆਪਣੀ ਬਾਣੀ ਤੇ ਬਾਣੇ ਨਾਲ ਜੋੜੀ ਰੱਖਣ ਲਈ ਗੁਰਮੁਖੀ ਲਿਪੀ ਵਿਚ ਪੰਜਾਬੀ ਭਾਸ਼ਾ ਸਿੱਖਣੀ ਹਰ ਨਾਮਧਾਰੀ ਲਈ ਲਾਜ਼ਮੀ ਕਰਾਰ ਦਿੱਤੀ ਇਸ ਲਈ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਕਿਸੇ ਇਕ ਇਕੱਲੇ ਫਿਰਕੇ ਦੁਆਰਾ ਇਕ ਹਜ਼ਾਰ ਸਾਲ ਦੇ ਇਤਿਹਾਸ ਵਾਲੇ ਪੰਜਾਬੀ ਸਾਹਿਤ ਵਿਚ ਇਤਨੀ ਅਵਧੀ ਵਿਚ ਇਤਨਾ ਭਰਪੂਰ ਸਾਹਿਤ ਸਿਰਜਿਆ ਗਿਆ। ਇਸ ਸਾਹਿਤ ਦੇ ਨਿਸ਼ਾਨੇ ਤੇ ਪਹਿਲਾਂ ਸਤਿਗੁਰੂ ਨੂੰ ਵਿਛੋੜਨ ਵਾਲਾ ਬਰਤਾਨਵੀ ਸਾਮਰਾਜ ਸੀ ਅਤੇ ਅੱਜ ਵੀ ਜ਼ਿਆਦਾਤਰ ਨਾਮਧਾਰੀ ਸਾਹਿਤ ਗੁਰਮਤਿ ਸਿਧਾਂਤਾਂ ਅਨੁਸਾਰ ਸਾਦਾ ਸਾਤਵਿਕ ਜੀਵਨ ਬਿਤਾਉਣ, ਸਤਿਗੁਰੂ ਪ੍ਰਤੀ ਪ੍ਰੇਮਾ ਭਗਤੀ, ਸਰਬੱਤ ਦੇ ਭਲੇ, ਨਸ਼ਾ ਮੁਕਤੀ, ਨਾਰੀ ਪੁਰਖ ਸਮਾਨਤਾ, ਪਰਕਿਰਤੀ ਤੇ ਜੀਵਾਂ ਦਾ ਸੰਤੁਲਨ ਬਣਾਈ ਰੱਖਣ, ਆਪਣੀ ਮਾਂ ਬੋਲੀ ਨਾਲ ਪ੍ਰੇਮ ਕਰਨ, ਸਾਦਾ ਜੀਵਨ ਜਾਚ, ਵਿਸ਼ਵ ਸ਼ਾਂਤੀ, ਭਾਰਤੀ ਸੰਸਕ੍ਰਿਤੀ ਅਤੇ ਗਊ ਰੱਖਿਆ ਦੇ ਗਿਰਦ ਘੁੰਮਦਾ ਹੈ। ਨਾਮਧਾਰੀ ਭਾਰਤੀ ਸੰਸਕ੍ਰਿਤੀ ਅਤੇ ਗਊ ਰੱਖਿਆ ਦੇ ਅਲੰਬਰਦਾਰ ਹੁੰਦੇ ਹੋਏ ਵੀ ਸੰਪ੍ਰਦਾਇਕ ਨਹੀਂ। ਉਹ ਹਮੇਸ਼ਾ ਵਿਭਿੰਨ ਮੱਤ ਮਤਾਂਤਰਾਂ ਅਤੇ ਫਿਰਕਿਆਂ ਵਿਚਾਲੇ, ਸ਼ਾਂਤੀ ਪੂਰਨ ਸਹਿਹੋਂਦ ਦਾ ਪ੍ਰਚਾਰ ਕਰਦੇ ਹਨ। ਨਾਮਧਾਰੀ ਗੁਰੂ ਸਾਹਿਬਾਨ ਨੇ 1947 ਸਮੇਂ ਜਾਂ 1984 ਦੇ ਸੰਕਟ ਸਮੇਂ ਹਮੇਸ਼ਾ ਜਿਥੇ ਵੀ ਘੱਟ ਗਿਣਤੀਆਂ ਨੂੰ ਉਨ੍ਹਾਂ ਦੇ ਸੰਰਕਸ਼ਣ ਦੀ ਜ਼ਰੂਰਤ ਸੀ, ਪਰਦਾਨ ਕੀਤਾ। ਉਹ ਘੱਟ ਗਿਣਤੀਆਂ ਮੁਸਲਮਾਨ ਸਨ, ਹਿੰਦੂ ਸਨ ਜਾਂ ਸਿੱਖ

ਸਨ; ਇਸ ਗੱਲ ਨਾਲ ਉਨ੍ਹਾਂ ਦਾ ਕੋਈ ਸਰੋਕਾਰ ਨਹੀਂ ਸੀ। ਸੋ ਨਾਮਧਾਰੀ ਸਾਹਿਤ ਸਤਿਗੁਰੂ ਰਾਮ ਸਿੰਘ ਜੀ ਦੇ ਉਸ ਆਦਰਸ਼ ਹੁਕਮ ਨੂੰ ਧਿਆਨ ਵਿਚ ਰੱਖ ਕੇ ਰਚਿਆ ਜਾਂਦਾ ਰਿਹਾ ਕਿ "ਰੋਟੀ ਵੱਲੋਂ ਘਰ ਆਇਆ ਬੁੱਚੜ ਨਾ ਮੋੜਨਾ" ਭਾਵ ਕਿ ਕੋਈ ਗਊ ਹਤਿਆਰਾ, ਤਾਜ਼ਾ ਤਾਜ਼ਾ ਹੱਤਿਆ ਕਰਕੇ, ਉਸ ਦੀ ਰੱਤ ਨਾਲ ਚੋਂਦੀ ਹੋਈ ਛੁਰੀ ਹੱਥ ਵਿਚ ਲੈ ਕੇ ਵੀ ਜੇ ਤੁਹਾਡੇ ਬੂਹੇ 'ਤੇ ਆਉਂਦਾ ਹੈ ਤਾਂ ਉਸ ਨੂੰ ਪਰਸ਼ਾਦੇ ਤੋਂ ਭੁੱਖਾ ਨਹੀਂ ਮੋੜਨਾ। ਇਹ ਸੀ ਨਾਮਧਾਰੀਆਂ ਦੇ ਸਦਾਚਾਰ ਅਤੇ ਉੱਚੇ-ਸੁੱਚੇ ਜੀਵਨ ਦੀ ਮੂੰਹ ਬੋਲਦੀ ਤਸਵੀਰ।

ਵਰਤਮਾਨ ਸਮੇਂ ਵਿਚ ਉੱਚ ਵਿਦਿਅਕ ਅਦਾਰਿਆਂ ਦੇ ਅੰਦਰ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ 'ਤੇ ਅੰਮ੍ਰਿਤਸਰ, ਬਨਾਰਸ ਅਤੇ ਬਠਿੰਡਾ ਦੇ ਵਿਸ਼ਵ-ਵਿਦਿਆਲਿਆਂ ਵਿਚ ਪੀਠ ਸਥਾਪਿਤ ਕੀਤੇ ਗਏ ਹਨ ਜਿਨ੍ਹਾਂ ਕਾਰਨ ਨਾਮਧਾਰੀ ਸਾਹਿਤ ਇਤਿਹਾਸ ਦੀ ਨਵੀਨ ਖੋਜ ਵਿਚ ਜ਼ਿਕਰਯੋਗ ਵਾਧਾ ਹੋਇਆ ਹੈ। ਡਾ. ਸਤਿੰਦਰ ਸਿੰਘ, ਡਾ. ਹਰਮਹਿੰਦਰ ਸਿੰਘ ਬੇਦੀ, ਡਾ. ਜੋਗਿੰਦਰ ਸਿੰਘ ਅੰਮ੍ਰਿਤਸਰ ਅਤੇ ਡਾ. ਕੁਲਦੀਪ ਸਿੰਘ ਬਠਿੰਡਾ ਆਦਿ ਦੀ ਅਗਵਾਈ ਹੇਠ ਇਸ ਵਿਸ਼ੇ 'ਤੇ ਵਿਦਿਆਰਥੀਆਂ ਨੇ ਐੱਮ.ਫਿਲ. ਅਤੇ ਪੀਐੱਚ.ਡੀ. ਦੇ ਸ਼ੋਧ ਪੱਤਰ ਲਿਖ ਕੇ ਨਾਮਧਾਰੀ ਸਾਹਿਤ, ਇਤਿਹਾਸ, ਸਮਾਜ ਸ਼ਾਸ਼ਤਰ ਆਦਿ ਦੀ ਨਵੇਂ ਜ਼ਾਵੀਏ ਤੋਂ ਨਿਰਖ ਪਰਖ ਕਰਕੇ ਮੁੱਲਵਾਨ ਨਤੀਜੇ ਇਕੱਤਰ ਕੀਤੇ ਹਨ। ਡਾ. ਜੋਗਿੰਦਰ ਸਿੰਘ ਅਤੇ ਡਾ. ਕੁਲਦੀਪ ਸਿੰਘ ਹੋਰਾਂ ਦੀਆਂ ਇਸ ਸੰਬੰਧੀ ਅੰਗਰੇਜ਼ੀ ਵਿਚ ਆਈਆਂ ਕਿਤਾਬਾਂ ਨਵੀਂ ਰੌਸ਼ਨੀ ਪਰਦਾਨ ਕਰਦੀਆਂ ਹਨ। ਡਾ. ਨਵਤੇਜ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਾਲਿਆਂ ਨੇ ਇਸ ਸੰਬੰਧੀ ਹੁਣ ਤਕ ਦੇ ਪ੍ਰਕਾਸ਼ਿਤ ਨਾਮਧਾਰੀ ਸਾਹਿਤ ਇਤਿਹਾਸ ਦੀ "ਬਿਬਲੀਓਗ੍ਰਾਫੀ' ਪ੍ਰਕਾਸ਼ਿਤ ਕਰਵਾ ਕੇ ਖੋਜੀਆਂ ਦਾ ਕੰਮ ਸੌਖਾ ਕਰ ਦਿੱਤਾ ਹੈ। ਨਵੇਂ ਨਾਮਧਾਰੀ ਲੇਖਕਾਂ ਵਿਚੋਂ ਡਾ. ਲਖਬੀਰ ਸਿੰਘ ਨਾਮਧਾਰੀ, ਅਨਜਾਣ ਸੱਗੂ ਇੰਗਲੈਂਡ, ਸੁਖਵਿੰਦਰ ਸਿੰਘ ਲਾਇਲ, ਆਲਾ ਸਿੰਘ, ਜਸਵੰਤ ਸਿੰਘ ਮਸਤ, ਭਜਨ ਸਿੰਘ, ਗੁਰਲਾਲ ਸਿੰਘ ਅਤੇ ਹੋਰ ਬਹੁਤ ਸਾਰੇ ਆਪਣੇ ਪਿਛੋਕੜ ਦੀ ਸ਼ਾਨਦਾਰ ਵਿਰਾਸਤ ਨੂੰ ਅੱਗੇ ਤੋਰਨ ਲਈ ਯਤਨਸ਼ੀਲ ਹਨ।

ਵਰਤਮਾਨ ਸਤਿਗੁਰੂ ਉਦੈ ਸਿੰਘ ਜੀ ਨਾਮਧਾਰੀਆਂ ਨਾਲ ਸੰਬੰਧਿਤ ਖੋਜ ਕਾਰਜਾਂ ਨੂੰ ਹੋਰ ਉਤਸਾਹਿਤ ਕਰਨ ਲਈ ਵਿਸ਼ੇਸ਼ ਰੁਚੀ ਲੈ ਰਹੇ ਹਨ। ਜਿਥੇ ਉਨ੍ਹਾਂ ਨੇ ਨਾਮਧਾਰੀ ਬੱਚਿਆਂ ਵਿਚ ਖੇਡਾਂ, ਖੇਤੀ, ਬਾਗਬਾਨੀ ਅਤੇ ਗੁਰਮਤਿ ਸੰਗੀਤ ਦੀ ਰੁਚੀ ਨੂੰ ਵਿਕਸਿਤ ਕੀਤਾ ਉਥੇ ਸ੍ਰੀ ਭੈਣੀ ਸਾਹਿਬ ਵਿਚ ਸਥਾਪਿਤ ਪੁਸਤਕਾਲੇ ਨੂੰ ਹੋਰ ਵਿਸ਼ਾਲ ਕਰਕੇ, ਨਵੀਂ ਦਿੱਖ ਦੇ ਕੇ ਈ.ਬੁਕਸ ਵੱਲ ਕਦਮ ਪੁੱਟੇ ਜਾ ਰਹੇ ਹਨ। ਮਾ. ਦਰਸ਼ਨ ਸਿੰਘ ਅਤੇ ਸੰਤ ਨਿਸ਼ਾਨ ਸਿੰਘ ਦੀ ਟੀਮ ਦੁਆਰਾ ਦਸਮ ਗ੍ਰੰਥ ਦੇ ਸ਼ੁੱਧ ਪਾਠ ਲਈ ਟੈਕਸਟ ਤਿਆਰ ਕੀਤਾ ਜਾ ਰਿਹਾ ਹੈ ਅਤੇ ਆਦਿ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ

ਦੇ ਸੁਆਮੀ ਹਰਨਾਮ ਦਾਸ ਦੇ ਟੀਕਿਆਂ ਨੂੰ ਵਿਚਾਰਿਆ ਜਾ ਰਿਹਾ ਹੈ। ਪਿਛਲੇ ਸਮੇਂ ਵਿਚ ਹੀ ਪ੍ਰੋ. ਕਿਰਪਾਲ ਸਿੰਘ ਕਸੇਲ ਅਤੇ ਸੁਵਰਨ ਸਿੰਘ ਵਿਰਕ ਦੀਆਂ ਨਾਮਧਾਰੀਆਂ ਦੇ ਸਾਹਿਤ, ਇਤਿਹਾਸ ਬਾਰੇ ਕੁਝ ਵੱਡ-ਆਕਾਰੀ ਪੁਸਤਕਾਂ ਵੀ ਛਾਪੀਆਂ ਹਨ। ਅੱਜ ਦੇ ਸਮੇਂ ਵਿਚ ਆਪਣੀ ਖੇਤਰੀ ਪਹਿਚਾਣ ਬਣਾਈ ਰੱਖਣ ਲਈ, ਕੂਕਾ ਲਹਿਰ ਦੇ ਸਾਮਰਾਜ ਵਿਰੋਧੀ ਪੰਜਾਬੀ ਸਾਹਿਤ ਦੀ ਜਿਸ ਦੇ ਕੇਂਦਰ ਵਿਚ ਆਮ ਮਨੁੱਖ ਹੈ, ਵੱਡੀ ਉਪਯੋਗਤਾ ਸਿੱਧ ਹੋਏਗੀ।

## ਹਵਾਲੇ ਤੇ ਟਿੱਪਣੀਆਂ

1. ਭਾਈ ਨਾਹਰ ਸਿੰਘ ਕਿਰਪਾਲ ਸਿੰਘ (ਸੰਪਾਦਕ), **ਰੈਬਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ**, ਡਾਕੂਮੈਂਟਸ, 1989, ਐਟਲਾਂਟਿਕ ਪਬਲਿਸ਼ਰਜ਼ ਐਂਡ ਹਿਸਟੋਰੀਅਨ, ਨਵੀਂ ਦਿੱਲੀ, ਸਫਾ 550-551 ਤੇ ਗੁਰੂ ਰਾਮ ਸਿੰਘ ਅਤੇ ਸੇਵਕ ਭਾਈ ਨਾਨੂੰ ਵੱਲੋਂ (ਸੂਬਾ) ਗੋਪਾਲ ਸਿੰਘ ਅਤੇ (ਬਾਬਾ) ਬੁੱਧ ਸਿੰਘ ਨੂੰ ਡਾਕ ਵਿਚ ਭੇਜੇ ਪੱਤਰ ਦਾ ਅੰਗ੍ਰੇਜ਼ੀ ਵਿਚ ਅਨੁਵਾਦ ਹੈ ਅਤੇ 555 ਸਫ਼ੇ 'ਤੇ ਐੱਲ.ਐੱਚ. ਗਰਿਫਿਨ ਕਾਰਜਕਾਰੀ ਸਕੱਤਰ ਪੰਜਾਬ ਸਰਕਾਰ ਦਾ ਐੱਚ.ਐੱਲ. ਡੈਂਪੀਅਰ ਜਨਾਬ ਕਾਰਜਕਾਰੀ ਸਕੱਤਰ ਭਾਰਤ ਸਰਕਾਰ ਨੂੰ ਸ਼ਿਮਲੇ ਤੋਂ 4 ਸਤੰਬਰ 1872 ਦੇ ਪੱਤਰ ਵਿਚ ਸਾਫ਼ ਲਿਖਿਆ ਹੈ ਕਿ ਪੰਜਾਬ ਦਾ ਲੈਫਟੀਨੈਂਟ ਗਵਰਨਰ ਸਮਝਦਾ ਹੈ ਕਿ ਇਸ ਸਮੇਂ ਕੂਕਾ ਆਗੂ (ਗੁਰੂ ਰਾਮ ਸਿੰਘ) ਅਤੇ ਪੰਜਾਬ ਵਿਚਲੇ ਉਨ੍ਹਾਂ ਦੇ ਸੰਗੀਆਂ ਦਰਮਿਆਨ, ਕੋਈ ਵੀ ਸੰਵਾਦ ਜਾਰੀ ਰੱਖਣ ਦੀ ਸਲਾਹ ਨਹੀਂ ਦਿੱਤੀ ਜਾ ਸਕਦੀ।
2. ਜਸਵਿੰਦਰ ਸਿੰਘ (ਸੰਪਾ.), **ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ**, 1998, ਸ੍ਰੀ ਭੈਣੀ ਸਾਹਿਬ, ਡਾ. ਹਰਿਭਜਨ ਸਿੰਘ ਹੋਰਾਂ ਵੱਲੋਂ "ਸੇਵਾ" ਦੇ ਉਨਮਾਨ ਹੇਠ ਭੂਮਿਕਾ, ਸਫਾ ਪ,ਫ।
3. ਉਪਰੋਕਤ, ਹੁਕਮਨਾਮਾ ਨੰ. 9, ਸਫਾ 168-177.
4. ਉਪਰੋਕਤ, ਹੁਕਮਨਾਮਾ ਨੰ. 23, ਸਫਾ 276—"ਗੁਰੂ ਜੀ ਦਾ ਬੀ ਏਹੋ ਹੁਕਮ ਹੈ ਜੋ ਅਠਾਰਾਂ ਬਰਸ ਦੀ ਲੜਕੀ, ਬੀਸ ਬਰਸ ਦਾ ਲੜਕਾ ਹੋਵੇ ਤਾ ਬਿਆਹੁ ਕਰਨਾ, ਉਰੇ ਨਹੀ ਕਰਨਾ। ਓਹ ਹੁਕਮ ਗੁਰੂ ਜੀ ਨੇ ਏਸੇ ਸੰਤ ਖਾਲਸੇ ਦੇ ਵਾਸਤੇ ਲਿਖਾ ਹੈ। ਸੋ ਜੇ ਅਸੀ ਨਹੀ ਮੰਨਾਗੇ ਤਾ ਹੋਰ ਕੌਣ ਮੰਨੂਗਾ ਗੁਰੂ ਦਾ ਹੁਕਮ? ਭਾਮੇ ਤੁਸੀ ਦੇਖ ਲਓ ਪ੍ਰੇਮ ਸੁਮਾਰਗ ਮੈ ਲਿਖਾ ਹੈ।"
5. ਉਪਰੋਕਤ, ਹੁਕਮਨਾਮਾ ਨੰ. 27, "ਰੂਸਾ ਕੇ ਆਇ ਤੇ ਆਵਾਗੇ", ਸਫਾ 290.
6. ਉਪਰੋਕਤ, ਹੁਕਮਨਾਮਾ ਨੰ. 25, ਸਫਾ 285.
7. ਜਸਵਿੰਦਰ ਸਿੰਘ (ਸੰ.), **ਕੂਕਾ ਮੂਵਮੈਂਟ ਫਰੀਡਮ ਸਟਰਗਲ ਇਨ ਪੰਜਾਬ**, ਐਟਲਾਂਟਿਕ ਪਬਲਿਸ਼ਰਜ਼ ਦਿੱਲੀ, ਲੁਧਿਆਣਾ ਦੇ ਜ਼ਿਲ੍ਹਾ ਪੁਲਿਸ ਕਪਤਾਨ ਜੇ.ਪੀ. ਵਾਰਬਰਟਨ ਦਾ ਜਨਰਲ ਐੱਚ.ਐੱਨ. ਮੂਲਰ, ਆਈ.ਜੀ. ਪੁਲਿਸ ਪੰਜਾਬ ਨੂੰ 31 ਅਗਸਤ 1878 ਦਾ ਪੱਤਰ, ਸਫਾ 29-30.
8. ਹੁਕਮਨਾਮਾ ਨੰ. 44, ਸਫਾ 376-77.
9. ਹੁਕਮਨਾਮਾ ਨੰ. 45, ਸਫਾ 384.
10. ਹੁਕਮਨਾਮਾ ਨੰ. 34, ਸਫਾ 328-30.
11. ਪ੍ਰੋ. ਕਿਰਪਾਲ ਸਿੰਘ ਕਸੇਲ, ਨਾਮਧਾਰੀ ਮੱਤ ਦਾ ਸਾਹਿਤ ਤੇ ਪੱਤਰਕਾਰੀ (ਮਹੱਤਵ ਅਤੇ ਯੋਗਦਾਨ), ਅੰਤਰ-ਰਾਸ਼ਟਰੀ ਸੈਮੀਨਾਰ, ਨਾਮਧਾਰੀ ਲਹਿਰ : ਇਤਿਹਾਸ, ਸਾਹਿਤ ਅਤੇ ਯੋਗਦਾਨ

(8-9 ਮਈ 2001), ਨਾਮਧਾਰੀ ਗੁਰੂ ਰਾਮ ਸਿੰਘ ਚੇਅਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦਾ ਪ੍ਰਕਾਸ਼ਿਤ, ਸੈਮੀਨਾਰ ਵਾਲਯੂਮ, ਸਫਾ 4-5.

12. ਸੰਤ ਸੰਤੋਖ ਸਿੰਘ ਬਾਹੋਵਾਲ, ਕ੍ਰਿਤ **ਸਤਿਗੁਰੂ ਬਿਲਾਸ**, ਭਾਗ ਪਹਿਲਾ, ਸੰਪ. ਜਸਵਿੰਦਰ ਸਿੰਘ, 2002 ਈ., ਸ੍ਰੀ ਭੈਣੀ ਸਾਹਿਬ, ਸਫਾ 27.
13. ਉਪਰੋਕਤ, ਸਫਾ 473.
14. ਉਪਰੋਕਤ, ਸਫਾ 319.
15. ਸੰਤ ਸੰਤੋਖ ਸਿੰਘ ਬਾਹੋਵਾਲ, ਕ੍ਰਿਤ **ਸਤਿਗੁਰੂ ਬਿਲਾਸ**, ਭਾਗ ਦੂਜਾ, ਸੰਪਾ. ਜਸਵਿੰਦਰ ਸਿੰਘ, 2005, ਭੈਣੀ ਸਾਹਿਬ, ਸਫਾ 34.
16. ਜਸਵਿੰਦਰ ਸਿੰਘ, **ਕੂਕਾ ਮੂਵਮੈਂਟ**, 294-95.
17. ਸੰ. ਤਾਰਾ ਸਿੰਘ ਅਨਜਾਣ, **ਰਾਮ ਵਿਓਗੀਆਂ ਦੇ ਬਾਰਾਂਮਾਂਹੇ**, ਦਿੱਲੀ, ਸਫਾ 53.
18. ਸੰਤ ਧਿਆਨ ਸਿੰਘ ਕਾਦਰਾਬਾਦੀ, **ਸ੍ਰੀ ਸਤਿਗੁਰੂ ਬਿਲਾਸ**, 1998, ਭੈਣੀ ਸਾਹਿਬ, ਸਫਾ 24.
19. ਦੇਵਿੰਦਰ ਸਿੰਘ ਗਿੱਲ ਜੀਆ ਨੱਥਾ (ਸੰਪਾ.), ਕਾਲਾ ਸਿੰਘ ਨੰਗਲ ਵਾਲੇ ਕ੍ਰਿਤ ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼, ਪ੍ਰਸਤਾਵਨ, ਸਫਾ 13-14.
20. ਸੰਤ ਇੰਦਰ ਸਿੰਘ ਚੱਕਰਵਰਤੀ, **ਮਾਲਵੇਂਦ੍ਰ** (ਮਹਾਂਕਾਵਿ), ਦਿੱਲੀ, 1957, ਸਫਾ 59-60.
21. ਬਲਕਾਰ ਸਿੰਘ ਐੱਮ.ਏ. (ਸੰਪਾ.), **ਚੱਕਰਵਰਤੀ ਅਭਿਨੰਦਨ ਗ੍ਰੰਥ**, ਲਿਖਾਰੀ ਸਭਾ ਬਰਨਾਲਾ, 1963, ਸੰਪਾਦਕੀ, ਸਫਾ 12.
22. ਹਰਨਾਮ ਸਿੰਘ ਬਗੁਲੀ ਕਲਾਂ, **ਸੰਤ ਖਾਲਸਾ**, ਭੈਣੀ ਸਾਹਿਬ, 1935 ਈ., ਸਫਾ 2.
23. ਪ੍ਰੀਤਮ ਸਿੰਘ ਕਵੀ, **ਬੀਤੇ ਦੀਆਂ ਪੈੜਾਂ**, ਭਾਗ-2, 1990, ਦਿੱਲੀ, ਭੂਮਿਕਾ 'ਬੀਤੇ ਦੀਆਂ ਪੈੜਾਂ', ਪ੍ਰੋ. ਪ੍ਰੀਤਮ ਸਿੰਘ, ਸਫਾ 7.

# ਨਾਮਧਾਰੀ ਬਾਰਾਂਮਾਹੇ ਤੇ ਲੋਕ-ਮੁਖ ਇਤਿਹਾਸਕਾਰੀ

-ਡਾ. ਸੁਖਦੇਵ ਸਿੰਘ

ਭਾਰਤ ਦੇ ਸੁਤੰਤਰਤਾ ਸੰਗਰਾਮ ਦਾ ਇਤਿਹਾਸ ਲਿਖਣ ਵਾਲੇ ਲੇਖਕਾਂ ਅਤੇ ਇਤਿਹਾਸਕਾਰਾਂ ਨੇ ਪੰਜਾਬ ਦੀਆਂ ਕੌਮੀ ਮੁਕਤੀ ਲਹਿਰਾਂ ਦਾ ਬਣਦਾ ਹੱਕ ਅਦਾ ਨਹੀਂ ਕੀਤਾ। ਨਿਰਸੰਦੇਹ, ਭਾਰਤ ਵਰਗੇ ਵਿਸ਼ਾਲ, ਬਹੁ-ਕੌਮੀ ਤੇ ਬਹੁ-ਭਾਸ਼ੀ ਦੇਸ਼ ਦੇ ਵੱਖ-ਵੱਖ ਖਿੱਤਿਆਂ ਵਿੱਚ ਬਸਤੀਵਾਦੀ ਹਕੂਮਤ ਵਿਰੁੱਧ ਉੱਠੀਆਂ ਸਿਆਸੀ ਲਹਿਰਾਂ ਤੇ ਜਨ-ਅੰਦੋਲਨਾਂ ਦਾ ਸਹੀ-ਸਹੀ ਤੇ ਪ੍ਰਮਾਣਿਕ ਮੁਲਾਂਕਣ ਚੁਣੌਤੀ ਭਰਿਆ ਕਾਰਜ ਹੈ। ਪਰ ਅਸਲ ਸਮੱਸਿਆ ਇਤਿਹਾਸ ਨੂੰ ਕਾਨੀਬੱਧ ਕਰਨ ਵਾਲੇ ਇਤਿਹਾਸਕਾਰਾਂ ਦੀ ਦ੍ਰਿਸ਼ਟੀ, ਉਨ੍ਹਾਂ ਦੇ ਇਤਿਹਾਸ-ਬੋਧ ਅਤੇ ਜਾਤੀ-ਜਮਾਤੀ ਹਿਤਾਂ ਕਰਕੇ ਹੈ। ਭਾਰਤ ਦੇ ਕੌਮੀ ਮੁਕਤੀ ਸੰਗਰਾਮ ਤੇ ਉਸ ਨਾਲ ਜੁੜੇ ਖੇਤਰੀ ਜਨ-ਅੰਦੋਲਨਾਂ ਦੀ ਇਤਿਹਾਸਕਾਰੀ ਬਾਰੇ ਈਸਟ ਇੰਡੀਆ ਕੰਪਨੀ, ਬਰਤਾਨਵੀ ਹਕੂਮਤ ਦੇ ਅਧਿਕਾਰੀਆਂ ਤੇ ਬਸਤੀਵਾਦੀ ਵਿਚਾਰਧਾਰਾ ਦੇ ਸਮਰਥਕ ਇਤਿਹਾਸਕਾਰਾਂ ਦਾ ਨਜ਼ਰੀਆ ਉਦਯੋਗਿਕ ਬੁਰਜੂਆ ਵਰਗ ਦੇ ਪ੍ਰਤੀਨਿਧਾਂ, ਰਾਸ਼ਟਰਵਾਦੀ ਲੇਖਕਾਂ ਅਤੇ ਖੱਬੇਪੱਖੀ ਇਤਿਹਾਸਕਾਰਾਂ ਨਾਲ ਕਿਵੇਂ ਮੇਲ ਖਾ ਸਕਦਾ ਸੀ? ਜੇ ਕੌਮੀ ਸੁਤੰਤਰਤਾ ਸੰਗਰਾਮ ਦੀ ਇਤਿਹਾਸਕਾਰੀ ਬਾਰੇ ਭਾਰਤੀ ਇਤਿਹਾਸਕਾਰ ਵੀ ਇੱਕਮਤ ਨਹੀਂ, ਤਾਂ ਇਸ ਦਾ ਕਾਰਨ ਸਾਡੀ ਰਾਸ਼ਟਰਵਾਦੀ ਚੇਤਨਾ ਵਿਚਲੇ ਦਵੰਦ ਤੇ ਟਕਰਾਉ ਹਨ। ਬਰਤਾਨਵੀ ਬਸਤੀਵਾਦ ਦੇ ਪ੍ਰਵੇਸ਼ ਤੋਂ ਪਹਿਲਾਂ ਹਿੰਦੁਸਤਾਨ ਵੱਖ-ਵੱਖ ਰਾਜਸੀ ਇਕਾਈਆਂ ਵਾਲਾ ਖਿੱਤਾ ਸੀ। ਨਸਲ, ਕੌਮ, ਧਰਮ ਤੇ ਜਾਤੀ ਉੱਤੇ ਆਧਾਰਿਤ ਸਾਮੰਤੀ ਰਿਆਸਤਾਂ ਕੋਲ ਕੌਮੀ ਭਾਵਨਾ ਜਾਂ ਸਾਂਝੇ ਰਾਸ਼ਟਰ ਦਾ ਕੋਈ ਸੰਕਲਪ ਨਹੀਂ ਸੀ। ਬਰਤਾਨਵੀ ਬਸਤੀਵਾਦੀ ਹਕੂਮਤ ਨੇ ਆਪਣੇ ਆਰਥਿਕ ਹਿਤਾਂ (ਉਤਪਾਦਨ ਤੇ ਮੁਨਾਫ਼ੇ 'ਚ ਵਾਧੇ) ਲਈ ਬਿਖਰੀਆਂ ਰਾਜਸੀ ਇਕਾਈਆਂ ਨੂੰ ਸਾਂਝੇ ਰਾਸ਼ਟਰ ਦੇ ਸੂਤਰ ਵਿੱਚ ਵੀ ਬੰਨ੍ਹਿਆ ਅਤੇ ਆਜ਼ਾਦ ਰਿਆਸਤਾਂ ਨੂੰ ਗ਼ੁਲਾਮ ਬਣਾਉਣ ਲਈ ਉਨ੍ਹਾਂ ਵਿਚਲੇ ਧਾਰਮਿਕ, ਨਸਲੀ, ਕੌਮੀ ਵਖਰੇਵਿਆਂ ਤੇ ਵਿਰੋਧਾਂ ਨੂੰ ਹਵਾ ਵੀ ਦਿੱਤੀ। ਵਿਗਿਆਨ, ਤਕਨਾਲੋਜੀ ਤੇ ਨਵੀਂ ਸਿੱਖਿਆ ਦੇ ਪਾਸਾਰ ਦੁਆਰਾ ਸਨਾਤਨੀ ਜੜ੍ਹਤਾਵਾਦੀ ਮੁੱਲਾਂ ਨੂੰ ਚੁਣੌਤੀ ਦੇਣ ਵਾਲੀ ਬਸਤੀਵਾਦੀ ਸਰਕਾਰ ਆਪਣੇ ਸੌੜੇ ਸਿਆਸੀ ਹਿਤਾਂ ਕਾਰਨ

ਭਾਰਤ ਵਿੱਚ ਸੰਪਰਦਾਇਕ ਤਣਾਉ ਨੂੰ ਵਧਾਉਣ ਦਾ ਕਾਰਨ ਵੀ ਬਣੀ। ਭਾਰਤੀ ਸਮਾਜ ਦੇ ਤਾਣੇ-ਬਾਣੇ (social fabric) ਵਿਚਲੇ ਨਸਲੀ, ਕੌਮੀ, ਧਾਰਮਿਕ, ਭਾਸ਼ਾਈ, ਖੇਤਰੀ, ਸੱਭਿਆਚਾਰਕ ਅਤੇ ਜਾਤੀ-ਜਮਾਤੀ ਵਖਰੇਵਿਆਂ, ਸੱਭਿਆਚਾਰਕ ਵਿਭਿੰਨਤਾਵਾਂ, ਵਿਰੋਧਾਂ ਅਤੇ ਸਾਂਝੀ ਗੰਗਾ-ਜਮਨੀ ਤਹਿਜ਼ੀਬ ਨੂੰ ਸਮਝੇ ਬਿਨਾਂ ਭਾਰਤ ਦੇ ਕੌਮੀ ਸੁਤੰਤਰਤਾ ਸੰਗਰਾਮ ਦੀ ਇਤਿਹਾਸਕਾਰੀ ਨਾਲ ਜੁੜੇ ਮਸਲਿਆਂ ਨੂੰ ਸਮਝਿਆ ਨਹੀਂ ਜਾ ਸਕਦਾ। ਇੱਥੇ ਇਸ ਗੱਲੋਂ ਵੀ ਸੁਚੇਤ ਰਹਿਣ ਦੀ ਜ਼ਰੂਰਤ ਹੈ, ਕਿ ਪੱਛਮੀ ਮੁਲਕਾਂ ਵਿੱਚ ਪੂੰਜੀਵਾਦੀ ਅਰਥ-ਵਿਵਸਥਾ ਦੇ ਉਭਾਰ ਤੋਂ ਬਾਅਦ ਉੱਥੋਂ ਦੀ ਉਦਾਰ ਤੇ ਪ੍ਰਗਤੀਸ਼ੀਲ ਬੁਰਜੂਆਜ਼ੀ ਨੇ ਰਾਸ਼ਟਰ-ਰਾਜਾਂ (Nation states) ਦਾ ਜਿਹੜਾ ਸੰਕਲਪ ਦਿੱਤਾ, ਉਹ ਵੀ ਬਸਤੀਵਾਦ ਦੀਆਂ ਪਾਸਾਰਵਾਦੀ ਅਤੇ ਪ੍ਰਭੁਤਵਵਾਦੀ ਨੀਤੀਆਂ ਦੇ ਖ਼ਿਲਾਫ਼ ਭੁਗਤਿਆ। ਨਤੀਜੇ ਵਜੋਂ ਪੱਛਮ ਦੇ ਉਦਾਰਵਾਦੀ ਬੁਰਜੂਆ ਚਿੰਤਕਾਂ ਤੇ ਇਤਿਹਾਸਕਾਰਾਂ ਨੇ ਗ਼ੁਲਾਮ ਬਸਤੀਆਂ ਦੇ ਕੌਮੀ ਮੁਕਤੀ ਅੰਦੋਲਨਾਂ ਨੂੰ ਹਮਦਰਦੀ ਤੇ ਵਧੇਰੇ ਨਿਰਪੱਖਤਾ ਨਾਲ ਕਲਮਬੰਦ ਕੀਤਾ। ਪ੍ਰਮਾਣ ਵਜੋਂ 1857 ਈ. ਦੇ ਗ਼ਦਰ ਬਾਰੇ ਬਰਤਾਨਵੀ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੇ ਨੇਤਾ ਡਿਜ਼ਰਾਇਲੀ ਦਾ 17 ਜੁਲਾਈ, 1857 ਈ. ਦਾ ਬਿਆਨ,[1] ਲੰਡਨ ਟਾਈਮਜ਼ ਦੇ ਪੱਤਰਕਾਰ ਸਰ ਡਬਲਿਊ ਰੱਸਲ[2] ਅਤੇ ਜਸਟਿਨ ਮੈਕਾਰਥੀ[3] ਆਦਿ ਦੇ ਵਿਚਾਰ ਦੇਖੇ ਜਾ ਸਕਦੇ ਹਨ, ਜੋ 1857 ਦੇ ਗ਼ਦਰ ਨੂੰ ਸੈਨਿਕ ਵਿਦਰੋਹ ਕਹਿਣ ਦੀ ਥਾਂ ਅੰਗਰੇਜ਼ ਵਿਰੁੱਧ ਰਾਸ਼ਟਰੀ ਵਿਦਰੋਹ ਦਾ ਨਾਮ ਦਿੰਦੇ ਹਨ।

ਆਜ਼ਾਦ ਭਾਰਤ ਵਿੱਚ ਕੌਮੀ ਮੁਕਤੀ ਲਹਿਰ ਦੇ ਇਤਿਹਾਸ ਨੂੰ ਲਿਖਣ ਸਮੇਂ ਕੁਝ ਇਤਿਹਾਸਕਾਰਾਂ ਨੇ ਸੱਤਾਮੁਖੀ ਦ੍ਰਿਸ਼ਟੀ ਤੋਂ ਇਤਿਹਾਸ ਲਿਖੇ ਹਨ; ਇਹ ਇਤਿਹਾਸ ਬਸਤੀਵਾਦੀ ਵਿਚਾਰਧਾਰਕ ਨਜ਼ਰੀਏ ਦਾ ਹੀ ਦੁਹਰਾਉ ਹਨ। ਸੱਤਾਮੁਖੀ ਦ੍ਰਿਸ਼ਟੀ ਵਾਲੇ ਇਤਿਹਾਸਕਾਰਾਂ ਨੇ ਭਾਰਤ ਦੇ ਵੱਖ-ਵੱਖ ਖਿੱਤਿਆਂ 'ਚ ਵੱਖ-ਵੱਖ ਕੌਮਾਂ, ਧਾਰਮਿਕ ਨਸਲੀ ਸਮੂਹਾਂ ਤੇ ਕਬੀਲਿਆਂ ਆਦਿ ਦੇ ਬਸਤੀਵਾਦ ਵਿਰੋਧੀ ਸੰਘਰਸ਼ਾਂ ਨੂੰ ਜਾਂ ਤਾਂ ਕਾਂਗਰਸ ਦੀ ਗਾਂਧੀ-ਨਹਿਰੂ ਅਗਵਾਈ ਵਾਲੇ ਸੰਘਰਸ਼ ਦੇ ਪੇਟੇ ਪਾ ਦਿੱਤਾ, ਜਾਂ ਇਨ੍ਹਾਂ ਦਾ ਨਿਗੂਣਾ ਜਿਹਾ ਜ਼ਿਕਰ ਤੱਕ ਵੀ ਨਹੀਂ ਕੀਤਾ। ਭਾਰਤ ਦੇ ਕੌਮੀ ਸੁਤੰਤਰਤਾ ਸੰਗਰਾਮ ਬਾਰੇ ਲਿਖੇ ਗਏ ਮੁੱਖ-ਧਾਰਾ ਦੇ ਇਤਿਹਾਸਾਂ ਵਿੱਚ 'ਕੋਲਾਂ' (1820-1837 ਈ.), 'ਸੰਥਾਲਾਂ' (1855-56), 'ਸਾਂਦਲ ਤੇ ਨੀਲੀ ਬਾਰ ਦੇ ਜਾਂਗਲੀਆਂ' (1857), 'ਰੰਪਿਆਂ' (1895-1901) ਅਤੇ 'ਮੁੰਡਾ' ਆਦਿ ਕਬੀਲਿਆਂ ਦੇ ਜਨ-ਅੰਦੋਲਨਾਂ ਦਾ ਜ਼ਿਕਰ ਨਾਂ-ਮਾਤਰ ਹੀ ਹੈ। ਸਾਡੇ ਇਤਿਹਾਸਕਾਰਾਂ ਦੀ ਸੰਪ੍ਰਦਾਇ-ਉਨਮੁਖ ਦ੍ਰਿਸ਼ਟੀ ਵੀ ਪ੍ਰਮਾਣਿਕ ਇਤਿਹਾਸ ਲੇਖਣ ਦੇ ਰਾਹ ਵਿੱਚ ਰੁਕਾਵਟ ਬਣਦੀ ਹੈ। ਪੰਡਿਤ ਜਵਾਹਰ ਲਾਲ ਨਹਿਰੂ, ਆਰ.ਸੀ. ਮਜੂਮਦਾਰ ਅਤੇ ਸਰ ਸੱਯਦ ਅਹਿਮਦ ਖ਼ਾਂ ਦੇ ਸੁਤੰਤਰਤਾ ਸੰਗਰਾਮ ਬਾਰੇ ਵਿਚਾਰਾਂ ਵਿੱਚੋਂ ਇਸ ਦੀ ਝਲਕ ਦੇਖੀ ਜਾ

ਸਕਦੀ ਹੈ। ਲੋਕ-ਮੁਖੀ ਦ੍ਰਿਸ਼ਟੀ ਤੋਂ ਲਿਖੇ ਗਏ ਇਤਿਹਾਸਾਂ ਵਿੱਚ ਭਾਰਤ ਦੇ ਸੁਤੰਤਰਤਾ ਸੰਗਰਾਮ ਦੀਆਂ ਨਜ਼ਰਅੰਦਾਜ਼ ਕੀਤੀਆਂ ਧਿਰਾਂ, ਕੌਮਾਂ, ਕਬੀਲਿਆਂ ਜਾਂ ਧਾਰਮਿਕ ਸਮੂਹਾਂ ਦੇ ਯੋਗਦਾਨ ਦਾ ਭਰਵਾਂ ਉਲੇਖ ਮਿਲਦਾ ਹੈ। ਜੇ ਸੁਤੰਤਰਤਾ ਸੰਗਰਾਮ ਦੇ ਸੱਤਾ-ਮੁਖੀ ਇਤਿਹਾਸਾਂ ਦੇ ਨਾਇਕ ਨਹਿਰੂ-ਗਾਂਧੀ-ਪਟੇਲ ਆਦਿ ਹਨ, ਤਾਂ ਲੋਕ-ਮੁਖੀ ਇਤਿਹਾਸਾਂ ਦੇ ਨਾਇਕ ਭਾਈ ਮਹਾਰਾਜ ਸਿੰਘ, ਸਤਿਗੁਰੂ ਰਾਮ ਸਿੰਘ, ਅਹਿਮਦ ਖ਼ਾਨ ਖ਼ਰਲ, ਕੁੰਵਰ ਸਿੰਘ (ਅਵਧ), ਝਲਕਾਰੀ ਬਾਈ (ਝਾਂਸੀ), ਵੀਰ ਪਾਂਡੀਯ ਕੱਟਾਬੋਮਨ (ਤਾਮਿਲਨਾਡੂ), ਕਾਨ੍ਹੂੰ ਸੰਥਾਲ ਅਤੇ ਵਿਰਸਾ ਮੁੰਡਾ ਆਦਿ ਹਨ। ਬੁਨਿਆਦੀ ਮਸਲਾ ਇਤਿਹਾਸਕਾਰੀ ਪਿੱਛੇ ਕੰਮ ਕਰਦੀ ਵਿਚਾਰਧਾਰਕ ਸਿਆਸਤ ਨੂੰ ਸਮਝਣ ਦਾ ਹੈ। ਲੋਕ-ਇਤਿਹਾਸਕਾਰੀ ਨੂੰ ਇਸ ਲਈ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਕਿ ਜੇ ਲੋਕ ਆਪਣੇ ਜੁਝਾਰੂ ਤੇ ਨਿਆਂਸ਼ੀਲ ਵਿਰਸੇ ਨੂੰ ਜਾਣਨਗੇ, ਜਾਂ ਆਪਣੀ ਸੰਘਰਸ਼ਸ਼ੀਲ ਪਰੰਪਰਾ ਤੇ ਨਾਇਕਾਂ ਨੂੰ ਆਪਣੀ ਸਿਮਰਤੀ ਵਿੱਚ ਸਾਂਭਣਗੇ, ਤਾਂ ਉਹ ਅਜੋਕੇ ਹਾਕਮਾਂ ਤੋਂ ਸਮਾਜਿਕ ਨਿਆਂ ਤੇ ਮਾਨਵੀ ਅਧਿਕਾਰਾਂ ਦੀ ਤਵੱਕੋ ਕਰਨਗੇ। ਸਾਡੀ ਜਾਚੇ 1857 ਈ. ਦਾ ਬਾਰ ਦੇ ਜਾਂਗਲੀਆਂ ਦਾ ਅੰਦੋਲਨ, ਨਾਮਧਾਰੀ ਲਹਿਰ, ਬਾਰ ਦਾ ਕਿਸਾਨ ਸੰਘਰਸ਼ ਅਤੇ ਗ਼ਦਰ ਪਾਰਟੀ ਦਾ ਲਹੂ-ਵੀਟਵਾਂ ਸੰਘਰਸ਼ ਮੁੱਖ-ਧਾਰਾ ਦੇ ਇਤਿਹਾਸਾਂ ਵਿੱਚ ਹਾਸ਼ੀਏ ਉੱਤੇ ਰਹੇ ਹਨ।

1857 ਈ. ਦੇ ਗ਼ਦਰ ਵਿੱਚ ਪੰਜਾਬ ਤੇ ਖ਼ਾਸ ਕਰਕੇ ਸਿੱਖਾਂ ਦੀ ਭੂਮਿਕਾ ਬਾਰੇ ਬਹੁਤੇ ਇਤਿਹਾਸਕਾਰਾਂ ਦਾ ਮਤ ਹੈ ਕਿ ਉਨ੍ਹਾਂ ਨੇ ਗ਼ਦਰ ਨੂੰ ਕੁਚਲਣ ਲਈ ਬਸਤੀਵਾਦੀ ਹਕੂਮਤ ਦਾ ਸਾਥ ਦਿੱਤਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਟਿਆਲਾ, ਨਾਭਾ, ਕਪੂਰਥਲਾ, ਜੀਂਦ ਤੇ ਫ਼ਰੀਦਕੋਟ ਆਦਿ ਰਿਆਸਤਾਂ ਦੇ ਮੁਖੀਆਂ ਨੇ ਆਪਣੇ ਰਾਜ ਸੁਰੱਖਿਅਤ ਰੱਖਣ ਲਈ ਬਰਤਾਨਵੀ ਹਾਕਮਾਂ ਨੂੰ ਧਨ ਤੇ ਸੈਨਿਕ ਬਲ ਮੁਹੱਈਆ ਕਰਵਾਏ। ਸੰਪ੍ਰਦਾਇਕ ਦ੍ਰਿਸ਼ਟੀ ਵਾਲੇ ਇਤਿਹਾਸਕਾਰਾਂ ਦਾ ਮਤ ਹੈ ਕਿ 1849 ਈ. ਵਿੱਚ ਅੰਗਰੇਜ਼ਾਂ ਨੇ ਕਾਲਿਆਂ ਅਰਥਾਤ ਭਾਰਤੀ ਫ਼ੌਜੀਆਂ ਦੀ ਮਦਦ ਨਾਲ ਰਣਜੀਤ ਸਿੰਘ ਦੇ ਉਸਾਰੇ ਸਿੱਖ ਰਾਜ ਉੱਪਰ ਕਬਜ਼ਾ ਕਰ ਲਿਆ ਸੀ, ਇਸ ਲਈ 1857 ਈ. ਦੇ ਗ਼ਦਰ ਨੂੰ ਦਬਾਉਣ ਲਈ ਸਿੱਖਾਂ ਨੇ ਅੰਗਰੇਜ਼ ਹਾਕਮਾਂ ਦਾ ਸਾਥ ਦਿੱਤਾ। ਸਿਤਮ ਇਹ ਹੈ ਕਿ ਆਰ.ਸੀ. ਮਜੂਮਦਾਰ, ਪੰਡਿਤ ਜਵਾਹਰ ਲਾਲ ਨਹਿਰੂ ਅਤੇ ਪ੍ਰੋ. ਹਮਾਯੂੰ ਕਬੀਰ ਵਰਗੇ ਉਦਾਰਵਾਦੀ ਲੇਖਕ-ਚਿੰਤਕ ਵੀ 1857 ਈ. ਦੇ ਗ਼ਦਰ ਵਿੱਚ ਸਿੱਖ ਅਵਾਮ ਤੇ ਸਿੱਖ ਸੈਨਿਕਾਂ ਦੀ ਭੂਮਿਕਾ ਬਾਰੇ ਟਪਲਾ ਖਾ ਗਏ। ਪ੍ਰੋ. ਹਮਾਯੂੰ ਕਬੀਰ ਲਿਖਦੇ ਹਨ ਕਿ 'ਅਵਧ ਦੇ ਖਿੱਤੇ ਨੂੰ ਛੱਡ ਕੇ ਭਾਰਤ ਦੇ ਬਾਕੀ ਹਿੱਸਿਆਂ ਵਿੱਚ ਬਰਤਾਨਵੀ ਸਾਮਰਾਜ ਵਿਰੁੱਧ ਉੱਠੇ ਬਹੁਤੇ ਅੰਦੋਲਨ ਮੂਲ ਰੂਪ ਵਿੱਚ ਰਜਵਾੜਿਆਂ, ਜਾਂ ਸਥਾਨਕ ਰਿਆਸਤਾਂ ਦੇ ਮਹਾਰਾਜਿਆਂ ਦੇ ਆਪਣੀ-ਆਪਣੀ ਸਮਾਜਿਕ, ਰਾਜਸੀ ਤੇ ਸੈਨਿਕ ਸਥਿਤੀ ਨੂੰ ਬਹਾਲ ਰੱਖਣ ਦੇ ਯਤਨ ਸਨ, ਪਰ ਪੰਜਾਬ ਦਾ ਕੂਕਾ ਅੰਦੋਲਨ

ਅਜਿਹੀ ਜਨਤਕ ਲਹਿਰ ਸੀ, ਜਿਸ ਨੂੰ ਜਨ-ਸਾਧਾਰਨ ਨੇ ਭਰਵਾਂ ਹੁੰਗਾਰਾ ਦਿੱਤਾ।'[4] ਪੰਡਿਤ ਨਹਿਰੂ ਅਤੇ ਮਜੂਮਦਾਰ 1857 ਈ. ਦੇ ਗ਼ਦਰ ਨੂੰ ਸੈਨਿਕ-ਵਿਦਰੋਹ ਦੀ ਥਾਂ ਰਾਸ਼ਟਰੀ ਵਿਦਰੋਹ ਮੰਨਦੇ ਹਨ, ਜਿਸ ਵਿਚ ਸੈਨਿਕਾਂ ਤੋਂ ਇਲਾਵਾ ਸਥਾਨਕ ਰਾਜਿਆਂ, ਮਹਾਰਾਜਿਆਂ ਤੇ ਸਾਮੰਤਾਂ ਦੀ ਭੂਮਿਕਾ ਅਹਿਮ ਸੀ। ਦੋਵਾਂ ਅਨੁਸਾਰ ਗੋਰਖਿਆਂ ਤੇ ਸਿੱਖਾਂ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ। ਪ੍ਰਮਾਣ ਵਜੋਂ ਉਨ੍ਹਾਂ ਦੇ ਕਥਨ ਦੇਖੇ ਜਾ ਸਕਦੇ ਹਨ:

- 1857 ਈ. ਦਾ ਗ਼ਦਰ ਫ਼ੌਜੀ ਬਗ਼ਾਵਤ ਤੋਂ ਕਿਤੇ ਵੱਡੀ ਘਟਨਾ ਸੀ। ਉਸ ਨੇ ਬੜੀ ਤੇਜ਼ੀ ਨਾਲ ਵਿਦਰੋਹ ਦਾ ਰੂਪ ਲੈ ਲਿਆ ਤੇ ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ 'ਚ ਵਟ ਗਿਆ। ਆਮ ਜਨਤਾ ਦੇ ਲੋਕਪ੍ਰਿਯ ਵਿਦਰੋਹ ਦੇ ਰੂਪ ਵਿੱਚ ਇਹ ਲੜਾਈ ਦਿੱਲੀ, ਸੰਯੁਕਤ ਪ੍ਰਾਂਤ (ਉੱਤਰ ਪ੍ਰਦੇਸ਼), ਬਿਹਾਰ (ਅਵਧ) ਤੇ ਮੱਧ ਭਾਰਤ ਦੇ ਕੁਝ ਹਿੱਸਿਆਂ ਤੱਕ ਹੀ ਸੀਮਿਤ ਸੀ। ਖ਼ਾਸ ਤੌਰ 'ਤੇ ਇਹ ਸਾਮੰਤਵਾਦੀ ਵਿਦਰੋਹ ਸੀ, ਜਿਸ ਦੀ ਅਗਵਾਈ ਸਾਮੰਤਾਂ, ਰਜਵਾੜਿਆਂ ਤੇ ਉਨ੍ਹਾਂ ਦੇ ਸਾਥੀਆਂ ਕੋਲ ਸੀ ਅਤੇ ਉਨ੍ਹਾਂ ਨੂੰ ਬਸਤੀਵਾਦ ਵਿਰੋਧੀ ਭਾਵਨਾਵਾਂ ਤੋਂ ਬਲ ਮਿਲਿਆ।... ਅੰਗਰੇਜ਼ਾਂ ਨੂੰ ਗੋਰਖਿਆਂ ਤੋਂ ਮਦਦ ਮਿਲੀ, ਪਰ ਇਸ ਤੋਂ ਜ਼ਿਆਦਾ ਤਆਜੁਬ ਇਸ ਗੱਲ ਦਾ ਹੈ ਕਿ ਸਿੱਖਾਂ ਨੇ ਵੀ ਉਨ੍ਹਾਂ ਦੀ ਮਦਦ ਕੀਤੀ। ਸਿੱਖ, ਜੋ ਉਨ੍ਹਾਂ ਦੇ ਦੁਸ਼ਮਣ ਰਹੇ ਸੀ ਤੇ ਅੰਗਰੇਜ਼ਾਂ ਨੇ ਕੁਝ ਸਮਾਂ ਪਹਿਲਾਂ ਹੀ ਉਨ੍ਹਾਂ ਨੂੰ ਹਰਾਇਆ ਸੀ, ਜ਼ਾਹਿਰ ਹੈ ਕਿ ਉਸ ਸਮੇਂ ਹਿੰਦੁਸਤਾਨੀ ਆਵਾਮ ਨੂੰ ਇੱਕ ਸੂਤਰ ਵਿੱਚ ਬੰਨ੍ਹਣ ਵਾਲੀ ਕੌਮੀ ਭਾਵਨਾ ਦੀ ਕਮੀ ਸੀ।[5]

- 1857 ਵਿੱਚ ਗੋਰਖਿਆਂ ਨਾਲ ਸਿੱਖਾਂ ਨੇ ਵੀ ਅੰਗਰੇਜ਼ਾਂ ਦੀ ਨਿਸ਼ਠਾ ਪੂਰਬਕ ਸੇਵਾ ਕੀਤੀ ਅਤੇ ਸਿਪਾਹੀਆਂ (ਗ਼ਦਰ ਕਰਨ ਵਾਲੇ ਸੈਨਿਕ) ਨੂੰ ਹਰਾਉਣ ਵਿੱਚ ਪ੍ਰਮੁੱਖ ਸਹਾਇਕ ਉਹੀ ਸਨ।... ਸਿੱਖਾਂ ਨੇ ਬਾਦਸ਼ਾਹ ਵਜੋਂ ਬਹਾਦਰ ਸ਼ਾਹ ਜ਼ਫ਼ਰ ਦੇ ਐਲਾਨ ਤੋਂ ਆਪਣੇ ਆਪ ਨੂੰ ਵੱਖ ਰੱਖਿਆ, ਕਿਉਂਕਿ ਇਸ ਦੀ ਸੁਭਾਵਿਕ ਵਿਆਖਿਆ ਮੁਸਲਿਮ ਰਾਜ ਦੀ ਪੁਨਰ-ਸਥਾਪਨਾ ਦੇ ਰੂਪ ਵਿੱਚ ਕੀਤੀ ਗਈ ਸੀ। ਮੁਸਲਿਮ ਸ਼ਾਸਨ ਵਿੱਚ ਸਿੱਖ ਪਹਿਲਾਂ ਹੀ ਬਹੁਤ ਕਸ਼ਟ ਭੋਗ ਚੁੱਕੇ ਸਨ। ਇਸ ਗੱਲ ਦੇ ਲਿਖਤੀ ਪ੍ਰਮਾਣ ਮੌਜੂਦ ਹਨ ਕਿ ਪੰਜਾਬ ਵਿੱਚ ਅੰਗਰੇਜ਼ ਉੱਚ ਅਧਿਕਾਰੀਆਂ ਨੇ ਸਪਸ਼ਟ ਭਾਸ਼ਾ ਵਿੱਚ ਸਿੱਖਾਂ ਨੂੰ ਮੁਸਲਿਮ ਰਾਜ ਤੋਂ ਮਿਲੇ ਜ਼ਖ਼ਮਾਂ

> ਤੇ ਅਪਮਾਨਾਂ ਦੀ ਯਾਦ ਦੁਆਈ ਸੀ।... ਇਸ ਵਿੱਚ ਜ਼ਰਾ ਵੀ ਸੰਦੇਹ ਨਹੀਂ ਕਿ ਇਸ ਵਿਚਾਰ ਨੇ ਸਿੱਖਾਂ ਨੂੰ ਬਹੁਤ ਪ੍ਰਭਾਵਿਤ ਕੀਤਾ, ਤੇ ਉਹ ਜੀਅ-ਜਾਨ ਨਾਲ ਅੰਗਰੇਜ਼ ਹਾਕਮਾਂ ਨੂੰ ਆਪਣੀਆਂ ਸੇਵਾਵਾਂ ਦੇਣ ਲਈ ਰਾਜ਼ੀ ਹੋ ਗਏ।[6]

ਅਜਿਹੇ ਟਪਲੇ ਹੋਰ ਇਤਿਹਾਸਕਾਰਾਂ ਨੇ ਵੀ ਖਾਧੇ ਹਨ। ਦਰਅਸਲ ਪੰਜਾਬ ਵਿੱਚ ਬਰਤਾਨਵੀ ਬਸਤੀਵਾਦੀ ਸਰਕਾਰ ਦਾ ਵਿਰੋਧ 1849 ਈ. ਵਿੱਚ ਉਨ੍ਹਾਂ ਦੇ ਪੰਜਾਬ ਉੱਪਰ ਕਬਜ਼ੇ ਨਾਲ ਹੀ ਸ਼ੁਰੂ ਹੋ ਜਾਂਦਾ ਹੈ। ਭਾਈ ਮਹਾਰਾਜ ਸਿੰਘ, ਦੀਵਾਨ ਮੂਲ ਰਾਜ, ਅੰਗਰੇਜ਼ਾਂ ਦੁਆਰਾ ਬਰਤਰਫ਼ ਕੀਤੇ ਸਿੱਖ ਸੈਨਿਕ, ਬਾਬਾ ਬਿਕਰਮ ਸਿੰਘ ਬੇਦੀ, ਰਾਮ ਸਿੰਘ ਪਠਾਣੀਆਂ (ਨੂਰਪੁਰ), ਅਤੇ ਚਤਰ ਸਿੰਘ (ਅਟਾਰੀ ਵਾਲਾ) ਵਰਗੇ ਕਈ ਸਿੱਖ ਸਰਦਾਰ ਅੰਗਰੇਜ਼ਾਂ ਦਾ ਵਿਰੋਧ ਕਰ ਰਹੇ ਸਨ। ਪੰਜਾਬ ਵਿੱਚ 1857 ਈ. ਦੇ ਸੈਨਿਕ-ਵਿਦਰੋਹ ਸਮੇਂ ਸਾਂਦਲ ਬਾਰ ਤੇ ਨੀਲੀ ਬਾਰ ਦੇ ਜਾਂਗਲੀ ਕਬੀਲੇ ਅਹਿਮਦ ਖ਼ਾਨ ਖਰਲ ਤੇ ਮੁਰਾਦ ਫਤਿਆਣਾ ਆਦਿ ਦੀ ਅਗਵਾਈ ਵਿੱਚ ਅੰਗਰੇਜ਼ ਹਾਕਮਾਂ ਨਾਲ ਆਰ-ਪਾਰ ਦੀ ਹਥਿਆਰਬੰਦ ਲੜਾਈ ਲੜ ਰਹੇ ਸਨ। ਮੇਰਠ ਵਿੱਚ ਸੈਨਿਕ ਵਿਦਰੋਹ ਆਰੰਭ ਹੋਣ ਤੋਂ 28 ਦਿਨ ਪਹਿਲਾਂ ਬਾਬਾ ਰਾਮ ਸਿੰਘ ਨੇ 12 ਅਪ੍ਰੈਲ, 1857 ਈ. ਨੂੰ ਜਿਸ 'ਸੰਤ ਖਾਲਸਾ' ਦੀ ਸਥਾਪਨਾ ਕੀਤੀ, ਉਹ ਵੀ ਸਮਾਂ ਪਾ ਕੇ ਬਸਤੀਵਾਦੀ ਵਿਰੋਧ ਦੀ ਵਧੇਰੇ ਸੰਗਠਿਤ ਤੇ ਵਿਸ਼ਾਲ ਜਨ-ਆਧਾਰ ਵਾਲੀ ਲਹਿਰ ਦਾ ਰੂਪ ਧਾਰ ਗਿਆ। ਪੰਜਾਬ ਦੇ ਬਸਤੀਵਾਦ ਵਿਰੋਧੀ ਇਹ ਦੋਵੇਂ ਅੰਦੋਲਨ ਸਿਵਲੀਅਨ ਬਗ਼ਾਵਤਾਂ ਸਨ, ਜਿਨ੍ਹਾਂ ਵੱਲ ਸਾਡੇ ਮੁੱਖ ਧਾਰਾ ਦੇ ਇਤਿਹਾਸਕਾਰਾਂ ਦਾ ਧਿਆਨ ਨਹੀਂ ਗਿਆ, ਜਾਂ ਇਤਿਹਾਸ-ਲੇਖਣ ਪ੍ਰਤੀ ਸੱਤਾਮੁਖੀ ਦ੍ਰਿਸ਼ਟੀ ਕਰਕੇ ਉਨ੍ਹਾਂ ਨੇ ਇਨ੍ਹਾਂ ਕੌਮੀ ਭਾਵਨਾ ਵਾਲੇ ਜਨ-ਅੰਦੋਲਨਾਂ ਨੂੰ ਜਾਣ-ਬੁੱਝ ਕੇ ਅਣਡਿੱਠ ਕੀਤਾ। ਡਾ. ਸ਼ਮਸੁਲ ਇਸਲਾਮ ਦੀ ਪੁਸਤਕ '1857 ਦੇ ਬਾਗ਼ੀ ਸਿੱਖ' (2011) ਲੋਕ-ਪੱਖੀ ਇਤਿਹਾਸਕਾਰੀ ਦਾ ਪੁਖ਼ਤਾ ਨਮੂਨਾ ਹੈ, ਜੋ ਸਤਵੰਜਾ ਦੇ ਕੌਮੀ ਵਿਦਰੋਹ ਵਿੱਚ ਆਮ ਲੋਕਾਂ ਤੇ ਸਿੱਖਾਂ ਦੇ ਯੋਗਦਾਨ ਨੂੰ ਸਪਸ਼ਟ ਕਰਦੀ ਹੈ।

ਧਾਰਮਿਕ ਦਿੱਖ ਵਾਲੀ ਨਾਮਧਾਰੀ ਲਹਿਰ ਦੇ ਸਰੋਕਾਰ ਸਮਾਜਿਕ, ਆਰਥਿਕ, ਸੱਭਿਆਚਾਰਕ, ਨੈਤਿਕ ਅਤੇ ਰਾਜਸੀ ਸਨ। ਸਿੱਖ ਭਾਈਚਾਰੇ ਵਿੱਚ ਆਏ ਨੈਤਿਕ ਪਤਨ ਅਤੇ ਧਾਰਮਿਕ ਕੁਰੀਤੀਆਂ ਨੂੰ ਰੋਕਣ ਲਈ ਸਤਿਗੁਰੂ ਰਾਮ ਸਿੰਘ ਨੇ ਜਿਸ 'ਸੰਤ ਖ਼ਾਲਸਾ' ਨਾਮ ਦੀ ਧਾਰਮਿਕ ਜਥੇਬੰਦੀ ਦੀ ਬੁਨਿਆਦ ਰੱਖੀ, ਉਸ ਦਾ ਆਧਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਚਿਤਵਿਆ 'ਖ਼ਾਲਸਾ' ਅਤੇ 'ਪੰਥ ਖ਼ਾਲਸਾ' ਸੀ। ਅਹਿੰਸਾ ਦੇ ਸਿਧਾਂਤਕ ਤੇ ਰਾਜਸੀ ਸੂਤਰ ਉੱਪਰ ਟਿਕੇ ਹੋਣ ਕਰਕੇ ਬਦਲੇ ਹੋਏ ਹਾਲਾਤ ਵਿੱਚ ਸਤਿਗੁਰੂ ਰਾਮ ਸਿੰਘ ਨੇ ਆਪਣੇ ਸੰਗਠਨ ਨੂੰ ਸੁਚੇਤ ਤੌਰ 'ਤੇ 'ਸੰਤ ਖ਼ਾਲਸਾ' ਦਾ ਨਾਮ ਦਿੱਤਾ। ਨਾਮਧਾਰੀ ਲਹਿਰ ਦੇ ਵਿਚਾਰਧਾਰਕ ਆਧਾਰ ਤੇ ਉਦੇਸ਼ ਬਾਰੇ ਡਾ.

ਜੁਗਿੰਦਰ ਸਿੰਘ ਲਿਖਦੇ ਹਨ, "ਨਾਮਧਾਰੀ ਗੁਰੂ ਰਾਮ ਸਿੰਘ ਦਾ ਸੰਕਲਪ ਕੇਵਲ ਵਿਦੇਸ਼ੀ ਹਕੂਮਤ ਦਾ ਖ਼ਾਤਮਾ ਨਹੀਂ ਸੀ, ਉਹ ਖ਼ਾਲਸਾ ਰਾਜ ਦੀ ਉਹ ਰੂਪ-ਰੇਖਾ ਉਸਾਰਨਾ ਚਾਹੁੰਦੇ ਸਨ, ਜਿਸ ਦੀ ਵਿਆਖਿਆ ਪ੍ਰੇਮ ਸੁਮਾਰਗ ਵਿੱਚ ਕੀਤੀ ਹੋਈ ਸੀ।... ਇਸ ਰਚਨਾ ਵਿੱਚ ਖ਼ਾਲਸਾ ਪੰਥ ਦੇ ਧਾਰਮਿਕ ਅਤੇ ਸਮਾਜਿਕ ਵਿਵਹਾਰ ਅਤੇ ਸਿੱਖ ਸ਼ਾਸਨ ਨੀਤੀ ਦੀ ਵਿਆਖਿਆ ਕੀਤੀ ਗਈ ਹੈ। ਨਾਮਧਾਰੀ ਗੁਰੂ ਦੇ ਬੇਵਕਤ ਦੇਸ਼ ਨਿਕਾਲੇ (1872) ਕਰਕੇ ਉਨ੍ਹਾਂ ਦਾ ਖ਼ਾਲਸਾ ਰਾਜ ਦੀ ਮੁੜ ਸਥਾਪਤੀ ਦਾ ਸੰਕਲਪ ਅਧੂਰਾ ਰਹਿ ਗਿਆ।"[7] ਧਰਮ ਅਤੇ ਸਮਾਜ ਸੁਧਾਰ ਨੂੰ ਸਮਰਪਿਤ ਇਸ ਲਹਿਰ ਨੇ ਨਿਰਸੰਦੇਹ, ਸੱਭਿਆਚਾਰਕ ਪੁਨਰ-ਜਾਗਰਣ ਦੀ ਭੂਮਿਕਾ ਨਿਭਾਈ। ਧਰਮ ਤੇ ਸਮਾਜ ਸੁਧਾਰ ਨੂੰ ਪ੍ਰਣਾਈ ਕੂਕਾ ਲਹਿਰ 1863 ਈ. ਤੋਂ ਬਾਅਦ ਬਸਤੀਵਾਦ ਵਿਰੋਧੀ ਕੌਮੀ ਮੁਕਤੀ ਲਹਿਰ ਦਾ ਰੂਪ ਧਾਰ ਲੈਂਦੀ ਹੈ। ਸਮਾਜਿਕ ਸੁਧਾਰਾਂ ਕਰਕੇ ਕੂਕਾ ਲਹਿਰ ਦੇ ਵਧਦੇ ਪ੍ਰਭਾਵ ਤੇ ਹਿੰਦੂ-ਸਿੱਖ ਪੁਜਾਰੀਆਂ ਦੇ ਵਿਰੋਧ ਕਾਰਨ ਸਤਿਗੁਰੂ ਰਾਮ ਸਿੰਘ ਜੀ ਨੂੰ ਭੈਣੀ ਸਾਹਿਬ ਵਿਖੇ ਜੂਹ-ਬੰਦ ਕਰ ਦਿੱਤਾ ਜਾਂਦਾ ਹੈ ਤੇ ਉਨ੍ਹਾਂ ਦੇ ਦੌਰਿਆਂ ਉੱਤੇ ਪਾਬੰਦੀ ਆਇਦ ਕਰ ਦਿੱਤੀ ਜਾਂਦੀ ਹੈ। ਬਸਤੀਵਾਦੀ ਹਕੂਮਤ ਦੇ ਦਮਨ ਨੂੰ ਚੁਣੌਤੀ ਦੇਣ ਲਈ ਉਨ੍ਹਾਂ ਨੇ ਅਸਹਿਯੋਗ ਅਤੇ ਸਮਾਨਾਂਤਰ ਕੂਕਾ ਪ੍ਰਬੰਧ ਦੇ ਰਾਜਸੀ ਗੁਰਮੰਤਰ ਨੂੰ ਅਪਣਾ ਲਿਆ। ਉਨ੍ਹਾਂ ਨੇ ਆਪਣੇ ਪੈਰੋਕਾਰਾਂ ਨੂੰ ਅੰਗਰੇਜ਼ੀ ਮਾਲ, ਸਰਕਾਰੀ ਨੌਕਰੀਆਂ ਅਤੇ ਰੇਲਵੇ ਆਦਿ ਦਾ ਬਾਈਕਾਟ ਕਰਨ ਦੀ ਹਦਾਇਤ ਕੀਤੀ। ਕੂਕਿਆਂ ਨੇ ਬਸਤੀਵਾਦੀ ਸ਼ਾਸਨ ਦੇ ਸਮਾਨਾਂਤਰ ਆਪਣਾ ਵਿੱਦਿਅਕ ਤੇ ਡਾਕ ਪ੍ਰਬੰਧ ਸਥਾਪਿਤ ਕੀਤਾ। ਅੰਗਰੇਜ਼ਾਂ ਦੀ ਨਿਆਂ-ਪ੍ਰਣਾਲੀ ਦੀ ਥਾਂ ਪੰਚਾਇਤੀ ਨਿਆਂ ਉੱਪਰ ਟੇਕ ਰੱਖਣ ਦੀ ਹਦਾਇਤ ਕੀਤੀ। ਵਿਦੇਸ਼ੀ ਮਾਲ ਦਾ ਬਾਈਕਾਟ ਤੇ ਸਵਦੇਸ਼ੀ ਦਾ ਨਾਹਰਾ ਸਤਿਗੁਰੂ ਰਾਮ ਸਿੰਘ ਦੀ ਦੂਰ-ਅੰਦੇਸ਼ੀ ਦਾ ਸਿੱਟਾ ਸੀ, ਜਿਸ ਦੁਆਰਾ ਉਨ੍ਹਾਂ ਬਸਤੀਵਾਦੀ ਪ੍ਰਬੰਧ ਦੇ ਆਰਥਿਕ ਆਧਾਰ ਉੱਤੇ ਸੱਟ ਮਾਰੀ। ਸਮਾਨਾਂਤਰ ਕੂਕਾ-ਪ੍ਰਬੰਧ ਨੂੰ ਆਰ.ਜੀ. ਟਾਇਲਰ[8] ਤੇ ਜੇ.ਡਬਲਿਊ. ਮੈਕਨਾਬ[9] ਵਰਗੇ ਅੰਗਰੇਜ਼ ਅਧਿਕਾਰੀਆਂ ਨੇ ਕੂਕਿਆਂ ਦੀਆਂ ਬਾਗ਼ੀ ਰਾਜਨੀਤਕ ਕਾਰਵਾਈਆਂ ਵਜੋਂ ਵੇਖਿਆ ਅਤੇ ਸਤਿਗੁਰੂ ਰਾਮ ਸਿੰਘ ਨੂੰ ਪੰਜਾਬ ਤੋਂ ਦੂਰ ਅੰਡੇਮਾਨ ਆਦਿ ਟਾਪੂਆਂ ਵਿੱਚ ਦੇਸ਼-ਬਦਰ ਕਰਨ ਦੀ ਸਿਫ਼ਾਰਸ਼ ਕੀਤੀ। ਐਨਸਾਈਕਲੋਪੀਡੀਆ ਬ੍ਰਿਟੈਨਿਕਾ ਵਿੱਚ ਕੂਕਿਆਂ ਦੇ 'ਸਵਦੇਸ਼ੀ' ਤੇ 'ਵਿਦੇਸ਼ੀ ਮਾਲ ਤੇ ਨੌਕਰੀਆਂ ਦੇ ਬਾਈਕਾਟ' ਨੂੰ ਉਨ੍ਹਾਂ ਦੀ ਰਾਜਸੀ ਰਣਨੀਤੀ ਵਜੋਂ ਹੀ ਦੇਖਿਆ ਗਿਆ ਹੈ, ਜਿਸ ਅਨੁਸਾਰ "ਸਿੱਖ ਫ਼ਿਲਾਸਫ਼ਰ ਤੇ ਸੁਧਾਰਕ ਰਾਮ ਸਿੰਘ ਪਹਿਲਾ ਭਾਰਤੀ ਹੈ, ਜਿਸ ਨੇ ਬਰਤਾਨਵੀ ਵਪਾਰਕ ਮਾਲ ਤੇ ਨੌਕਰੀਆਂ ਦੇ ਬਾਈਕਾਟ ਅਤੇ ਨਾਮਿਲਵਰਤਣ ਨੂੰ ਰਾਜਨੀਤਕ ਹਥਿਆਰ ਵਜੋਂ ਵਰਤਿਆ।"[10]

ਅੰਗਰੇਜ਼ ਅਧਿਕਾਰੀ ਆਰ.ਜੀ. ਟਾਇਲਰ ਨੇ 1866 ਈ. ਵਿੱਚ ਹੀ ਕੂਕਾ

ਅੰਦੋਲਨ ਦੇ ਰਾਜਸੀ ਬਗ਼ਾਵਤ ਦਾ ਰੂਪ ਧਾਰ ਜਾਣ ਦੀ ਚਿਤਾਵਨੀ ਦਿੱਤੀ ਸੀ, ਕਿਉਂਕਿ ਨਾਮਧਾਰੀਆਂ ਨੇ ਬਸਤੀਵਾਦੀ ਗ਼ੁਲਾਮੀ ਦਾ ਜੂਲਾ ਗਲੋਂ ਲਾਹੁਣ ਲਈ ਗਵਾਲੀਅਰ, ਲਖਨਊ, ਕਸ਼ਮੀਰ, ਬਨਾਰਸ, ਹੈਦਰਾਬਾਦ ਤੇ ਨੇਪਾਲ ਆਦਿ ਰਿਆਸਤਾਂ ਨਾਲ ਸੰਪਰਕ ਬਣਾ ਲਏ ਸਨ। ਨਾਮਧਾਰੀ ਸਿੰਘਾਂ ਨੂੰ ਸੈਨਿਕ ਸਿਖਲਾਈ ਦੁਆਉਣ ਲਈ ਕਸ਼ਮੀਰ ਦੇ ਮਹਾਰਾਜਾ ਰਣਬੀਰ ਸਿੰਘ ਦੀ ਸਹਿਮਤੀ ਨਾਲ 'ਕਸ਼ਮੀਰ ਕੂਕਾ ਰਜਮੈਂਟ' ਦੀ ਥਾਪਨਾ ਕਰਵਾ ਲਈ ਸੀ, ਜੋ 1870 ਈ. 'ਚ ਅੰਗਰੇਜ਼ ਅਧਿਕਾਰੀ ਦੇ ਦਬਾਉ ਕਰਕੇ ਤੋੜ ਦਿੱਤੀ ਗਈ ਸੀ। 1868 ਈ. ਵਿੱਚ ਕਿਸ਼ਨ ਸਿੰਘ ਗ੍ਰੰਥਗੜ੍ਹ ਨੇ ਹੌਲਦਾਰ ਨੰਦ ਰਾਮ ਦੀ ਮਦਦ ਨਾਲ ਨੇਪਾਲ ਨਰੇਸ਼ ਰਾਣਾ ਜੰਗ ਬਹਾਦਰ ਨਾਲ ਸੰਬੰਧ ਬਣਾ ਲਏ ਸਨ। ਇਨ੍ਹਾਂ ਘਟਨਾਵਾਂ ਦੇ ਆਧਾਰ 'ਤੇ ਕਰਨਲ ਮੈਕ. ਐਂਡਰਿਊ ਨੇ ਬਰਤਾਨਵੀ ਉੱਚ ਅਧਿਕਾਰੀਆਂ ਨੂੰ ਚਿਤਾਵਨੀ-ਨੁਮਾ ਟਿੱਪਣੀ ਰਾਹੀਂ ਸੁਚੇਤ ਕੀਤਾ ਸੀ ਕਿ ਸਤਿਗੁਰੂ ਰਾਮ ਸਿੰਘ, ਗੁਰੂ ਜਾਂ ਧਾਰਮਿਕ ਰਹਿਨੁਮਾ ਦੇ ਘੇਰੇ ਤੋਂ ਬਾਹਰ ਜਾ ਕੇ ਰਾਜਸੀ ਗਤੀਵਿਧੀਆਂ ਕਰ ਰਿਹਾ ਹੈ।[11] ਬਰਤਾਨਵੀ ਬਸਤੀਵਾਦੀ ਸਰਕਾਰ ਖ਼ਿਲਾਫ਼ ਬਗ਼ਾਵਤ ਸਮੇਂ ਸਹਾਇਤਾ ਲੈਣ ਲਈ ਕੂਕਾ ਲਹਿਰ ਦੇ ਸੰਚਾਲਕਾਂ ਨੇ ਕਾਬਲ ਅਤੇ ਰੂਸ ਦੀਆਂ ਸਰਕਾਰਾਂ ਨਾਲ ਕੂਟਨੀਤਕ ਸੰਬੰਧ ਬਣਾ ਲਏ ਸਨ। ਸ਼ਾਂਤਮਈ ਕੂਕਾ ਲਹਿਰ 1869 ਦੇ ਆਸ-ਪਾਸ ਹਿੰਸਕ ਰੁਖ਼ ਅਖ਼ਤਿਆਰ ਕਰਨ ਲੱਗੀ। ਅੰਗਰੇਜ਼ ਹਾਕਮਾਂ ਦੁਆਰਾ ਕੂਕਿਆਂ ਉੱਪਰ ਲਾਈਆਂ ਪਾਬੰਦੀਆਂ ਤੇ ਸਰਕਾਰੀ ਦਮਨ ਚੱਕਰ ਦੇ ਵਿਰੋਧ ਵਿੱਚ ਕੂਕੇ ਜ਼ਮੀਨ-ਜਾਇਦਾਦ ਤੇ ਘਰ-ਘਾਟ ਵੇਚ ਕੇ ਭੈਣੀ ਸਾਹਿਬ ਦਾ ਰੁਖ਼ ਕਰਦੇ ਹਨ। ਭੈਣੀ ਸਾਹਿਬ ਨੂੰ ਜਾਂਦੇ ਸਮੇਂ ਪਿੰਡ ਥਰਾਜਵਾਲਾ ਦੇ ਕੂਕੇ ਸਿੰਘਾਂ ਦੀ ਅੰਗਰੇਜ਼ ਪੁਲਿਸ ਨਾਲ ਹਿੰਸਕ ਝੜਪ ਹੁੰਦੀ ਹੈ। ਇਸੇ ਸਮੇਂ ਕੂਕਾ ਦੀਵਾਨਾਂ ਵਿੱਚ ਇਹ ਲੋਕ-ਗੀਤ ਗੂੰਜਣ ਲੱਗਾ, 'ਚੱਕ ਲੈ ਫ਼ਰੰਗੀਆ ਛਾਉਣੀ ਖਾਲਸੇ ਨੇ ਰਾਜ ਕਰਨਾ।' ਭਾਰਤ ਦੀਆਂ ਵੱਖ-ਵੱਖ ਰਿਆਸਤਾਂ ਨਾਲ ਸੰਪਰਕ ਕਰਕੇ ਹਰਕਿਸ਼ਨ ਸਿੰਘ ਸੁਰਜੀਤ ਨਾਮਧਾਰੀ ਲਹਿਰ ਨੂੰ 'ਸਰਬ ਭਾਰਤੀ'[12] ਖ਼ਾਸੇ ਵਾਲੀ ਰਾਜਸੀ ਲਹਿਰ ਕਹਿੰਦਾ ਹੈ ਅਤੇ ਪੀ.ਸੀ. ਰਾਇ[13] ਕਾਬਲ ਤੇ ਰੂਸ ਨਾਲ ਕੂਟਨੀਤਕ ਸੰਬੰਧਾਂ ਕਰਕੇ ਨਾਮਧਾਰੀ ਲਹਿਰ ਨੂੰ ਕੌਮਾਂਤਰੀ ਪ੍ਰਭਾਵ ਵਾਲੀ ਮੰਨਦਾ ਹੈ। ਨਾਮਵਰ ਇਤਿਹਾਸਕਾਰ ਸਯਦ ਮੁਹੰਮਦ ਲਤੀਫ਼ ਅਨੁਸਾਰ "ਰਾਮ ਸਿੰਘ ਤੇ ਉਸ ਦੇ ਪੈਰੋਕਾਰਾਂ ਦੇ ਧਾਰਮਿਕ ਵਿਅਕਤੀ ਹੋਣ ਉੱਪਰ ਸੰਦੇਹ ਕੀਤਾ ਜਾਂਦਾ ਹੈ। ਦਰਅਸਲ ਇੱਕ ਧਰਮ-ਸੁਧਾਰਕ, ਨੈਤਿਕ ਉਪਦੇਸ਼ਕ ਤੇ ਰੂਹਾਨੀ ਰਹਿਨੁਮਾ ਦੇ ਪਰਦੇ ਉਹਲੇ ਉਸ ਦੇ ਗਹਿਰੇ ਰਾਜਸੀ ਮੰਤਵ ਸਨ।... ਪਰ ਉਸ ਦੀ ਸੰਪ੍ਰਦਾਇ ਦੇ ਖ਼ਤਰਨਾਕ ਮਨਸੂਬਿਆਂ ਦਾ ਪ੍ਰਮਾਣ ਅੰਮ੍ਰਿਤਸਰ, ਰਾਇਕੋਟ ਤੇ ਮਲੇਰਕੋਟਲੇ ਦੇ ਬੁੱਚੜਾਂ ਦੇ ਕਤਲਾਂ ਨਾਲ ਸਾਹਮਣੇ ਆਇਆ। ਉਸ ਦੇ ਪੈਰੋਕਾਰਾਂ ਨੇ ਹਿੰਸਕ ਵਤੀਰਾ ਧਾਰਨ ਕਰ ਲਿਆ। ਅੰਤ ਵਿੱਚ ਰਾਮ ਸਿੰਘ ਨੂੰ ਬਰਤਾਨਵੀ ਅਧਿਕਾਰੀਆਂ ਵੱਲੋਂ ਗ੍ਰਿਫ਼ਤਾਰ ਕਰਕੇ ਪਹਿਲਾਂ ਅਲਾਹਾਬਾਦ ਤੇ ਬਾਅਦ ਵਿੱਚ ਬਰ੍ਹਮਾ

ਵਿੱਚ ਬੰਦੀ ਬਣਾ ਕੇ ਭੇਜ ਦਿੱਤਾ ਗਿਆ।"[14]

ਨਾਮਧਾਰੀ ਲਹਿਰ ਦੀ ਗਤਿ-ਮਿਤ ਤੇ ਉਸ ਦੇ ਇਤਿਹਾਸ ਨੂੰ ਪ੍ਰਾਪਤ ਲਿਖਤੀ ਸਰੋਤ-ਪੁਸਤਕਾਂ, ਪੈਂਫ਼ਲਿਟਾਂ, ਸਰਕਾਰੀ ਤੇ ਗ਼ੈਰ-ਸਰਕਾਰੀ ਦਸਤਾਵੇਜ਼ਾਂ, ਖ਼ੁਫ਼ੀਆ ਰਿਪੋਰਟਾਂ, ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮਿਆਂ, ਨਾਮਧਾਰੀ ਗੁਰੂ ਸਾਹਿਬਾਨ ਦੇ ਵਚਨਾਂ, ਉਪਦੇਸ਼ਾਂ, ਨਾਮਧਾਰੀ ਲਿਖਾਰੀਆਂ ਦੇ ਰੋਜ਼ਨਾਮਚਿਆਂ, ਡਾਇਰੀਆਂ, ਸਾਹਿਤਕ ਰਚਨਾਵਾਂ ਅਤੇ ਹੋਰ ਬਹੁਤ ਸਾਰੀ ਲਿਖਤੀ ਸਮੱਗਰੀ ਦੇ ਆਧਾਰ ਉੱਤੇ ਸਮਝਣ ਦੇ ਗੰਭੀਰ ਯਤਨ ਹੋਏ ਹਨ। ਨਾਮਧਾਰੀ ਤੇ ਗ਼ੈਰ-ਨਾਮਧਾਰੀ ਵਿਦਵਾਨਾਂ, ਖੋਜੀਆਂ ਤੇ ਇਤਿਹਾਸਕਾਰਾਂ ਵੱਲੋਂ ਨਾਮਧਾਰੀ ਲਹਿਰ ਬਾਰੇ ਚੋਖੀ ਤੇ ਗੰਭੀਰ ਛਾਣ-ਬੀਣ ਹੋਈ ਹੈ। ਮੌਲਿਕ ਸਰੋਤਾਂ ਦੇ ਹਵਾਲੇ ਨਾਲ ਵੀ ਨਾਮਧਾਰੀ ਲਹਿਰ ਦੇ ਸਾਰ (essence) ਅਤੇ ਕੌਮੀ ਯੋਗਦਾਨ ਨੂੰ ਰੇਖਾਂਕਿਤ ਕਰਨ ਦੇ ਯਤਨ ਹੋਏ ਹਨ। ਨਾਮਧਾਰੀ ਲਹਿਰ ਦਾ ਮੁੱਲਾਂਕਣ ਸ਼ਰਧਾ-ਮੂਲਕ, ਸੰਪ੍ਰਦਾਈ, ਬਸਤੀਵਾਦੀ, ਰਾਸ਼ਟਰਵਾਦੀ ਅਤੇ ਨਿਰਪੱਖ ਵਸਤੂ-ਮੂਲਕ ਨਜ਼ਰੀਏ ਤੋਂ ਵੀ ਹੋਇਆ ਹੈ। ਅਜੋਕੇ ਵਿਸ਼ਵ-ਚਿੰਤਨ ਵਿੱਚ ਇਤਿਹਾਕਾਰੀ ਲਈ ਮੌਖਿਕ ਸਰੋਤਾਂ, ਲੋਕ-ਬਿਰਤਾਂਤਾਂ ਅਤੇ ਸਾਹਿਤਕ ਲਿਖਤਾਂ ਦੇ ਮਹੱਤਵ ਨੂੰ ਪਛਾਣਿਆ ਗਿਆ ਹੈ। ਇਸ ਖੋਜ-ਪੱਤਰ ਵਿੱਚ ਅਸੀਂ ਬਾਬਾ ਚੰਦਾ ਸਿੰਘ ਝੱਬਰ ਤੇ ਸੰਤ ਨਿਹਾਲ ਸਿੰਘ ਦੇ ਬਾਰਾਂ-ਮਾਹ ਨੂੰ ਨਾਮਧਾਰੀ ਲਹਿਰ ਦੇ ਇਤਿਹਾਸ ਦੀ ਸਰੋਤ ਸਮੱਗਰੀ ਵਜੋਂ ਦੇਖਣ ਦਾ ਯਤਨ ਕਰਾਂਗੇ।

ਉੱਨੀਵੀਂ ਸਦੀ ਦੇ ਪਿਛਲੇ ਅੱਧ ਵਿੱਚ ਲਿਖੇ ਗਏ ਬਾਬਾ ਚੰਦਾ ਸਿੰਘ ਝੱਬਰ ਅਤੇ ਸੰਤ ਨਿਹਾਲ ਸਿੰਘ ਦੇ ਬਾਰਾਂ-ਮਾਹੇ ਦਿੱਖ ਦੀ ਪੱਧਰ 'ਤੇ ਤਾਂ ਸਤਿਗੁਰੂ ਰਾਮ ਸਿੰਘ ਦੇ ਹਿਜਰ ਵਿਯੋਗ ਦੀਆਂ ਰਚਨਾਵਾਂ ਹਨ, ਪਰ ਗੁੱਝੇ ਸਾਰ ਦੀ ਪੱਧਰ 'ਤੇ ਇਹ ਬਾਰਾਂ-ਮਾਹੇ ਬਸਤੀਵਾਦੀ ਹਕੂਮਤ ਪ੍ਰਤੀ ਨਾਮਧਾਰੀ ਲਹਿਰ ਦੀ ਨਾਬਰੀ ਨੂੰ ਰੂਪਮਾਨ ਕਰਦੇ ਹਨ। ਇਨ੍ਹਾਂ ਰਚਨਾਵਾਂ ਵਿੱਚ ਨਾਮਧਾਰੀ ਲਹਿਰ ਦੇ ਜਨਮ, ਉਥਾਨ, ਨਾਮਧਾਰੀ ਜੀਵਨ-ਜਾਚ, ਨਾਮਧਾਰੀਆਂ ਵੱਲੋਂ ਸਨਾਤਨੀ ਰੀਤਾਂ ਤੇ ਧਾਰਮਿਕ ਕਰਮ-ਕਾਂਡ ਦੇ ਤਿਆਗ, ਹਿੰਦੂ-ਸਿੱਖ ਪੁਜਾਰੀਆਂ ਵੱਲੋਂ ਨਾਮਧਾਰੀ ਲਹਿਰ ਦੇ ਵਿਰੋਧ, ਨਾਮਧਾਰੀ ਸੰਗਠਨ ਦੇ ਵਿਸਤਾਰ—22 ਸੂਬਿਆਂ ਤੇ ਕੂਕਾ ਪ੍ਰਚਾਰਕਾਂ ਦੀ ਥਾਪਣਾ, ਕੂਕਿਆਂ ਵੱਲੋਂ ਗਊ-ਵੱਧ ਕਰਨ ਵਾਲੇ ਬੁੱਚੜਾਂ ਦੇ ਕਤਲ, ਨਾਮਧਾਰੀਆਂ ਦੀ ਸਰਬ ਧਰਮ ਸਤਿਕਾਰ ਦੀ ਭਾਵਨਾ ਤੇ ਸੁਲ੍ਹਾਕੁਲ ਨੀਤੀ, ਕੌਮੀ ਆਜ਼ਾਦੀ ਦੀ ਤਾਂਘ, ਕੂਕਾ-ਰੂਸ ਸੰਬੰਧਾਂ, ਬਸਤੀਵਾਦੀ ਹਕੂਮਤ ਦੇ ਦਮਨ-ਚੱਕਰ, ਕੂਕਿਆਂ ਦੀ ਨਿਰਭਉ ਜੀਵਨ-ਸ਼ੈਲੀ, ਅੰਗਰੇਜ਼ ਅਧਿਕਾਰੀਆਂ ਪ੍ਰਤੀ ਨਾਬਰੀ, ਮਲੇਰਕੋਟਲੇ ਦੇ ਸ਼ਹੀਦੀ ਸਾਕੇ ਅਤੇ ਸਤਿਗੁਰੂ ਰਾਮ ਸਿੰਘ ਦੇ ਪ੍ਰਦੇਸ਼-ਗਮਨ ਤੋਂ ਉਪਜੀ ਕੂਕਿਆਂ ਦੀ ਮਾਨਸਿਕ ਪੀੜਾ ਅਤੇ ਦਰਸ਼ਨਾਂ ਲਈ ਵਿਆਕੁਲਤਾ ਦਾ ਸਰਲ-ਸੁਬੋਧ ਲੋਕ-ਕਾਵਿਕ ਸ਼ੈਲੀ ਵਿੱਚ ਬਿਆਨ ਹੈ। ਬਾਬਾ ਚੰਦਾ ਸਿੰਘ ਦੇ ਬਾਰਾਂ-ਮਾਹੇ ਦੀ ਸੁਰ ਵਧੇਰੇ ਤਿੱਖੀ ਅਤੇ ਬਗ਼ਾਵਤੀ

ਹੈ। ਇਸ ਨੂੰ ਸੁਣਦਿਆਂ ਦੀਵਾਨਾਂ ਵਿੱਚ ਕੂਕੇ ਮਸਤਾਨੇ ਹੋ ਜਾਂਦੇ ਸਨ। ਇਸ ਰਚਨਾ ਦੇ ਬਾਗ਼ੀਆਨਾ ਤੇਵਰ ਕਰਕੇ ਅੰਗਰੇਜ਼ ਅਧਿਕਾਰੀਆਂ ਨੇ ਇਸ ਦਾ ਗੰਭੀਰ ਨੋਟਿਸ ਲਿਆ ਸੀ। ਪੰਜਾਬ ਪੁਲਿਸ ਦੇ ਸਹਾਇਕ ਇੰਸਪੈਕਟਰ ਜਨਰਲ ਮੈਕਕਰੇਨ ਨੇ 8 ਮਈ, 1884 ਈ. ਨੂੰ ਇਸ ਰਚਨਾ ਦਾ ਅੰਗਰੇਜ਼ੀ ਅਨੁਵਾਦ ਉੱਚ ਅਧਿਕਾਰੀਆਂ ਨੂੰ ਭੇਜਦੇ ਹੋਏ ਚਿਤਾਵਨੀ ਦਿੱਤੀ ਕਿ ਇਹ ਰਚਨਾ ਕੂਕਿਆਂ ਨੂੰ ਸਰਕਾਰ ਪ੍ਰਤੀ ਬਗ਼ਾਵਤ ਲਈ ਉਕਸਾ ਸਕਦੀ ਹੈ।[15] ਸੀ.ਐਲ. ਟੱਪਰ, ਕਾਰਜਕਾਰੀ ਸਕੱਤਰ, ਪੰਜਾਬ ਨੇ 27 ਜੂਨ, 1884 ਈ. ਨੂੰ ਭਾਰਤ ਸਰਕਾਰ ਦੇ ਸਕੱਤਰ ਗ੍ਰਹਿ ਵਿਭਾਗ ਨੂੰ ਇਸ ਬਾਰਾਂ-ਮਾਹ ਦਾ ਅੰਗਰੇਜ਼ੀ ਤਰਜਮਾ ਇਸ ਟਿੱਪਣੀ ਸਮੇਤ ਭੇਜਿਆ, "ਇਸ ਕਵਿਤਾ ਵਿੱਚ ਅੰਗਰੇਜ਼ਾਂ ਦੇ ਮਨਾਂ ਉੱਪਰ ਕੂਕਿਆਂ ਤੋਂ ਉਪਜੇ ਡਰ ਦਾ ਬਿਆਨ ਹੈ। ਇਸ ਵਿੱਚ ਇਹ ਦਰਸਾਇਆ ਗਿਆ ਹੈ ਕਿ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਕੱਢਣ ਵਾਸਤੇ ਰੂਸ ਆ ਰਿਹਾ ਹੈ। ਇਸ ਰਚਨਾ ਵਿੱਚ ਸਤਿਗੁਰੂ ਰਾਮ ਸਿੰਘ ਦੇ ਪੰਜਾਬ ਮੁੜ ਆਉਣ ਦੀ ਭਵਿੱਖਬਾਣੀ ਕੀਤੀ ਗਈ ਹੈ।"[16] ਦਰਅਸਲ ਇਸ ਬਾਰਾਂ-ਮਾਹ ਵਿੱਚ ਕੂਕਾ ਲਹਿਰ ਅਤੇ ਰੂਸ ਵਿਚਲੇ ਕੂਟਨੀਤਕ ਸੰਬੰਧਾਂ ਬਾਰੇ ਵਿਸਥਾਰ ਵਿੱਚ ਚਰਚਾ ਹੈ। ਰੂਸ ਦੀ ਸਰਕਾਰ ਨਾਲ ਕੂਟਨੀਤਕ ਸੰਬੰਧ ਕਾਇਮ ਕਰਨ ਅਤੇ ਕੂਕਿਆਂ ਤੇ ਮਹਾਰਾਜਾ ਦਲੀਪ ਸਿੰਘ ਵਿਚਕਾਰ ਗੱਠਜੋੜ ਕਰਕੇ ਬਸਤੀਵਾਦੀ ਹਕੂਮਤ ਦਾ ਤਖ਼ਤ ਪਲਟਣ ਲਈ ਯਤਨਸ਼ੀਲ ਸੂਬਾ ਬਿਸ਼ਨ ਸਿੰਘ (ਕਾਬਲਵਾਲਾ) ਨੂੰ ਇਸ ਰਚਨਾ ਵਿੱਚ 'ਗੁਰੂ ਕਾ ਲਾਲ' ਕਹਿ ਕੇ ਵਡਿਆਇਆ ਗਿਆ ਹੈ। ਉਸ ਨੂੰ 'ਸ਼ਹੀਦੀ ਫ਼ੌਜਾਂ ਦੀ ਤਾਬਿਆ 'ਚ ਵਿਚਰਨ ਵਾਲਾ ਕੂਕਾ ਨਾਇਕ ਕਿਹਾ ਗਿਆ ਹੈ। ਬਰਤਾਨਵੀ ਹਾਕਮਾਂ ਵੱਲੋਂ ਏਸ਼ੀਆ ਵਿੱਚ ਰੂਸ ਦੇ ਵਧਦੇ ਪ੍ਰਭਾਵ ਨੂੰ ਰੋਕਣ ਲਈ ਇਹ ਮਿੱਥ ਘੜੀ ਤੇ ਪ੍ਰਚਾਰੀ ਗਈ ਸੀ ਕਿ ਜਦੋਂ ਰੂਸ ਪੰਜਾਬ ਵਿੱਚ ਆਵੇਗਾ ਤਾਂ ਕੁਦਰਤ ਦੀ ਕਰੋਪੀ ਹੋਵੇਗੀ। ਨਾਮਧਾਰੀਆਂ ਵਿੱਚ ਵੀ ਇਸ ਪ੍ਰਚਾਰ ਦਾ ਪ੍ਰਭਾਵ ਸੀ:

ਜਦ ਰੂਸ ਪੰਜਾਬੇ ਆਵੈ,
ਪਵੇ ਕਾਲ ਮੁਲਖ ਰੁਲ ਜਾਵੈ,
ਦੁਨੀਆਂ ਮਰੇ ਅੰਨ ਕੇ ਹਾਵੈ,
ਠੱਗ, ਚੋਰ ਬਹੁ ਲੁੱਟ ਲੁੱਟ ਖਾਵੈ,
ਬਚੇ ਸੋ ਜੋ ਗੁਰ ਸ਼ਰਨੀ ਆਵੈ,
ਇੱਕ ਮਨ ਹੋਇ ਕੇ ਨਾਮ ਧਿਆਵੇ,
ਓਸ ਅਕਾਲ ਦਾ।[17]

ਪੀ.ਸੀ. ਰਾਇ ਅਨੁਸਾਰ 'ਕੂਕਿਆਂ ਦਾ ਵਿਸ਼ਵਾਸ ਸੀ ਕਿ ਅੰਗਰੇਜ਼ ਹਕੂਮਤ ਦਾ ਖ਼ਾਤਮਾ ਕਰਨ ਲਈ ਅਫ਼ਗਾਨਿਸਤਾਨ ਦੇ ਰਾਹੀਂ ਰੂਸ ਕਿਸੇ ਨਾ ਕਿਸੇ ਦਿਨ ਜ਼ਬਰਦਸਤ

ਹਮਲਾ ਕਰੇਗਾ, ਕੂਕਾ ਨੇਤਾਵਾਂ ਨੇ ਫ਼ੈਸਲਾ ਕੀਤਾ ਕਿ ਮੱਧ ਏਸ਼ੀਆ ਦੇ ਰੂਸੀ ਦਰਬਾਰ ਵਿੱਚ ਦੂਤ ਘੱਲ ਕੇ ਰੂਸ ਦੇ ਹਾਕਮਾਂ ਨੂੰ ਭਰੋਸਾ ਦੁਆਇਆ ਜਾਵੇ ਕਿ ਉਨ੍ਹਾਂ ਵੱਲੋਂ ਭਾਰਤ ਵਿੱਚ ਅੰਗਰੇਜ਼ੀ ਰਾਜ ਉੱਤੇ ਹਮਲਾ ਕਰਦਿਆਂ ਹੀ ਸਾਰੇ ਭਾਰਤ ਵਾਸੀ ਇਸ ਅੰਗਰੇਜ਼ ਵਿਰੋਧੀ ਲੜਾਈ ਵਿੱਚ ਰੂਸ ਦਾ ਪੂਰਾ ਸਾਥ ਦੇਣਗੇ।[18] ਕੂਕਿਆਂ ਦਾ ਇਹ ਵੀ ਵਿਸ਼ਵਾਸ ਸੀ ਕਿ ਅੰਗਰੇਜ਼ੀ ਰਾਜ ਦੇ ਖ਼ਾਤਮੇ ਮਗਰੋਂ ਸਤਿਗੁਰੂ ਰਾਮ ਸਿੰਘ ਪੰਜਾਬ ਆ ਕੇ ਨਵੇਂ 'ਖ਼ਾਲਸਾ ਰਾਜ' ਦੀ ਸਥਾਪਨਾ ਕਰਨਗੇ :

ਸਤਿਗੁਰ ਫੇਰ ਪੰਜਾਬੇ ਆਵਣ
ਅਗਲੀਆਂ ਸਫ਼ਾਂ ਸਭ ਉਠਾਵਣ
ਨਵੇਂ ਹੋਰ ਨਿਸ਼ਾਨ ਝੁਲਾਵਣ
ਜੱਗ ਵਿੱਚ ਸ਼੍ਰੀ ਅਕਾਲ ਜਪਾਵਣ
ਅਸੁਰ ਸੰਘਾਰ ਕੇ।[19]

ਚੰਦਾ ਸਿੰਘ ਝੱਬਰ ਦੇ ਬਾਰਾਂ-ਮਾਹ ਅਨੁਸਾਰ ਸਤਿਗੁਰੂ ਰਾਮ ਸਿੰਘ ਖ਼ੁਦ ਸੂਬਾ ਬਿਸ਼ਨ ਸਿੰਘ ਨੂੰ ਰੂਸ ਦਰਬਾਰ ਵਿੱਚ ਭੇਜਦੇ ਹਨ। ਉਸ ਦੀ ਰਾਖੀ 'ਸਿੱਖ ਸ਼ਹੀਦ' ਕਰਦੇ ਹਨ। ਸਤਿਗੁਰੂ ਰੂਸ ਨੂੰ ਪੰਜਾਬ ਉੱਪਰ ਹਮਲਾ ਕਰਨ ਦਾ ਹੁਕਮ ਦਿੰਦੇ ਹਨ। ਰੂਸ ਦੀ ਸਰਕਾਰ ਇਸ ਇਲਾਹੀ ਹੁਕਮ 'ਤੇ ਫੁੱਲ ਚੜ੍ਹਾਉਂਦੀ ਹੈ :

- ਜਦੋਂ ਰੂਸ ਕਚਹਿਰੀ ਆਇਆ,
  ਪਾਸ ਸੱਦ ਵਜੀਰ ਬਹਾਇਆ,
  ਰਾਤੀਂ ਨਜ਼ਰ ਖ਼ਾਲਸਾ ਆਇਆ,
  ਉਸ ਨੇ ਭਵਜਲ ਬੁਰਾ ਦਿਖਾਇਆ,
  ਮੁੱਖ ਥੀਂ ਕਰੜਾ ਬਚਨ ਸੁਣਾਇਆ,
  ਚੜ੍ਹੋ ਲਾਹੌਰ 'ਤੇ।

- ਵਜੀਰ ਨੇ ਸੁਣੀ ਹਕੀਕਤ ਸਾਰੀ,
  ਆਪਣੇ ਚਿਤ ਵਿੱਚ ਇਹ ਧਾਰੀ,
  ਪੈਂਡੇ ਦੂਰ ਤੇ ਮੁਸ਼ਕਿਲ ਭਾਰੀ,
  ਕੀਤੀ ਫ਼ੌਜਾਂ ਦੀ ਤਿਆਰੀ,
  ਵੱਜੇ ਧਾਉਂਸੇ ਸ਼ੁਤਰੀਂ ਕਾਲੀ,
  ਚੜ੍ਹੇ ਪੰਜਾਬ 'ਤੇ।

- ਫੌਜਾਂ ਚੜ੍ਹ ਰੂਸ ਦੀਆਂ ਧਾਈਆਂ
  ਫਿਰ ਗਈਆਂ ਨੰਦਨ ਵਿੱਚ ਦੁਹਾਈਆਂ

ਓਧਰੋਂ ਗੋਰੇ ਕਰਦੇ ਧਾਈਆਂ
ਦਿਨੋ ਦਿਨ ਹੋਸਨ ਬਹੁਤ ਲੜਾਈਆਂ
ਮਰਸਨ ਬੇਟੇ ਜਾਏ ਮਾਈਆਂ
ਬਹਿ ਬਹਿ ਰੋਵਨ ਧੀਆਂ ਪਰਾਈਆਂ
ਪੱਲੂ ਪਾਇ ਕੇ।[20]

ਬਾਬਾ ਚੰਦਾ ਸਿੰਘ ਝੱਬਰ ਤੇ ਸੰਤ ਨਿਹਾਲ ਸਿੰਘ ਦੇ ਬਾਰਾਂ-ਮਾਹਿਆਂ ਵਿੱਚੋਂ ਪ੍ਰਾਪਤ ਵਿਵੇਕ ਅਨੁਸਾਰ ਨਾਮਧਾਰੀ ਲਹਿਰ ਆਪਣੇ ਉਚੇਰੇ ਇਖ਼ਲਾਕੀ ਗੁਣਾਂ ਤੇ ਆਤਮਿਕ ਅਮੀਰੀ ਕਰਕੇ ਹਿੰਦੁਸਤਾਨ ਦੇ ਵਡੇਰੇ ਖਿੱਤੇ ਵਿੱਚ ਮਕਬੂਲ ਹੋ ਗਈ ਸੀ। ਉਚੇਰੇ ਮਾਨਵੀ ਆਦਰਸ਼ਾਂ ਨੂੰ ਪ੍ਰਣਾਏ ਕੂਕੇ ਨਾਮ-ਬਾਣੀ ਦੇ ਰਸੀਏ ਹੀ ਨਹੀਂ ਸਨ, ਸਗੋਂ ਉਹ ਸਾਂਝੇ ਕੌਮੀ ਸੁਤੰਤਰਤਾ ਸੰਗਰਾਮ ਦੇ ਨਿਰਭਉ ਜੋਧੇ ਸਨ। ਸਨਾਤਨੀ ਕਰਮ-ਕਾਂਡਾਂ ਤੇ ਸਿੱਖ ਸਾਮੰਤੀ ਮਨੋ-ਵਿਕਾਰਾਂ ਤੋਂ ਮੁਕਤ ਕੂਕੇ ਹਾਰੀ ਹੋਈ ਮਨੋ-ਦਸ਼ਾ ਵਾਲੀ ਭਾਰਤੀ ਜਨਤਾ ਲਈ ਰੋਲ ਮਾਡਲ ਸਨ। ਇਸ ਲਈ ਕੂਕਾ ਲਹਿਰ ਭਾਰਤ ਵਿੱਚ ਬਹੁਤ ਜਲਦੀ ਹਰਮਨ-ਪਿਆਰੀ ਹੋ ਗਈ। ਭਗਤ ਤੇ ਸੂਰਮੇ ਦੇ ਸਾਂਝੇ ਲੱਛਣਾਂ ਵਾਲੇ ਕੂਕਾ ਸਿੰਘ ਗੁਰਮਤਿ ਦੀ ਸੰਤ-ਸਿਪਾਹੀ ਪਰੰਪਰਾ ਦਾ ਹੀ ਅਗਲੇਰਾ ਵਿਕਾਸ ਸੀ।

- ਸਿੰਘ ਹੋਏ ਸਭ ਤਿਆਰ,
  ਮਾਲਵਾ, ਮਾਝਾ, ਦੜਪ ਤੇ ਬਾਰ,
  ਅੱਗੇ ਜੋ ਭਾਵੇ ਕਰਤਾਰ,
  ਮਾਈਆਂ ਬੀਬੀਆਂ ਹੋਰ ਹਜ਼ਾਰ
  ਜਿਨ੍ਹਾਂ ਲਾਹ ਕੇ ਸੁੱਟੇ ਹਾਰ-ਸ਼ਿੰਗਾਰ
  ਗੁਰਾਂ ਦੇ ਸਾਹਮਣੇ।[21]

- ਹਾੜ ਹੋਰ ਗੱਲ ਚੰਗੀ, ਵਜੇ ਸਾਰੰਦਾ ਸਾਰੰਗੀ,
  ਸ਼ਬਦ ਪੜ੍ਹਦੇ ਬੇਅੰਤ, ਅੰਤ ਰਹੇ ਨਾ ਸਵਾਦ ਦਾ।
  ਅੰਮ੍ਰਿਤਸਰ ਤੇ ਲਾਹੌਰ, ਲੁਧਿਆਣਾ, ਕਲਾਨੌਰ
  ਸ਼ਹਿਰ ਜਿਹਲਮ, ਪਸ਼ੌਰ, ਸਾਰਾ ਇਲਾਕਾ ਹੈ ਪੰਜਾਬ ਦਾ।
  ਸਿੱਖੀ ਕਾਬਲ, ਕੰਧਾਰ, ਨਾਲੇ ਬਲਖ਼ ਤੇ ਬੁਖਾਰ
  ਦਿੱਲੀ ਆਗਰਾ ਹਿਸਾਰ, ਹੋਰ ਅੰਤ ਨਾ ਹਿਸਾਬ ਦਾ।
  ਸਿੰਘ ਆਖਦਾ ਨਿਹਾਲ, ਏਹੁ ਖ਼ਾਲਸੇ ਦੀ ਚਾਲ
  ਜਪੋ ਕਾਲ ਤੇ ਅਕਾਲ, ਜਿਹੜਾ ਨਾਮ ਸੱਚੇ ਸਾਹਿਬ ਦਾ।[22]

- ਕੱਤੇ ਅਕਾਲ ਕਾਲ ਕਰਦੇ, ਹੱਥੀਂ ਸਲੋਤਰ ਫੜਦੇ,

ਮਰਨੋਂ ਮਾਰਨੋ ਨਾ ਡਰਦੇ, ਖ਼ੌਫ਼ ਕਰਦੀ ਲੁਕਾਈ ਹੈ।
ਸਿੰਘ ਰੰਗਲੇ ਰੰਗੀਲੇ ਨਹੀਂ ਛਪਦੇ ਛਪਾਏ,
ਗੁਰੂ ਨਾਮ ਨੂੰ ਜਪਾਏ, ਕੈਸੀ ਰਚਨਾ ਰਚਾਈ ਹੈ।
ਢੱਠੇ ਦੇਵੀ ਦੇ ਦਵਾਰੇ, ਵੱਡੇ ਵੱਡੇ ਥਾਨ ਭਾਰੇ,
ਢਾਹੀਆਂ ਕਬਰਾਂ ਮਸੀਤਾਂ, ਦੁੰਦ ਖ਼ਾਲਸੇ ਮਚਾਈ ਹੈ
ਨਿਹਾਲ ਸਿੰਘ ਜੋ ਫ਼ਰੰਗੀ, ਖ਼ੌਫ਼ ਖਾਏ ਲਾਟ ਜੰਗੀ
ਆਏ ਬਾਰ੍ਹਵੇਂ ਅਵਤਾਰ, ਫਿਰੇ ਅਕਾਲ ਦੀ ਦੁਹਾਈ ਹੈ।[23]

1863 ਈ. ਤੋਂ ਬਾਅਦ ਨਾਮਧਾਰੀ ਲਹਿਰ ਦਾ ਜਨ-ਆਧਾਰ ਬੜੀ ਤੇਜ਼ੀ ਨਾਲ ਵਧਿਆ। ਸੂਬਿਆਂ ਦੀ ਸਥਾਪਨਾ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਨੇ ਕੂਕੇ ਪ੍ਰਚਾਰਕ ਵੀ ਥਾਪੇ ਅਤੇ ਖ਼ੁਦ ਵੀ ਪੰਜਾਬ ਦੇ ਸਾਰੇ ਇਲਾਕਿਆਂ ਦੇ ਦੌਰੇ ਕੀਤੇ। ਉਨ੍ਹਾਂ ਦੇ ਸਿਆਲਕੋਟ ਦੇ ਪ੍ਰਚਾਰ ਦੌਰੇ ਦੀ ਰਿਪੋਰਟ ਦਿੰਦਾ ਕੈਪਟਨ ਥੱਲੋਚ ਲਿਖਦਾ ਹੈ (27 ਅਕਤੂਬਰ, 1866 ਈ.) ਕਿ ਇਕੱਲੇ ਸਿਆਲਕੋਟ ਜ਼ਿਲ੍ਹੇ ਵਿੱਚ 80,000 ਮਾਲਾਵਾਂ ਵੰਡੀਆਂ ਗਈਆਂ। ਗ਼ੁਲਾਮੀ ਭੀਖ ਜਲੰਧਰੀ ਲਿਖਦਾ ਹੈ ਕਿ 'ਗਾਂਵ ਕੇ ਗਾਂਵ ਔਰ ਮੌਜੇ ਕੇ ਮੌਜੇ ਕੂਕਾ ਹੋ ਗਏ।'[24] ਸੂਬਾ ਗੁਰਚਰਨ ਸਿੰਘ ਨੇ ਕੰਧਾਰ, ਗ਼ਜ਼ਨੀ, ਬੁਖ਼ਾਰਾ ਤੇ ਕਾਬਲ ਤੱਕ ਨਾਮਧਾਰੀ ਪੈਰੋਕਾਰ ਬਣਾਏ।[25] ਕੂਕਿਆਂ ਦੇ ਵਧਦੇ ਪ੍ਰਭਾਵ ਕਰਕੇ ਹਿੰਦੂ-ਸਿੱਖ ਪੁਜਾਰੀ ਅਤੇ ਬਰਤਾਨਵੀ ਉੱਚ ਅਧਿਕਾਰੀ ਉਨ੍ਹਾਂ ਦੇ ਵਿਰੋਧੀ ਹੋ ਗਏ ਅਤੇ ਭੈਅ ਖਾਣ ਲੱਗੇ। ਦੋਵੇਂ ਬਾਰਾਂ-ਮਾਹ ਦੇ ਲੇਖਕ ਇਨ੍ਹਾਂ ਤੱਥਾਂ ਦੀ ਪੁਸ਼ਟੀ ਕਰਦੇ ਲਿਖਦੇ ਹਨ :

- ਚੰਦਾ ਸਿੰਘ ਗੁਰ ਤੋਂ ਬਲਿਹਾਰੀ
  ਜਿਸ ਨੇ ਅਚਰਜ ਕਲਾ ਦਿਖਾਰੀ
  ਨਿੰਦਿਆ ਕਰਦੇ ਸਭ ਪੁਜਾਰੀ
  ਉਨ੍ਹਾਂ ਦੀ ਮੱਤ ਪੂਜਾ ਨੇ ਮਾਰੀ।[26]
- ਪੋਹ ਪਾਪੀ ਤੇ ਪਰਾਧੀ, ਵੱਡੇ ਚੁਗਲ ਫਸਾਦੀ
  ਜਾ ਕੇ ਆਖਦੇ ਤਸੀਲੇ, ਕਰੋ ਸਿੰਘਾਂ ਦਾ ਇਲਾਜ ਜੀ,
  ਬਾਤ ਸੁਣੀ ਅੰਗਰੇਜ਼, ਬੈਠ ਕਰਦੇ ਵਿਚਾਰ,
  ਐਸੀ ਹੋਵੇ ਨਾ ਕੋਈ ਕਾਰ, ਦੂਰ ਕਰਨ ਸਾਡਾ ਰਾਜ ਜੀ।
  ਪਿੰਡ ਪਿੰਡ ਤਕੜਾਈ, ਬੈਠ ਗਏ ਨੇ ਸਿਪਾਹੀ
  ਨਿਹਾਲ ਸਿੰਘ ਲਿਖਣ ਨਾਮ, ਲੌਣ ਹਾਜ਼ਰੀ ਹਿਸਾਬ ਜੀ।[27]
- ਗੋਰੇ ਬਹਿ ਬਹਿ ਕਰਨ ਸਲਾਹੀਂ

ਇਹ ਸਿੰਘ ਸਾਥੋਂ ਡਰਦੇ ਨਾਹੀਂ
ਇਨ੍ਹਾਂ ਨੂੰ ਖ਼ੌਫ਼ ਕਿਸੇ ਦਾ ਨਾਹੀਂ
ਬਾਝ ਅਕਾਲ ਦੇ।[28]

ਨਾਮਧਾਰੀ ਸਿੰਘਾਂ ਦੀ ਆਤਮਿਕ ਅਮੀਰੀ, ਲਹਿਰ ਦੇ ਵਿਸ਼ਾਲ ਜਨ-ਆਧਾਰ ਅਤੇ ਸਤਿਗੁਰੂ ਰਾਮ ਸਿੰਘ ਦੀ ਸੰਗਠਨ-ਯੋਗਤਾ ਤੋਂ ਭੈਭੀਤ ਬਸਤੀਵਾਦੀ ਹਾਕਮਾਂ ਨੇ ਉਨ੍ਹਾਂ ਨੂੰ ਜੂਹ-ਬੰਦ ਕਰ ਦਿੱਤਾ। ਸਤਿਗੁਰੂ ਰਾਮ ਸਿੰਘ ਨੇ 22 ਸੂਬਿਆਂ ਦੀ ਸਥਾਪਨਾ ਤੇ ਕੂਕਾ ਪ੍ਰਚਾਰਕ ਦੂਰ-ਦਰਾਜ਼ ਤੱਕ ਭੇਜ ਕੇ ਨਾਮਧਾਰੀ ਸੰਗਠਨ ਨੂੰ ਹੋਰ ਮਜ਼ਬੂਤ ਕਰ ਦਿੱਤਾ। ਅੰਤ ਭੈਭੀਤ ਹੋਏ ਅੰਗਰੇਜ਼ ਹਾਕਮਾਂ ਨੇ ਬੁੱਚੜ-ਵੱਧ ਤੇ ਮਲੇਰਕੋਟਲੇ ਦੇ ਸਾਕੇ ਦੇ ਬਹਾਨੇ ਸਤਿਗੁਰੂ ਰਾਮ ਸਿੰਘ ਨੂੰ ਬੰਦੀ ਬਣਾ ਕੇ ਦੇਸ਼ ਬਦਰ ਕਰ ਦਿੱਤਾ। ਉਨ੍ਹਾਂ ਦੇ ਨਾਲ 10 ਸੂਬਿਆਂ ਨੂੰ ਹਿੰਦੁਸਤਾਨ ਦੇ ਵੱਖ-ਵੱਖ ਖਿੱਤਿਆਂ ਵਿੱਚ ਕੈਦਾਂ ਵਿੱਚ ਡੱਕ ਦਿੱਤਾ। ਚੰਦਾ ਸਿੰਘ ਦੇ ਬਾਰਾਂ-ਮਾਹ ਵਿੱਚ ਇਨ੍ਹਾਂ ਤੱਥਾਂ ਵੱਲ ਭਰਵੇਂ ਨਿਸ਼ਾਰੇ ਹਨ, ਜਿਵੇਂ :

- ਸਤਿਗੁਰੂ ਸੱਚੋ ਸੱਚ ਦ੍ਰਿੜਾਏ
  ਮਾਸ, ਸ਼ਰਾਬ ਤੇ ਨੀਲ ਹਟਾਏ।
  ਗੋਰਾ ਖੌਫ਼ ਸਿੰਘਾਂ ਤੋਂ ਖਾਏ,
  ਨਹੀਂ ਇਹ ਖੈਰ ਗੁਜ਼ਾਰਦੇ।[29]
- ਅੱਗੇ ਸਾਵਣ ਮਹੀਨੇ ਚੜ੍ਹਦੇ,
  ਗੋਰੇ ਬਹਿ ਕੇ ਕੌਂਸਲ ਕਰਦੇ,
  ਸਾਡੇ ਚਿਤ ਗੁਰਾਂ ਤੋਂ ਡਰਦੇ
  ਇਹ ਸਿੰਘ ਹੋਰ ਸ਼ਰਾਬੇ ਕਰਦੇ,
  ਸਤਿਗੁਰ ਬਹਿ ਜਾਵੋ ਵਿੱਚ ਘਰ ਦੇ
  ਗੋਰਾ ਆਖਦਾ।[30]
- ਸੁਣ ਭਾਈ ਚੰਦਾ ਸਿੰਘ ਗੱਲ ਸਾਰ
  ਸਤਿਗੁਰ ਆ ਬੈਠੇ ਘਰ ਬਾਰ
  ਸੂਬੇ ਕੀਤੇ ਸਭ ਤਿਆਰ,...
  ਦਿੱਤੇ ਸਭ ਦੇਸਾਂ 'ਤੇ ਚਾਹੜ,
  ਜਾ ਕੋ ਆਏ ਕਾਜ ਸੁਆਰ
  ਕਿਰਤ ਕਰਤਾਰ ਦੀ।[31]
- ਬੈਠੇ ਖੌਫ਼ ਖਾਂਵਦੇ ਗੋਰੇ

ਪੈ ਗਏ ਨੰਦਨ ਦੇ ਵਿੱਚ ਝੋਰੇ
ਸੂਬੇ ਫੜ ਦੇਸਾਂ ਮੇਂ ਤੋਰੇ
ਜਿਥੇ ਗੁਰ ਦੇ ਸੂਬੇ ਗਏ
ਉਥੇ ਭਜਨ ਸਭੋ ਕੋਈ ਲਏ
ਗੁਰ ਦਾ ਕਹਿਣਾ ਕਿਉਂ ਕਰ ਲਏ
ਸਭ ਦੇਸ ਉਧਾਰਨੇ।[32]

1857 ਦੇ ਗ਼ਦਰ ਵਿੱਚ ਹਿੰਦੁਸਤਾਨ ਦੇ ਸਭ ਧਰਮਾਂ ਦੇ ਲੋਕਾਂ ਦੀ ਭਾਗੀਦਾਰੀ ਅਤੇ ਸੰਪ੍ਰਦਾਈ ਸਦਭਾਵਨਾ ਤੋਂ ਡਰੇ ਬਸਤੀਵਾਦੀ ਹਾਕਮਾਂ ਨੇ ਸੰਪ੍ਰਦਾਇਕ ਤਣਾਉ ਤੇ ਜਾਤੀ-ਵਰਣ ਆਦਿ ਦੇ ਭੇਦ-ਭਾਵ ਨੂੰ ਤਿੱਖਾ ਕਰਨ ਲਈ ਕਈ ਤਰ੍ਹਾਂ ਦੇ ਹੱਥ-ਕੰਡੇ ਵਰਤਣੇ ਸ਼ੁਰੂ ਕੀਤੇ। ਪੰਜਾਬ ਵਿੱਚ ਹਿੰਦੂ-ਮੁਸਲਿਮ-ਸਿੱਖ ਭਾਈਚਾਰਿਆਂ ਵਿੱਚ ਸੰਪਰਦਾਇਕ ਤਣਾਉ ਪੈਦਾ ਕਰਨ ਲਈ ਅੰਗਰੇਜ਼ ਹਾਕਮਾਂ ਨੇ ਮੁਸਲਮਾਨਾਂ ਨੂੰ ਬੁੱਚੜਖਾਨੇ ਖੋਲ੍ਹਣ ਦੀ ਇਜਾਜ਼ਤ ਦਿੱਤੀ। ਅੰਮ੍ਰਿਤਸਰ ਵਿੱਚ ਹਰਿਮੰਦਰ ਸਾਹਿਬ ਦੇ ਨੇੜੇ ਬੁੱਚੜਖ਼ਾਨਾ ਖੋਲ੍ਹਿਆ ਗਿਆ। ਗਊ-ਰੱਖਿਅਕ ਹੋਣ ਕਰਕੇ ਨਾਮਧਾਰੀ ਸਿੱਖਾਂ ਵਿੱਚ ਰੋਸ ਜਾਗਿਆ। ਸਤਿਗੁਰੂ ਰਾਮ ਸਿੰਘ ਦੇ ਰੋਕਣ ਦੇ ਬਾਵਜੂਦ ਨਾਮਧਾਰੀ ਸਿੰਘਾਂ ਨੇ ਅੰਮ੍ਰਿਤਸਰ ਦੇ ਬੁੱਚੜਖ਼ਾਨੇ ਉੱਪਰ ਧਾਵਾ ਬੋਲ ਦਿੱਤਾ। ਕੁਝ ਬੁੱਚੜ ਮਾਰ ਦਿੱਤੇ, ਗਊਆਂ ਨੂੰ ਆਜ਼ਾਦ ਕਰ ਦਿੱਤਾ। ਇਸੇ ਸਿਲਸਿਲੇ ਵਿੱਚ ਨਾਮਧਾਰੀ ਸਿੱਖਾਂ ਨੇ ਰਾਇਕੋਟ, ਮਲੌਦ ਅਤੇ ਮਲੇਰਕੋਟਲੇ ਦੇ ਬੁੱਚੜਾਂ ਉੱਪਰ ਹਮਲੇ ਕੀਤੇ। ਨਤੀਜੇ ਵਜੋਂ ਸ਼ਾਂਤਮਈ ਅੰਦੋਲਨ ਵਧੇਰੇ ਹਿੰਸਕ ਹੋ ਗਿਆ। ਮਲੇਰਕੋਟਲੇ ਦਾ ਦੁਖਾਂਤਕ ਸਾਕਾ ਵਾਪਰਿਆ, ਜਿਸ ਵਿੱਚ 65 ਨਾਮਧਾਰੀ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਨਾਮਧਾਰੀ ਅੰਦੋਲਨ ਨੂੰ ਸਖ਼ਤੀ ਨਾਲ ਕੁਚਲਣ ਲਈ ਸਿੱਖਾਂ ਨੂੰ ਤੋਪਾਂ ਨਾਲ ਉਡਾਇਆ ਗਿਆ। ਸਤਿਗੁਰੂ ਰਾਮ ਸਿੰਘ ਜੀ ਨੂੰ 10 ਸੂਬਿਆਂ ਸਮੇਤ ਬੰਦੀ ਬਣਾ ਕੇ ਜੇਲ੍ਹਾਂ ਵਿੱਚ ਡੱਕ ਦਿੱਤਾ। ਅਖ਼ੀਰ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੂੰ ਪਹਿਲਾਂ ਬਰ੍ਹਮਾ ਤੇ ਪਿੱਛੋਂ ਮਰਗੋਈ ਦੇ ਟਾਪੂ ਉੱਤੇ ਦੇਸ਼ ਬਦਰ ਕਰ ਦਿੱਤਾ। ਚੰਦਾ ਸਿੰਘ ਝੱਬਰ ਦੇ ਬਾਰਾਂ-ਮਾਹ ਵਿੱਚ ਇਸ ਘਟਨਾ ਦਾ ਬਿਰਤਾਂਤ ਇੰਜ ਪੇਸ਼ ਹੋਇਆ ਹੈ :

- ਸਤਿਗੁਰੂ ਹੋਰ ਹੁਕਮ ਚੜ੍ਹਾਏ
  ਸਾਰੀ ਸੰਗਤ ਤਾਈਂ ਸੁਣਾਏ
  ਇਹ ਮਲੇਸ਼ ਨੰਦਨੋਂ ਆਏ
  ਏਨ੍ਹਾਂ ਬੁੱਚੜ ਖਾਨੇ ਲਾਏ
  ਸਾਨੂੰ ਦੁੱਖ ਗਊਆਂ ਦਾ ਖਾਏ
  ਸਿੰਘੋ ਸੀਸ ਦੇਵਣੇ ਆਏ

ਨਾਏ ਕਰਤਾਰ ਦੇ।[33]

- ਉਨ੍ਹਾਂ ਸ਼ਸਤਰ ਜਾ ਚਲਾਏ
  ਮਾਰੇ ਬੁੱਚੜ ਖਾਕ ਰਲਾਏ
  ਕੱਟੇ ਗਊਆਂ ਦੇ ਗਲੋਂ ਫਾਹੇ
  ਦੇਉਤਿਆਂ ਜੈ ਜੈ ਕਾਰ ਬੁਲਾਏ
  ਧਰਮ ਵੀਚਾਰ ਕੈ।[34]

ਪੰਜਾਬੀ ਲੋਕ-ਕਾਵਿ ਤੇ ਵਿਸ਼ਿਸ਼ਟ ਕਾਵਿ ਪਰੰਪਰਾ ਵਿੱਚ ਬਾਰਾਂ-ਮਾਹ ਮੁੱਖ ਤੌਰ 'ਤੇ ਪ੍ਰੇਮੀ ਪ੍ਰੇਮਿਕਾ ਦੇ ਵਿਜੋਗ ਨੂੰ ਬਿਆਨਣ ਵਾਲਾ ਸ਼ਿੰਗਾਰ ਰਸੀ ਕਾਵਿ ਰੂਪ ਹੈ। ਸੂਫ਼ੀ ਤੇ ਭਗਤੀ ਕਾਵਿ ਵਿੱਚ ਅਧਿਆਤਮਿਕ ਭਾਵ-ਬੋਧ ਵਾਲੇ ਬਾਰਾਂ-ਮਾਹੇ ਵੀ ਪੰਜਾਬੀ ਕਾਵਿ ਪਰੰਪਰਾ ਦਾ ਸਰਮਾਇਆ ਹਨ। ਮੁਹੱਬਤ ਦੀ ਤੀਬਰ ਤਰੰਗ ਤੇ ਬ੍ਰਿਹਾ ਦੇ ਉਤੇਜਨਾ ਮੂਲਕ ਬਿਆਨ ਕਰਕੇ ਬਾਰਾਂ-ਮਾਹੇ ਦੀ ਭਾਸ਼ਾ ਰਤੀ-ਭਾਵਨਾ ਵਾਲੀ ਤੇ ਸ਼ੈਲੀ ਸ਼ਿੰਗਾਰਮਈ ਹੁੰਦੀ ਹੈ, ਪਰ ਨਾਮਧਾਰੀ ਕਾਵਿ ਵਿਚਲੇ ਇਹ ਬਾਰਾਂ-ਮਾਹੇ ਸ਼ਿੰਗਾਰ ਕਾਵਿ ਨਾਲੋਂ ਭਗਤੀ ਤੇ ਬੀਰ-ਕਾਵਿ ਦੇ ਵਧੇਰੇ ਨੇੜੇ ਹਨ। ਇਨ੍ਹਾਂ ਦਾ ਨਾਇਕ ਗੁਰੂ ਗੋਬਿੰਦ ਸਿੰਘ ਜੀ ਦੇ 'ਸੰਤ ਸਿਪਾਹੀ' ਦੇ ਚਰਿੱਤਰ ਦਾ ਧਾਰਨੀ ਹੈ। ਸੰਤ ਨਿਹਾਲ ਸਿੰਘ ਨੇ ਤਾਂ ਸਤਿਗੁਰੂ ਰਾਮ ਸਿੰਘ ਨੂੰ 'ਬਾਰ੍ਹਵਾਂ ਅਵਤਾਰ' ਕਿਹਾ ਹੈ। ਨਾਮਧਾਰੀ ਬਾਰਾਂ-ਮਾਹ ਲੇਖਕਾਂ ਨੇ ਕੂਕਿਆਂ ਲਈ 'ਖ਼ਾਲਸਾ', 'ਸਿੰਘ', 'ਸਰਦਾਰ' ਤੇ 'ਸੰਗਤ' ਆਦਿ ਖ਼ਾਲਸਾਈ ਬੋਲੇ ਵਰਤੇ ਹਨ। ਬਸਤੀਵਾਦੀ ਹਕੂਮਤ ਦੇ ਜ਼ੁਲਮ ਅੱਗੇ ਨਾ ਝੁਕਣ ਵਾਲੇ ਕੂਕਿਆਂ ਦੇ ਕਰਮ ਤੇ ਕੀਰਤੀ ਨੂੰ 'ਖ਼ਾਲਸੇ ਦੀ ਚਾਲ' (ਨਿਹਾਲ ਸਿੰਘ) ਕਹਿ ਕੇ ਵਡਿਆਇਆ ਹੈ। ਸਿਰਲੱਥ ਕੂਕਿਆਂ ਨੂੰ 'ਸ਼ਹੀਦਾਂ' ਦੀ ਤਾਬਿਆ ਤੇ ਵਰਦਾਨ ਵਿੱਚ ਵਿਚਰਨ ਵਾਲੀ 'ਅਕਾਲ' ਦੀ ਫ਼ੌਜ ਮੰਨਿਆ ਗਿਆ ਹੈ, ਜੋ ਗੁਰੂ ਗੋਬਿੰਦ ਸਿੰਘ ਵੱਲੋਂ ਸਾਜੇ ਗਏ 'ਖ਼ਾਲਸੇ' ਵਾਂਗ ਚਿੱਤ ਵਿੱਚ 'ਨਾਮ ਤੇ ਸ਼ਸਤਰ' ਦੋਹਾਂ ਨੂੰ ਧਿਆਉਂਦੇ ਹਨ। ਇਉਂ ਬਾਰਾਂ-ਮਾਹੇ ਲੇਖਕ ਕੂਕਾ ਲਹਿਰ ਨੂੰ 'ਖ਼ਾਲਸਈ ਰੀਤ' ਦਾ ਹੀ ਅੰਗ ਜਾਂ ਅਗਲੇਰੇ ਵਿਕਾਸ ਵਜੋਂ ਬਿਆਨ ਕਰਦੇ ਹਨ।

ਸੰਖੇਪ ਵਿੱਚ ਨਾਮਧਾਰੀ ਬਾਰਾਂ-ਮਾਹੇ ਕੂਕਿਆਂ ਵੱਲੋਂ ਬਸਤੀਵਾਦੀ ਹਕੂਮਤ ਦੇ ਦਮਨ ਦੇ ਬੇਖ਼ੌਫ਼ ਵਿਰੋਧ ਦੇ ਬਿਰਤਾਂਤ ਰਾਹੀਂ ਪੰਜਾਬੀ ਭਾਈਚਾਰੇ ਦੇ ਅਵਚੇਤਨ ਵਿੱਚ ਪਈ ਨਾਬਰੀ ਦੀ ਭਾਵਨਾ ਨੂੰ ਪੁਸ਼ਟ ਕਰਦੇ ਹਨ। ਇਹ ਬਾਰਾਂ-ਮਾਹੇ ਕੂਕਿਆਂ ਦੇ ਬਸਤੀਵਾਦੀ ਵਿਰੋਧ ਨੂੰ ਵਡੇਰੇ ਰਾਸ਼ਟਰੀ ਪ੍ਰਸੰਗ ਤੇ ਕੌਮੀ ਸੁਤੰਤਰਤਾ ਸੰਗਰਾਮ ਦੇ ਸੰਦਰਭ ਨਾਲ ਜੋੜ ਕੇ ਸਮਝਣ ਦਾ ਯਤਨ ਵੀ ਹੈ। ਸੂਫ਼ੀ, ਭਗਤੀ ਤੇ ਸਿੱਖ ਲਹਿਰ ਭਾਰਤ ਦੇ ਵਿਸ਼ਾਲ ਗੰਗਾ-ਜਮਨੀ ਸੱਭਿਆਚਾਰ ਦੇ ਹੀ ਵੱਖਰੇ-ਵੱਖਰੇ ਤੇ ਸਥਾਨਕ ਪ੍ਰਗਟਾਵੇ ਸਨ। ਇਨ੍ਹਾਂ ਦੀਆਂ ਤੰਦਾਂ ਗਹਿਰੇ ਰੂਪ ਵਿੱਚ ਇੱਕ ਦੂਜੇ ਨਾਲ ਜੁੜੀਆਂ

ਹੋਈਆਂ ਸਨ। ਸਤਿਗੁਰ ਰਾਮ ਸਿੰਘ ਅਤੇ ਉਸ ਦੇ ਅਨੁਯਾਈਆਂ ਨੂੰ ਇਹ ਸਮਝ ਸੀ ਕਿ ਬਸਤੀਵਾਦ ਤੋਂ ਮੁਕਤੀ ਭਾਰਤੀਆਂ ਦੇ ਸਮੂਹਿਕ ਤੇ ਸਾਂਝੇ ਸੰਘਰਸ਼ ਦੁਆਰਾ ਹੀ ਸੰਭਵ ਹੈ। ਇਸ ਲਈ ਸਤਿਗੁਰੂ ਰਾਮ ਸਿੰਘ ਅਤੇ ਉਸ ਦੁਆਰਾ ਵਰੋਸਾਏ ਹੋਏ ਕੂਕੇ ਆਪਣੀ ਹੋਣੀ ਨੂੰ ਭਾਰਤ ਅਤੇ ਦੂਜੇ ਦੇਸ਼ਾਂ ਦੇ ਕੌਮੀ ਮੁਕਤੀ ਸੰਘਰਸ਼ਾਂ ਨਾਲ ਜੋੜ ਕੇ ਹੀ ਵੇਖਦੇ ਸਨ। ਇਸ ਲਈ ਨਾਮਧਾਰੀ ਬਾਰਾਂ-ਮਾਹ ਲੇਖਕਾਂ ਨੇ ਕੂਕਾ ਲਹਿਰ ਨੂੰ ਸਿੱਖ ਰੀਤ ਵਾਂਗ ਭਾਰਤੀ ਅਵਚੇਤਨ ਦੇ ਵਿਆਪਕ ਹਵਾਲੇ ਨਾਲ ਵੀ ਜੋੜ ਕੇ ਸਮਝਣ ਦਾ ਯਤਨ ਕੀਤਾ। ਸਤਿਗੁਰੂ ਰਾਮ ਸਿੰਘ ਨੂੰ 'ਖ਼ਾਲਸਈ ਰੀਤ' ਦਾ 'ਬਾਰ੍ਹਵਾਂ ਅਵਤਾਰ' ਕਹਿਣ ਵਾਲੇ ਨਾਮਧਾਰੀ ਬਾਰਾਂ-ਮਾਹ ਲੇਖਕਾਂ ਨੇ ਉਨ੍ਹਾਂ ਦੇ ਦੇਸ਼-ਬਦਰ ਕੀਤੇ ਜਾਣ ਦੀ ਘਟਨਾ ਨੂੰ ਸ੍ਰੀ ਰਾਮ ਚੰਦਰ ਜੀ ਦੇ ਬਨਵਾਸ ਦੀ ਮਿੱਥ ਦੇ ਹਵਾਲੇ ਨਾਲ ਬਿਆਨ ਕੀਤਾ ਹੈ। ਰਾਮ ਅਤੇ ਕ੍ਰਿਸ਼ਨ ਦੇ ਮਿੱਥਕ ਭਾਰਤੀ ਮਨੁੱਖ ਦੇ ਅਵਚੇਤਨ ਦੀ ਸਾਂਝੀ ਧਰੋਹਰ ਹਨ। ਰਾਮ ਤੇ ਕ੍ਰਿਸ਼ਨ ਕੁਲੀਨ ਵਰਗ ਦੇ ਦਮਨਕਾਰੀ (Hegemonic) ਸੱਭਿਆਚਾਰ ਦੇ ਵਿਰੋਧ ਵਿੱਚ ਲੋਕ-ਸੱਭਿਆਚਾਰ ਵਿਚਲੀ ਨਾਬਰੀ ਨੂੰ ਹੀ ਵੱਖ-ਵੱਖ ਲੋਕ-ਬਿਰਤਾਂਤਾਂ ਰਾਹੀਂ ਰੂਪਮਾਨ ਕਰਦੇ ਹਨ। ਕ੍ਰਿਸ਼ਨ ਦੁਆਰੇ ਰਾਜੇ ਕੰਸ ਦੇ ਵੱਧ ਅਤੇ ਰਾਮ-ਅਵਤਾਰ ਦੀ ਮਿੱਥ ਦੇ ਪ੍ਰਤੀਕਾਤਮਿਕ ਪ੍ਰਗਟਾਵੇ ਦੁਆਰਾ ਨਾਮਧਾਰੀ ਬਾਰਾਂ-ਮਾਹ ਲੇਖਕ ਸਤਿਗੁਰੂ ਰਾਮ ਸਿੰਘ ਨੂੰ ਸਾਂਝੇ ਭਾਰਤੀ ਨਾਇਕ ਵਜੋਂ ਸਥਾਪਤ ਕਰਦੇ ਹਨ। ਸਤਿਗੁਰੂ ਰਾਮ ਸਿੰਘ ਦੀ ਬਸਤੀਵਾਦੀ ਹਕੂਮਤ ਦੁਆਰਾ ਜਲਾਵਤਨੀ ਤੇ ਨਾਮਧਾਰੀ ਸੰਗਤ ਦੀ ਮਿਲਣ ਦੀ ਤਾਂਘ ਨੂੰ ਰਾਮ ਬਨਵਾਸ ਦੇ ਪ੍ਰਤੀਕਾਤਮਿਕ ਪ੍ਰਸੰਗ ਦੁਆਰਾ ਇੰਜ ਬਿਆਨ ਕੀਤਾ ਗਿਆ ਹੈ :

- ਮਹੀਨਾ ਫੱਗਣ ਕੀਆ ਪਰਵਾਸ...
  ਜਿਵੇਂ ਰਾਮ ਚਲੇ ਬਨਵਾਸ।
  ਸੀਤਾ ਲਛਮਣ ਲੈ ਕੇ ਸਾਥ,
  ਏਥੇ ਨਾਨੂੰ ਸਿੰਘ ਲੈ ਗਏ
  ਪਿੱਛੇ ਵਾਂਗ ਭਰਤ ਭਾਈ ਰਹੇ
  ਦੁੱਖ ਸੁੱਖ ਜਿਸ ਤੇ ਸੰਗਤ ਸਹੇ।
  ਮੈਂ ਬਲਿਹਾਰੀਆਂ।[35]

- ਸਾਥੋਂ ਵਿਛੜੇ ਸਤਿਗੁਰ ਪਿਆਰੇ,
  ਸੰਗਤ ਸਾਧ ਉਡੀਕਣ ਸਾਰੇ,
  ਜਿਉਂ ਅਜੁਧਿਆ ਰਾਮ ਨੂੰ।[36]

- ਸੰਗਤ ਦਰਸ਼ਨ ਦੀ ਸਧਰਾਈ,
  ਭਰਥ ਵਾਂਗ ਉਡੀਕੇ ਭਾਈ।[37]

ਸੱਚੇ ਰਾਸ਼ਟਰ ਭਗਤ ਹੋਣ ਕਰਕੇ ਨਾਮਧਾਰੀ ਬਾਰਾਂ-ਮਾਹ ਲੇਖਕ ਗੁਰਮਤਿ ਪਰੰਪਰਾ (ਖ਼ਾਲਸਾ ਰੀਤ) ਅਤੇ ਭਾਰਤੀ ਧਰਮ ਪਰੰਪਰਾ (ਰਾਮ-ਕ੍ਰਿਸ਼ਨ ਰੀਤ) ਵਿੱਚ ਕੋਈ ਵਖਰੇਵਾਂ ਜਾਂ ਵਿਰੋਧ ਨਹੀਂ ਸਮਝਦੇ। ਜਦੋਂ ਬਰਤਾਨਵੀ ਬਸਤੀਵਾਦੀ ਹਕੂਮਤ ਵੱਖ-ਵੱਖ ਭਾਰਤੀ ਸੰਪ੍ਰਦਾਵਾਂ, ਧਰਮਾਂ ਤੇ ਭਾਈਚਾਰਿਆਂ ਨੂੰ ਇੱਕ ਦੂਜੇ ਦੇ ਖ਼ਿਲਾਫ਼ ਭੜਕਾ ਰਹੇ ਸਨ, ਉਸ ਸਮੇਂ ਨਾਮਧਾਰੀ ਲੇਖਕਾਂ ਦੀ ਰਾਸ਼ਟਰਵਾਦੀ ਪਹੁੰਚ ਵਧੇਰੇ ਮਹੱਤਵਪੂਰਨ ਅਰਥ ਰਖਦੀ ਹੈ। ਇਸੇ ਲਈ ਉਹ ਹਿੰਦੂ ਧਾਰਮਿਕ ਰੀਤ ਤੇ ਖ਼ਾਲਸਾ ਰੀਤ ਦੋਹਾਂ ਦੀ ਓਟ ਲੈਣ ਦਾ ਸੰਦੇਸ਼ ਦਿੰਦੇ ਹਨ।

ਗਣਪਤ ਗੌਰਾਂ ਸਾਰਦਾ
ਸ਼ਰਨ ਗੁਰਾਂ ਕੀ ਲੇਹਿ।
ਨਾਨਕ ਨਿਹਫਲ ਜਾਤ ਹੈ
ਭਜਨ ਬਿਨਾ ਜੋ ਦੇਹਿ।[38]

ਚਰਚਾ ਅਧੀਨ ਬਾਰਾਂ-ਮਾਹਿਆਂ ਦਾ ਭਾਸ਼ਾਈ ਸਰੂਪ ਵੀ ਸਾਂਝੀ ਸਾਂਸਕ੍ਰਿਤਕ ਭਾਸ਼ਾਈ ਪਰੰਪਰਾ ਵਾਲਾ ਹੈ। ਬ੍ਰਜ-ਭਾਸ਼ਾ ਦੀ ਪੁੱਠ ਵਾਲੀ ਇਨ੍ਹਾਂ ਬਾਰਾਂ-ਮਾਹਿਆਂ ਦੀ ਭਾਸ਼ਾ ਵੀ ਰਾਸ਼ਟਰੀ ਭਾਵਨਾ ਨੂੰ ਪੁਸ਼ਟ ਕਰਨ ਵਾਲੀ ਹੈ। ਭਾਸ਼ਾਈ ਪੱਖੋਂ ਵੀ ਇਨ੍ਹਾਂ ਬਾਰਾਂ-ਮਾਹਿਆਂ ਦਾ ਇਤਿਹਾਸਕ ਮਹੱਤਵ ਹੈ। ਦੂੰਦ, ਸਲੋਤਰ, ਮਲੇਸ਼, ਫ਼ਰੰਗੀ, ਨੰਦਨ, ਸੈਣ, ਰਘੁਪਤਿ ਰਾਈ, ਕੰਸ ਅਉਤਾਰ, ਥਾਨ ਸਧਰਾਈ, ਲਾਟ ਆਦਿ ਲਫ਼ਜ਼, ਜੋ 19ਵੀਂ ਸਦੀ ਦੀਆਂ ਇਨ੍ਹਾਂ ਰਚਨਾਵਾਂ 'ਚ ਆਏ ਹਨ, ਅੱਜ ਸਾਡੇ ਭਾਸ਼ਾਈ ਸੰਸਾਰ 'ਚੋਂ ਲੋਪ ਹੋ ਰਹੇ ਹਨ। ਸਵਾ ਕੁ ਸਦੀ ਵਿੱਚ ਪੰਜਾਬੀ ਭਾਸ਼ਾ ਦਾ ਸ਼ਬਦ ਭੰਡਾਰ ਕਿੰਨਾ ਬਦਲ ਗਿਆ ਹੈ? ਇਹ ਜਾਣਨ ਲਈ ਵੀ ਇਨ੍ਹਾਂ ਬਾਰਾਂ-ਮਾਹਾਂ ਦਾ ਅਧਿਐਨ ਬੜਾ ਰੌਚਿਕ ਹੈ। ਪੰਜਾਬ ਦਾ ਭਾਸ਼ਾਈ ਸੰਸਾਰ ਜਾਂ ਲੱਫ਼ਾਜ਼ੀ ਦਾ ਭੰਡਾਰ ਹੀ ਨਹੀਂ ਸੁੰਗੜਿਆ, ਸਗੋਂ 'ਦੇਸ਼' ਪੰਜਾਬ ਦੀਆਂ ਜੂਹਾਂ ਵੀ ਸੁੰਗੜੀਆਂ ਹਨ। ਇਨ੍ਹਾਂ ਬਾਰਾਂ-ਮਾਹਾਂ ਵਿਚਲਾ ਦੇਸ਼ (ਪੰਜਾਬ) ਪਸ਼ੌਰ ਤੋਂ ਆਗਰਾ ਤੇ ਕਲਾਨੌਰ ਤੋਂ ਹਿਸਾਰ ਤੱਕ ਫੈਲਿਆ ਹੋਇਆ ਸੀ। ਸਿੱਖੀ ਦਾ ਬੋਲਬਾਲਾ ਕਾਬਲ, ਕੰਧਾਰ, ਬਲਖ ਤੇ ਬੁਖ਼ਾਰੇ ਤੱਕ ਸੀ। ਅੱਜ ਸਿੱਖ ਭਾਈਚਾਰੇ ਕੋਲ ਸਤਿਗੁਰ ਰਾਮ ਸਿੰਘ ਵਰਗਾ ਕੋਈ ਦੂਰਅੰਦੇਸ਼ ਰਹਿਬਰ ਵੀ ਨਹੀਂ, ਜਿਸ ਕੋਲੋਂ ਦੁਨੀਆਂ ਦੇ ਵੱਡੇ ਖਿੱਤੇ ਉੱਤੇ ਰਾਜ ਕਰਨ ਵਾਲੇ 'ਜੰਗੀ ਲਾਟ' ਅਰਥਾਤ ਫ਼ਰੰਗੀ ਖ਼ੌਫ਼ਜ਼ਦਾ ਸਨ। ਦੁਨੀਆਂ ਦੇ ਗਰੀਬ ਮੁਲਕਾਂ ਵਾਂਗ ਅੱਜ ਪੰਜਾਬ ਇੱਕ ਨਵੇਂ 'ਬਨਵਾਸ' ਦੇ ਸਨਮੁੱਖ ਹੈ। ਸਤਿਗੁਰੂ ਰਾਮ ਸਿੰਘ ਦੀ ਜਲਾਵਤਨੀ ਬਸਤੀਵਾਦੀ ਹਕੂਮਤ ਦੇ ਇੱਕ ਬਾਗ਼ੀ ਦਾ 'ਬਨਵਾਸ' ਸੀ। ਅੱਜ ਸਾਡੇ ਬੱਚੇ ਅਤੇ ਨੌਜਵਾਨ ਇੱਛਤ 'ਬਨਵਾਸ' ਨੂੰ ਆਪਣੀ ਮੁਕਤੀ ਸਮਝ ਰਹੇ ਹਨ। ਇਸ ਨਵੇਂ 'ਬਨਵਾਸ' ਪਿਛਲੀ ਕਾਰਪੋਰੇਟੀ ਪੂੰਜੀ ਦਾ ਲੁਭਾਉਣਾ ਰੂਪ ਤੇ ਛਲੀਆ ਸਿਆਸਤ ਅਜੇ ਸਾਡੀ ਸਮਝ ਤੋਂ

ਬਾਹਰ ਹੈ। ਨਾਮਧਾਰੀ ਬਾਰਾਂ-ਮਾਹਾਂ ਵਿੱਚ ਜਿਸ ਸਾਮਰਾਜਵਾਦ ਦਾ ਵਿਰੋਧ ਹੈ, ਉਹ ਅੱਜ ਹੱਦਾਂ-ਸਰਹੱਦਾਂ ਮੁਕਤ ਸੁਤੰਤਰ ਵਪਾਰ ਤੇ ਵਿਸ਼ਵੀਕਰਨ ਦੇ ਨਵੇਂ ਤੇ ਲੁਭਾਉਣੇ ਮਖੌਟੇ ਨਾਲ ਹਾਜ਼ਰ ਹੈ। 'ਪੂੰਜੀ' ਜਾਂ 'ਵਿੱਤੀ ਪੂੰਜੀ' ਦੁਆਰਾ ਸੰਚਾਲਿਤ ਨਵੇਂ ਕਾਰਪੋਰੇਟ ਵਰਤਾਰੇ ਨੂੰ ਸਮਝਣ ਲਈ ਨਾਮਧਾਰੀ ਬਾਰਾਂ-ਮਾਹਾਂ ਦੀ ਪੜ੍ਹਤ ਅੱਜ ਵੀ ਪ੍ਰਸੰਗਿਕ ਹੈ।

## ਹਵਾਲੇ ਤੇ ਟਿੱਪਣੀਆਂ

1. Dizarley, cited by Karl Marx, 'The INDIAN Question', New York Daily Tribune, 14 August, 1857
2. ਡਬਲਿਊ.ਐਚ. ਰੱਸਲ, ਹਵਾਲਾ ਪੀ.ਸੀ. ਜੋਸ਼ੀ, 'ਹਮਾਰੇ ਇਤਿਹਾਸ ਮੇਂ 1857,' ਉਦਭਾਵਨਾ : 1857, ਨਿਰੰਤਰਤਾ ਔਰ ਪਰਿਵਰਤਨ, (ਸੰਪਾ.) ਪ੍ਰਦੀਪ ਸਕਸੈਨਾ, ਅੰਕ 75, ਅਪ੍ਰੈਲ-ਜੂਨ, 2007, ਪੰਨਾ 155.
3. "ਅਸਲ ਵਿੱਚ ਭਾਰਤੀ ਪ੍ਰਾਦੀਪ ਦੇ ਉੱਤਰੀ ਤੇ ਉੱਤਰ-ਪੱਛਮੀ ਪ੍ਰਦੇਸ਼ਾਂ ਵਿੱਚ ਦੇਸ਼ੀ ਜਾਤੀਆਂ ਨੇ ਬਰਤਾਨਵੀ ਸੱਤਾ ਖ਼ਿਲਾਫ਼ ਵਿਦਰੋਹ ਕਰ ਦਿੱਤਾ ਸੀ। ਕੇਵਲ ਸਿਪਾਹੀਆਂ ਨੇ ਹੀ ਵਿਦਰੋਹ ਨਹੀਂ ਸੀ ਕੀਤਾ, ਇਸ ਨੂੰ ਕੋਰੀ ਸੈਨਿਕ ਕ੍ਰਾਂਤੀ ਦਾ ਨਾਮ ਨਹੀਂ ਦਿੱਤਾ ਜਾ ਸਕਦਾ। ਇਹ ਤਾਂ ਭਾਰਤ ਉੱਪਰ ਵਿਦੇਸ਼ੀ ਸੱਤਾ ਦੇ ਵਿਰੁੱਧ ਸੈਨਿਕ ਕਠਿਨਾਈਆਂ, ਰਾਸ਼ਟਰੀ ਘਿਰਣਾ ਅਤੇ ਧਾਰਮਿਕ ਕੱਟੜਤਾ ਦਾ ਸਾਂਝਾ ਉਭਾਰ ਸੀ। ਇਸ ਵਿੱਚ ਦੇਸੀ ਰਾਜਿਆਂ ਤੇ ਸੈਨਿਕਾਂ ਨੇ ਭਾਗ ਲਿਆ। ਮੁਸਲਮਾਨਾਂ ਤੇ ਹਿੰਦੂਆਂ ਨੇ ਆਪਣੇ ਸਦੀਆਂ ਪੁਰਾਣੇ ਧਾਰਮਿਕ ਵਿਰੋਧਾਂ ਨੂੰ ਭੁਲਾ ਕੇ ਈਸਾਈਆਂ ਦੇ ਖ਼ਿਲਾਫ਼ ਹੱਥ ਮਿਲਾਏ। ਘਿਰਣਾ ਅਤੇ ਚਿੰਤਾ ਨੇ ਇਸ ਮਹਾਨ ਵਿਦਰੋਹੀ ਅੰਦੋਲਨ ਨੂੰ ਪ੍ਰੋਤਸਾਹਨ ਦਿੱਤਾ। ਚਰਬੀ ਵਾਲੇ ਕਾਰਤੂਸਾਂ ਦੇ ਵਿਵਾਦ ਨੇ ਤਾਂ ਇੱਕ ਚੰਗਿਆੜੀ ਭੜਕਾਈ।... ਮੇਰਠ ਦੇ ਸਿਪਾਹੀਆਂ ਨੂੰ ਛਿਣ ਭਰ ਵਿੱਚ ਹੀ ਆਗੂ ਮਿਲ ਗਿਆ। ਉਨ੍ਹਾਂ ਨੂੰ ਇੱਕ ਝੰਡਾ (ਕੌਮੀ ਨਿਸ਼ਾਨ) ਤੇ ਉਦੇਸ਼ ਵੀ ਮਿਲ ਗਿਆ ਅਤੇ ਇਹ ਵਿਦਰੋਹ ਇੱਕ ਕ੍ਰਾਂਤੀ ਯੁੱਧ ਵਿੱਚ ਬਦਲ ਗਿਆ।... ਉਨ੍ਹਾਂ ਦੇ ਸੈਨਿਕ ਵਿਦਰੋਹ ਨੂੰ ਇੱਕ ਰਾਸ਼ਟਰੀ ਧਰਮਯੁੱਧ ਵਿੱਚ ਬਦਲ ਦਿੱਤਾ।" ਜਸਟਿਨ ਮੈਕਾਰਥੀ, ਹਵਾਲਾ ਵਿਨਾਯਕ ਦਾਮੋਦਰ ਸਾਵਰਕਰ, 1857 ਕਾ ਸਵਾਤੰਤ੍ਰਯ ਸਮਰ, ਸੰਸਕਰਣ 2013, ਪੰਨਾ 42.
4. Humayun Kabir, "Mother of the Freedom Movement", Namdhari Sikhs the Pioneer Freedom Fighters, (Ed.) H.S. Hanspal, ( ) P. 16-17.
5. ਪੰਡਿਤ ਜਵਾਹਰ ਲਾਲ ਨਹਿਰੂ; "ਸੰਨ 1857 ਕਾ ਵਿਦਰੋਹ: ਜਾਤੀਯ ਅਹੰਕਾਰ," ਉਦਭਾਵਨਾ, ਪੰਨਾ 74.
6. ਆਰ.ਸੀ. ਮਜੂਮਦਾਰ, "ਸੰਨ 1857 ਕੇ ਵਿਸਫੋਟ ਕਾ ਚਰਿਤ੍ਰ," **ਉਦਭਾਵਨਾ**, ਪੰਨੇ 119-21.
7. ਡਾ. ਜੁਗਿੰਦਰ ਸਿੰਘ, "ਨਾਮਧਾਰੀ ਮਿਸ਼ਨ ਦੀ ਇਤਿਹਾਸਕ ਪ੍ਰਸੰਗਿਕਤਾ," **ਕੂਕਾ ਲਹਿਰ ਸਾਹਿਤ ਤੇ ਇਤਿਹਾਸ**, (ਸੰਪਾ.) ਗੁਰਭੇਜ ਸਿੰਘ ਗੁਰਾਇਆ, (2017), ਪੰਨਾ 54.
8. "The whole drift of his reformation being apparently to consolidate the power to Sikhism with a view to political ends." I think it is possible that this was not the original intention, but I fully believe that it has been the result, and further am of opinion that it was the natural result of any religious revival among a warlike race panting to recover much loved land

and to restore the glories of their sect." Colonel R.G. Taylor; cited in, Rebels Against The British Rule, Bhai Nahar Singh, Bhai Kirpal Singh (Eds), (1989) P. 19-20

9. "Whatever may have been the intentions of the leaders of the sect as the beginning, its tendency is distinctly political... Many men of position are joining the sect.... It seems necessary for the internal safety and tranquility of the country, that Ram Singh be deported to some place, where he connot be visited by his worshippers. ... I am strongly of the opinion that the safest thing to do with Ram Singh is to transport him to the Andemans." Macnabb, J.W. Cited in, Ibid, P XIX.
10. **Encyclopaedia Britannica**, Vol. VIII, P 142
11. Lt. Colonel G. Mc Andrew, cited in, **Rebels Against the British Rule**, P. XX.
12. ਹਰਕਿਸ਼ਨ ਸਿੰਘ ਸੁਰਜੀਤ, **ਬਰਤਾਨਵੀ ਸਾਮਰਾਜ ਵਿਰੋਧੀ ਲਹਿਰਾਂ: ਸੰਖੇਪ ਇਤਿਹਾਸ**, ਪੰਨਾ 34
13. ਪੀ.ਸੀ. ਰਾਇ, ਹਵਾਲਾ, **ਤਾਰਾ ਸਿੰਘ ਅਨਜਾਣ, ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ**, (2008) ਪੰਨਾ 136
14. "Suspicions have been aroused that the objects of Ram Singh and his disciples were not merely religious, but that, under the guise of a religious reformer and a teacher of moral precepts, he harboured deep political designs, the Guru was, for some years, detained under strict surveillance in his village; ... but, as he gained more importance by making converts, his teachings became more political in their nature. His followers assumed an air of arrogance... The first proofs of their being a dangerous sect appeared in June and July 1871, at Amritsar, and at Raikot in the Ludhiana District, when some Mohammaden butchers being found to have been murdered on the account of the slaughter of kine... Ram Singh, the leader of the Sect, who had been seized and removed to Allahabad, was sent to Burmah, where he subsequently died."

    Syad Muhammad Latif, **History of the Punjab**, (1994), P 595.
15. D.E. Mc Cracken, cited by Jaswinder Singh, **Kuka Movement: Freedom struggle in Punjab**, (1985), P. 294-95
16. C.L. Tupper, cited in Ibid, P. 293-94.
17. ਬਾਬਾ ਚੰਦਾ ਸਿੰਘ ਨਾਮਧਾਰੀ, ਬਾਰਾਂਮਾਹ, ਰਾਮ ਵਿਯੋਗੀਆਂ ਦੇ ਬਾਰਾਂਮਾਹ, (ਸੰਪਾ.) ਤਾਰਾ ਸਿੰਘ ਅਨਜਾਣ, (1995), ਪੰਨਾ 46
18. ਪੀ.ਸੀ. ਰਾਏ, ਉਹੀ, ਪੰਨਾ 136
19. ਬਾਬਾ ਚੰਦਾ ਸਿੰਘ ਨਾਮਧਾਰੀ, ਉਹੀ, ਪੰਨਾ 46
20. ਉਹੀ, ਪੰਨੇ 44-46
21. ਉਹੀ , ਪੰਨਾ 36
22. ਸੰਤ ਨਿਹਾਲ ਸਿੰਘ, ਬਾਰਾਂਮਾਹ, ਰਾਮ ਵਿਯੋਗੀਆਂ ਦੇ ਬਾਰਾਂਮਾਹ, ਪੰਨੇ 50-51

23. ਉਹੀ, ਪੰਨਾ 52
24. ਕੈਪਟਨ ਥੱਲੋਚ, ਗ਼ੁਲਾਮ ਭੀਖ ਜਲੰਧਰੀ, ਹਵਾਲਾ, ਤਾਰਾ ਸਿੰਘ ਅਨਜਾਣ, "ਨਾਮਧਾਰੀ ਪੰਥ ਦੇ ਸਿਧਾਂਤ ਤੇ ਇਤਿਹਾਸਕ ਪੱਖ" **ਕੂਕਾ ਲਹਿਰ, ਸਾਹਿਤ ਤੇ ਇਤਿਹਾਸ**, (2017) (ਸੰਪਾ.) ਗੁਰਭੇਜ ਸਿੰਘ ਗੁਰਾਇਆ, ਪੰਨੇ 139-41
25. ਡਾ. ਜੁਗਿੰਦਰ ਸਿੰਘ, ਉਹੀ, ਪੰਨਾ 53
26. ਬਾਬਾ ਚੰਦਾ ਸਿੰਘ ਨਾਮਧਾਰੀ, ਉਹੀ ਪੰਨਾ 24
27. ਸੰਤ ਨਿਹਾਲ ਸਿੰਘ, ਉਹੀ, ਪੰਨੇ 53-54
28. ਬਾਬਾ ਚੰਦਾ ਸਿੰਘ ਨਾਮਧਾਰੀ, ਉਹੀ, ਪੰਨਾ 23
29. ਉਹੀ, ਪੰਨਾ 32
30. ਉਹੀ, ਪੰਨਾ 26
31. ਉਹੀ, ਪੰਨਾ 27
32. ਉਹੀ, ਪੰਨਾ 39
33. ਉਹੀ, ਪੰਨਾ 33
34. ਉਹੀ, ਪੰਨਾ 33
35. ਉਹੀ, ਪੰਨਾ 39
36. ਉਹੀ, ਪੰਨਾ 41
37. ਉਹੀ, ਪੰਨਾ 42
38. ਉਹੀ, ਪੰਨਾ 18

# ਨਾਮਧਾਰੀ ਸਿੱਖਾਂ ਦਾ ਆਧੁਨਿਕ ਨਿਆਂ ਪ੍ਰਣਾਲੀ ਅਤੇ ਸਮਾਜਿਕ ਸੰਰਚਨਾ ਵਿਚ ਯੋਗਦਾਨ

-ਡਾ. ਤਰੁਣ ਅਰੋੜਾ

ਆਦਿ ਕਾਲ ਤੋਂ ਵਿਵਸਥਾ ਦੇ ਲਈ ਖੋਜ ਜਾਰੀ ਹੈ। ਮਨੁੱਖੀ ਸਭਿਅਤਾ ਦੇ ਵਿਕਾਸ ਦੇ ਵੱਖ-ਵੱਖ ਪੜਾਆਂ ਦੇ ਰਾਹੀਂ ਕਈ ਵਿਚਾਰਧਾਰਾਵਾਂ, ਸੰਕਲਪਾਂ ਜਾਂ ਸਿਧਾਂਤਾਂ ਦਾ ਉਦੈ ਹੁੰਦਾ ਹੈ। ਜਿਨ੍ਹਾਂ ਵਿਚੋਂ ਕੁਝ ਤਾਂ ਥੋੜ੍ਹੇ ਸਮੇਂ ਲਈ ਆਪਣਾ ਪ੍ਰਭਾਵ ਦਿਖਾ ਕੇ, ਇਤਿਹਾਸ ਦੇ ਪੰਨਿਆਂ ਵਿਚ ਦਰਜ ਹੋ ਜਾਂਦੇ ਹਨ ਅਤੇ ਕਈ ਵਿਚਾਰਧਾਰਾਵਾਂ, ਸਿਧਾਂਤ ਅਜਿਹੇ ਵੀ ਹੁੰਦੇ ਹਨ ਜੋ ਸਮਾਂ ਬਤੀਤ ਹੋਣ ਦੇ ਬਾਵਜੂਦ ਵੀ ਹਰ ਦੌਰ ਦੇ ਵਿਚ ਪ੍ਰਸੰਗਕ (ਸਾਰਥਕ) ਰਹਿੰਦੇ ਹਨ। ਮੌਜੂਦਾ ਖੋਜ ਪੱਤਰ ਦਾ ਕੇਂਦਰ ਬਿੰਦੂ ਵੀ ਇਹੀ ਹੈ ਕਿ ਅਜੋਕੇ ਸਮੇਂ ਦੇ ਸੰਦਰਭ ਵਿਚ ਜਦ ਕਿ ਭਾਰਤੀ ਧਰਤੀ 'ਤੇ ਲੋਕਤੰਤਰ ਦੀ ਸਥਾਪਨ ਹੋਏ ਨੂੰ 70 ਵਰ੍ਹੇ ਹੋ ਗਏ ਹਨ, ਸੰਵਿਧਾਨਿਕ ਵਿਵਸਥਾ ਦਾ ਆਗਾਜ਼ ਹੋਏ ਨੂੰ ਵੀ 68 ਵਰ੍ਹੇ ਹੋ ਗਏ ਹਨ ਫਿਰ ਵੀ ਭਾਰਤੀ ਸਮਾਜ ਵਿਤਰਨਾਤਮਕ ਨਿਆਂ ਪ੍ਰਣਾਲੀ ਅਤੇ ਸਮਤਾਮੂਲਕ ਸਮਾਜ ਦੀ ਸਥਾਪਨਾ ਤੋਂ ਕੋਹਾਂ ਦੂਰ ਹੈ।

ਇਸ ਪੱਖੋਂ ਭਾਰਤ ਦੀ ਧਰਤੀ ਆਪਣੇ ਆਪ 'ਚ ਅਵੱਲੀ ਅਤੇ ਅਦੁੱਤੀ ਹੈ ਕਿਉਂਕਿ ਇਸ ਧਰਤ ਤੋਂ ਜੋ ਵੀ ਮੱਤ ਪੈਦਾ ਹੋਏ, ਉਨ੍ਹਾਂ ਦੀ ਪ੍ਰਸੰਗਿਕਤਾ ਸਮਾਂ ਬੀਤਣ ਦੇ ਨਾਲ-ਨਾਲ ਵਧੀ ਹੀ ਹੈ। ਇਨ੍ਹਾਂ ਸੰਕਲਪਾਂ ਅਤੇ ਵਿਚਾਰਧਾਰਾਵਾਂ ਨੂੰ ਪ੍ਰਾਚੀਨ ਸੰਕਲਪ ਜਾਂ ਪੁਰਾਣੀ ਵਿਚਾਰਧਾਰਾ ਦਾ ਨਾਉਂ ਨਹੀਂ ਦਿੱਤਾ ਗਿਆ ਬਲਕਿ ਵਿਦਵਾਨਾਂ ਨੇ ਕਲਾਸੀਕਲ ਕਹਿ ਕੇ ਸੰਬੋਧਿਤ ਕੀਤਾ। ਇਸ ਵਿਚਾਰਧਾਰਾ ਦੇ ਨਾਮ ਹੀ ਮੌਜੂਦਾ ਲਿਖਤ ਦਾ ਮਜ਼ਮੂਨ ਅਜੋਕੇ ਸੰਦਰਭ ਵਿਚ ਜਦ ਕਿ ਭਾਰਤੀ ਲੋਕਾਂ ਦੀ ਜੀਵਨ ਪ੍ਰਣਾਲੀ, ਭਾਰਤ ਦੇ ਸਰਵਉੱਚ ਕਾਨੂੰਨ, ਭਾਰਤੀ ਸੰਵਿਧਾਨ ਰਾਹੀਂ ਨਿਯੰਤਰਿਤ ਅਤੇ ਵਿਨਿਯਮਿਤ ਹੁੰਦੀ ਹੈ। ਉਸ ਦੇ ਵਿਚ ਅੰਤਰ ਨਿਹਿਤ ਉਦੇਸ਼ਾਂ ਦਾ ਭਾਰਤੀ ਦਰਸ਼ਨ ਸ਼ਾਸਤਰ ਨਾਲ ਸੰਬੰਧ ਦੀ ਪੜਤਾਲ ਕਰਨਾ ਹੈ। ਭਾਰਤੀ ਸੰਵਿਧਾਨ ਦੇ ਵਿਚ ਕਈ ਸਿਧਾਂਤ ਅਜਿਹੇ ਵੀ ਹਨ, ਜਿਨ੍ਹਾਂ ਦਾ ਭਾਰਤ ਦੀ ਮਿੱਟੀ ਨਾਲ ਪੁਰਾਣਾ ਸੰਬੰਧ ਹੈ। ਇਸ ਲਈ ਇਸ ਲਿਖਤ ਦੇ ਰਾਹੀਂ ਮੌਜੂਦਾ ਸੰਵਿਧਾਨਿਕ ਸਿਧਾਂਤਾਂ ਤੇ ਭਾਰਤੀ ਦਰਸ਼ਨ ਦੇ ਝਰੋਖੇ ਤੋਂ ਝਾਤ ਮਾਰਨ ਦਾ ਯਤਨ ਕੀਤਾ ਗਿਆ ਹੈ। ਲਿਖਤ ਦਾ ਉਦੇਸ਼ ਦਿੱਤੇ ਗਏ ਸਿਰਲੇਖ ਦੇ ਮੁਤਾਬਕ ਨਾਮਧਾਰੀ ਮੱਤ ਦੇ ਰਾਹੀਂ ਵਿਤਰਣਾਤਮਕ ਨਿਆਂ

ਪ੍ਰਣਾਲੀ ਅਤੇ ਸਮਤਾ ਮੂਲਕ ਸਮਾਜ ਦੀ ਸਥਾਪਨਾ ਦੇ ਲਈ ਕੀਤੇ ਗਏ ਉਪਰਾਲਿਆਂ 'ਤੇ ਚਾਨਣ ਪਾਉਣਾ ਹੈ ਤਾਂ ਜੋ ਮੌਜੂਦਾ ਪੀੜ੍ਹੀ ਨੂੰ ਉਨ੍ਹਾਂ ਦੇ ਅਮੀਰ ਧਾਰਮਿਕ ਅਤੇ ਸਭਿਆਚਾਰਕ ਵਿਸ਼ੇ ਨਾਲ ਜੋੜਿਆ ਜਾ ਸਕੇ। ਅਸਲ ਵਿਚ ਇਸ ਲਿਖਤ ਦਾ ਉਦੇਸ਼ ਲੇਖਕ ਦੇ ਮਨ ਵਿਚ ਪ੍ਰਸਿੱਧ ਕਾਨੂੰਨਦਾਨ ਸਵ. ਸ੍ਰੀ ਨਾਨੀ ਪਾਲਕੀਵਾਲਾ ਦੇ ਭਾਰਤੀ ਲੋਕਾਂ ਨੂੰ ਹਲੂਣ ਕੇ ਰੱਖਣ ਵਾਲੇ ਵਿਸ਼ਲੇਸ਼ਣ ਦੇ ਸੰਦਰਭ ਵਿਚ ਗ਼ਰੀਬੀ ਨੂੰ ਦੂਰ ਕਰਨ ਦੀ ਦਿਸ਼ਾ ਵਿਚ ਇਕ ਨਿਗੂਣਾ ਜਿਹਾ, ਸਮੁੰਦਰ ਦੇ ਵਿਚ ਪਾਣੀ ਦੀ ਇਕ ਬੂੰਦ ਵਰਗਾ ਯਤਨ ਕਰਨਾ ਹੈ। ਉਨ੍ਹਾਂ ਨੇ ਭਾਰਤੀ ਲੋਕਾਂ ਦੀ ਜੀਵਨ ਪ੍ਰਣਾਲੀ ਅਤੇ ਸੋਚ 'ਤੇ ਤੰਜ ਰਾਹੀਂ ਜਗਾਉਣ ਦੀ ਕੋਸ਼ਿਸ਼ ਆਪਣੀ ਆਤਮਕਥਾ ਭਾਰਤੀ ਲੋਕਾਂ ਨੂੰ ਸਮਰਪਿਤ ਕਰਦੇ ਹੋਇਆਂ ਲਿਖਿਆ, ਜਿਸ ਦਾ ਪੰਜਾਬੀ ਤਰਜ਼ਮਾ ਇਸ ਪ੍ਰਕਾਰ ਹੈ :

> ਮੇਰੇ ਦੇਸ਼ਵਾਸੀਆਂ ਨੂੰ, ਜਿਨ੍ਹਾਂ ਨੇ ਆਪਣੇ ਆਪ ਨੂੰ ਸੰਵਿਧਾਨ ਤਾਂ ਦਿੱਤਾ ਪਰ ਉਸ ਨੂੰ ਸੰਭਾਲਣ ਦੀ ਯੋਗਤਾ ਨਹੀਂ।
>
> ਜਿਨ੍ਹਾਂ ਨੂੰ ਅਜਿਹੀ ਪ੍ਰਕਾਸ਼ਮਾਨ ਅਤੇ ਦਿਵਯ ਵਿਰਾਸਤ ਤਾਂ ਮਿਲੀ ਐਪਰ ਇਸ ਦਾ ਆਨੰਦ ਮਾਣਨ ਦੀ ਸਦਬੁੱਧੀ ਨਹੀਂ।
>
> ਜੋ ਕਿ ਬਿਨਾਂ ਆਪਣੀ ਸਮਰੱਥਾ ਦਾ ਅੰਦਾਜ਼ਾ ਲਗਾਏ ਦਰਦ ਬਰਦਾਸ਼ਤ ਕਰਦੇ ਹਨ ਅਤੇ ਪੀੜਤ ਰਹਿੰਦੇ ਹਨ।

ਉਪਰੋਕਤ ਸ਼ਬਦ ਸਾਡੀ ਅਜੋਕੀ ਭਾਰਤੀ ਪੀੜ੍ਹੀ ਲਈ ਸਤ-ਪ੍ਰਤੀਸ਼ਤ ਸਹੀ ਸਾਬਿਤ ਹੁੰਦੇ ਹਨ। ਭਾਰਤ ਦੀ ਧਰਤੀ ਹਰ ਪੱਖੋਂ, ਚਾਹੇ ਕੁਦਰਤੀ ਸੋਮਿਆਂ, ਜੈ-ਵਿਭਿੰਨਤਾ ਦੇ ਦ੍ਰਿਸ਼ਟੀਕੋਣ ਨਾਲ ਵੇਖ ਲਈਏ ਤੇ ਚਾਹੇ ਅਮੀਰ ਵਿਰਸੇ ਰਾਹੀਂ, ਚਾਹੇ ਭਾਸ਼ਾ, ਮਤਾਂ ਦੀ ਵਿਭਿੰਨਤਾ ਰਾਹੀਂ ਤੇ ਭਾਵੇਂ ਗਿਆਨ ਦੀ ਕਸੌਟੀ ਉੱਪਰ, ਮੰਦਭਾਗੀ ਗੱਲ ਇਹੀ ਹੈ ਕਿ ਹਰ ਪੱਖੋਂ ਕੁਦਰਤ ਵੱਲੋਂ ਇੰਨੀਆਂ ਦਾਤਾਂ ਦੇ ਬਾਵਜੂਦ ਵੀ ਅੱਜ ਸਾਡੇ ਚੌਗਿਰਦੇ ਵਿਚ ਭਰੂਣ ਹੱਤਿਆ, ਮਹਿਲਾਵਾਂ ਦਾ ਸੋਸ਼ਣ, ਜਾਤ-ਪਾਤ ਆਧਾਰਿਤ ਵਿਤਕਰਾ, ਕੰਮਚੋਰੀ, ਅੱਗੇ ਵਧਣ ਲਈ ਸੁਗਮ ਰਾਹਾਂ 'ਤੇ ਚੱਲਣ ਦਾ ਪ੍ਰਚਲਨ, ਅਡੰਬਰਤਾ ਅਤੇ ਦਿਖਾਵਟਬਾਜ਼ੀ, ਕੁਦਰਤੀ ਸੰਸਾਧਨਾਂ ਦੀ ਦੁਰਵਰਤੋਂ ਅਤੇ ਨਜਾਇਜ਼ ਵੰਡ ਦੇ ਨਾਲ-ਨਾਲ ਹਰ ਕੋਈ ਚੁਣੌਤੀਆਂ, ਵਿਚਾਰਕ ਅਤੇ ਸੰਸਾਧਨਾਂ ਪੱਖੋਂ ਅਮੀਰ ਧਰਤੀ ਦੇ ਵਸਨੀਕਾਂ ਦੇ ਜੀਵਨ ਨੂੰ ਦੁਸ਼ਵਾਰ ਕਰੀ ਖੜ੍ਹੀਆਂ ਹਨ। ਇਸ ਪਿਛੋਕੜ ਦੇ ਮੱਦੇਨਜ਼ਰ, ਖੋਜਕਰਤਾ ਮੁੱਖ ਤੌਰ 'ਤੇ ਪ੍ਰਾਥਮਿਕ ਸ੍ਰੋਤਾਂ ਵਜੋਂ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਰੰਗੂਨ ਦੇ ਜੇਲ੍ਹ ਵਿਚ ਬੈਠ ਕੇ ਲਿਖੇ ਗਏ ਹੁਕਮਨਾਮਾ ਅਤੇ ਅਰਦਾਸਾਂ 'ਤੇ ਨਿਰਭਰ ਹੈ। ਸਤਿਗੁਰੂ ਰਾਮ ਸਿੰਘ ਜੀ ਦੀ ਦਿੱਤੀ ਗਈ ਸਿੱਖਿਆ ਦਾ ਵਿਸ਼ਲੇਸ਼ਣ ਕਰ, ਅਜੋਕੇ ਭਾਰਤੀ ਸੰਦਰਭ ਵਿਚ ਉਸ ਪਵਿੱਤਰ ਸੋਚ ਅਤੇ ਬਾਨੀ ਦੀ ਪ੍ਰਸੰਗਕਤਾ ਨੂੰ ਮੌਜੂਦਾ ਪੀੜ੍ਹੀ ਅੱਗੇ ਰੱਖਣ ਦਾ ਉਪਰਾਲਾ ਕੀਤਾ ਗਿਆ ਹੈ।

ਪਾਠਕਾਂ ਦੀ ਸੁਵਿਧਾ ਲਈ ਹੁਕਮਨਾਮਾ ਸਾਹਿਬ ਵਿਚ ਦਿੱਤੀ ਗਈ ਸਿੱਖਿਆ ਦਾ ਮੌਜੂਦਾ ਭਾਰਤੀ ਸੰਵਿਧਾਨ ਅਤੇ ਕਾਨੂੰਨਾਂ ਦੇ ਨਾਲ ਨਾਲ ਅਧੀਨ ਕੀਤੀ ਗਈ ਵਿਵਸਥਾ ਦਾ ਵੀ ਉਲੇਖ ਕੀਤਾ ਗਿਆ ਹੈ। ਹੁਕਮਨਾਮਾ (1) ਦੇ ਵਿਚ ਪ੍ਰਯੁਕਤ ਸ਼ਬਦ 'ਰਹਿਤਨਾਮਾ' ਆਚਾਰ-ਵਿਹਾਰ ਦੇ ਸੰਬੰਧ ਵਿਚ ਅਭਿਮਾਨੀਆਂ ਨੂੰ 'ਕਰੋ' ਜਾਂ 'ਨਾ ਕਰੋ' ਬਾਰੇ ਞਾਤ ਪ੍ਰਦਾਨ ਕਰਦਾ ਹੈ। ਇਸ ਦੇ ਨਾਲ-ਨਾਲ 'ਹੁਕਮ' ਸ਼ਬਦ ਨੂੰ ਉਸ ਅਕਾਲ ਪੁਰਖ ਦਾ ਕਾਨੂੰਨ ਮੰਨ ਕੇ, ਹੁਕਮ ਦੀ ਰਜ਼ਾ ਭਾਵ 'ਕਾਨੂੰਨ ਦੇ ਰਾਜ' ਅਧੀਨ ਜੀਵਨ ਬਤੀਤ ਕਰਨ ਦੀ ਨਸੀਹਤ ਦਿੱਤੀ ਗਈ ਹੈ। ਮਗਰੋਂ 'ਜਥਾ ਸ਼ਕਤੀ ਪ੍ਰਸ਼ਾਦਿ ਕਰਨਾ'[1] ਦੇ ਨਿਰਦੇਸ਼ ਰਾਹੀਂ ਸਤਿਗੁਰੂ ਰਾਮ ਸਿੰਘ ਜੀ ਨੇ ਅਭਿਆਸੀਆਂ ਨੂੰ ਅਡੰਬਰ ਰਹਿਤ ਅਤੇ ਤਰਕਸੰਗਤ ਜੀਵਨ ਪ੍ਰਣਾਲੀ ਅਪਣਾਉਣ ਦੀ ਤਾਕੀਦ ਕੀਤੀ ਹੈ। ਕੁਝ ਅਜਿਹਾ ਹੀ ਜ਼ਿਕਰ ਸੰਵਿਧਾਨ ਦੇ ਅਧਿਆਇ IV-A ਵਿਚ 'ਤਰਕਸੰਗਤ ਸੁਭਾਅ' ਮਨੁੱਖਤਾ ਅਤੇ ਸਮਾਜ ਨੂੰ ਹਰ ਭਾਰਤੀ ਨਾਗਰਿਕ ਦੀ ਮੌਲਿਕ ਕਰਤੱਵ ਦੇ ਰੂਪ ਵਿਚ ਆਉਂਦਾ ਹੈ। ਹੁਕਮਨਾਮਾ ਸੰਖਿਆ (2) ਵਿਚ 'ਜਥਾ ਸ਼ਕਤੀ ਸੇਵਾ ਕਰਨੀ', 'ਨਿੰਦਾ ਕਰਨ ਵਾਲੇ ਦੀ ਵੀ ਸੇਵਾ ਕਰਨੀ' ਅਤੇ 'ਸਭ ਕੇ ਸਾਥ ਆਨੰਦ ਰਹਿਣਾ' ਇਨ੍ਹਾਂ ਸ਼ਬਦਾਂ ਦੀ ਅੰਤਰਨਿਹਿਤ ਸੋਚ ਜਿਸ ਨੂੰ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਦਰਜ ਭਾਈਚਾਰੇ ਦੀ ਭਾਵਨਾ ਨੂੰ ਪ੍ਰਫੁਲਤ ਕਰਨਾ ਅਤੇ ਆਰਟੀਕਲ 19-1ਏ ਵਿਚ ਮਨਜ਼ੂਰ 'ਭਾਸ਼ਣ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਸੁਤੰਤਰਤਾ' ਨੂੰ ਲੋੜੀਂਦੀ ਮਾਨਤਾ ਪ੍ਰਦਾਨ ਕਰਨਾ ਹੈ। ਇਸ ਦੇ ਇਲਾਵਾ, ਸਤਿਗੁਰੂ ਰਾਮ ਸਿੰਘ ਨੇ ਇਸ ਲਿਖਤ ਰਾਹੀਂ ਭਰਮਾਂ ਵਿਚੋਂ ਨਿਕਲ ਕੇ 'ਤੱਤ ਪਛਾਣਨ' (ਨਿਗਮਨਾਤਮਕ ਪ੍ਰਣਾਲੀ) ਵਾਸਤੇ ਪ੍ਰੇਰਿਆ ਹੈ ਜੋ ਕਿ ਸੰਵਿਧਾਨ ਦੇ ਅਧਿਆਇ IV-A ਦਾ ਮੌਲਿਕ ਭਾਵ ਹੈ। ਜੇਕਰ ਹੁਕਮਨਾਮਾ ਸਾਹਿਬ (3) ਦੀ ਚਾਰਾਜੋਈ ਕਰੀਏ ਤਾਂ 'ਜਨਾਨੇ ਮਰਦਾਨੇ, ਬੁਢੇ, ਬਾਲੇ, ਜਥਾਸ਼ਕਤੀ ਪਾਠ, ਪ੍ਰਸਾਦਿ, ਬਸਤੁ, ਪੈਸਾ, ਭੁੱਖੇ ਨੂੰ ਰੋਟੀ, ਨੰਗੇ ਨੂੰ ਕੱਪੜਾ, ਜੋੜਾ ਜਿਤਨਾ ਸਰੇ, ਸ਼ਬਦਾਵਲੀ ਦੇ ਰਾਹੀਂ ਵਿਅਕਤੀ ਦੇ ਜੀਵਨ ਵਿਚ ਸੰਵਿਧਾਨਕ ਦਰਸ਼ਨ ਸ਼ਾਸਤਰ ਦੀ ਸਮਾਨਤਾ, ਲਿੰਗ ਜਾਂ ਉਮਰ ਆਧਾਰਿਤ ਭੇਦਭਾਵ, ਅੰਤ:ਕਰਨ ਤੇ ਧਰਮ ਦੀ ਸੁਤੰਤਰਤਾ ਦੇ ਨਾਲ-ਨਾਲ ਸਰਬ ਸਾਂਝਾ ਕਲਿਆਣ, ਦੂਜੇ ਸ਼ਬਦਾਂ ਵਿਚ ਸਮਾਜਿਕ, ਆਰਥਿਕ ਅਤੇ ਰਾਜਨੀਤਕ ਨਿਆਂ ਸੰਕਲਪ ਦੀ ਝਾਕੀ ਵਿਖਾਈ ਦਿੰਦੀ ਹੈ।

ਹੁਕਮਨਾਮਾ ਸਾਹਿਬ (4) ਰਾਹੀਂ ਜਿਸ ਵੇਲੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਚੰਡੀ ਦਾ ਪਾਠ ਕਰਨ ਦੀ ਤਾਕੀਦ ਕੀਤੀ ਗਈ, ਇਹ ਵੀ ਹਿਦਾਇਤ ਕੀਤੀ ਗਈ ਕਿ ਪਾਠ ਉੱਚਾ ਨਹੀਂ ਕਰਨਾ। ਅੱਜ ਦੇ ਸਮੇਂ ਵਿਚ ਦੇਖਿਆ ਗਿਆ ਹੈ ਕਿ ਧਰਮ ਦੇ ਨਾਮ 'ਤੇ ਸਾਰੀਆਂ ਹੱਦਾਂ ਤੋੜ ਕੇ, ਆਧੁਨਿਕ ਤਕਨੀਕ ਦੇ ਇਸਤੇਮਾਲ ਨਾਲ, ਭਾਰੀ ਭਰਕਮ ਸਾਊਂਡ ਸਿਸਟਮ (ਧਵਨੀ ਯੰਤਰਾਂ) ਨਾਲ ਪਾਠ, ਭਜਨ ਉਨ੍ਹਾਂ ਨੂੰ ਵੀ ਸੁਣਾਇਆ ਜਾਂਦਾ ਹੈ, ਜਿਹੜੇ ਨਾ ਸੁਣਨਾ ਚਾਹੁੰਦੇ ਹੋਣ। ਫਿਰ ਭਾਵੇਂ ਇਹ ਮਹਾਮਾਈ

ਦਾ ਜਾਗਰਣ ਹੋਵੇ, ਕੀਰਤਨ, ਅਰਦਾਸ, ਸ਼ੋਭਾ ਯਾਤਰਾ ਜਾਂ ਗਣੇਸ਼ ਵਿਸਰਜਨ ਹੋਵੇ, ਡਿਜ਼ੀਟਲ ਸਾਊਂਡ ਰਾਹੀਂ ਘਰਾਂ, ਸਕੂਲਾਂ, ਕਾਲਜਾਂ ਵਿਚ ਪੜ੍ਹ ਰਹੇ ਵਿਦਿਆਰਥੀਆਂ ਬੱਸਾਂ ਵਿਚ, ਆਵਾਜਾਈ ਦੇ ਹੋਰ ਸਾਧਨਾਂ ਦੀ ਵਰਤੋਂ ਵਾਲੇ ਯਾਤਰੀਆਂ, ਹਸਪਤਾਲਾਂ ਵਿਚ ਇਲਾਜ ਕਰਵਾ ਰਹੇ ਰੋਗੀਆਂ ਨੂੰ ਵੀ ਮੱਲੋਮੱਲੀ ਸੁਣਾਇਆ ਜਾਂਦਾ ਹੈ। ਇਥੇ ਧਿਆਨ ਰੱਖਣਯੋਗ ਗੱਲ ਇਹ ਹੈ ਕਿ ਅਜਿਹੀ ਖੁੱਲ੍ਹ ਵਰਤਣ ਵਾਲੇ ਧਾਰਮਿਕ ਅਦਾਰਿਆਂ ਦੁਆਰਾ ਸੰਵਿਧਾਨਿਕ ਮੌਲਿਕ ਅਧਿਕਾਰ ਆਰਟੀਕਲ 25 ਅਤੇ 26 ਦਾ ਹਵਾਲਾ ਦਿੱਤਾ ਜਾਂਦਾ ਹੈ ਪਰ ਆਰਟੀਕਲ 21 ਅਧੀਨ ਜੀਵਨ ਦਾ ਅਧਿਕਾਰ, ਇਕਾਂਤਤਾ ਦਾ ਅਧਿਕਾਰ, ਆਪਣੀ ਦੇਹ ਦੀ ਸੁਤੰਤਰਤਾ ਦਾ ਅਧਿਕਾਰ, ਨੀਂਦ, ਮਾਨਸਿਕ ਸ਼ਾਂਤੀ ਦਾ ਅਧਿਕਾਰ, ਅੱਖੋਂ ਪਰੋਖੇ ਕਰ ਦਿੱਤੇ ਜਾਂਦੇ ਹਨ। ਇਥੋਂ ਤਕ ਕਿ ਨਗਰ-ਕੀਰਤਨ, ਧਾਰਮਿਕ ਸ਼ੋਭਾ ਯਾਤਰਾ ਦੇ ਨਾਉਂ 'ਤੇ ਸੜਕਾਂ ਅਤੇ ਲੋਕ ਮਾਰਗਾਂ ਨੂੰ ਅਣਅਧਿਕਾਰਤ ਤਰੀਕੇ ਨਾਲ ਵਰਤਿਆ ਜਾਂਦਾ ਹੈ, ਬਾਵਜੂਦ ਇਸ ਦੇ ਕਿ ਆਰਟੀਕਲ 25 ਦੀ ਸ਼ੁਰੂਆਤੀ ਸ਼ਬਦਾਵਲੀ ਸਾਫ਼ ਅਤੇ ਸਪੱਸ਼ਟ ਤੌਰ 'ਤੇ 'ਲੋਕ ਸ਼ਾਂਤੀ, ਸਿਹਤ ਅਤੇ ਨੈਤਿਕਤਾ ਅਧੀਨ ਰਹਿੰਦੇ ਹੋਇਆਂ, ਹਰ ਵਿਅਕਤੀ ਨੂੰ ਧਰਮ ਮੰਨਣ ਦੀ, ਪ੍ਰਚਾਰ ਅਤੇ ਪ੍ਰਸਾਰ ਦੀ ਸੁਤੰਤਰਤਾ' ਜ਼ਿਕਰ ਕਰਦਾ ਹੈ। ਇਸ ਲਈ ਹੁਕਮਨਾਮਾ ਸੰਖਿਆ (4) ਵਿਚ ਗੁਰੂ ਸਾਹਿਬ ਦੀ 'ਪਾਠ ਕਰਨਾ ਪਰ ਉੱਚਾ ਨਹੀਂ' ਜਿਥੇ ਦੂਸਰੇ ਵਿਅਕਤੀਆਂ ਦੀ ਨਿੱਜੀ ਇਕਾਂਤਤਾ ਅਤੇ ਹੋਰਨਾਂ ਅਧਿਕਾਰ ਨਾਲ ਸੰਤੁਲਨ ਬਿਠਾਉਣ ਦਾ ਯਤਨ ਕਰਦਾ ਹੈ, ਇਸ ਦੇ ਨਾਲ-ਨਾਲ ਦੂਸਰੇ ਵਿਅਕਤੀਆਂ ਦੇ ਪ੍ਰਤੀ ਕਰਤੱਵ ਅਤੇ ਨਿਗਮਨਾਤਮਕ ਸੋਚ ਨੂੰ ਵਿਵਸਥਾਬੱਧ ਕਰਦਾ ਹੈ। ਇਥੋਂ ਤਕ ਕਿ ਮਾਣਯੋਗ ਸੁਪਰੀਮ ਕੋਰਟ ਦੁਆਰਾ ਵੀ ਸੰਨ 2005 ਦੇ 'ਇਨ ਹੀ ਨੁਆਇਜ਼ ਪੋਲਿਊਸ਼ਨ' ਵਾਲੇ ਮਾਮਲੇ ਵਿਚ ਧਾਰਮਿਕ ਅਦਾਰਿਆਂ ਨੂੰ ਇਹ ਨਿਰਦੇਸ਼ ਦਿੱਤਾ ਕਿ ਇਨ੍ਹਾਂ ਸੰਸਥਾਨਾਂ ਵਿਚ ਕੀਤੀ ਜਾਣ ਵਾਲੀ ਪ੍ਰਾਰਥਨਾ, ਕੀਰਤਨ ਅਤੇ ਹੋਰ ਸਰਗਰਮੀਆਂ ਦੀ ਆਵਾਜ਼, ਸੰਸਥਾਨ ਦੀ ਹੱਦ-ਹਦੂਦ ਦੇ ਅੰਦਰ ਤਕ ਹੀ ਸੀਮਤ ਰਹਿਣੀ ਚਾਹੀਦੀ ਹੈ।

ਹੁਕਨਾਮਾ ਸਾਹਿਬ (5) ਅਧੀਨ ਇਸ ਢੰਗ ਦੇ ਨਾਲ 'ਮਹਿਲਾ ਸਸ਼ਕਤੀਕਰਨ' ਦੀ ਸੋਚ ਦੇ ਬੀਜ ਸਤਿਗੁਰੂ ਰਾਮ ਸਿੰਘ ਵੱਲੋਂ ਬੀਜੇ ਗਏ ਸਨ, ਸੰਦਰਭ ਲਈ :

> "ਲੜਕੇ-ਲੜਕੀਆਂ ਸਭ ਨੂੰ ਅੱਖਰ ਪੜ੍ਹਾ ਦੇਣੇ, ਹੋਰ ਲੜਕੀ ਕਿਸੇ
> ਨਾ ਮਾਰਨੀ, ਨਾ ਵੱਟਾ ਲੈਨਾ ਅਤੇ ਨਾ ਲੜਕੀ ਦੇ ਦੰਮ ਲੈਨੇ।"

ਇਨ੍ਹਾਂ ਸ਼ਬਦਾਂ ਰਾਹੀਂ ਨੈਤਿਕਤਾ ਦਾ ਜੋ ਅਧਿਆਤਮਕ ਪੱਧਰ ਉਸ ਵੇਲੇ ਨਸ਼ਰ ਕੀਤਾ ਗਿਆ, ਅੱਜ ਦੇ ਸੰਵਿਧਾਨਕ ਫ਼ਲਸਫ਼ੇ ਦੇ ਵਿਚ ਵੀ ਉਸ ਦੀ ਝਲਕ ਆਰਟੀਕਲ-14, ਬਰਾਬਰੀ ਦਾ ਸਿਧਾਂਤ, ਆਰਟੀਕਲ-21 ਜੀਵਨ ਦਾ ਅਧਿਕਾਰ, ਆਰਟੀਕਲ 23 ਸੋਸ਼ਣ ਦੇ ਵਿਰੁੱਧ ਸੁਰੱਖਿਆ ਦਾ ਅਧਿਕਾਰ, ਆਰਟੀਕਲ-24 ਰਾਹੀਂ

ਮਨੁੱਖੀ ਦੇਹ ਦੀ ਤਸਕਰੀ ਅਧੀਨ ਦ੍ਰਿਸ਼ਮਾਨ ਹੁੰਦਾ ਹੈ।

ਹੁਕਮਨਾਮਾ ਸੰਖਿਆ (5) ਰਾਹੀਂ ਹੀ ਸਮਾਜਿਕ, ਆਰਥਿਕ ਅਤੇ ਰਾਜਨੀਤਕ ਨਿਆਂ ਦੇ ਫ਼ਲਸਫ਼ੇ ਦੇ ਚਾਨਣ ਵਿਚ ਸਿਰਜਿਤ ਆਰਟੀਕਲ 38 ਅਤੇ 39 'ਸਾਧਨਾਂ ਦੀ ਉਚਿਤ ਵੰਡ', 'ਸੰਪਤੀ ਦੀ ਕੁਝ ਹੀ ਹੱਥਾਂ ਵਿਚ ਸੀਮਿਤਤਾ' ਦੇ ਸਾਰ ਰੂਪ ਨੂੰ ਸਿੱਖ ਫ਼ਲਸਫ਼ੇ ਦਾ 'ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ' ਹਵਾਲਾ ਦਿੰਦੇ ਹੱਕ ਅਤੇ ਹਕੂਕ ਦੀ ਕਮਾਈ ਨੂੰ ਜ਼ਿੰਦਗੀ ਦਾ ਆਧਾਰ ਬਣਾਉਣ ਦੀ ਸਿੱਖਿਆ ਦਿੱਤੀ। ਇਥੇ ਇਸ ਗੱਲ ਦਾ ਜ਼ਿਕਰ ਕਰਨਾ ਸੰਦਰਭਹੀਣ ਨਹੀਂ ਹੋਵੇਗਾ ਕਿ ਸਤਿਗੁਰੂ ਰਾਮ ਸਿੰਘ ਨੇ ਇਸ ਤੱਥ ਦੇ ਬਾਵਜੂਦ ਕਿ ਉਨ੍ਹਾਂ ਦੇ ਸ਼ਰਧਾਲੂ, ਉਨ੍ਹਾਂ ਨੂੰ ਆਪਣਾ ਅਧਿਆਤਮਕ ਗੁਰੂ ਮੰਨਦੇ ਸਨ ਪਰ ਉਨ੍ਹਾਂ ਨੇ ਇਸ ਗੱਲ ਦਾ ਮਾਨ ਨਾ ਕਰਦਿਆਂ ਸੰਗਤ ਨੂੰ ਹਮੇਸ਼ਾ ਲਈ ਬਾਣੀ ਦਾ ਪਾਲਣ ਕਰਨ ਦਾ ਨਿਰਦੇਸ਼ ਦਿੱਤਾ। ਜੇਕਰ ਅੱਜ ਕੱਲ੍ਹ ਦੇ ਸੰਦਰਭ ਵਿਚ ਇਸ ਸੰਕਲਪ ਨੂੰ 'ਹੁਕਮ ਅਧੀਨ ਜੀਵਨ ਵਤੀਤ' ਦੇ ਸਮਾਨਾਰਥੀ ਰੂਪ ਵਿਚ ਕਾਨੂੰਨ ਦੀ ਸ਼ਾਸਨ ਦੀ ਗੱਲ ਕਰੀਏ ਤਾਂ ਆਪਣੇ ਆਪ ਨੂੰ ਸੇਵਕ ਕਹਾਉਣ ਵਾਲੇ ਵਿਅਕਤੀ ਭਾਵੇਂ ਜੀਵਨ ਦਾ ਸਮਾਜਿਕ, ਰਾਜਨੀਤਕ ਖੇਤਰ ਹੋਵੇ ਜਾਂ ਅਧਿਆਤਮਕ, ਉਹ ਉਸ ਸਰਬ ਉੱਚ ਨੇਮ ਨੂੰ ਵੀ ਬਦਲਣ ਦਾ ਅਣਥੱਕ ਯਤਨ ਕਰਦੇ ਹਨ, ਜਿਸ ਕਰਕੇ ਉਨ੍ਹਾਂ ਦੀ ਹੋਂਦ ਦੀ ਪਛਾਣ ਬਣੀ। ਇਸ ਤੋਂ ਅੱਗੇ ਉਨ੍ਹਾਂ ਨੇ ਹੁਕਮਨਾਮਾ ਸੰਖਿਆ (6) ਰਾਹੀਂ ਗਊ ਹੱਤਿਆ ਅਤੇ ਭਖਸ਼ਣ ਦਾ ਵਿਰੋਧ ਕੀਤਾ, ਕੁਦਰਤੀ ਵਾਤਾਵਰਣ ਦੀ ਸੁੰਦਰਤਾ ਅਤੇ ਮਹੱਤਵ ਦਾ ਜ਼ਿਕਰ ਵੀ ਕਈ ਥਾਈਂ ਕੀਤਾ। ਵੱਖ-ਵੱਖ ਹੁਕਮਨਾਮਾ ਸਾਹਿਬ ਰਾਹੀਂ ਜਿਸ ਵੇਲੇ ਗੁਰਬਾਣੀ, ਚੰਡੀ ਦੀ ਵਾਰ, ਜਗਦੰਬਾ ਦਾ ਪਾਠ, ਅਨੰਦ ਕਾਰਜ ਦੇ ਮੌਕੇ 'ਤੇ ਲਾਵਾਂ ਦੀ ਰਵਾਇਤ ਰਾਹੀਂ ਉਨ੍ਹਾਂ ਨੇ ਹਰ ਮੱਤ ਪ੍ਰਤੀ ਨਿਰਪੱਖ ਰਹਿਣ ਦਾ ਯਤਨ ਕੀਤਾ ਜੋ ਕਿ ਸੰਵਿਧਾਨਕ ਧਰਮ-ਨਿਰਪੇਖਤਾ ਦੀ ਤਰਜਮਾਨੀ ਕਰ ਰਿਹਾ ਪ੍ਰਤੀਤ ਹੁੰਦਾ ਹੈ। ਇਸ ਦੇ ਇਲਾਵਾ ਰਾਸ਼ਟਰ ਪ੍ਰਤੀ ਪਿਆਰ, ਹਮਵਤਨ ਲੋਕਾਂ ਨਾਲ ਪਿਆਰ, ਮਿੱਟੀ ਦੀ ਖ਼ੁਸ਼ਬੂ, ਕੱਪੜੇ ਪਾਉਣ ਦਾ ਤਰੀਕਾ, ਅੰਨ, ਜੋੜੇ ਅਤੇ ਕੱਪੜੇ ਦਾਨ ਕਰਨ ਦੀ ਬਾਰ-ਬਾਰ ਪ੍ਰੇਰਨਾ, ਛੋਟੀ ਉਮਰ ਦੀ ਲੜਕੀਆਂ ਦਾ ਵਿਆਹ ਕਰਨ ਦੀ ਬਜਾਇ ਉਨ੍ਹਾਂ ਨੂੰ ਪੜ੍ਹਾਉਣ ਦਾ ਸਮਰਥਨ, ਲੜਕੀਆਂ ਦਾ ਵੱਟੇ ਰਾਹੀਂ ਵਿਆਹ ਕਰਕੇ ਉਨ੍ਹਾਂ ਦੇ ਨਿੱਜਤਾ ਦੇ ਅਧਿਕਾਰ ਦਾ ਉਲੰਘਣ ਅਤੇ ਹੋਰ ਕਈ ਸੰਕਲਪ ਅਜਿਹੇ ਹਨ ਜਿਹੜੇ ਕਿ ਭਾਰਤੀ ਸੰਵਿਧਾਨ ਦੀ ਸਮਾਜਿਕ, ਆਰਥਿਕ ਅਤੇ ਰਾਜਨੀਤਕ ਨਿਆਂ ਦੀ ਵਿਚਾਰਧਾਰਾ ਨਾਲ ਮਿਲਦੇ ਜੁਲਦੇ ਪ੍ਰਤੀਤ ਹੁੰਦੇ ਹਨ। ਜਿਸ ਵੇਲੇ ਸੰਨ 2018 ਵਿਚ ਮਾਣਯੋਗ ਸੁਪਰੀਮ ਕੋਰਟ ਵੱਲੋਂ ਬਾਲਗ ਵਿਅਕਤੀਆਂ ਨੂੰ ਆਪਣਾ ਜੀਵਨ ਸਾਥੀ ਚੁਣਨ ਦੇ ਅਧਿਕਾਰ ਨੂੰ ਮਾਨਤਾ ਦਿੱਤੀ ਗਈ ਤਾਂ ਉਸ ਅਦਾਲਤੀ ਫ਼ੈਸਲੇ ਦੇ ਕਈ ਪਹਿਲੂ ਪੜ੍ਹਦਿਆਂ ਸਤਿਗੁਰੂ ਰਾਮ ਸਿੰਘ ਜੀ ਦੀ ਵਿਚਾਰਧਾਰਾ ਦਾ ਸਮਰਨ ਹੋ ਉੱਠਦਾ ਹੈ।

ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਵੱਖ-ਵੱਖ ਸਮੇਂ 'ਤੇ ਵੱਖ-ਵੱਖ ਮਹਾਂਪੁਰਸ਼ਾਂ ਦੁਆਰਾ ਸੰਸਾਰ ਦੇ ਵੱਖ-ਵੱਖ ਸਥਾਨਾਂ 'ਤੇ ਜੋ ਵੀ ਅਜਿਹੇ ਉੱਚ ਅਤੇ ਮਹਾਨ ਵਿਚਾਰ, ਮਨੁੱਖਾਂ ਦੇ ਵਿਵਹਾਰ ਅਤੇ ਜੀਵਨ ਨੂੰ ਵਿਨਿਯਮਿਤ ਕਰਨ ਲਈ, ਸਰਬੱਤ ਦੇ ਭਲੇ ਲਈ ਪ੍ਰਗਟ ਕੀਤੇ ਜਾਂਦੇ ਹਨ, ਉਨ੍ਹਾਂ ਦਾ ਉਦੇਸ਼ ਸਰਬੱਤ ਦਾ ਭਲਾ ਅਤੇ ਮਨੁੱਖੀ ਜੀਵਨ ਨੂੰ ਸਾਰਥਕ ਢੰਗ ਨਾਲ ਜਿਊਣ ਲਈ ਦਿਸ਼ਾ ਨਿਰਧਾਰਤ ਕਰਨਾ ਹੈ। ਠੀਕ ਇਸੇ ਤਰ੍ਹਾਂ ਸੰਵਿਧਾਨ ਚਾਹੇ ਕਿਸੇ ਵੀ ਦੇਸ਼ ਦਾ ਹੋਵੇ—ਫਰਾਂਸ, ਅਮਰੀਕਾ, ਜਾਪਾਨ, ਕੈਨੇਡਾ ਜਾਂ ਭਾਰਤ, ਮਕਸਦ ਵਿਅਕਤੀਆਂ ਦੇ ਜੀਵਨ ਦੀ ਵਿਚਾਰਧਾਰਾ ਅਤੇ ਦਰਸ਼ਨ ਨੂੰ ਇਕ ਸੇਧ ਪ੍ਰਦਾਨ ਕਰਨਾ ਹੈ। ਇਸ ਲਈ ਜਦ ਗੱਲ ਸਰਬੱਤ ਦੇ ਭਲੇ ਦੀ ਆਉਂਦੀ ਹੈ ਤਾਂ ਧਰਮ, ਮੱਤ ਜਾਂ ਸੰਵਿਧਾਨ ਉਸ ਹੀ ਦਿਸ਼ਾ ਵੱਲ ਚੱਲਣ ਦੀ ਪ੍ਰੇਰਨਾ ਦਿੰਦੇ ਹਨ ਜਿਸ ਰਾਹ ਵਿਚ ਬਰਾਬਰੀ ਦਾ ਦਰਜ਼ਾ, ਇਕ ਦੂਸਰੇ ਨੂੰ ਇੱਜ਼ਤ ਮਾਣ, ਸਮਾਜ ਅਤੇ ਦੇਸ਼ ਪ੍ਰਤੀ ਕਰਤੱਵ ਆਧਾਰਿਤ ਵਿਚਾਰਧਾਰਾ ਅਤੇ ਆਪਸ ਵਿਚ ਭਾਈਚਾਰੇ ਦੀ ਭਾਵਨਾ ਪ੍ਰਫੁਲਤ ਹੋਵੇ, ਸਭ ਪਾਸੇ ਸੁੱਖ ਹੋਵੇ, ਧਰਤ ਹਰਿਆਵਲੀ ਹੋਵੇ ਅਤੇ ਜੀਵਨ ਵਿਵਸਥਾ ਕੁਦਰਤੀ ਸੰਤੁਲਨ ਦੇ ਆਲੇ-ਦੁਆਲੇ ਹੀ ਕੇਂਦ੍ਰਿਤ ਹੋਵੇ। ਇਸ ਲਈ ਸੰਸਕ੍ਰਿਤ ਦੇ ਸ਼ਲੋਕ 'ਸਰਵੇ ਭੁਵੰਤ ਸੁਖਾਮਯਾ', ਗੁਰਬਾਣੀ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ', ਅੰਗਰੇਜ਼ੀ ਦੇ 'Welfare of all is the supreme law' ਵਰਗੇ ਵਾਕਾਂ ਵਿਚੋਂ ਇਕ ਧੂਨੀ ਨਿਕਲਦੀ ਹੋਈ ਪ੍ਰਤੀਤ ਹੁੰਦੀ ਹੈ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਨਾਮਧਾਰੀ ਮੱਤ ਦਾ ਸਮਤਾਮੂਲਕ ਸਮਾਜ ਦੇ ਸੰਬੰਧ ਵਿਚ ਜੇਕਰ ਯੋਗਦਾਨ ਦੇਖਿਆ ਜਾਵੇ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ ਕਿ ਵਿਤਰਨਾਤਮਕ ਨਿਆਂ ਪ੍ਰਣਾਲੀ ਅਤੇ ਜੀਵਨ ਗੁਜ਼ਾਰਨ ਦੇ ਸਾਧਨਾਂ ਨੂੰ ਵੰਡ ਕੇ ਛਕਣ ਦੀ ਪ੍ਰੇਰਨਾ ਦਾ ਆਪਣਾ ਇਕ ਵਿਸ਼ੇਸ਼ ਸਥਾਨ ਹੈ। ਅਧਿਐਨ ਦੇ ਦੌਰਾਨ ਨਾਮਧਾਰੀ ਮੱਤ ਨਾਲ ਸੰਬੰਧ ਰੱਖਣ ਵਾਲੇ ਪਰਿਵਾਰਾਂ ਦੀ ਜੀਵਨ ਪ੍ਰਣਾਲੀ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਜਿਸ ਤਰੀਕੇ ਅੱਜ ਨਾਮਧਾਰੀ ਦਰਬਾਰ ਵਿਚ ਵਿਆਹਾਂ ਦਾ ਬਿਨਾਂ ਦਹੇਜ ਕਰਵਾਏ ਜਾਣ ਦੀ ਪ੍ਰਥਾ, ਅਨਾਜ ਅਤੇ ਲੰਗਰ ਵਿਵਸਥਾ ਦਾ ਪਾਲਣ, ਲੜਕੀਆਂ ਦੀ ਪੜ੍ਹਾਈ, ਰਿਜ਼ਕੇ ਹਲਾਲ (ਹੱਕ ਹਕੂਕ ਦੀ ਕਮਾਈ), ਵਿਸ਼ੇਸ਼ ਦਿੱਖ ਅਤੇ ਇਕੋ ਸਮਾਨ ਪਹਿਰਾਵਾ, ਸਮਤਾਮੂਲਕ ਸਮਾਜ ਦੀ ਬੇਮਿਸਾਲ ਝਲਕ ਪੇਸ਼ ਕਰਦਾ ਹੈ। ਇਸ ਤੋਂ ਸਾਡੀ ਅਜੋਕੀ ਪੀੜ੍ਹੀ ਨੂੰ ਇਹ ਸਿੱਖਣਾ ਚਾਹੀਦਾ ਹੈ ਕਿ ਸਾਡੀ ਬਾਣੀ, ਸਾਡਾ ਵਿਰਸਾ ਅਤੇ ਸਾਡੀ ਸੰਵਿਧਾਨਕ ਵਿਵਸਥਾ ਬਹੁਤ ਹੀ ਉੱਚ ਪੱਧਰੀ ਮਾਨਸਿਕ ਅਤੇ ਅਧਿਆਤਮਕ ਅਵਸਥਾ ਦੀ ਸਿਰਜਣਾ ਹੈ, ਜਿਸ ਦਾ ਮਹੱਤਵ 'ਦਿਖਾਵਟੀ ਜਾਂ ਗਹਿਣਿਆਂ ਵਾਂਗ ਨਾ ਹੋ ਕੇ' ਜੀਵਨ ਪ੍ਰਣਾਲੀ ਦਾ ਅੰਗ ਹੋਣਾ ਚਾਹੀਦਾ ਹੈ। ਇਸ ਨਾਲ ਹੀ ਸਾਡੇ ਵਿਰਸੇ ਅਤੇ ਸਾਡੇ ਅਧਿਆਤਮਿਕ ਸਭਿਆਚਾਰ ਦੀ ਅਮੀਰੀ ਸਾਡੇ ਜੀਵਨ ਦੀ ਅਮੀਰੀ ਬਣ ਜਾਵੇਗੀ।

# ਸੁਤੰਤਰ ਭਾਰਤ ਵਿਚ ਕੂਕਾ ਲਹਿਰ ਦੀ ਪ੍ਰਸੰਗਿਕਤਾ

-ਡਾ. ਸੁਰਜੀਤ ਸਿੰਘ ਭੱਟੀ

ਪੰਜਾਬ ਦੀ ਧਰਤੀ ਗਿਆਨ ਅਤੇ ਸੰਗ੍ਰਾਮ ਦੋ ਨਦੀਆਂ ਦੇ ਸੰਗਮ ਦੀ ਵਰੋਸਾਈ ਧਰਤੀ ਹੈ। ਇਥੇ 'ਰਿਗਵੇਦ' ਦੀ ਰਚਨਾ ਵੀ ਹੋਈ ਅਤੇ ਸਦੀਆਂ ਤੋਂ ਇਸ ਧਰਤੀ ਦੇ ਵਸਨੀਕਾਂ ਨੂੰ ਭਾਰਤ ਉਪਰ ਚੜ੍ਹ ਕੇ ਆਏ ਹਰ ਧਾੜਵੀ ਦਾ ਰਾਹ ਵੀ ਮੂਹਰੇ ਹੋ ਕੇ ਡੱਕਣਾ ਪਿਆ। ਇਸੇ ਪ੍ਰਸੰਗ ਵਿਚ ਹੀ 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਦਾ ਅਖਾਣ ਸਾਡੇ ਲੋਕ-ਜੀਵਨ ਦਾ ਮਨੋਰਥ ਪੱਤਰ ਬਣਿਆ। ਪੰਜਾਬ ਦੇ ਪੀਰ, ਫ਼ਕੀਰ, ਪੈਗ਼ੰਬਰ ਅਤੇ ਗੁਰੂ ਸਾਹਿਬਾਨ ਹਮੇਸ਼ਾ 'ਸਗਲੀ ਧਰਤੀ' ਦੀ ਚਿੰਤਾ ਅਤੇ 'ਜਲਤੀ ਪ੍ਰਿਥਵੀ' ਨੂੰ ਸ਼ਾਂਤੀ ਅਤੇ ਗਿਆਨ ਦਾ ਸੰਦੇਸ਼ ਦੇਣ ਲਈ ਚਿੰਤਨ ਕਰਦੇ ਰਹੇ ਹਨ। ਹਰ ਸਿਆਣੇ ਬੰਦੇ ਨੂੰ ਇਸ ਇਤਿਹਾਸਕ ਤੱਥ ਦਾ ਚਿੱਟੇ ਦਿਨ ਵਾਂਗ ਚਾਨਣ ਹੈ ਕਿ 'ਹਿੰਦੁਸਤਾਨ' ਸ਼ਬਦ ਪਹਿਲੀ ਵਾਰ ਗੁਰੂ ਨਾਨਕ ਸਾਹਿਬ ਦੀ ਬਾਣੀ ਰਾਹੀਂ ਸਾਡੇ ਇਤਿਹਾਸ ਅਤੇ ਚਿੰਤਨ ਆ ਅੰਗ ਬਣਿਆ ਹੈ। ਪੰਜਾਬ ਦੇ ਸਾਹਿਤਕ ਇਤਿਹਾਸ ਵਿਚ ਨਾਥ ਜੋਗੀ, ਸੂਫ਼ੀ ਲਹਿਰ, ਭਗਤੀ ਲਹਿਰ ਅਤੇ ਗੁਰਬਾਣੀ ਦੀ ਸਰਬ ਸਾਂਝੀ ਵਿਰਾਸਤ ਸਾਰੇ ਪੰਜਾਬੀਆਂ ਦੀ ਸਾਂਝ, ਏਕਤਾ, ਭਰਾਤਰੀ ਭਾਵ, ਧਰਮ ਨਿਰਪੇਖਤਾ ਅਤੇ ਮਾਨਵਤਾਵਾਦ ਦਾ ਇਕ ਵਿਲੱਖਣ ਗੁਲਦਸਤਾ ਜਿਸ ਵਿਚ 'ਏਕਤਾ ਵਿਚ ਅਨੇਕਤਾ' ਦਾ ਸੁੰਦਰ ਵਿਚਾਰ ਸੰਭਾਲਿਆ ਗਿਆ ਹੈ—ਸਾਡੀ ਇਤਿਹਾਸਕ ਵਿਰਾਸਤ ਦੀ ਨਿਰਾਲੀ ਸ਼ਾਨ ਦਾ ਇਕ ਲਹਿਰਾਉਂਦਾ ਹੋਇਆ ਪਰਚਮ ਹੈ।

ਮੁਗ਼ਲ ਕਾਲ ਤੋਂ ਬਾਅਦ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਦੀ ਸਥਾਪਨਾ ਨਾਲ ਸਦੀਆਂ ਤੋਂ ਗੁਲਾਮੀ ਦੀ ਮਾਰ ਝੱਲ ਰਹੇ ਪੰਜਾਬੀਆਂ ਨੂੰ ਪਹਿਲੀ ਵਾਰ ਆਪਣਾ ਰਾਜ ਸਥਾਪਿਤ ਕਰਨ ਦਾ ਮੌਕਾ ਮਿਲਦਾ ਹੈ। ਪਰੰਤੂ ਮਹਾਰਾਜਾ ਰਣਜੀਤ ਸਿੰਘ ਦੀ 1839 ਵਿਚ ਹੋਈ ਮੌਤ ਤੋਂ ਬਾਅਦ 'ਸ਼ਾਹੂਕਾਰ ਦੇ ਗੁਮਾਸ਼ਤੇ ਪੁੱਤ' ਨੇ ਹਰ ਹੀਲਾ ਵਰਤ ਕੇ, ਹਰ ਤਰ੍ਹਾਂ ਦੀਆਂ ਚਾਲਾਂ ਚੱਲ ਕੇ 1849 ਵਿਚ ਪੰਜਾਬ ਉੱਪਰ ਕਬਜ਼ਾ ਕਰ ਲਿਆ। ਇਹ ਲਿਖਣ ਦੀ ਲੋੜ ਨਹੀਂ ਕਿ ਦੁਨੀਆ ਨੂੰ 'ਸਭਿਅਤਾ' ਦੀ ਸਿੱਖਿਆ ਦਾ ਪਾਠ ਪੜ੍ਹਾਉਣ ਵਾਲੇ ਅੰਗਰੇਜ਼ ਸਾਮਰਾਜ ਨੇ ਕਬਜ਼ਾ ਨੰਗੇ ਚਿੱਟੇ ਧੱਕੇ, ਜ਼ੁਲਮ ਅਤੇ ਜ਼ੋਰ ਜਬਰ ਨਾਲ ਕੀਤਾ। ਇਸ ਦੁਖਾਂਤਕ ਸਥਿਤੀ ਦਾ ਚਿਤਰਣ

ਪੰਜਾਬੀਆਂ ਦੇ ਹਰਮਨ ਪਿਆਰੇ ਕਵੀ ਸ਼ਾਹ-ਮੁਹੰਮਦ ਨੇ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ :

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ
ਸਿਰ ਦੋਹਾਂ ਦੇ ਨਵੀਂ ਅਫ਼ਾਤ ਆਈ
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ
ਕਦੀ ਨਹੀਂ ਸੀ ਤੀਸਰੀ ਜਾਤ ਆਈ॥

ਸਤਿਗੁਰੂ ਰਾਮ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦੀ ਇਕ ਪਲਟਣ ਵਿਚ ਸਿਪਾਹੀ ਸਨ। ਮੁੱਦਕੀ ਦੀ ਲੜਾਈ ਵਿਚ ਸਿੱਖ ਆਗੂਆਂ ਵੱਲੋਂ ਕੀਤੀ ਗ਼ੱਦਾਰੀ, ਲਾਹੌਰ ਦਰਬਾਰ ਦੀ ਖਾਨਾਜੰਗੀ, ਸਿੱਖਾਂ ਦੀ ਆਚਰਣਕ ਗਿਰਾਵਟ ਅਤੇ 'ਭੂਤ ਮੰਡਲੀ' ਤੋਂ ਉਪਰਾਮ ਹੋ ਕੇ ਬਾਬਾ ਰਾਮ ਸਿੰਘ ਨੇ ਆਪਣੀ ਬੰਦੂਕ ਸਤਲੁਜ ਵਿਚ ਰੋੜ੍ਹ ਦਿੱਤੀ। ਫ਼ੌਜ ਦੀ ਨੌਕਰੀ ਛੱਡ ਕੇ ਆਪ ਆਪਣੇ ਜਨਮ ਸਥਾਨ ਭੈਣੀ ਵਿਚ ਜਾ ਕੇ ਦਸਾਂ ਨਹੁੰਆਂ ਦੀ ਕਿਰਤ ਕਰਨ ਅਤੇ ਨਾਮ ਜਪਣ ਦੀ ਅਧਿਆਤਮਿਕ ਬਿਰਤੀ ਨਾਲ ਜੁੜ ਕੇ ਪੰਜਾਬ ਦੇ ਖੋਏ ਹੋਏ ਰਾਜ ਬਾਰੇ ਚਿੰਤਨ ਮੰਥਨ ਵਿਚ ਪੂਰੀ ਤਰ੍ਹਾਂ ਲੀਨ ਹੋ ਗਏ। 12 ਅਪ੍ਰੈਲ 1857 ਨੂੰ ਉਨ੍ਹਾਂ ਨੇ ਪੰਜ ਪਿਆਰਿਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ 'ਸੰਤ ਖਾਲਸਾ' ਪੰਥ ਦੀ ਨੀਂਹ ਰੱਖੀ ਅਤੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਨਾਂਦੇੜ ਵਿਚ ਪ੍ਰਚਲਿਤ ਕੀਤੀ 'ਮਰਿਆਦਾ' ਨੂੰ ਇਸ ਪੰਥ ਲਈ ਅਪਣਾਉਣ ਦਾ ਐਲਾਨ ਕੀਤਾ। ਇਥੇ ਇਹ ਤੱਥ ਨੋਟ ਕੀਤਾ ਜਾਣਾ ਜ਼ਰੂਰੀ ਹੈ ਕਿ ਹਿੰਦੁਸਤਾਨ ਵਿਚ 1857 ਦਾ ਗ਼ਦਰ (ਜਿਸ ਨੂੰ ਸਮਝਦਾਰ ਲੋਕ ਹਿੰਦੋਸਤਾਨ ਦੀ ਪਹਿਲੀ ਜੰਗ-ਏ-ਆਜ਼ਾਦੀ ਵੀ ਕਹਿੰਦੇ ਹਨ) 10 ਮਈ ਨੂੰ ਆਰੰਭ ਹੋਇਆ ਸੀ। ਇਸ ਪੰਥ ਦਾ ਨਾਂ ਕੂਕਾ ਪੰਥ ਜਾਂ ਨਾਮਧਾਰੀ ਪੰਥ ਕਰਕੇ ਵੀ ਜ਼ਿਆਦਾ ਪ੍ਰਸਿੱਧ ਅਤੇ ਪ੍ਰਚਲਿਤ ਰਿਹਾ ਹੈ। ਸਤਿਗੁਰੂ ਰਾਮ ਸਿੰਘ ਨੂੰ ਅੰਗਰੇਜ਼ਾਂ ਨੇ ਜਲਾਵਤਨ ਕਰਕੇ ਰੰਗੂਨ ਅਤੇ ਬਾਅਦ ਵਿਚ ਮਰਗੋਈ ਭੇਜ ਦਿੱਤਾ। ਉਨ੍ਹਾਂ ਦੀ ਅੰਤਿਮ ਯਾਤਰਾ ਬਾਰੇ ਅਜੇ ਤੀਕ ਵੀ ਪ੍ਰਮਾਣਿਕ ਰੂਪ ਵਿਚ ਕੁਝ ਵੀ ਨਹੀਂ ਕਿਹਾ ਜਾ ਸਕਦਾ। ਪੰਜਾਬ ਵਿਚ ਇਸ ਲਹਿਰ ਤੋਂ ਗੋਰਾਸ਼ਾਹੀ ਪੂਰੀ ਤਰ੍ਹਾਂ ਭੈਭੀਤ ਸੀ। ਸਤਿਗੁਰੂ ਰਾਮ ਸਿੰਘ ਤੋਂ ਬਾਅਦ ਇਸ ਲਹਿਰ ਦੀ ਅਗਵਾਈ ਉਨ੍ਹਾਂ ਦੇ ਭਰਾ ਬੁੱਧ ਸਿੰਘ (ਜਿਨ੍ਹਾਂ ਦਾ ਬਾਅਦ ਵਿਚ ਹਰੀ ਸਿੰਘ ਨਾਂਮ ਪ੍ਰਚਲਿਤ ਹੋਇਆ) ਵੱਲੋਂ ਸੰਭਾਲੀ ਗਈ। ਬਾਬਾ ਹਰੀ ਸਿੰਘ ਦੇ ਪ੍ਰਲੋਕ ਗਮਨ ਬਾਅਦ ਇਸ ਗੱਦੀ ਉੱਪਰ ਉਨ੍ਹਾਂ ਦੇ ਵੱਡੇ ਸਪੁੱਤਰ ਸਤਿਗੁਰੂ ਪ੍ਰਤਾਪ ਸਿੰਘ ਨੇ 1906 ਤੋਂ ਲੈ ਕੇ 1959 ਤੀਕ ਇਸ ਪੰਥ ਦੀ ਅਗਵਾਈ ਕੀਤੀ। ਸਤਿਗੁਰੂ ਪ੍ਰਤਾਪ ਸਿੰਘ ਦੀ 1959 ਵਿਚ ਅੰਤਿਮ ਵਿਦਾਇਗੀ ਤੋਂ ਬਾਅਦ ਇਸ ਸੰਪ੍ਰਦਾ ਦੀ ਅਗਵਾਈ ਸਤਿਗੁਰੂ ਜਗਜੀਤ ਸਿੰਘ ਨੇ ਸੰਭਾਲੀ। ਇਸ ਲਹਿਰ ਨੇ ਆਪਣੇ ਆਰੰਭ ਤੋਂ ਹੀ ਦੋ ਨਿਸ਼ਾਨੇ ਆਪਣੇ ਆਪ ਲਈ ਨਿਰਧਾਰਿਤ

ਕੀਤੇ। ਪਹਿਲਾ ਸਿੱਖ ਧਰਮ ਦੇ ਪੈਰੋਕਾਰਾਂ ਵਿਚ ਆਈ ਧਾਰਮਿਕ ਅਤੇ ਆਚਰਣਿਕ ਗਿਰਾਵਟ ਨੂੰ ਦੂਰ ਕਰਨਾ ਅਤੇ ਦੂਸਰਾ ਦੇਸ਼ ਨੂੰ ਅੰਗਰੇਜ਼ ਸਾਮਰਾਜ ਤੋਂ ਸੁਤੰਤਰ ਕਰਵਾਉਣਾ। ਇਸ ਲਹਿਰ ਨੇ ਜੀਵਨ ਦੇ ਹਰ ਖੇਤਰ ਨੂੰ ਆਪਣੇ ਪ੍ਰਭਾਵ-ਖੇਤਰ ਵਿਚ ਲਿਆ ਕੇ ਬਹੁਤ ਵੱਡੀ ਪੱਧਰ 'ਤੇ ਪ੍ਰਭਾਵਿਤ ਕੀਤਾ। ਪ੍ਰਮੁੱਖ ਰੂਪ ਵਿਚ ਨਾਮਧਾਰੀ ਲਹਿਰ ਨੇ ਧਾਰਮਿਕ, ਸਮਾਜਕ, ਸਭਿਆਚਾਰਕ, ਰਾਜਨੀਤਕ ਅਤੇ ਆਰਥਿਕ ਪਹਿਲੂਆਂ ਵੱਲ ਵਿਸ਼ੇਸ਼ ਧਿਆਨ ਦਿੱਤਾ।

ਧਿਆਨਯੋਗ ਨੁਕਤਾ ਇਹ ਹੈ ਕਿ ਆਪਣੀ ਦਿੱਖ ਵਿਚ ਪੂਰੀ ਤਰ੍ਹਾਂ ਧਾਰਮਿਕ ਹੋਣ ਦੇ ਬਾਵਜੂਦ ਇਸ ਲਹਿਰ ਦੇ ਰਾਜਨੀਤਕ ਨਿਸ਼ਾਨੇ ਭਾਵ ਦੇਸ਼ ਦੀ ਸਾਮਰਾਜਵਾਦ ਤੋਂ ਆਜ਼ਾਦੀ ਦੇ ਸਵਾਲ ਨੂੰ ਕਦੀ ਵੀ ਅੱਖੋਂ ਓਹਲੇ ਨਹੀਂ ਹੋਣ ਦਿੱਤਾ। ਇਹ ਇਸੇ ਪ੍ਰਸੰਗ ਵਿਚ ਹੈ ਕਿ ਅੰਗਰੇਜ਼ ਸਰਕਾਰ ਦੇ ਕਾਰਿੰਦਿਆਂ ਅਤੇ ਉਸ ਦੇ ਆਪਣੇ ਗੁਪਤ ਦਸਤਾਵੇਜ਼ਾਂ ਵਿਚ ਸਤਿਗੁਰੂ ਰਾਮ ਸਿੰਘ ਦੇ ਰਾਜਨੀਤਕ ਮਨਸੂਬਿਆਂ ਨੂੰ ਪੂਰੀ ਤਰ੍ਹਾਂ ਭਾਂਪ ਕੇ ਇਸ ਨਾਲ ਰਾਜਨੀਤਕ ਲਹਿਰ ਵਾਲੀ ਪਹੁੰਚ ਨਾਲ ਨਜਿੱਠਣ ਦਾ ਫ਼ੈਸਲਾ ਕਰ ਲਿਆ ਗਿਆ ਸੀ। ਸਤਿਗੁਰੂ ਰਾਮ ਸਿੰਘ ਦੀ ਦੂਰਅੰਦੇਸ਼ੀ ਅਤੇ ਉਸ ਵੇਲੇ ਦੇ ਸਮੁੱਚੇ ਸਮਾਜਕ/ਰਾਜਨੀਤਕ ਪ੍ਰਸੰਗ ਨੂੰ ਘੋਖਣ ਤੋਂ ਬਾਅਦ ਇਹ ਸਿੱਟਾ ਕੱਢਿਆ ਗਿਆ ਕਿ 'ਸਿੱਖ ਰਾਜ' ਦੇ ਗ਼ੁਲਾਮ ਹੋਣ ਦੇ ਕਾਰਨ ਸਿੱਖ ਧਰਮ ਅਤੇ ਸਿੱਖ ਜਗਤ ਵਿਚ ਆਈ ਵੱਡੀ ਆਚਰਣਿਕ ਗਿਰਾਵਟ ਹੈ। ਇਸ ਗਿਰਾਵਟ ਨੂੰ ਦੂਰ ਕਰਨ ਲਈ ਸਿੱਖਾਂ ਵਿਚ ਗੁਰਬਾਣੀ ਦਾ ਸ਼ੁੱਧ ਗਿਆਨ ਹਾਸਿਲ ਕਰਕੇ ਸ਼ੁੱਧ ਅਧਿਆਤਮਿਕ ਜੀਵਨ ਜਿਊਣ ਦੀ ਸਿੱਖਿਆ, ਨਾਮ ਜਪਣ, ਗੁਰਬਾਣੀ ਦੇ ਪਾਠ ਕਰਨ, ਕੀਰਤਨ ਕਰਨ, ਬਹੁਤ ਉੱਚੀ ਸਰੀਰਕ ਸੱਚਮਾਨਤਾ ਨੂੰ ਬਣਾਈ ਰੱਖਣਾ, ਸਾਦਾ ਅਤੇ ਸਵਦੇਸੀ ਪਹਿਰਾਵਾ, ਚਿੱਟੇ ਬਸਤਰ, ਉੱਨ ਦੀ ਮਾਲਾ ਅਤੇ ਸਿੱਧੀਆਂ ਪੱਗਾਂ ਧਾਰਨ ਕਰਨੀਆਂ ਇਸ ਪੰਥ ਦੀ ਰਹਿਤ ਮਰਿਆਦਾ ਦੇ ਬੁਨਿਆਦੀ ਅੰਗ ਸਨ। ਅੰਗਰੇਜ਼ ਸਾਮਰਾਜ ਨਾਲ ਸੰਘਰਸ਼ ਵਿੱਢਣ ਲਈ ਸਵਦੇਸ਼ੀ ਅਤੇ ਨਾ-ਮਿਲਵਰਤਨ ਦੀ ਲਹਿਰ ਨੂੰ ਆਚਾਰ ਬਣਾ ਕੇ ਅੰਗਰੇਜ਼ ਸਰਕਾਰ ਦੇ ਆਰਥਿਕ ਹਿਤਾਂ ਅਤੇ ਰਾਜਨੀਤਕ ਪ੍ਰਬੰਧ ਦੇ ਸਮਾਨਾਂਤਰ ਅੰਗਰੇਜ਼ੀ ਵਸਤਾਂ ਦਾ ਬਾਈਕਾਟ, ਵਿੱਦਿਆ, ਨਿਆਂਪਾਲਕਾ, ਅੰਗਰੇਜ਼ਾਂ ਦੀ ਨੌਕਰੀ ਦਾ, ਅੰਗਰੇਜ਼ਾਂ ਵੱਲੋਂ ਮੁਹੱਈਆ ਕੀਤੇ ਜਾਣ ਵਾਲੇ ਸਾਧਨਾਂ ਦਾ ਬਾਈਕਾਟ, ਇਕ ਅਜਿਹਾ ਹਥਿਆਰ ਵਰਤਿਆ ਗਿਆ ਜਿਸ ਨਾਲ ਸਾਮਰਾਜ ਦੇ ਆਰਥਿਕ ਹਿਤਾਂ ਉੱਪਰ ਸਿੱਲਾ ਵਾਰ ਹੁੰਦਾ ਸੀ। ਇਸ ਦੇ ਨਾਲ ਹੀ ਔਰਤਾਂ ਦੀ ਸਮਾਜਕ ਸਥਿਤੀ ਨੂੰ ਉੱਚਾ ਚੁੱਕਣ ਲਈ, ਭਰੂਣ ਹੱਤਿਆ, ਦਾਜ-ਦਹੇਜ, ਬਾਲ-ਵਿਆਹ, ਵੱਟਾ ਵਿਆਹ, ਮੁੱਲ ਦਾ ਵਿਆਹ ਦਾ ਪੂਰੀ ਤਰ੍ਹਾਂ ਖਾਤਮਾ ਕਰਕੇ 18 ਸਾਲ ਦੀ ਲੜਕੀ ਦਾ ਵਿਆਹ ਕਰਨਾ, ਵਿਧਵਾ ਵਿਆਹ, ਅੰਤਰਜਾਤੀ ਵਿਆਹ, ਆਨੰਦ ਕਾਰਜ ਦੀ ਰਸਮ ਚਲਾਉਣੀ, ਔਰਤਾਂ ਨੂੰ ਸੂਬਿਆਂ ਵਿਚ ਸ਼ਾਮਿਲ ਕਰਨਾ, ਹਰ ਪ੍ਰਕਾਰ ਦੇ ਨਸ਼ਿਆਂ ਦਾ

ਵਿਰੋਧ, ਸਾਦਾ ਰਹਿਣ-ਸਹਿਣ ਅਤੇ ਖਾਣ-ਪੀਣ, ਸ਼ਾਦੀਆਂ ਰਸਮਾਂ, ਝੂਠ ਨਾ ਬੋਲਣਾ, ਚੋਰੀ ਨਾ ਕਰਨਾ, ਵਿਭਚਾਰ ਨਾ ਕਰਨਾ, ਪੈਸੇ ਲੈ ਕੇ ਨਾ ਮੁਕਰਨਾ, ਗੱਲ ਕੀ ਇਕ ਪੂਰੀ ਦੀ ਪੂਰੀ ਨਵੀਂ ਅਤੇ ਉੱਚੀ ਸੁੱਚੀ ਜੀਵਨ ਮਰਿਆਦਾ ਪਾਲਣ ਕਰਕੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਨਾਮਧਾਰੀ ਪੰਥ ਵਿਚ ਸ਼ਾਮਿਲ ਹੋਣ ਵਾਲੇ ਲੋਕਾਂ ਦੀ ਗਿਣਤੀ ਵਿਚ ਭਾਰੀ ਵਾਧਾ ਹੋਇਆ। ਇਹ ਪੰਥ ਹਿੰਦੂ-ਸਿੱਖ-ਮੁਸਲਿਮ ਏਕਤਾ ਅਤੇ ਰਾਸ਼ਟਰਵਾਦੀ ਸੋਚ ਕਾਰਨ ਕਦੇ ਵੀ ਫਿਰਕਾਪ੍ਰਸਤੀ ਦਾ ਸ਼ਿਕਾਰ ਨਾ ਹੋਇਆ

ਇਨ੍ਹਾਂ ਤੋਂ ਬਿਨਾਂ ਸਤਿਗੁਰੂ ਰਾਮ ਸਿੰਘ ਦੀ ਦਿੱਤੀ ਸਿੱਖਿਆ ਅਨੁਸਾਰ ਗੁਰਮੁਖੀ ਅੱਖਰ ਪੜ੍ਹਨ, ਗੁਰਬਾਣੀ ਦਾ ਪਾਠ ਕਰਨ ਅਤੇ ਮਾਂ-ਬੋਲੀ ਪੰਜਾਬੀ ਦੇ ਪ੍ਰਚਾਰ, ਪਸਾਰ ਅਤੇ ਸਤਿਕਾਰ ਦਿਵਾਉਣ ਵਿਚ ਨਾਮਧਾਰੀ ਪੰਥ ਦੀ ਦੇਣ ਸਰਬੋਤਮ ਅਤੇ ਇਤਿਹਾਸਕ ਹੈ। ਆਪਣੇ ਖੋਜ ਪੱਤਰ ਵਿਚ ਅਸੀਂ 1947 ਤੋਂ ਬਾਅਕ ਕੂਕਾ ਲਹਿਰ ਦੇ ਵੱਖ-ਵੱਖ ਖੇਤਰਾਂ ਵਿਚ ਦਿੱਤੇ ਯੋਗਦਾਨ ਬਾਰੇ ਵਿਚਾਰ ਕਰਾਂਗੇ।

ਕੂਕਾ ਲਹਿਰ ਦੇ ਉਦਭਵ, ਇਤਿਹਾਸਕ ਵਿਕਾਸ ਅਤੇ ਇਸ ਵੱਲੋਂ ਅਪਣਾਏ ਗਏ ਪ੍ਰਮੁੱਖ ਸਿਧਾਂਤਾਂ ਅਤੇ ਉਦੇਸ਼ਾਂ ਬਾਰੇ ਪਹਿਲਾਂ ਹੀ ਵਿਸਤ੍ਰਿਤ ਚਰਚਾ ਹੋ ਚੁੱਕੀ ਹੈ। ਸਾਡਾ ਉਦੇਸ਼ ਸਿਰਫ਼ ਇਹ ਸਥਾਪਿਤ ਕਰਨਾ ਸੀ ਕਿ 1947 ਤੋਂ ਬਾਅਦ ਜੋ ਕੁਝ ਕੂਕਾ ਲਹਿਰ ਕਾਰਨ ਵਾਪਰਿਆ ਜਾਂ ਇਸ ਲਹਿਰ ਨੇ ਜਿਹੜੇ ਵੀ ਸਮਾਜਕ ਨਿਸ਼ਾਨੇ ਮਿਥੇ ਉਹ ਬਾਬਾ ਰਾਮ ਸਿੰਘ ਵੱਲੋਂ ਦਿੱਤੇ ਬੁਨਿਆਦੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ, ਪ੍ਰਚਾਰ ਅਤੇ ਪਾਸਾਰ ਹੀ ਹੈ ਕਿਉਂਕਿ ਭੂਤ-ਵਰਤਮਾਨ-ਭਵਿੱਖ ਦਾ ਇਕ ਦਵੰਦਾਤਮਕ ਸੰਬੰਧ ਹੁੰਦਾ ਹੈ। ਸੋ ਇਸੇ ਨਿਰੰਤਰਤਾ ਦੇ ਪ੍ਰਸੰਗ ਵਿਚ ਹੀ 1947 ਤੋਂ ਬਾਅਦ ਬਾਅਦ ਕੂਕਾ ਲਹਿਰ ਦੀ ਦੇਣ ਬਾਰੇ ਅਤੇ ਸੰਖੇਪ ਵਿਚ ਚਰਚਾ ਕਰਨ ਦਾ ਯਤਨ ਕੀਤਾ ਜਾਵੇਗਾ।

ਦੇਸ਼ ਆਜ਼ਾਦ ਹੋਣ ਤੋਂ ਪਹਿਲਾਂ 1940 ਵਿਚ ਮੁਸਲਿਮ ਲੀਗ ਦੇ ਲਾਹੌਰ ਸੈਸ਼ਨ ਨਾਲ ਹੀ ਮਿ. ਜਿਨਾਹ ਦੇ ਨਤੀਜੇ ਵਜੋਂ ਪਾਕਿਸਤਾਨ ਹੋਂਦ ਵਿਚ ਆਇਆ। ਪਰੰਤੂ ਕੂਕਾ ਲਹਿਰ ਅਤੇ ਬਾਬਾ ਪ੍ਰਤਾਪ ਸਿੰਘ ਜੀ ਆਜ਼ਾਦੀ ਦੇ ਸੰਘਰਸ਼ ਦੌਰਾਨ ਹਿੰਦੂ ਮੁਸਲਮਾਨਾਂ ਦੀ ਫਿਰਕੂ ਆਧਾਰ 'ਤੇ ਵੰਡ ਦੇ ਵਿਰੋਧ ਅਤੇ ਏਕਤਾ ਦੇ ਹੱਕ ਵਿਚ ਸਨ। ਉਨ੍ਹਾਂ ਹਿੰਦੂ/ਸਿੱਖ/ਮੁਸਲਮਾਨ ਏਕਤਾ 'ਤੇ ਬਲ ਦੇ ਕੇ ਰਾਸ਼ਟਰੀ ਆਜ਼ਾਦੀ ਲਈ ਕਾਂਗਰਸ ਵੱਲੋਂ ਲੜੇ ਜਾ ਰਹੇ ਸੰਘਰਸ਼ ਨੂੰ ਫ਼ਿਰਕੂ ਅਧਾਰਾਂ 'ਤੇ ਵੰਡੇ ਜਾਣ ਦੇ ਖ਼ਿਲਾਫ਼ ਭਾਰਤੀ ਰਾਸ਼ਟਰਵਾਦ ਅਤੇ ਭਾਰਤੀ ਕੌਮੀਅਤ ਦੇ ਸਿਧਾਂਤ ਦਾ ਝੰਡਾ ਬੁਲੰਦ ਕੀਤਾ। ਇਹ ਇਕ ਇਤਿਹਾਸਕ ਸੱਚਾਈ ਹੈ ਕਿ 1947 ਤੋਂ ਪਹਿਲਾਂ ਦੇਸ਼ ਦੀ ਆਜ਼ਾਦੀ ਲਈ ਚੱਲੀਆਂ ਸਭ ਇਨਕਲਾਬੀ ਲਹਿਰਾਂ ਜਿਵੇਂ ਗ਼ਦਰ, ਕਿਰਤੀ ਲਹਿਰ, ਕਾਂਗਰਸ ਦੀ ਅਗਵਾਈ ਵਾਲੀ ਪਾਰਟੀ ਆਦਿ ਦੀ ਕੂਕਾ ਲਹਿਰ ਵੱਲੋਂ ਭਰਵੀਂ ਹਮਾਇਤ ਕੀਤੀ ਜਾਂਦੀ ਰਹੀ ਹੈ ਅਤੇ ਇਸ ਦੇ ਲਿਖਤੀ/ਇਤਿਹਾਸਕ ਪ੍ਰਮਾਣ ਮੌਜੂਦ ਹਨ। ਗ਼ਦਰ

ਲਹਿਰ ਦਾ ਕੂਕਾ ਲਹਿਰ ਨਾਲ ਨੇੜੇ ਦਾ ਸੰਬੰਧ ਰਿਹਾ ਹੈ। ਬਾਬਾ ਸੋਹਣ ਸਿੰਘ ਭਕਨਾ ਅਤੇ ਸ਼ਹੀਦ ਭਗਤ ਸਿੰਘ ਨੇ ਕਬੂਲ ਕੀਤਾ ਹੈ ਕਿ ਉਹ ਇਸ ਲਹਿਰ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ।

ਪਰੰਤੂ 1947 ਦੀ ਆਜ਼ਾਦੀ ਆਉਣ ਸਾਰ ਜਿਥੇ ਸਾਰਾ ਦੇਸ਼ ਖ਼ੁਸ਼ੀਆਂ ਦੇ ਜਸ਼ਨ ਮਨਾ ਰਿਹਾ ਸੀ, ਉਥੇ ਪੰਜਾਬ ਵੰਡ ਕਾਰਨ ਲਹੂ ਲੁਹਾਣ ਅਤੇ ਦੋ ਹਿੱਸਿਆਂ ਵਿਚ ਵੰਡੇ ਜਾਣ ਦੀ ਪੀੜ ਕਾਰਨ ਤੜਪ ਰਿਹਾ ਸੀ। ਸਤਿਗੁਰੂ ਪ੍ਰਤਾਪ ਸਿੰਘ ਨੇ ਵੱਸੋਂ ਦੇ ਤਬਾਦਲੇ ਦੀ ਸੰਭਾਵਨਾ ਨੂੰ ਖ਼ਿਆਲ ਵਿਚ ਰੱਖਦਿਆਂ ਹਿਸਾਰ ਜ਼ਿਲ੍ਹੇ ਦੇ ਇਲਾਕੇ ਸਰਸਾ ਰਾਣੀਆਂ ਵਿਚ ਵੱਡੀ ਮਾਤਰਾ ਵਿਚ ਬੰਜਰ ਜ਼ਮੀਨ ਦਾ ਸੌਦਾ ਕਰਕੇ ਇਸ ਬੰਜਰ ਜ਼ਮੀਨ ਵਿਚ ਪੱਛਮੀ ਪੰਜਾਬ ਵਿਚੋਂ ਆਏ ਕੂਕਿਆਂ ਨੂੰ ਵਸਾਉਣ ਦਾ ਅਗਾਊਂ ਇੰਤਜ਼ਾਮ ਕੀਤਾ। ਇਸ ਸਾਰੇ ਵਰਤਾਰੇ ਨੇ ਸਤਿਗੁਰਾਂ ਦੀ ਆਪਣੇ ਪੈਰੋਕਾਰਾਂ ਪ੍ਰਤੀ ਗਹਿਰੀ ਸੰਵੇਦਨਾ ਅਤੇ ਚਿੰਤਾ ਨੂੰ ਸਭ ਦੇ ਸਾਹਮਣੇ ਰੱਖਿਆ। ਇਸ ਸੰਬੰਧ ਵਿਚ ਸਭ ਤੋਂ ਵੱਡੀ ਗੱਲ ਇਸ ਬੰਜਰ ਇਲਾਕੇ ਵਿਚ ਭੱਠੇ ਲਵਾ ਕੇ ਪਹਿਲਾਂ ਇੱਟਾਂ ਤਿਆਰ ਕੀਤੀਆਂ, ਫਿਰ ਇਨ੍ਹਾਂ ਇੱਟਾਂ ਦੀ ਸਹਾਇਤਾ ਨਾਲ ਘੱਟੋ ਘੱਟ 25-30 ਦੇ ਕਰੀਬ ਖੂਹ ਖੁਦਵਾਏ। ਇਹ ਇਕੱਲਾ ਕਾਰਜ ਹੀ ਇੰਨਾ ਮਹੱਤਵਪੂਰਨ ਹੈ ਕਿ ਸਤਿਗੁਰਾਂ ਨੇ ਆਪਣੇ ਪੱਲਿਓਂ ਪੈਸੇ ਖ਼ਰਚ ਕਰ ਕੇ ਆਪਣੇ ਕੂਕੇ ਸਿੰਘਾਂ ਦੇ ਪੁਨਰ-ਵਸੇਬੇ ਲਈ ਇਕ ਇਤਿਹਾਸਕ ਹੰਭਲਾ ਮਾਰਿਆ ਅਤੇ ਹਰ ਪ੍ਰਕਾਰ ਦੀ ਆਰਥਿਕ, ਰਾਜਨੀਤਕ, ਧਾਰਮਿਕ, ਕਾਨੂੰਨੀ ਕਾਰਵਾਈ ਦੀ ਸਹਾਇਤਾ ਲੈਂਦਿਆਂ ਇਸ ਇਲਾਕੇ ਵਿਚ ਭੈਣੀ ਸਾਹਿਬ ਦੇ ਬਰਾਬਰ ਦੇ ਇਕ ਕੇਂਦਰ ਦੀ ਸਥਾਪਨਾ ਲਈ ਕੂਕਿਆਂ ਦੇ ਭਵਿੱਖਮੁਖੀ ਵਿਕਾਸ ਨੂੰ ਯਕੀਨੀ ਬਣਾਇਆ।

ਇਸੇ ਤਰ੍ਹਾਂ ਕੂਕਾ-ਕਿਸਾਨੀ ਵਿਚ ਪਸ਼ੂ-ਜਨ ਦੀ ਸੇਵਾ ਸੰਭਾਂਲ, ਬਹੁਤ ਉੱਚੀ ਨਸਲ (ਜਿਵੇਂ ਸਾਹੀਵਾਲ) ਦੀਆਂ ਮੱਝਾਂ, ਗਾਵਾਂ, ਬਲਦ, ਘੋੜੇ, ਵੱਛੇ ਆਦਿ ਪਸ਼ੂਆਂ ਦੇ ਪਾਲਣ ਪੋਸ਼ਣ ਦੀ ਇਕ ਨਵੀਂ ਰੁਚੀ ਦਾ ਆਰੰਭ ਆਪਣੇ ਪੰਥ ਵਿਚ ਕੀਤਾ। ਪਸ਼ੂ-ਜਨ ਦੀ ਸੰਭਾਲ ਦੇ ਨਾਲ ਨਾਲ ਉੱਚੀ ਨਸਲ ਦੇ ਪਸ਼ੂਆਂ ਪ੍ਰਤੀ ਲੋਕਾਂ ਵਿਚ ਰੁਚੀ ਪੈਦਾ ਕਰਨ ਲਈ ਪਸ਼ੂ-ਜਨ ਦੀਆਂ ਪ੍ਰਦਰਸ਼ਨੀਆਂ ਲਾਉਣ ਅਤੇ ਵੱਖ-ਵੱਖ ਮੇਲਿਆਂ ਅਤੇ ਹੋਰ ਸਮਾਗਮ ਰਚ ਕੇ ਪਸ਼ੂਆਂ ਦੇ ਆਪਸੀ ਮੁਕਾਬਲੇ ਰਖਵਾ ਕੇ ਚੰਗੇ ਪਸ਼ੂ-ਜਨ ਵਾਲਿਆਂ ਨੂੰ ਇਨਾਮ ਦੇ ਕੇ ਸਨਮਾਨਿਤ ਕਰਨ ਦੀ ਮੁੱਲਵਾਨ ਪਿਰਤ ਦੀ ਸਥਾਪਨਾ ਕਰਕੇ ਵੀ ਸਤਿਗੁਰੂ ਨੇ ਕੂਕਿਆਂ ਦੀ ਖੇਤੀ ਦੇ ਨਾਲ-ਨਾਲ ਸਹਾਇਕ ਧੰਦਿਆਂ ਦੀ ਜ਼ਰੂਰਤ ਇਨ੍ਹਾਂ ਵੱਲੋਂ ਮਿਲਣ ਵਾਲੀ ਆਰਥਿਕ-ਆਮਦਨ ਰਾਹੀਂ ਵੀ ਸਮਾਜਕ ਵਿਕਾਸ ਪ੍ਰਤੀ ਆਪਣੀ ਵਚਨਬੱਧਤਾ ਦਰਸਾਈ।

ਇਸੇ ਤਰ੍ਹਾਂ ਬੰਗਲੌਰ ਵਿਚ ਨਾਮਧਾਰੀ ਸੀਡਜ਼ ਕੰਪਨੀ ਦੀ ਸਥਾਪਤੀ ਨਾਲ ਇਸ ਲਹਿਰ ਵੱਲੋਂ ਖੇਤੀ ਵਿਭਿੰਨਤਾ ਦੇ ਖੇਤਰ ਵਿਚ ਯੋਗਦਾਨ ਦੇਣ ਦਾ ਵਿਲੱਖਣ ਤਜਰਬਾ

ਕਰਕੇ ਖੇਤੀਬਾੜੀ, ਫੁੱਲਾਂ, ਫਲਾਂ ਅਤੇ ਸਬਜ਼ੀਆਂ ਦੇ ਚੰਗੇ ਬੀਜਾਂ ਦੀ ਖੇਤੀ ਨੂੰ ਉਤਸ਼ਾਹਿਤ ਕੀਤਾ ਗਿਆ। ਸਤਿਗੁਰੂ ਆਪ ਉੱਤਮ ਨਸਲ ਦੇ ਵੇਲ, ਬੂਟੇ, ਫਲਦਾਰ ਬੂਟੇ ਅਤੇ ਫਲਦਾਰ ਬਿਰਖਾਂ ਦੀ ਵੱਡੀ ਪੱਧਰ 'ਤੇ ਉਪਜ ਕਰਕੇ ਇਸ ਦਾ ਮੰਡੀਕਰਣ ਵੀ ਕਰਦੇ ਸਨ। ਇਉਂ ਖੇਤੀ ਉਤਪਾਦਨ ਵਿਚ ਕਿਸੇ ਧਾਰਮਿਕ ਸੰਪਰਦਾ ਵੱਲੋਂ ਇਹ ਇਕ ਨਿਵੇਕਲਾ, ਉਸਾਰੂ, ਮੌਲਿਕ ਅਤੇ ਲਾਭ-ਪ੍ਰਦਾਨ ਕਰਨ ਵਾਲਾ ਮੁੱਲਵਾਨ ਉੱਦਮ ਸਾਬਿਤ ਹੋਇਆ। ਅੱਜ ਵਿਸ਼ਵ-ਭਰ ਵਿਚ ਨਾਮਧਾਰੀ ਸੀਡਜ਼ ਕਾਰਪੋਰੇਸ਼ਨ ਦੀ ਇਕ ਆਪਣੀ ਪਛਾਣ ਅਤੇ ਇਸ ਦਾ ਇਕ ਆਪਣਾ ਨਾਮ ਹੈ।

ਸਤਿਗੁਰੂ ਜਗਜੀਤ ਸਿੰਘ ਮਨੁੱਖ ਦੇ ਸਰਬਪੱਖੀ ਵਿਕਾਸ ਨੂੰ ਬਹੁਤ ਮਹੱਤਵ ਪ੍ਰਦਾਨ ਕਰਦੇ ਸਨ। ਉਹ ਆਪ ਵੱਖ-ਵੱਖ ਖੇਡਾਂ ਖੇਡਣ ਅਤੇ ਇਨ੍ਹਾਂ ਦੇ ਪ੍ਰਸਾਰ ਵਿਚ ਵਿਸ਼ੇਸ਼ ਰੁਚੀ ਰੱਖਦੇ ਸਨ। ਭੈਣੀ ਸਾਹਿਬ ਦਰਬਾਰ ਵੱਲੋਂ ਤਿਆਰ ਕੀਤੀ ਹਾਕੀ ਟੀਮ ਜਿਸ ਨੂੰ 'ਕੂਕਾ ਇਲੈਵਨ' ਵੀ ਕਹਿੰਦੇ ਹਨ—ਖੇਡਾਂ ਦੇ ਖੇਤਰ ਵਿਚ ਅੰਤਰਰਾਸ਼ਟਰੀ ਪੱਧਰ ਦੇ ਹਾਕੀ ਖਿਡਾਰੀ ਪੈਦਾ ਕਰਨ ਦਾ ਮਾਣ ਵੀ ਕੂਕਾ ਲਹਿਰ ਦੀ ਇਕ ਅਹਿਮ ਪ੍ਰਾਪਤੀ ਹੈ। ਭਾਰਤ ਦਾ ਹਾਕੀ ਕਪਤਾਨ ਸ. ਸਰਦਾਰ ਸਿੰਘ ਇਸੇ ਨਾਮਧਾਰੀ ਇਲੈਵਨ ਵੱਲੋਂ ਪੈਦਾ ਕੀਤਾ ਗਿਆ ਇਕ ਸਰਬ ਸ੍ਰੇਸ਼ਟ ਹਾਕੀ ਖਿਡਾਰੀ ਹੈ। ਨਾਮਧਾਰੀ ਇਲੈਵਨ ਨਾ ਕੇਵਲ ਦੇਸ਼ ਬਲਕਿ ਵਿਦੇਸ਼ਾਂ ਵਿਚ ਜਾ ਕੇ ਵੀ ਅੰਤਰਰਾਸ਼ਟਰੀ ਪੱਧਰ ਦੀਆਂ ਟੀਮਾਂ ਨਾਲ ਮੁਕਾਬਲੇ ਕਰਕੇ ਆਪਣਾ ਲੋਹਾ ਮਨਵਾਉਂਦੀ ਰਹਿੰਦੀ ਹੈ। ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੀਕ, ਸਰੀਰਕ ਸ਼ਕਤੀ ਦੇ ਵਾਧੇ ਲਈ ਘੋਲ ਕਰਨੇ, ਦੌੜਾਂ ਲਾਉਣੀਆਂ, ਘੋੜ ਸਵਾਰੀ ਦੀ ਪਰੰਪਰਾ ਨੂੰ ਨਿਰੰਤਰ ਜਾਰੀ ਰੱਖਣਾ ਸਿੱਖ ਧਰਮ ਦੀ ਵਿਰਾਸਤ ਦਾ ਇਕ ਬਹੁਤ ਹੀ ਸਿਹਤਮੰਦ ਅਤੇ ਸ਼ਲਾਘਾਯੋਗ ਰੁਝਾਨ ਰਿਹਾ ਹੈ। ਇਉਂ ਖੇਡਾਂ ਦੇ ਖੇਤਰ ਵਿਚ ਕੂਕਾ ਲਹਿਰ ਦੀ ਦੇਣ ਅੱਜ ਵੀ ਬਹੁਤ ਮੁੱਲਵਾਨ ਅਤੇ ਸਾਰਥਕ ਪ੍ਰਵਾਨ ਕੀਤੀ ਜਾਂਦੀ ਹੈ।

ਇਸੇ ਪ੍ਰਕਾਰ ਸਮਾਜ ਵਿਚ ਔਰਤ ਦਾ ਦਰਜਾ ਅਤੇ ਉਸ ਦੀ ਸਥਿਤੀ ਨੂੰ ਸੁਧਾਰਨ ਦੇ ਲਈ ਇਸ ਲਹਿਰ ਦੀ ਸਥਾਪਨਾ ਉਸ ਤੋਂ ਵੀ ਪਹਿਲਾਂ ਗੁਰੂ ਨਾਨਕ ਸਾਹਿਬ ਦੀ ਬੁਲੰਦ ਆਵਾਜ਼ ਨੇ 'ਔਰਤ ਨੂੰ ਰਾਜਿਆਂ ਦੀ ਜਣਨੀ' ਕਹਿ ਕੇ ਔਰਤ ਦਾ ਸਤਿਕਾਰ ਬਹਾਲ ਹੁੰਦਾ ਰਿਹਾ ਹੈ। ਇਉਂ ਔਰਤ ਦਾ ਸਮਾਜ ਵਿਚ ਸਨਮਾਨਯੋਗ ਥਾਂ ਬਣਾਉਣ ਅਤੇ ਦਿਵਾਉਣ ਵਿਚ ਇਸ ਲਹਿਰ ਦੀ ਭੂਮਿਕਾ ਬਹੁਤ ਪ੍ਰਤਿਬੱਧ ਅਤੇ ਇਨਕਲਾਬੀ ਰਹੀ ਹੈ।

ਪੁਰਾਤਨ ਸਮੇਂ ਤੋਂ ਭਾਈ ਮਰਦਾਨੇ ਦਾ ਰਬਾਬ ਨਾਲ ਗੁਰੂ ਨਾਨਕ ਸਾਹਿਬ ਦੀ ਕੀਤੀ ਸੰਗਤ ਤੋਂ ਲੈ ਕੇ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਨੂੰ ਸਨਾਤਨੀ ਰੂਪ ਵਿਚ ਗਾਉਣ ਅਤੇ ਵਾਦਨ ਦੇ ਖੇਤਰਾਂ ਵਿਚ ਸੰਗੀਤ ਸਾਜ਼ਾਂ ਦੀ ਪੁਨਰ ਸਥਾਪਨਾ ਲਈ ਨਾਮਧਾਰੀ ਦਰਬਾਰ ਵੱਲੋਂ ਕੀਤੇ ਯਤਨ ਵਿਸ਼ੇਸ਼ ਵਰਣਨ ਦੇ ਅਧਿਕਾਰੀ ਹਨ। ਸਤਿਗੁਰੂ

ਰਾਮ ਸਿੰਘ ਜੀ ਦੇ ਵੇਲੇ ਤੋਂ ਹੀ ਆਸਾ ਦੀ ਵਾਰ ਅਤੇ ਗੁਰਬਾਣੀ ਦੇ ਕੀਰਤਨ ਨੂੰ ਨਾਮਧਾਰੀ ਮਰਿਆਦਾ ਵਿਚ ਬਹੁਤ ਉੱਚਾ ਸਥਾਨ ਦਿੱਤਾ ਗਿਆ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਬਾਅਦ ਵਿਚ ਸਤਿਗੁਰੂ ਜਗਜੀਤ ਸਿੰਘ ਵੱਲੋਂ ਕਲਾਸੀਕਲ ਸਾਜ਼ਾਂ ਵਿਸ਼ੇਸ਼ ਕਰਕੇ ਰਬਾਬ, ਸਾਰੰਗੀ, ਦਿਲਰੁਬਾ ਆਦਿ ਤੇਤੀ ਸਾਜ਼ਾਂ ਨਾਲ ਸਾਮੂਹਿਕ ਕੀਰਤਨ ਦੀ ਪਰੰਪਰਾ ਨੂੰ ਪ੍ਰਫੁਲਤ ਅਤੇ ਸਥਾਪਿਤ ਕੀਤਾ ਗਿਆ ਹੈ। ਭਾਰਤ ਦੇ ਵੱਡੇ-ਵੱਡੇ ਸੰਗੀਤ ਦੇ ਧੁਰੰਧਰ ਉਸਤਾਦਾਂ ਜਿਵੇਂ ਬਿਸਮਿੱਲਾ ਖਾਂ, ਪੰਡਤ ਸ਼ਿਵ ਕੁਮਾਰ, ਪੰਨਾ ਲਾਲ ਚੌਰਸੀਆ ਆਦਿ ਆਚਾਰੀਆਂ ਵੱਲੋਂ ਸਤਿਗੁਰੂ ਜਗਜੀਤ ਸਿੰਘ ਦੀ ਸੰਗੀਤ-ਸੇਵਾ, ਵਾਦਨ ਕਲਾ ਅਤੇ ਗਾਇਨ ਕਲਾ ਦੇ ਨਾਲ-ਨਾਲ ਕਲਾਸੀਕਲ ਰਾਗਾਂ, ਬੰਦਸ਼ਾਂ ਨੂੰ ਸੰਭਾਲਣ ਅਤੇ ਵਿਕਸਿਤ ਕਰਨ ਵਿਚ ਨਾਮਧਾਰੀ ਲਹਿਰਾਂ ਦਾ ਯੋਗਦਾਨ ਬਹੁਤ ਮਾਣਯੋਗ ਅਤੇ ਜ਼ਿਕਰਯੋਗ ਪ੍ਰਾਪਤੀ ਹੈ।

ਇਸੇ ਤਰ੍ਹਾਂ ਅਮਨ ਲਹਿਰ ਨੂੰ ਲੋਕਾਂ ਵਿਚ ਹਰਮਨ ਪਿਆਰਾ ਬਣਾਉਣ, ਸਰਬ-ਧਰਮ ਸੰਮੇਲਨ, ਸਰਬ ਸੰਪਰਦਾਵਾਂ ਦੇ ਜੋੜ ਮੇਲੇ ਕਰਾਉਣੇ, ਸੰਸਾਰ ਪੱਧਰ ਉੱਪਰ ਅਮਨ ਲਹਿਰ ਨੂੰ ਦ੍ਰਿੜ੍ਹ ਕਰਵਾਉਣਾ ਇਸ ਲਹਿਰ ਦੀ ਇਕ ਸ਼ਾਨਦਾਰ ਅੰਤਰਰਾਸ਼ਟਰੀ ਪ੍ਰਾਪਤੀ ਹੈ। ਇਸੇ ਪ੍ਰਕਾਰ ਹਿੰਦੂ ਸਿੱਖ ਏਕਤਾ, ਧਾਰਮਿਕ ਪਾਖੰਡਵਾਦ, ਫ਼ਿਰਕਾਪ੍ਰਸਤੀ ਅਤੇ ਸਮਾਜ ਨੂੰ ਜਾਤ, ਗੋਤ ਅਤੇ ਕਿਸੇ ਵੀ ਹੋਰ ਆਧਾਰ ’ਤੇ ਵੰਡਣ ਵਾਲੀ ਸੋਚ ਨੂੰ ਨਾਮਧਾਰੀ ਲਹਿਰ ਨੇ ਕਦੇ ਵੀ ਆਪਣੀ ਪ੍ਰਵਾਨਗੀ ਨਹੀਂ ਦਿੱਤੀ।

ਸੰਗੀਤ ਅਤੇ ਗਾਇਨ ਦੇ ਨਾਲ-ਨਾਲ ਮਾਂ-ਬੋਲੀ ਪੰਜਾਬੀ ਦੀ ਸੇਵਾ ਕਈ ਪੱਧਰਾਂ ’ਤੇ ਕਰਨ ਅਤੇ ਇਤਿਹਾਸਕ ਤੌਰ ’ਤੇ ਇਸ ਨੂੰ ਉਸ ਤੋਂ ਵੀ ਵੱਧ ਚਾਅ ਨਾਲ ਪ੍ਰਸਾਰਨ ਵਿਚ ਨਾਮਧਾਰੀ ਦਰਬਾਰ ਨਾਲੋਂ ਵੱਧ ਸਹਿਯੋਗ ਅਤੇ ਅਗਵਾਈ ਹੋਰ ਕਿਸੇ ਸੰਪਰਦਾਇ ਨੇ ਨਹੀਂ ਕੀਤੀ। ਸਾਹਿਤ ਸਿਰਜਣਾ ਦੇ ਖੇਤਰ ਵਿਚ ਇਸ ਲਹਿਰ ਦੇ ਨਾਲ ਸਿੱਧੇ ਤੌਰ ’ਤੇ ਜੁੜੇ ਲੇਖਕਾਂ ਦੀ ਫਹਿਰਿਸਤ ਬਹੁਤ ਲੰਮੀ ਹੈ। ਇਸੇ ਤਰ੍ਹਾਂ ਪੰਜਾਬੀ ਭਾਸ਼ਾ ਦੀ ਸ਼ੁੱਧਤਾ ਅਤੇ ਸਰਲਤਾ ਨੂੰ ਬਚਾਈ ਰੱਖਣ ਵਿਚ ਵੀ ਨਾਮਧਾਰੀ ਲਹਿਰ ਦੀ ਭੂਮਿਕਾ ਅਤਿ ਸ਼ਲਾਘਾਯੋਗ ਹੈ। ਸਾਹਿਤਕਾਰਾਂ ਨੂੰ ਸਰਪ੍ਰਸਤੀ, ਸਾਹਿਤਕ-ਕਾਨਫਰੰਸਾਂ ਕਰਨੀਆਂ, ਪੰਜਾਬੀ ਬੋਲੀ ਲਈ ਸਾਹਿਤਕਾਰਾਂ ਨੂੰ ਮਾਇਕ ਸਹਾਇਤਾ ਦੇਣੀ ਅਤੇ ਉੱਚ ਕੋਟੀ ਦੇ ਪੰਜਾਬੀ ਲੇਖਕਾਂ ਨੂੰ ਨਿਰੰਤਰ ਆਦਰ ਤੇ ਸਰਪ੍ਰਸਤੀ ਦੇਣ ਦੀ ਇਤਿਹਾਸਕ ਜ਼ਿੰਮੇਵਾਰੀ ਨੂੰ ਨਿਭਾਉਣ ਵਿਚ ਵੀ ਕੂਕਾ ਲਹਿਰ ਮੋਹਰੀ ਦਾ ਰੋਲ ਅਦਾ ਕਰਦੀ ਰਹੀ ਹੈ। ਪੰਜਾਬੀ ਨੂੰ ਸਾਰੇ ਪੰਜਾਬੀਆਂ ਦੀ ਸਾਂਝੀ ਜ਼ੁਬਾਨ ਬਣਾਉਣ ਅਤੇ ਨਿਰੰਤਰ ਰੂਪ ਵਿਚ ਇਸ ’ਤੇ ਪਹਿਰਾ ਦੇਣ ਵਿਚ ਨਾਮਧਾਰੀ ਲਹਿਰ ਦੀ ਭੂਮਿਕਾ ਬਹੁਤ ਕ੍ਰਾਂਤੀਕਾਰੀ ਅਤੇ ਲਾਮਿਸਾਲ ਹੈ। ਪੁਸਤਕਾਂ ਦੀ ਸੰਭਾਲ, ਛਪਵਾਈ, ਨਵੇਂ ਮੈਗਜ਼ੀਨ ਕੱਢਣ ਦਾ ਉਪਰਾਲਾ ਕਰਕੇ ਵੀ ਨਾਮਧਾਰੀ ਲਹਿਰ ਨੂੰ ਪੰਜਾਬੀ ਮਾਂ-ਬੋਲੀ ਦੀ ਅਣਥੱਕ ਸੇਵਾ ਕੀਤੀ ਹੈ। ਸਾਮਰਾਜ ਦੀ ਧੌਂਸ ਹੇਠ ਪੰਜਾਬੀ ਨਾਲ ਕੀਤੇ ਗਏ ਵਿਕਤਰੇ ਪ੍ਰਤੀ ਡੂੰਘਾ

ਰੋਸ਼ ਜ਼ਾਹਰ ਕਰਨਾ ਆਜ਼ਾਦੀ ਤੋਂ ਬਾਅਦ ਆਜ਼ਾਦ ਭਾਰਤ ਦੀਆਂ ਸਰਕਾਰਾਂ ਵੱਲੋਂ ਖੇਤਰੀ ਜ਼ੁਬਾਨਾਂ ਦੀ ਅਣਡਿੱਠ ਕਰਨ ਦੀ ਨੀਤੀ ਨੂੰ ਵੀ ਨਾਮਧਾਰੀ ਲਹਿਰ ਨੇ ਸ਼ਰੇਆਮ ਬੇਪਰਦ ਕੀਤਾ ਅਤੇ ਇਸ ਰੁਝਾਨ ਦੀ ਪੁਰਜ਼ੋਰ ਨਿੰਦਿਆ ਵੀ ਕੀਤੀ ਹੈ।

ਅਹਿੰਸਾ 'ਤੇ ਪਹਿਰਾ ਦਿੰਦਿਆਂ ਗਊ ਹੱਤਿਆ ਦਾ ਵਿਰੋਧ ਜਾਰੀ ਰੱਖਣਾ। ਗਊਆਂ ਪਾਲਣ ਅਤੇ ਨਕਾਰਾ ਹੋਣ 'ਤੇ ਉਨ੍ਹਾਂ ਨੂੰ ਕਦੇ ਵੀ ਅਵਾਰਾ ਨਾ ਛੱਡਣ ਦੀ ਪਹਿਲ ਕਦਮੀ, ਚੰਗੀ ਨਸਲ ਦੇ ਪਸ਼ੂ ਤੋਹਫ਼ਿਆਂ ਵਜੋਂ ਦੇਣੇ, ਗਊ ਰੱਖਿਆ ਸੰਮੇਲਨ ਬੁਲਾਉਣੇ ਅਤੇ ਇਨ੍ਹਾਂ ਸੰਮੇਲਨਾਂ ਤੋਂ ਬਾਅਦ ਕਿਸੇ ਪ੍ਰਕਾਰ ਦੀ ਠੋਸ ਕਾਰਵਾਈ ਦਾ ਸਰਕਾਰ ਵੱਲੋਂ ਨਾ ਹੋਣਾ ਵੀ ਨਾਮਧਾਰੀ ਗਊ-ਅੰਦੋਲਨ ਵੱਲੋਂ ਹਮੇਸ਼ਾ ਇਸ ਰੁਚੀ ਦੀ ਤਿੱਖੀ ਆਲੋਚਨਾ ਕੀਤੀ ਜਾਂਦੀ ਰਹੀ ਹੈ।

ਸਤਿਗੁਰੂ ਜਗਜੀਤ ਸਿੰਘ ਇਨਸਾਨਾਂ ਦੇ ਨਾਲ-ਨਾਲ ਪਸ਼ੂ, ਪੰਛੀਆਂ ਨੂੰ ਵੀ ਬਹੁਤ ਪਿਆਰ ਕਰਦੇ ਸਨ। ਉਨ੍ਹਾਂ ਦੀ ਸੇਵਾ ਸੰਭਾਲ ਅਤੇ ਖ਼ੁਰਾਕ ਦਾ ਆਪ ਖ਼ਿਆਲ ਰੱਖਦੇ ਸਨ। ਗਊਆਂ, ਘੋੜੀਆਂ, ਮੱਝਾਂ ਨੂੰ ਨਾਂ ਲੈ ਕੇ ਬੁਲਾਉਂਦੇ ਸਨ। ਇਹ ਉਨ੍ਹਾਂ ਦੇ ਪਸ਼ੂ-ਪੰਛੀਆਂ ਲਈ ਧੜਕਦੇ ਦਿਲੀ ਪਿਆਰ ਦਾ ਹੀ ਕ੍ਰਿਸ਼ਮਾ ਸੀ। ਇਉਂ ਵਾਤਾਵਰਣ ਦੀ ਸ਼ੁੱਧਤਾ, ਸਰੀਰਕ, ਮਾਨਸਿਕ ਅਤੇ ਸਮਾਜਕ ਸਫ਼ਾਈ ਅਤੇ ਵਾਤਾਵਰਣ ਪ੍ਰਤੀ ਬੇਹੱਦ ਸੰਵੇਦਨਸ਼ੀਲਤਾ ਅਤੇ ਚੇਤੰਨਤਾ ਇਸ ਲਹਿਰ ਦੇ ਬਾਨੀਆਂ ਦੇ ਜੀਵਨ-ਮਨੋਰਥ ਰਹੇ ਹਨ।

# ਸੁਤੰਤਰ ਭਾਰਤ ਵਿਚ
# ਨਾਮਧਾਰੀ ਸਿੱਖਾਂ ਦੇ ਯੋਗਦਾਨ ਦਾ ਮੁਲਾਂਕਣ

-ਡਾ. ਕੁਲਦੀਪ ਸਿੰਘ

ਨਾਮਧਾਰੀ ਗੁਰੂਆਂ ਨੇ ਆਦਿ ਸ੍ਰੀ ਗੁਰੂ ਗ੍ਰੰਥ, ਦਸਮ ਗ੍ਰੰਥ, ਰਹਿਤਨਾਮੇ, ਪ੍ਰੇਮ ਸੁਮਾਰਗ ਅਤੇ ਸਾਖੀਆਂ ਅਨੁਸਾਰ ਆਪਣੇ ਮਿਸ਼ਨ ਲਈ ਕੰਮ ਕੀਤਾ। ਉਨ੍ਹਾਂ ਨੇ ਨਾਮ ਸਿਮਰਨ, ਨੈਤਿਕ ਅਤੇ ਬੌਧਿਕ ਕਦਰਾਂ ਕੀਮਤਾਂ ਉੱਪਰ ਜ਼ੋਰ ਦਿੱਤਾ। ਉਨ੍ਹਾਂ ਨੇ ਆਪਣੇ ਅਨੁਆਈਆਂ ਨੂੰ ਫੋਕੇ ਕਰਮ ਕਾਂਡ ਅਤੇ ਰੀਤੀ ਰਿਵਾਜ ਤਿਆਗ ਕੇ ਇਮਾਨਦਾਰੀ ਨਾਲ ਜ਼ਿੰਦਗੀ ਜਿਉਣ ਲਈ ਪ੍ਰੇਰਿਤ ਕੀਤਾ। ਨਾਮਧਾਰੀ ਗੁਰੂ ਬਾਲਕ ਸਿੰਘ ਜੀ ਨੇ ਅਟਕ ਜ਼ਿਲ੍ਹੇ ਦੇ ਹਜਰੋਂ ਪਿੰਡ ਵਿਚ ਆਪਣਾ ਪ੍ਰਚਾਰਕ ਕੇਂਦਰ ਸਥਾਪਿਤ ਕੀਤਾ। ਅਰੋੜਾ ਅਤੇ ਖੱਤਰੀ ਪਰਿਵਾਰਾਂ 'ਤੇ ਉਨ੍ਹਾਂ ਦੀਆਂ ਸਿਖਿਆਵਾਂ ਦਾ ਕਾਫ਼ੀ ਪ੍ਰਭਾਵ ਪਿਆ। ਗੁਰੂ ਬਾਲਕ ਸਿੰਘ ਦੇ ਚੇਲਿਆਂ ਵਿਚੋਂ ਇਕ ਚੇਲੇ ਗੁਰੂ ਰਾਮ ਸਿੰਘ ਨੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਭੈਣੀ ਸਾਹਿਬ ਵਿਚ ਇਕ ਪ੍ਰਚਾਰ ਕੇਂਦਰ ਸਥਾਪਿਤ ਕੀਤਾ। ਉਨ੍ਹਾਂ ਨੇ ਆਪਣੇ ਗੁਰੂ ਦੇ ਮਿਸ਼ਨ ਦੇ ਦਾਇਰੇ ਨੂੰ ਖਾਲਸਾਈ ਪਰੰਪਰਾ ਦੇ ਪੁਨਰ ਜਨਮ ਦੇ ਰੂਪ ਵਿਚ ਵਿਕਸਿਤ ਕੀਤਾ। ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੇ 1857 ਈ. ਵਿਚ ਸੰਤ ਖਾਲਸਾ ਦੀ ਸਥਾਪਨਾ ਕੀਤੀ ਅਤੇ ਇਸ ਦੀ ਰਹਿਤ ਮਰਿਆਦਾ ਵਿਕਸਤ ਕੀਤੀ ਤਾਂ ਜੋ ਇਕ ਲਵਾਂ ਸਿਹਤਮੰਦ ਸਮਾਜ ਅਤੇ ਖਾਲਸਾ ਰਾਜ ਸਥਾਪਿਤ ਕਰਨ ਲਈ ਯਤਨ ਕੀਤੇ ਜਾ ਸਕਣ। ਉਨ੍ਹਾਂ ਨੇ ਉਸ ਸਮੇਂ ਦੇ ਪਰੰਪਰਾਗਤ ਨੇਤਾਵਾਂ ਅਤੇ ਪੁਜਾਰੀਆਂ ਨੂੰ ਲਲਕਾਰਿਆ ਜੋ ਇਤਿਹਾਸਕ ਗੁਰੂ ਘਰਾਂ ਦੇ ਪ੍ਰਬੰਧ ਉੱਪਰ ਕਾਬਜ਼ ਸਨ। ਇਨ੍ਹਾਂ ਨੇਤਾਵਾਂ ਅਤੇ ਪੁਜਾਰੀਆਂ ਨੂੰ ਅੰਗਰੇਜ਼ੀ ਸਾਮਰਾਜ ਦੀ ਸਰਪ੍ਰਸਤੀ ਪ੍ਰਾਪਤ ਸੀ।

ਸੋਢੀਆਂ, ਬੇਦੀਆਂ, ਮਹੰਤਾਂ ਅਤੇ ਪੁਜਾਰੀਆਂ ਦੀ ਤਾਕਤ ਦਾ ਮੁਕਾਬਲਾ ਕਰਨ ਲਈ ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ ਪ੍ਰਚਾਰ ਕੀਤਾ ਕਿ ਉਨ੍ਹਾਂ ਦਾ ਸੰਤ ਖਾਲਸਾ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ ਅਤੇ ਉਸ ਦਾ ਮਿਸ਼ਨ ਇਕ ਦੈਵੀ ਮਿਸ਼ਨ ਹੈ। ਗਿਆਨੀ ਗਿਆਨ ਸਿੰਘ ਜੋ ਕਿ ਇਕ ਨਿਰਮਲਾ ਵਿਦਵਾਨ ਸੀ, ਨੇ ਲਿਖਿਆ ਹੈ ਕਿ ਨਾਮਧਾਰੀ ਗੁਰੂ ਬਾਲਕ ਸਿੰਘ ਅਤੇ ਰਾਮ ਸਿੰਘ ਪ੍ਰਮਾਤਮਾ ਦੇ ਸੰਦੇਸ਼ਵਾਹਕ ਹਨ ਜਿੰਨ੍ਹਾਂ ਨੂੰ ਅਸ਼ੁੱਧ ਹੋ ਚੁੱਕੇ ਇਨਸਾਨਾਂ ਨੂੰ ਸ਼ੁੱਧ ਕਰਨ ਲਈ ਭੇਜਿਆ ਗਿਆ ਹੈ। ਉਨ੍ਹਾਂ

ਦੇ ਆਗਮਨ ਨਾਲ ਆਮ ਲੋਕਾਈ ਨੂੰ ਸੁੱਖ ਦਾ ਸਾਹ ਆਇਆ ਹੈ। ਗਿਆਨੀ ਗਿਆਨ ਸਿੰਘ ਜੀ ਨੇ ਕਿਹਾ ਕਿ ਗੁਰੂ ਰਾਮ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਹੈ ਅਤੇ ਮਨੁੱਖਤਾ ਦੀ ਮੁਕਤੀ ਲਈ ਸਮਰਪਿਤ ਹੈ।

ਉਹ ਦਸਵੇਂ ਗੁਰੂ ਦੁਆਰਾ ਇਨਸਾਨਾਂ ਨੂੰ ਪ੍ਰਮਾਤਮਾ ਨਾਲ ਮਿਲਾਉਣ ਲਈ ਭੇਜੇ ਗਏ ਹਨ ਤਾਂ ਜੋ ਲੋਕਾਂ ਨੂੰ ਦੁਨਿਆਵੀ ਬੰਧਨਾਂ ਅਤੇ ਸਮਾਜਿਕ ਬੁਰਾਈਆਂ ਤੋਂ ਬਚਾਇਆ ਜਾ ਸਕੇ। ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ ਕਿ ਅਜੋਕੇ ਸਿੱਖ ਨੇਤਾ ਅਮੀਰ ਲੋਕਾਂ ਦਾ ਪੱਖ ਪੂਰਦੇ ਹਨ ਅਤੇ ਧਾਰਮਿਕ ਸਥਾਨਾਂ ਨੂੰ ਉਨ੍ਹਾਂ ਦੇ ਨਿੱਜੀ ਹਿੱਤਾ ਲਈ ਵਰਤਦੇ ਹਨ। ਦੂਜੇ ਪਾਸੇ ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ ਦੁਨਿਆਵੀ ਅਤੇ ਧਾਰਮਿਕ ਗੁਰੂ ਵਿਚ ਫਰਕ ਪੇਸ਼ ਕੀਤਾ। ਉਨ੍ਹਾਂ ਨੇ ਦਾਅਵਾ ਕੀਤਾ ਕਿ ਦੋਵਾਂ ਵਿਚ ਸੰਘਰਸ਼ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਚਲਦਾ ਆ ਰਿਹਾ ਹੈ। ਦੁਨਿਆਵੀ ਗੁਰੂਆਂ ਦੀ ਪ੍ਰਤੀਨਿੱਧਤਾ ਮਲਕ ਭਾਗੋ ਨੇ ਕੀਤੀ ਪਰ ਗੁਰੂ ਨਾਨਕ ਦੇਵ ਭਾਈ ਲਾਲੋ ਦੇ ਹੱਕ ਵਿਚ ਖੜ੍ਹੇ ਸਨ।

ਨਾਮਧਾਰੀ ਗੁਰੂ ਰਾਮ ਸਿੰਘ ਦੀ ਅਗਵਾਈ ਵਿਚ ਰਾਜਨੀਤਕ ਸ਼ਕਤੀ ਪ੍ਰਾਪਤ ਕਰਨ ਦੀ ਭਵਿੱਖਬਾਣੀ ਕੀਤੀ। ਗੁਰੂ ਰਾਮ ਸਿੰਘ ਨੂੰ ਉਸ ਨੇ ਅਨੁਆਈਆਂ ਦੁਆਰਾ ਪਾਤਸ਼ਾਹ ਜਾਂ ਚੀਨੀ ਵਾਲਾ ਪਾਤਸ਼ਾਹ ਦੇ ਨਾਵਾਂ ਨਾਲ ਸੰਬੋਧਨ ਕੀਤਾ ਜਾਂਦਾ ਸੀ। ਨਾਮਧਾਰੀ ਗੁਰੂ ਰਾਮ ਸਿੰਘ ਨੇ ਆਪਣੇ ਸਿੱਖਾਂ ਨੂੰ ਖਾਲਸਾ ਰਾਜ ਦੀ ਬਹਾਲੀ ਲਈ ਪ੍ਰੇਰਿਤ ਕੀਤਾ ਜੋ ਕਿ ਸਿੱਖ ਸਰਦਾਰਾਂ ਦੀ ਬਦਚਲਨੀ ਕਰਕੇ ਸਿਮਟ ਚੁੱਕਿਆ ਸੀ। ਤਾਕਤ ਅਤੇ ਪੈਸੇ ਨੇ ਉਨ੍ਹਾਂ ਨੂੰ ਭ੍ਰਿਸ਼ਟ ਬਣਾ ਦਿੱਤਾ ਸੀ ਅਤੇ ਉਨ੍ਹਾਂ ਦੀ ਖਾਲਸਾ ਰਾਜ ਨੂੰ ਬਹਾਲ ਰੱਖਣ ਦੀ ਵਚਨਬੱਧਤਾ ਨੂੰ ਖਤਮ ਕਰ ਦਿੱਤਾ ਸੀ। ਉਸ ਵਚਨਬੱਧਤਾ ਦੀ ਬਹਾਲੀ ਲਈ ਉਨ੍ਹਾਂ ਨੇ ਸੰਤ ਖਾਲਸਾ ਦੀ ਸਥਾਪਨਾ ਕੀਤੀ ਅਤੇ ਸੂਬਾ ਵਿਵਸਥਾ ਸਥਾਪਿਤ ਕੀਤੀ। ਸੰਤ ਖਾਲਸਾ ਦੀ ਸਮਾਜਿਕ ਅਤੇ ਅਧਿਆਤਮਕ ਮਜ਼ਬੂਤੀ ਲਈ ਵਿਆਹੁਤਾ ਜ਼ਿੰਦਗੀ ਅਤੇ ਜਥੇਦਾਰਾਂ ਨੂੰ ਨਿਯੁਕਤ ਕੀਤਾ। ਉਨ੍ਹਾਂ ਨੇ ਸਮੂਹਿਕ ਗਾਣ ਹੱਲੇ ਦੇ ਦੀਵਾਨ ਈਜਾਦ ਕੀਤਾ, ਜਿਸ ਨੇ ਉਸ ਦੇ ਸਿੱਖਾਂ ਚਿਵ ਅੰਗਰੇਜ਼ੀ ਸ਼ਕਤੀ ਦਾ ਡਰ ਖ਼ਤਮ ਕੀਤਾ। ਹੱਲੇ ਦੇ ਦੀਵਾਨਾਂ ਨੇ ਆਮ ਲੋਕਾਂ ਨੂੰ ਪੀਰਾਂ, ਬਾਬਿਆਂ, ਸਾਧੂਆਂ ਅਤੇ ਸਿਆਣਿਆਂ ਦੇ ਪ੍ਰਭਾਵ ਤੋਂ ਵੀ ਮੁਕਤ ਕਰਾਇਆ। ਨਾਮਧਾਰੀ ਸਿੱਖ ਏਨੇ ਬੇਖੌਫ਼ ਹੋ ਚੁੱਕੇ ਸਨ ਕਿ ਉਹ ਇਨ੍ਹਾਂ ਧਾਰਮਿਕ ਨੇਤਾਵਾਂ ਅਤੇ ਵਿਦਵਾਨਾਂ ਦੀਆਂ ਗਤੀਵਿਧੀਆਂ ਦਾ ਵਿਰੋਧ ਕਰਨ ਲੱਗੇ। ਜਦੋਂ ਅਧਿਕਾਰੀਆਂ ਨੇ ਨਾਮਧਾਰੀਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਤਾਂ ਉਨ੍ਹਾਂ ਨੇ ਇਨ੍ਹਾਂ ਅਧਿਕਾਰੀਆਂ ਦਾ ਵੀ ਵਿਰੋਧ ਕੀਤਾ।

ਸਤਿਗੁਰੂ ਰਾਮ ਸਿੰਘ ਜੀ ਪਹਿਲੇ ਧਾਰਮਿਕ ਮੁਖੀ ਸਨ। ਜਿਸ ਨੇ ਕਿਸਾਨੀ ਅਤੇ ਦਸਤਕਾਰ ਜਮਾਤ ਦੀਆਂ ਸਮੱਸਿਆਵਾਂ ਵੱਲ ਧਿਆਨ ਦਿੱਤਾ। ਉਨ੍ਹਾਂ ਨੇ ਲੜਕੀਆਂ ਨੂੰ ਮਾਰਨ, ਦਹੇਜ ਅਤੇ ਸਤੀ ਪ੍ਰਥਾ ਦੀ ਵਿਰੋਧਤਾ ਕੀਤੀ ਜੋ ਕਿ ਅਸਲ ਵਿਚ ਉਪਰਲੇ

ਦਰਜੇ ਦੇ ਲੋਕਾਂ ਉਪਰ ਹਮਲਾ ਸੀ ਕਿਉਂਕਿ ਇਹ ਬੁਰਾਈਆਂ ਉਨ੍ਹਾਂ ਅੰਦਰ ਜ਼ਿਆਦਾ ਕਰਕੇ ਪ੍ਰਚਲਤ ਸਨ ਅਤੇ ਹੇਠਲੇ ਦਰਜੇ ਦਾ ਸਮਾਜ ਉਨ੍ਹਾਂ ਦੀ ਨਕਲ ਕਰਦਾ ਸੀ। ਸਿੱਟੇ ਵਜੋਂ ਆਮ ਸਿੱਖ ਉਨ੍ਹਾਂ ਦੇ ਹਮ ਰੁਤਬਾ ਹੋਣ ਕਰਕੇ ਇਨ੍ਹਾਂ ਬੁਰਾਈਆਂ ਦਾ ਸ਼ਿਕਾਰ ਬਣ ਗਏ। ਦਹੇਜ ਦਾ ਖਰਚਾ ਲੋੜੋਂ ਵੱਧ ਜਾਣ ਕਰਕੇ ਉਹ ਬੱਚੀਆਂ ਨੂੰ ਮਾਰ ਦਿੰਦੇ ਸਨ ਜੋ ਕਿ ਇਕ ਅਣਮਨੁੱਖੀ ਵਰਤਾਰਾ ਸੀ ਜਾਂ ਫਿਰ ਉਹ ਕੁਆਰੀ ਰਹਿੰਦੀ ਸੀ ਜੋ ਕਿ ਅਨੈਤਿਕ ਬਦਚਲਨੀ ਨੂੰ ਜਨਮ ਦਿੰਦਾ ਸੀ। ਪੰਜਾਬ ਦੇ ਕਸਬਿਆਂ ਦੇ ਨਜ਼ਦੀਕ ਫੌਜੀ ਛਾਉਣੀਆਂ ਦੀ ਸਥਾਪਨਾ ਨੇ ਸਮਾਜ ਅੰਦਰ ਅਨੈਤਕਤਾ ਨੂੰ ਜਨਮ ਦਿੱਤਾ। ਨਾਮਧਾਰੀ ਗੁਰੂ ਨੇ ਆਪ ਦੇਖਿਆ ਕਿ ਲਾਹੌਰ ਰਾਜ ਦਾ ਖਾਲਸਾ ਵੈਸ਼ਯਾਵ੍ਰਿਤੀ ਅਤੇ ਬਦਫੈਲੀ ਦਾ ਸ਼ਿਕਾਰ ਸੀ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਲਾਜ਼ਮੀ ਵਿਆਹ ਘਟੀਆ ਜੀਵਨ ਪੱਧਰ ਨੂੰ ਦੂਰ ਕਰੇਗਾ ਅਤੇ ਸਮਾਜਿਕ ਕਲੰਕ ਖਤਮ ਕਰੇਗਾ। ਉਨ੍ਹਾਂ ਦੁਆਰਾ ਸ਼ੁਰੂ ਕੀਤੇ ਗਏ ਬਿਨਾਂ ਦਹੇਜ ਤੋਂ ਅਨੰਦ ਰੀਤੀ ਅਨੁਸਾਰ ਆਮ ਵਿਆਹ ਅਤੇ ਸਮੂਹਿਕ ਵਿਆਹਾਂ ਦੇ ਪ੍ਰਚਲਨ ਨੇ ਸਿੱਖਾਂ ਲਈ ਵਿਆਹ ਕਰਨਾ ਆਸਾਨ ਕਰ ਦਿੱਤਾ। ਉਨ੍ਹਾਂ ਨੇ ਨਾਮਧਾਰੀ ਸਿੱਖਾਂ ਲਈ ਕੁਝ ਬੰਦਸ਼ਾਂ ਰੱਖੀਆਂ ਤਾਂ ਜੋ ਉਨ੍ਹਾਂ ਨੂੰ ਨੈਤਿਕ ਤੌਰ ’ਤੇ ਗਿਰੇ ਹੋਏ ਲੋਕਾਂ ਤੋਂ ਦੂਰ ਰੱਖਿਆ ਜਾ ਸਕੇ। ਉਨ੍ਹਾਂ ਨੇ ਨਾਮਧਾਰੀ ਸਿੱਖਾਂ ਦੇ ਕੁਆਰੇ ਰਹਿਣ ਉੱਪਰ ਵੀ ਪਾਬੰਦੀ ਲਗਾਈ। ਸਤਿਗੁਰੂ ਰਾਮ ਸਿੰਘ ਜੀ ਨੇ 18ਵੀਂ ਸਦੀ ਦੇ ਰਹਿਤਨਾਮੇ ਨੂੰ ਲੋੜ ਅਨੁਸਾਰ ਲਾਗੂ ਕਰਕੇ ਅੱਗੇ ਤੋਰਿਆ। ਭਾਵੇਂ ਪੁਰਾਤਨ ਰਹਿਤਨਾਮੇ ਬ੍ਰਾਹਮਣਵਾਦੀ ਪਰੰਪਰਾਵਾਂ ਤੋਂ ਮੁਕਤ ਨਹੀਂ ਸਨ ਪਰ ਨਾਮਧਾਰੀ ਮਰਿਆਦਾ ਕਾਫ਼ੀ ਹੱਦ ਤੱਕ ਇਨ੍ਹਾਂ ਪਰੰਪਰਾਵਾਂ ਤੋਂ ਮੁਕਤ ਸੀ।

ਖਾਲਸਾ ਰਾਜ ਲਈ ਵਚਨਬੱਧ ਨਾਮਧਾਰੀ ਸਿੱਖ ਅਤੇ ਗੁਰੂ ਅੰਗਰੇਜ਼ੀ ਸਾਮਰਾਜ ਅਤੇ ਉਸ ਦੇ ਅਧਿਕਾਰੀਆਂ ਨਾਲ ਸੁਲ੍ਹਾ ਨਾ ਕਰ ਸਕੇ। ਉਨ੍ਹਾਂ ਨੇ ਖਾਲਸਾ ਰਾਜ ਦੀ ਬਹਾਲੀ ਦੀ ਮੰਗ ਕੀਤੀ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਉਹ ਸਾਰੇ ਖੁਸ਼ੀ ਖੁਸ਼ੀ ਰਾਜਨੀਤਕ ਤਾਕਤ ਲਈ ਵੀ ਪ੍ਰੇਰਿਤ ਸਨ। ਖਾਲਸਾ ਰਾਜ ਦੀ ਫਿਰ ਤੋਂ ਸਥਾਪਤੀ ਲਈ ਨਾਮਧਾਰੀ ਸਿੱਖਾਂ ਨੇ ਸਮਾਜ ਅੰਦਰ ਸੌ ਸਾਖੀ ਦਾ ਪ੍ਰਚਲਨ ਕੀਤਾ। ਉਨ੍ਹਾਂ ਨੇ ਮਹਾਰਾਜਾ ਦਲੀਪ ਸਿੰਘ ਦੀ ਵੀ ਪ੍ਰੋੜਤਾ ਕੀਤੀ, ਜੋ ਆਜ਼ਾਦ ਸਿੱਖ ਰਾਜ ਸਥਾਪਿਤ ਕਰਨਾ ਚਾਹੁੰਦਾ ਸੀ, ਜਿਸ ਨੂੰ ਅੰਗਰੇਜ਼ਾਂ ਨੇ ਚਲਾਕੀ ਨਾਲ ਜਿੱਤ ਲਿਆ ਸੀ। ਸੌ ਸਾਖੀਆਂ ਦੇ ਪ੍ਰਚਾਰ ਸਦਕਾ ਨਾਮਧਾਰੀ ਸਿੱਖਾਂ ਨੇ ਅਪਾਣੇ ਆਪ ਨੂੰ ਅਤੇ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਇਹ ਯਕੀਨ ਦੁਆਇਆ ਕਿ ਇਕ ਤਰਖਾਣ ਦੇ ਘਰ ਗੁਰੂ ਗੋਬਿੰਦ ਸਿੰਘ, ਰਾਮ ਸਿੰਘ ਦੇ ਰੂਪ ਵਿਚ ਜਨਮ ਲੈ ਕੇ ਅੰਗਰੇਜ਼ਾਂ ਨੂੰ ਜਮਨਾ ਦਰਿਆ ਤੋਂ ਪਾਰ ਕੱਢ ਦੇਵੇਗਾ। ਸੂਬਾ ਗੁਰਬਚਨ ਸਿੰਘ ਅਤੇ ਸੂਬਾ ਬਿਸ਼ਨ ਸਿੰਘ ਦੁਆਰਾ ਨਾਮਧਾਰੀ ਗੁਰੂ ਦੀ ਰੂਸੀ ਜਾਰ ਨਾਲ ਪੱਤਰ ਵਿਹਾਰ ਨੇ ਇਹ ਸਿੱਧ ਕੀਤਾ ਕਿ ਖਾਲਸਾ ਰਾਜ ਦੀ ਬਹਾਲੀ ਲਈ ਨਾਮਧਾਰੀ ਗੁਰੂ ਨੇ ਹਰ ਕੂਟਨੀਤਕ ਅਤੇ ਸੈਨਿਕ

ਉਪਰਾਲਾ ਕੀਤਾ ਤਾਂ ਜੋ ਹਜ਼ਾਰਾਂ ਨਾਮਧਾਰੀ ਸਿੱਖਾਂ ਨੂੰ ਅੰਗਰੇਜਾਂ ਨਾਲ ਲੜਨ ਲਈ ਤਿਆਰ ਕੀਤਾ ਜਾ ਸਕੇ। ਨਾਮਧਾਰੀ ਗੁਰੂ ਨੇ ਆਪਣੇ ਜਲਾਵਤਨੀ ਸਮੇਂ ਵਿਦੇਸ਼ਾਂ ਤੋਂ ਚਿੱਠੀਆਂ ਲਿਖ ਕੇ ਆਪਣੇ ਵਾਰਸਾਂ ਅਤੇ ਸਿੱਖਾਂ ਨੂੰ ਤਾਕੀਦ ਕੀਤੀ ਕਿ ਸਮਾਜਿਕ ਅਤੇ ਸਭਿਆਚਾਰਕ ਪੱਧਰ ਉੱਪਰ ਵੀ ਅੰਗਰੇਜ਼ੀ ਸਾਮਰਾਜ ਦਾ ਵਿਰੋਧ ਕੀਤਾ ਜਾਵੇ ਅਤੇ ਇਸ ਨੂੰ ਰੱਦ ਕੀਤਾ ਜਾਵੇ।

ਇਹ ਬਸਤੀਵਾਦ ਦੇ ਵਿਰੋਧ ਦਾ ਹੀ ਨਤੀਜਾ ਸੀ ਕਿ ਨਾਮਧਾਰੀ ਸਿੱਖਾਂ ਦਾ ਗਊ ਹੱਤਿਆ ਦੇ ਮੁੱਦੇ ਉਪਰ ਅੰਗਰੇਜ਼ਾਂ ਨਾਲ ਟਕਰਾਅ ਹੋ ਗਿਆ। ਇਸ ਨੇ ਇਹ ਸਿੱਧ ਕੀਤਾ ਕਿ ਨਾਮਧਾਰੀ ਸਿੱਖਾਂ ਦੀ ਸਥਿਤੀ ਜੇਕਰ ਕੁਝ ਸਾਲ ਹੋਰ ਇਸੇ ਤਰ੍ਹਾਂ ਜਾਰੀ ਰਹਿੰਦੀ ਹੈ ਤਾਂ ਉਹ ਵਿਦੇਸ਼ੀ ਰਾਜ ਲਈ ਖ਼ਤਰਾ ਪੈਦਾ ਕਰ ਸਕਦੇ ਸਨ। ਸਥਾਨਕ ਅੰਗਰੇਜ਼ ਅਧਿਕਾਰੀਆਂ ਨੇ ਮਲੇਰਕੋਟਲਾ ਵਿਖੇ ਕਾਨੂੰਨ ਵਿਵਸਥਾ ਨੂੰ ਲਾਂਭੇ ਰੱਖ ਕੇ ਬੇਰਹਿਮੀ ਨਾਲ 66 ਕੂਕਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਆਪਣੇ ਰਾਜ ਦੀ ਮਜ਼ਬੂਤੀ ਲਈ ਕੂਕਿਆਂ ਦਾ ਖਾਤਮਾ ਅੰਗਰੇਜ਼ਾਂ ਲਈ ਜ਼ਰੂਰੀ ਬਣ ਗਿਆ ਸੀ। ਇਨ੍ਹਾਂ ਦੇ ਸਹਿਯੋਗੀਆਂ ਵਿਚ ਅਮੀਰ ਸਿੱਖ ਸਰਦਾਰ ਅਤੇ ਪ੍ਰੰਪਰਾਵਾਦੀ ਧਾਰਮਿਕ ਨੇਤਾ ਵੀ ਸ਼ਾਮਿਲ ਸਨ। ਉਨ੍ਹਾਂ ਨੇ ਨਾਮਧਾਰੀ ਸਿੱਖਾਂ ਨੂੰ ਇਕ ਦੁਸ਼ਟ ਪੰਥ ਦੱਸਿਆ ਅਤੇ ਸਰਕਾਰ ਨੂੰ ਇਨ੍ਹਾਂ ਦਾ ਸਖ਼ਤੀ ਨਾਲ ਮੁਕਾਬਲਾ ਕਰਨ ਲਈ ਕਿਹਾ। ਇਸੇ ਤਰ੍ਹਾਂ ਉਨ੍ਹਾਂ ਨੇ ਮਹਾਰਾਜਾ ਦਲੀਪ ਸਿੰਘ ਨੂੰ ਇਕ ਝੂਠਾ ਦਿਖਾਵਾਕਾਰੀ ਕਿਹਾ ਜਦੋਂ ਉਸ ਨੇ ਆਪਣੇ ਆਪ ਨੂੰ ਆਜ਼ਾਦ ਸਿੱਖ ਰਾਜ ਦੀ ਅਸਲੀ ਵਾਰਸ ਦੱਸਿਆ ਅਤੇ ਇਸ ਨੂੰ ਅੰਗਰੇਜ਼ਾਂ ਤੋਂ ਵਾਪਸ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ। ਅੰਗਰੇਜ਼ਾਂ ਅਤੇ ਉਸ ਦੇ ਸਹਿਯੋਗੀਆਂ ਦੇ ਸਮਝੌਤੇ ਅਨੁਸਾਰ ਸਿੰਘ ਸਭਾ ਲਹਿਰ ਦੇ ਨੇਤਾਵਾਂ ਨੇ ਅੰਗਰੇਜ਼ਾਂ ਪ੍ਰਤੀ ਵਫਾਦਾਰ ਸਭਿਆਚਾਰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ।

ਕਰੀਬ ਅੱਧੀ ਸਦੀ ਤੱਕ ਨਾਮਧਾਰੀ ਸਿੱਖਾਂ ਦਾ ਸਮਾਜ ਸੁਧਾਰਾਂ ਦਾ ਕਾਰਜਕ੍ਰਮ ਅਤੇ ਉਨ੍ਹਾਂ ਦੁਆਰਾ ਅੰਗਰੇਜ਼ੀ ਸਾਮਰਾਜ ਦੀ ਵਿਰੋਧਤਾ, ਸਿੱਖਾਂ ਅਤੇ ਹਿੰਦੂ ਜਥੇ ਬੰਦੀਆਂ ਦੁਆਰਾ ਨਜ਼ਰਅੰਦਾਜ਼ ਕੀਤਾ ਗਿਆ। ਪਰ 20ਵੀ ਸਦੀ ਦੇ ਸ਼ੁਰੂ ਵਿਚ ਰਾਜਨੀਤਕ ਦ੍ਰਿਸ਼ ਨਾਮਧਾਰੀ ਸਿੱਖਾਂ ਦੇ ਹੱਕ ਵਿਚ ਬਦਲਿਆ। ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਮਿਸ਼ਨ ਦੀ ਵਿਚਾਰਧਾਰਾ ਨੂੰ ਵਿਆਪਕ ਕੀਤਾ ਅਤੇ ਨਾਮਧਾਰੀ ਸਿੱਖਾਂ ਨੂੰ ਰਾਸ਼ਟਰਵਾਦੀ ਤਾਕਤਾਂ ਜਿਵੇਂ ਕਾਂਗਰਸ ਅਤੇ ਸਮਾਜਵਾਦੀ ਪਾਰਟੀ ਨਾਲ ਮਿਲਾਇਆ। ਨਾਮਧਾਰੀ ਵਿਦਵਾਨਾਂ ਅਤੇ ਕਾਰਕੁੰਨਾਂ ਨੇ ਵੈਦਿਕ ਫਲਸਫੇ ਅਨੁਸਾਰ ਸਿੱਖੀ ਦੇ ਅਰਥ ਕੱਢੇ ਅਤੇ ਹਿੰਦੂ ਮਿਥਿਹਾਸ ਨੂੰ ਸਹੀ ਕਰਾਰ ਦਿੱਤਾ ਅਤੇ ਇਹ ਐਲਾਨ ਕੀਤਾ ਕਿ ਸਿੱਖ ਗੁਰੂ ਹਿੰਦੂਆਂ ਦੇ ਵੀ ਰਾਖੇ ਸਨ। ਜਿਨ੍ਹਾਂ ਕੂਕਿਆਂ ਨੂੰ 1871-72 ਈ. ਵਿਚ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ, ਉਨ੍ਹਾਂ ਨੂੰ ਸ਼ਹੀਦਾਂ ਦੇ ਤੌਰ 'ਤੇ ਯਾਦ ਕੀਤਾ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਸਾਮਰਾਜ ਵਿਰੋਧੀ ਲਹਿਰ ਚਲਾਈ

ਸੀ। ਨਾਮਧਾਰੀ ਗੁਰੂ ਰਾਮ ਸਿੰਘ ਜੀ ਨੂੰ ਵੀ ਨਾ ਮਿਲਵਰਤਨ ਲਹਿਰ ਦੇ ਮੋਢੀ ਦੇ ਰੂਪ ਵਿਚ ਸਥਾਪਿਤ ਕੀਤਾ ਗਿਆ। ਇਸ ਤੋਂ ਇਲਾਵਾ ਉਸ ਨੂੰ ਸਵਦੇਸ਼ੀ ਲਹਿਰ ਅਤੇ ਮਹਾਤਮਾ ਗਾਂਧੀ ਦਾ ਅਨੁਆਈ ਘੋਸ਼ਿਤ ਕੀਤਾ ਗਿਆ। ਨਾਮਧਾਰੀ ਸਿੱਖਾਂ ਨੂੰ ਇਹ ਪਹਿਚਾਣ ਅਜਾਦੀ ਦੀ ਰਾਸ਼ਟਰੀ ਲਹਿਰ ਵਿਚ ਹਿੱਸਾ ਲੈਣ ਕਰਕੇ ਮਿਲੀ। ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਦੇ ਸਮੇਂ ਭਾਰਤੀ ਰਾਸ਼ਟਰਵਾਦੀਆਂ ਅਤੇ ਕ੍ਰਾਂਤੀਕਾਰੀਆਂ ਦੀ ਭੈਣੀ ਸਾਹਿਬ ਵਿਖੇ ਚੰਗੀ ਆਓ ਭਗਤ ਕੀਤੀ ਜਾਂਦੀ ਸੀ। ਅੰਤਰ ਪਾਰਟੀ ਗੱਲ ਬਾਤ ਨੇ ਨਾਮਧਾਰੀ ਸਿੱਖਾਂ ਦੀ ਫਿਰਕੂ ਸੋਚ ਨੂੰ ਵਿਆਪਕ ਕੀਤਾ। ਉਨ੍ਹਾਂ ਨੇ ਆਜ਼ਾਦੀ ਸੰਘਰਸ਼ ਨਾਲ ਸੰਬੰਧਿਤ ਰਾਜਨੀਤਕ ਅਤੇ ਆਰਥਿਕ ਮਸਲਿਆਂ ਉਪਰ ਵੀ ਆਪਣੇ ਵਿਚਾਰ ਰੱਖੇ। ਅਧਿਆਤਮਕ ਗੁਰੂ ਪ੍ਰਤਾਪ ਸਿੰਘ ਜੀ ਨੇ ਕਈ ਭਾਈਚਾਰਕ ਅਤੇ ਰਾਸ਼ਟਰੀ ਮੀਟਿੰਗਾਂ ਦਾ ਆਯੋਜਨ ਕੀਤਾ। ਕਾਂਗਰਸੀ ਨੇਤਾਵਾਂ ਜਵਾਹਰ ਲਾਲ ਅਤੇ ਰਾਜਿੰਦਰ ਪ੍ਰਸ਼ਾਦ ਨੇ ਨਾਮਧਾਰੀ ਗੁਰੂ ਅਤੇ ਸਿੱਖਾਂ ਦੀ ਭਾਰਤ ਮਾਤਾ ਲਈ ਬਹੁਮੁੱਲੀਆਂ ਸੇਵਾਵਾਂ ਦੇਣ ਬਦਲੇ ਸ਼ਲਾਘਾ ਕੀਤੀ।

ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਸਿੱਖਾਂ ਅੰਦਰ ਧਾਰਮਿਕ ਅਤੇ ਰਾਜਨੀਤਿਕ ਮਸਲਿਆਂ ਕਰਕੇ ਪੈਦਾ ਹੋਈ ਧੜੇਬੰਦੀ ਨੂੰ ਲੈ ਕੇ ਚਿੰਤਤ ਸਨ। ਉਨ੍ਹਾਂ ਨੇ ਸਿੱਖ ਜਥੇਬੰਦੀਆਂ ਲਈ ਬੈਠਕਾਂ ਦਾ ਆਯੋਜਨ ਕੀਤਾ ਅਤੇ ਉਨ੍ਹਾਂ ਦੇ ਨੇਤਾਵਾਂ ਨੂੰ ਮੁਸਲਿਮ ਲੀਗ ਦੀ ਵੱਖਵਾਦੀ ਰਾਜਨੀਤੀ ਦੁਆਰਾ ਪੈਦਾ ਕੀਤੀ ਗਈ ਭਾਈਚਾਰਕ ਧਮਕੀ ਵਜੋਂ ਆਪਸੀ ਗਿਲੇ ਸ਼ਿਕਵੇ ਖ਼ਤਮ ਕਰਨ ਦੀ ਬੇਨਤੀ ਕੀਤੀ। ਪੰਜਾਬ ਦੀ ਵੰਡ ਨੂੰ ਦੇਖਦੇ ਹੋਏ ਉਨ੍ਹਾਂ ਨੇ ਨਾਮਧਾਰੀ ਸਿੱਖਾਂ ਨੂੰ ਪੱਛਮੀ ਪੰਜਾਬ ਨੂੰ ਛੱਡ ਕੇ ਪੂਰਬੀ ਪੰਜਾਬ ਜਾਣ ਲਈ ਕਿਹਾ। ਉਨ੍ਹਾਂ ਨੇ ਦੇਖਿਆ ਕਿ ਆਜ਼ਾਦੀ ਕੇਵਲ ਤਾਕਤ ਦਾ ਤਬਾਦਲਾ ਹੈ। ਉਨ੍ਹਾਂ ਨੇ ਸੋਚਿਆ ਕਿ ਤਾਕਤ ਨਾਲ ਭਾਰਤੀਆਂ ਨੂੰ ਰਾਜਨੀਤਕ ਗੁਲਾਮੀ ਤੋਂ ਤਾਂ ਮੁਕਤੀ ਮਿਲ ਜਾਵੇਗੀ ਪਰ ਗ਼ਰੀਬੀ, ਭਾਈਚਾਰਕ ਤਣਾਓ ਅਤੇ ਹਿੰਸਾ ਦੇ ਡੂੰਘੇ ਜ਼ਖ਼ਮਾਂ ਦਾ ਇਲਾਜ ਕਰਨਾ ਅਤੇ ਬਾਕੀ ਹੋਵੇਗਾ।

ਨਾਮਧਾਰੀ ਗੁਰੂ, ਸਤਿਗੁਰੂ ਜਗਜੀਤ ਸਿੰਘ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਪਿੱਛੋਂ ਆਜ਼ਾਦ ਭਾਰਤ ਵਿੱਚ 1959 ਤੋਂ 2012 ਈ. ਤੱਕ ਨਾਮਧਾਰੀ ਪੰਥ ਦੀ ਰਹਿਨੁਮਾਈ ਕੀਤੀ ਅਤੇ ਇਸ ਸਮੇਂ ਦੌਰਾਨ ਕਾਫ਼ੀ ਹੋਰ ਵਿਕਾਸ ਹੋਇਆ। ਸਤਿਗੁਰੂ ਜਗਜੀਤ ਸਿੰਘ ਦੀ ਅਗਵਾਈ ਅਧੀਨ ਭੈਣੀ ਸਾਹਿਬ ਵਿਖੇ ਵਿਸ਼ਾਲ ਹਾਲ, ਕਈ ਇਮਾਰਤਾਂ, ਵਧੀਆ ਭਵਨਾਂ ਦੀ ਉਸਾਰੀ ਕੀਤੀ ਗਈ, ਜਿਨ੍ਹਾਂ ਨੂੰ ਉਹ ਧਾਰਮਿਕ, ਸਮਾਜਿਕ, ਸਭਿਆਚਾਰਕ ਅਤੇ ਜਥੇਬੰਦਕ ਕੰਮਾਂ ਲਈ ਵਰਤ ਰਹੇ ਹਨ। ਦੁਨਿਆਵੀ ਅਤੇ ਅਧਿਆਤਮਕ ਕੰਮਾਂ ਦੀ ਬਿਹਤਰੀ ਲਈ ਨਾਮਧਾਰੀ ਮਿਸ਼ਨ ਦੀ ਲੜੀ ਤਹਿਤ ਉਨ੍ਹਾਂ ਨੇ ਕਾਫ਼ੀ ਸੁਧਾਰ ਕੀਤੇ। ਇਸ ਕੰਮ ਲਈ ਸਿਰਫ਼ ਪੰਜਾਬ ਅੰਦਰ 33 ਤੋਂ ਵੱਧ

ਸੂਬੇ ਇਸ ਭਾਈਚਾਰੇ ਦੇ ਕੰਮਾਂ ਦੀ ਦੇਖਰੇਖ ਕਰਨ ਲਈ ਥਾਪੇ ਗਏ। ਸੂਬਿਆਂ ਦੀ ਪ੍ਰਤੀਨਿਧਤਾ ਦੇ ਸੰਬੰਧ ਵਿਚ ਪੰਜਾਬ ਰਾਜ ਦਾ ਮਾਲਵਾ ਖੇਤਰ, ਮਾਝਾ ਅਤੇ ਦੁਆਬਾ ਤੋਂ ਅੱਗੇ ਹੈ। ਸੂਬੇ ਅਤੇ ਹੋਰ ਸਥਾਨਕ ਨੇਤਾਵਾਂ ਦੀ ਪ੍ਰਤੀਨਿਧਤਾ ਚਾਰ ਸੂਬਿਆਂ ਦੁਆਰਾ ਕੀਤੀ ਜਾਂਦੀ, ਇਸ ਸਮੇਂ ਦੌਰਾਨ ਸਿਰਸਾ, ਜਿਸ ਵਿਚ ਸ੍ਰੀ ਜੀਵਨ ਨਗਰ ਸਥਿਤ ਹੈ, ਆਧੁਨਿਕ ਬੁਨਿਆਦੀ ਢਾਂਚੇ ਵਾਲੇ ਹੈੱਡਕੁਆਟਰ ਦੇ ਰੂਪ ਵਿਚ ਉਭਰਿਆ ਹੈ। ਇਸ ਜ਼ਿਲ੍ਹੇ ਦੇ ਕਾਫੀ ਪਿੰਡਾਂ ਅੰਦਰ ਨਾਮਧਾਰੀ ਸਿੱਖਾਂ ਦੀ ਗਿਣਤੀ ਕਾਫੀ ਜ਼ਿਆਦਾ ਹੈ। ਇਸੇ ਤਰ੍ਹਾਂ ਨਾਮਧਾਰੀ ਦਸਤਕਾਰ, ਵਪਾਰੀਆਂ ਅਤੇ ਪੇਸ਼ੇਵਰਾਂ ਨੇ ਵੀ 1947 ਈ. ਪਿੱਛੋਂ ਭਾਰਤ ਦੇ ਕਈ ਕਸਬਿਆਂ ਅਤੇ ਸ਼ਹਿਰਾਂ ਵਿਚ ਹਿਜ਼ਰਤ ਕੀਤੀ। ਭਾਰਤ ਦੀ ਰਾਜਧਾਨੀ ਨਵੀਂ ਦਿੱਲੀ, ਨਾਮਧਾਰੀ ਭਾਈਚਾਰੇ ਦੀਆਂ ਧਾਰਮਿਕ ਅਤੇ ਰਾਜਨੀਤਕ ਗਤੀਵਿਧੀਆਂ ਦੇ ਕੇਂਦਰ ਦੇ ਰੂਪ ਵਿਚ ਵਿਕਸਤ ਹੋਈ। ਮੰਡੀ (ਹਿਮਾਚਲ ਪ੍ਰਦੇਸ਼) ਅਤੇ ਜੰਮੂ (ਜੰਮੂ ਕਸ਼ਮੀਰ) ਦੀਆਂ ਨਾਮਧਾਰੀ ਸੰਗਤਾਂ ਨੂੰ ਵੀ ਪ੍ਰਤੀਨਿਧਤਾ ਦਿੱਤੀ ਗਈ। ਨਾਮਧਾਰੀ ਸਿੱਖਾਂ ਦੀ ਜ਼ਿਆਦਾਤਰ ਵੱਸੋਂ ਪਾਕਿਸਤਾਨ ਤੋਂ ਹਿਜਰਤ ਕਰਕੇ ਆਈ। ਨਾਮਧਾਰੀ ਸਿੱਖਾਂ ਦੀ ਉਤਰ ਪ੍ਰਦੇਸ਼ ਦੇ ਸ਼ਹਿਰਾਂ ਅਤੇ ਕਸਬਿਆਂ ਵਿਚ ਵੀ ਮਹੱਤਵਪੂਰਨ ਗਿਣਤੀ ਹੈ। ਕੁਝ ਸੂਬੇ ਇਨ੍ਹਾਂ ਨਾਮਧਾਰੀ ਸਿੱਖਾਂ ਦੀ ਪ੍ਰਤੀਨਿੱਧਤਾ ਕਰਦੇ ਹਨ। ਇਸ ਤੋਂ ਇਲਾਵਾ ਕਈ ਸੂਬੇ ਥਾਈਲੈਂਡ, ਕੀਨੀਆ, ਕੈਨੇਡਾ ਅਤੇ ਇੰਗਲੈਂਡ ਦੀ ਨਾਮਧਾਰੀ ਸਿੱਖਾਂ ਦੀ ਵੀ ਪ੍ਰਤੀਨਿਧਤਾ ਕਰਦੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਉਨ੍ਹਾਂ ਦੀ ਮਹੱਤਵਪੂਰਨ ਵਿੱਤੀ ਸਹਾਇਤਾ ਦੀ ਪਛਾਣ ਕੀਤੀ ਅਤੇ ਇਨ੍ਹਾਂ ਦੇਸ਼ਾਂ ਦੇ ਸਥਾਨਕ ਨਾਮਧਾਰੀ ਸਿੱਖਾਂ ਨਾਲ ਰਾਬਤਾ ਬਣਾਇਆ। ਇਨ੍ਹਾਂ ਨਾਮਧਾਰੀ ਸਿੱਖਾਂ ਵਿਚ ਜ਼ਿਆਦਾਤਰ ਖੱਤਰੀ, ਅਰੋੜਾ ਅਤੇ ਰਾਮਗੜ੍ਹੀਆ ਜਾਤੀਆਂ ਨਾਲ ਸੰਬੰਧਤ ਹਨ। ਵਰਤਮਾਨ ਸਤਿਗੁਰੂ ਉਦੈ ਸਿੰਘ ਜੀ ਵੀ ਇਸ ਪ੍ਰਕਾਰ ਦੇ ਪ੍ਰਬੰਧੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਵਿੱਚ ਲੱਗੇ ਹੋਏ ਹਨ ਅਤੇ ਸਮੇਂ ਸਮੇਂ ਵਿਦੇਸ਼ਾਂ ਦੀਆਂ ਯਾਤਰਾ ਕਰਦੇ ਰਹਿੰਦੇ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਭਾਈਚਾਰੇ ਦੇ ਸਮਾਜਿਕ, ਧਾਰਮਿਕ ਅਤੇ ਸਭਿਆਚਾਰਕ ਕੰਮਾਂ ਲਈ ਸਥਾਨਕ ਨੇਤਾਵਾਂ ਅਤੇ ਕਾਰਜਕਰਤਾਵਾਂ ਨਾਲ ਕਾਫੀ ਨੇੜੇ ਦਾ ਰਾਬਤਾ ਰੱਖਦੇ ਸਨ ਅਤੇ ਦਿਸ਼ਾ ਨਿਰਦੇਸ਼ ਦਿੰਦੇ ਸਨ। ਸੂਬੇ, ਜ਼ਿਲ੍ਹਾ ਪੱਧਰ ਦੀ ਜਥੇਬੰਦੀ ਦੇ ਸਭ ਤੋਂ ਉਪਰਲੇ ਨੇਤਾ ਹੁੰਦੇ ਹਨ। ਉਨ੍ਹਾਂ ਦੀ ਸਹਾਇਤਾ ਪੇਂਡੂ ਅਤੇ ਸ਼ਹਿਰੀ ਖੇਤਰ ਵਿਚ ਕਾਰਜਸ਼ੀਲ ਪ੍ਰਧਾਨਾਂ ਦੁਆਰਾ ਕੀਤੀ ਜਾਂਦੀ ਹੈ। ਉਨ੍ਹਾਂ ਦੇ ਅੱਗੇ ਸਥਾਨਕ ਇਕਾਈਆਂ ਦੇ ਜਥੇਦਾਰ, ਸੈਕਟਰੀ ਅਤੇ ਖਜ਼ਾਨਚੀ ਆਉਂਦੇ ਹਨ, ਜਿਨ੍ਹਾਂ ਵਿਚ ਵਿਸ਼ਵ ਨਾਮਧਾਰੀ ਵਿਦਿਅਕ ਜੱਥਾ ਅਤੇ ਇਸਤਰੀ ਵਿਦਿਅਕ ਜਥਾ ਸ਼ਾਮਿਲ ਹਨ। ਆਪਣੇ ਆਪਣੇ ਇਲਾਕੇ ਅੰਦਰ ਮਹੰਤ, ਸੰਤ ਅਤੇ ਬਾਬੇ ਦੀ ਨਾਮਧਾਰੀ ਮਿਸ਼ਨ ਦਾ ਪ੍ਰਚਾਰ ਕਰਦੇ ਹਨ। ਇਹ ਨੇਤਾ ਅਤੇ ਲੋਕ ਹਵਨ, ਜਪ ਪ੍ਰਯੋਗ ਅਤੇ

ਧਾਰਮਿਕ ਸੰਗਤਾਂ ਲਈ ਇੰਤਜ਼ਾਮ ਵੀ ਕਰਦੇ ਹਨ। ਜਦ ਭੈਣੀ ਸਾਹਿਬ ਹੈੱਡ ਕੁਆਟਰ ਵਿਖੇ ਮੇਲੇ ਅਤੇ ਤਿਉਹਾਰ ਮਨਾਏ ਜਾਂਦੇ ਹਨ ਤਾਂ ਇਹ ਲੋਕ ਸਥਾਨਕ ਸੰਗਤਾਂ ਨੂੰ ਉਥੇ ਲੈ ਕੇ ਜਾਣ ਲਈ ਆਵਾਜਾਈ ਦੇ ਸਾਧਨਾਂ ਦਾ ਵੀ ਪ੍ਰਬੰਧ ਕਰਦੇ ਹਨ। ਇਸ ਤੋਂ ਇਲਾਵਾ ਉਹ ਮਾਇਆ ਇਕੱਠੀ ਕਰਨ ਅਤੇ ਖਾਸ ਤੌਰ ਤੇ ਦਸਵੰਧ ਇਕੱਠਾ ਕਰਨ ਤੇ ਭੈਣੀ ਸਾਹਿਬ ਵਿਖੇ ਪਹੁੰਚਾਉਣ ਦੀ ਡਿਊਟੀ ਵੀ ਨਿਭਾਉਂਦੇ ਹਨ।

ਆਜ਼ਾਦ ਭਾਰਤ ਵਿਚ ਸਤਿਗੁਰੂ ਜਗਜੀਤ ਸਿੰਘ ਸਮੇਂ ਤੇ ਮੌਜੂਦਾ ਸਤਿਗੁਰੂ ਉਦੈ ਸਿੰਘ ਜੀ ਦੀ ਰਹਿਨੁਮਾਈ ਅਧੀਨ ਕਈ ਵਾਰ ਜਦੋਂ ਨਾਮਧਾਰੀ ਪਰਿਵਾਰਾਂ ਵਿਚ ਲੜਾਈ ਝਗੜੇ ਹੁੰਦੇ ਹਨ ਤਾਂ ਸਥਾਨਕ ਨੇਤਾ ਅਤੇ ਪ੍ਰਭਾਵਸ਼ਾਲੀ ਵਿਅਕਤੀ ਸਾਂਝ ਅਤੇ ਏਕਤਾ ਬਣਾਏ ਰੱਖਣ ਲਈ ਕੋਸ਼ਿਸ਼ ਕਰਦੇ ਹਨ। ਇਨ੍ਹਾਂ ਵਿਚ ਜ਼ਿਆਦਾ ਝਗੜੇ ਜ਼ਮੀਨਾਂ ਨਾਲ ਅਤੇ ਪਤੀ ਪਤਨੀ ਦੇ ਆਪਸੀ ਸੰਬੰਧਾਂ ਦੇ ਵਿਗੜਨ ਨਾਲ ਸੰਬੰਧਤ ਹੁੰਦੇ ਹਨ। ਜੇਕਰ ਪੀੜਤ ਪਰਿਵਾਰ ਪਹੁੰਚ ਕਰਦਾ ਹੈ ਤਾਂ ਸੂਬਾ ਅਤੇ ਪ੍ਰਧਾਨ ਆਪਸੀ ਸਮਝ ਨਾਲ ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਜੇਕਰ ਸੰਬੰਧ ਹੱਦੋਂ ਵੱਧ ਵਿਗੜ ਜਾਣ ਤਾਂ ਖੁਦ ਅਧਿਆਤਮਕ ਗੁਰੂ ਦੁਆਰਾ ਜਾਂ ਉਸ ਦੇ ਨਿਯੁਕਤ ਮੁਖਤਿਆਰ ਦੁਆਰਾ ਮਸਲੇ ਦਾ ਹੱਲ ਕੀਤਾ ਜਾਂਦਾ ਹੈ। ਆਮ ਤੌਰ ਤੇ ਜਥੇਬੰਦੀ ਦੁਆਰਾ ਮੁਕੱਦਮੇਬਾਜੀ ਤੋਂ ਬਚਾਉ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸਥਾਨਕ ਜਥੇਬੰਦੀ ਸਮੇਂ ਸਮੇਂ ਨਾਮਧਾਰੀ ਗੁਰੂ ਅਤੇ ਭੈਣੀ ਸਾਹਿਬ ਹੈੱਡ ਕੁਆਟਰ ਦੇ ਪ੍ਰਬੰਧਕਾਂ ਨਾਲ ਸੰਪਰਕ ਬਣਾ ਕੇ ਰੱਖਦੀ ਹੈ।

ਸਤਿਗੁਰੂ ਜਗਜੀਤ ਸਿੰਘ ਸਮੇਂ ਭੈਣੀ ਸਾਹਿਬ ਵਿਖੇ ਪ੍ਰਭਾਵਸ਼ਾਲੀ ਸ਼ਖਸੀਅਤਾਂ ਵਿਚ, ਸੰਤ ਕਸ਼ਮੀਰ ਸਿੰ ਭਿੰਡਰ, ਸੰਤ ਦਲਜੀਤ ਸਿੰਘ ਧਾਲੀਵਾਲ, ਸੰਤ ਗੁਰਦਿਆਲ ਸਿੰਘ ਰਾਏਸਰ, ਸੰਤ ਚੰਨਣ ਸਿੰਘ ਸ਼ਾਮਲ ਹਨ। ਬਹੁਤ ਹੀ ਅਨੁਭਵੀ ਸੇਵਕ ਰਛਪਾਲ ਸਿੰਘ ਅਤ ਸੇਵਕ ਹਰਪਾਲ ਸਿੰਘ ਬਹੁਤ ਲੰਮਾ ਸਮਾਂ ਸਤਿਗੁਰੂ ਦੇ ਨਿੱਜੀ ਸੇਵਕ ਸਨ ਅਤੇ ਉਸ ਦੇ ਰੋਜ਼ਾਨਾ ਕੰਮਾਂ ਵਿਚ ਸਹਾਇਤਾ ਕਰਦੇ ਰਹੇ। ਇਹ ਸਤਿਗੁਰੂ ਦੀਆਂ ਨਿੱਜੀ ਜ਼ਰੂਰਤਾਂ ਦਾ ਵੀ ਧਿਆਨ ਰੱਖਦੇ ਸਨ। ਦੋਵੇਂ ਨਾਮਧਾਰੀ ਪਰੰਪਰਾਵਾਂ, ਰੀਤੀ ਰਿਵਾਜਾਂ ਅਤੇ ਮਰਿਆਦਾ ਦੇ ਚੰਗੀ ਤਰ੍ਹਾਂ ਜਾਣਕਾਰ ਹਨ। ਸੰਤ ਜਗਤਾਰ ਸਿੰਘ, ਸੰਤ ਅਵਤਾਰ ਸਿੰਘ, ਸੰਤ ਦਿਦਾਰ ਸਿੰਘ, ਸੰਤ ਹਰਵਿੰਦਰ ਸਿੰਘ ਹੰਸਪਾਲ ਅਤੇ ਸੰਤ ਸੁਰਿੰਦਰ ਸਿੰਘ ਜੀ ਨਾਮਧਾਰੀ ਪ੍ਰਬੰਧਕੀ ਸੂਚੀ ਵਿਚ ਖਾਸ ਸਥਾਨ ਰੱਖਦੇ ਹਨ। ਸੰਤ ਹਰਵਿੰਦਰ ਸਿੰਘ ਹੰਸਪਾਲ ਪਿਛਲੇ ਲੰਮੇ ਸਮੇਂ ਤੋਂ ਨਾਮਧਾਰੀ ਦਰਬਾਰ ਦੇ ਪ੍ਰਧਾਨ ਹਨ। ਉਹ ਸਤਿਯੁਗ ਦੇ ਮੁੱਖ ਸੰਪਾਦਕ ਵੀ ਹਨ। ਉਹ ਰਾਜ ਸਭਾ ਲਈ ਕਾਂਗਰਸ ਦੇ ਦੋ ਵਾਰ ਐਮ.ਪੀ. ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਪ੍ਰਧਾਨਗੀ ਵੀ ਕਰ ਚੁੱਕੇ ਹਨ। ਸੰਤ ਸੁਰਿੰਦਰ ਸਿੰਘ ਨਾਮਧਾਰੀ ਦਰਬਾਰ ਦੇ ਸੀਨੀਅਰ ਉਪ ਪ੍ਰਧਾਨ ਅਤੇ ਨਾਮਧਾਰੀ ਸ਼ਹੀਦ ਯਾਦਗਾਰੀ ਟਰੱਸਟ ਦੇ ਉਪ ਚੇਅਰਮੈਨ ਵੀ ਹਨ। ਸਤਿਗੁਰੂ ਪ੍ਰਤਾਪ

ਸਿੰਘ ਅਪੋਲੋ ਹਸਪਤਾਲ ਲੁਧਿਆਣਾ ਦੇ ਨਿਰਦੇਸ਼ਕ ਵੀ ਹਨ। ਮਰਹੂਮ ਸੰਤ ਦਲੀਪ ਸਿੰਘ, ਨਾਮਧਾਰੀ ਦਰਬਾਰ ਦੇ ਸੈਕਟਰੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਭੈਣੀ ਸਾਹਿਬ ਦੇ ਚੇਅਰਮੈਨ ਸਨ। ਉਨ੍ਹਾਂ ਨੇ ਨਾਮਧਾਰੀ ਭਾਈਚਾਰੇ ਦੇ ਇਤਿਹਾਸ ਵਿਚ ਨਾ ਭੁੱਲਣਯੋਗ ਕੰਮ ਕੀਤੇ ਹਨ। ਬੀਬੀ ਸੁਖਜੀਤ ਕੌਰ, ਸੂਬਾ ਸੁਰਿੰਦਰ ਕੌਰ ਖਰਲ (ਟਰੱਸਟੀ, ਕੂਕਾ ਸ਼ਹੀਦੀ ਯਾਦਗਾਰੀ ਟਰੱਸਟ ਅਤੇ ਨਾਮਧਾਰੀ ਲੇਖਿਕਾ) ਤੇ ਬੀਬੀ ਕੁਲਵੰਤ ਕੌਰ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੀਆਂ ਮਹੱਤਵਪੂਰਨ ਨਾਮਧਾਰੀ ਕਾਰਕੁੰਨ ਅਤੇ ਕਾਰਜਕਰਤਾ ਹਨ। ਇਸ ਤੋਂ ਇਲਾਵਾ ਕਈ ਹੋਰ ਉੱਘੇ ਨਾਮਧਾਰੀ ਵਿਦਵਾਨ ਅਤੇ ਲੇਖਕ ਹਨ ਜਿਨ੍ਹਾਂ ਵਿਚੋਂ ਇਤਿਹਾਸਕਾਰ ਜਸਵਿੰਦਰ ਸਿੰਘ, ਸ. ਦਵਿੰਦਰ ਸਿੰਘ ਗਿੱਲ, ਜੀਵਨ ਦਯਾ, ਸਵਰਨ ਸਿੰਘ ਵਿਰਕ, ਅਤੇ ਸਵਰਨ ਸਿੰਘ ਸਨੇਹੀ ਹਨ। ਇਨ੍ਹਾਂ ਦੇ ਨਾਮਧਾਰੀ ਪਰੰਪਰਾਵਾਂ, ਅਦਾਰਿਆਂ, ਪੰਜਾਬੀ ਸਾਹਿਤ ਅਤੇ ਇਤਿਹਾਸ ਦੀ ਖੋਜ ਲਈ ਮਹੱਤਵਪੂਰਨ ਯੋਗਦਾਨ ਦਿੱਤਾ ਹੈ ਅਤੇ ਕਈ ਅਜੇ ਵੀ ਆਪਣਾ ਯੋਗਦਾਨ ਦੇ ਰਹੇ ਹਨ। ਇਨ੍ਹਾਂ ਵਿਚੋਂ ਸ. ਸਵਰਨ ਸਿੰਘ ਵਿਰਕ ਅਤੇ ਸ. ਜਸਵਿੰਦਰ ਸਿੰਘ ਹਿਸਟੋਰੀਅਨ ਅਤੇ ਸਨੇਹੀ ਸਾਹਿਬ ਦੁਆਰਾ ਨਾਮਧਾਰੀ ਸਾਹਿਤ ਅਤੇ ਇਤਿਹਾਸ ਦੇ ਖੇਤਰ ਵਿਚ ਕੀਤਾ ਗਿਆ ਕੰਮ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ।

ਨਾਮਧਾਰੀ ਸਿੱਖਾਂ ਲਈ ਸਤਿਗੁਰੂ ਅਧਿਆਤਮਕ ਅਤੇ ਦੁਨਿਆਵੀ ਮਾਲਕ ਹੈ। ਉਨ੍ਹਾਂ ਦੇ ਵਿਸ਼ਵਾਸ ਅਨੁਸਾਰ ਸਿਰਫ ਉਹੀ ਸਹੀ ਅਤੇ ਗ਼ਲਤ ਕੰਮਾਂ ਦੀ ਪਛਾਣ ਕਰ ਸਕਦਾ ਹੈ ਅਤੇ ਸਹੀ ਜ਼ਿੰਦਗੀ ਜਿਉਣ ਲਈ ਸੇਧ ਦੇ ਸਕਦਾ ਹੈ। ਇਕ ਸੱਚਾ ਅਧਿਆਤਮਕ ਗੁਰੂ ਮਿਲਣ ਤੇ ਉਹ ਭਾਗਸ਼ਾਲੀ ਮਹਿਸੂਸ ਕਰਦੇ ਹਨ। ਉਹ ਦੁੱਖਾਂ ਤਕਲੀਫ਼ਾਂ ਨੂੰ ਆਪਣੇ ਸਤਿਗੁਰੂ ਦੀ ਮਰਜ਼ੀ ਮੰਨਦੇ ਹਨ ਜੋ ਕਿ ਮਨੁੱਖਤਾ ਦਾ ਰਾਖਾ ਹੈ। ਸਤਿਗੁਰੂ ਦੀ ਕ੍ਰਿਪਾ ਨਾਲ ਉਹ ਅਧਿਆਤਮਕ ਸੁੱਖ ਮਹਿਸੂਸ ਕਰਦੇ ਹਨ। ਸਤਿਗੁਰੂ ਬਖਸ਼ਣਹਾਰ ਹੈ ਅਤੇ ਉਨ੍ਹਾਂ ਦੇ ਪਾਪਾਂ ਨੂੰ ਬਖਸ਼ਣ ਦੀ ਸਮਰੱਥਾ ਰੱਖਦਾ ਹੈ।

ਆਪਣੇ ਸਤਿਗੁਰੂ ਦੇ ਹੁਕਮ ਅਨੁਸਾਰ ਨਾਮਧਾਰੀ ਸਿੱਖ ਮਰਿਆਦਾ ਦਾ ਪਾਲਣ ਕਰਦੇ ਹਨ। ਰੋਜ਼ਾਨਾ ਨਾਮ ਸਿਮਰਨ, ਇਮਾਨਦਾਰ ਤਰੀਕੇ ਨਾਲ ਜ਼ਿੰਦਗੀ ਬਸਰ ਕਰਨੀ ਅਤੇ ਦਇਆ, ਮਰਿਆਦਾ ਦੇ ਮੁੱਖ ਗੁਣ ਹਨ। ਸਣਕੇਸੀ ਇਸ਼ਨਾਨ ਤੋਂ ਬਾਅਦ ਸਵੇਰੇ ਨਾਮਧਾਰੀ ਸਿੱਖ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰਦੇ ਹਨ। 1940 ਈ. ਵਿਚ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਰੋਜ਼ਾਨਾ ਇਕ ਘੰਟਾ ਪ੍ਰਮਾਤਮਾ ਦਾ ਧਿਆਨ ਜ਼ਰੂਰੀ ਕੀਤੀ ਸੀ। ਹਾਲਾਂਕਿ ਆਪਣੀ ਇੱਛਾ ਅਨੁਸਾਰ ਦਿਨ ਸਮੇਂ ਕਦੇ ਵ ਹੱਥ ਵਿਚ ਮਾਲਾ ਲੈ ਕੇ ਨਾਮ ਸ਼ਬਦ ਦਾ ਜਾਪ ਕਰ ਸਕਦੇ ਹਨ। ਜ਼ਿਆਦਾਤਰ ਨਾਮਧਾਰੀ ਸਿੱਖ ਸਵੇਰੇ ਜਲਦੀ ਨਾਮ ਸਿਮਰਨ ਕਰਦੇ ਹਨ ਅਤੇ ਦਿਨ ਵੇਲੇ ਆਪਣਾ ਨਿਯਮਿਤ ਕੰਮ ਕਰਦੇ ਹਨ। ਉਹ ਖਾਸ ਮੌਕਿਆਂ (ਆਮ ਤੌਰ ਤੇ ਵੀਰਵਾਰ, ਐਤਵਾਰ) ਨੂੰ ਸਥਾਨਕ ਜਥੇਬੰਦੀ ਦੁਆਰਾ ਜਪ ਪ੍ਰਯੋਗ ਵਰਨੀ, ਹਵਨ

ਅਤੇ ਆਸਾ ਦੀ ਵਾਰ ਪਾਠ ਵਿਚ ਵੀ ਹਿੱਸਾ ਲੈਂਦੇ ਹਨ। ਨਾਮਧਾਰੀ ਸਿੱਖ ਦੂਰ ਦੁਰਾਡੇ ਦੇ ਪਿੰਡਾਂ ਅਤੇ ਸ਼ਹਿਰਾਂ ਤੋਂ ਹਜ਼ਾਰਾਂ ਦੀ ਸੰਖਿਆ ਵਿਚ ਭੈਣੀ ਸਾਹਿਬ ਹੈੱਡ ਕੁਆਟਰ ਵਿਖੇ ਮਨਾਏ ਜਾਂਦੇ ਨਿਯਮਤ ਮੇਲਿਆਂ ਖਾਸ ਤੌਰ ਤੇ ਅੱਸੂ ਦੇ ਮੇਲੇ ਵਿਚ ਵੱਧ ਚੜ੍ਹ ਕੇ ਭਾਗ ਲੈਂਦੇ ਹਨ।

ਆਪਣੀ ਹਰ ਖੁਸ਼ੀ ਅਤੇ ਗ਼ਮੀ ਦੇ ਮੌਕੇ 'ਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਆਯੋਜਨ ਕਰਦੇ ਹਨ। ਪਾਠ ਸਿੰਘ ਸੱਤ ਦਿਨਾਂ ਵਿਚ ਆਪਣਾ ਕੰਮ ਪੂਰਾ ਕਰਦਾ ਹੈ। ਇਕ ਕਮਰੇ ਨੂੰ ਪਾਣੀ ਨਾਲ ਚੰਗੀ ਤਰ੍ਹਾਂ ਸਾਫ ਕਰਨ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਪਰਿਵਾਰਕ ਮੈਂਬਰ, ਦੋਸਤ ਅਤੇ ਰਿਸ਼ਤੇਦਾਰ ਧਿਆਨ ਪੂਰਵਕ ਪਾਠ ਸਰਵਨ ਕਰਦੇ ਹਨ। ਅਖੀਰ ਵਿਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਵਾਕ ਲਿਆ ਜਾਂਦਾ ਹੈ ਅਤੇ ਫਿਰ ਅਰਦਾਸ ਕੀਤੀ ਜਾਂਦੀ ਹੈ। ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਜਾਂਦੀ ਹੈ। ਸ਼ਬਦ ਕੀਰਤਨ ਲਈ ਦੀਵਾਨ ਦਾ ਆਯੋਜਨ ਕੀਤਾ ਜਾਂਦਾ ਹੈ। ਅਖੰਡ ਪਾਠ ਦੇ ਆਯੋਜਨ ਲਈ ਵਿਆਪਕ ਪ੍ਰਬੰਧ ਕੀਤੇ ਜਾਂਦੇ ਹਨ। ਪਰੰਪਰਾਵਾਦੀ ਤੇ ਪੂਰਨ ਮਰਿਆਦਾ ਰੱਖਣ ਵਾਲੇ ਨਾਮਧਾਰੀ ਸਿੱਖ ਜਿਨ੍ਹਾਂ ਨੂੰ ਸੋਧੀ ਕਿਹਾ ਜਾਂਦਾ ਹੈ, ਇਹ ਕੰਮ ਕਰਦੇ ਹਨ। ਇਨ੍ਹਾਂ ਸੋਧੀਆਂ ਦੀ ਉਪਲਬਧਤਾ ਅਨੁਸਾਰ ਪਾਠ ਅਤੇ ਅਖੰਡ ਪਾਠ ਦੀ ਮਿਤੀ ਨਿਯਤ ਕੀਤੀ ਜਾਂਦੀ ਹੈ। ਪੀਣ ਅਤੇ ਨਹਾਉਣ ਲਈ ਖੂਹ ਦੇ ਪਾਣੀ ਦਾ ਇੰਤਜ਼ਾਮ ਕੀਤਾ ਜਾਂਦਾ ਹੈ। ਅਖੰਡ ਪਾਠ ਕਰਾਉਣ, ਇਥੋਂ ਤੱਕ ਕਿ ਸਧਾਰਨ ਪਾਠ ਵੀ ਇਕ ਖਰਚੀਲੀ ਰਸਮ ਬਣਦੀ ਜਾ ਰਹੀ ਹੈ।

ਨਾਮਧਾਰੀ ਸਿੱਖ ਆਪਣੀ ਮਰਿਆਦਾ ਅਨੁਸਾਰ ਹੀ ਜਨਮ, ਵਿਆਹ ਅਤੇ ਮੌਤ ਦੀਆਂ ਰਸਮਾਂ ਕਰਦੇ ਹਨ। ਪਰ ਫਿਰ ਵੀ ਉਹ ਜਾਤ ਬਰਾਦਰੀ ਦੀ ਰੀਤ ਤੋਂ ਪੂਰੀ ਤਰ੍ਹਾਂ ਆਜ਼ਾਦ ਨਹੀਂ ਹਨ। ਲੜਕੇ ਦੇ ਜਨਮ ਦੀ ਖੁਸ਼ੀ ਲੱਡੂ ਵੰਡ ਕੇ ਮਨਾਈ ਜਾਂਦੀ ਹੈ। ਦਿਨਾਂ ਬਾਅਦ ਬੱਚੇ ਦੀ ਮਾਂ ਦੁਬਾਰਾ ਚੌਂਕੇ ਚੜ੍ਹਨਾ ਰਸਮ ਅਨੁਸਾਰ ਰਸੋਈ ਦਾ ਕੰਮ ਸ਼ੁਰੂ ਕਰਦੀ ਹੈ। ਵਿਧੀ ਅਨੁਸਾਰ ਬੱਚੇ ਦਾ ਨਾਮ ਰੱਖਿਆ ਜਾਂਦਾ ਹੈ। ਕਈ ਵਾਰ ਦੋਸਤ ਅਤੇ ਰਿਸ਼ਤੇਦਾਰ ਵੀ ਬੁਲਾਏ ਜਾਂਦੇ ਹਨ। ਅੰਤ ਵਿਚ ਲੰਗਰ ਵੀ ਵਰਤਾਇਆ ਜਾਂਦਾ ਹੈ। ਇਸੇ ਤਰ੍ਹਾਂ ਉਹ ਵਿਆਹ ਦੀ ਰਸਮ ਵੀ ਆਨੰਦ ਰੀਤੀ ਰਾਹੀਂ ਕਰਦੇ ਹਨ। ਆਪਣੇ ਸਤਿਗੁਰੂ ਦੇ ਹੁਕਮ ਅਨੁਸਾਰ ਮਾਪਿਆਂ ਦੁਆਰਾ ਇਹ ਰਸਮ ਭੈਣੀ ਸਾਹਿਬ ਵਿਖੇ ਕੀਤੀ ਜਾਂਦੀ ਹੈ। ਮਾਪੇ ਸਥਾਨਕ ਨੇਤਾਵਾਂ ਅਤੇ ਕਰੀਬੀਆਂ ਨਾਲ ਸਲਾਹ ਕਰਕੇ ਮੁੰਡੇ ਜਾਂ ਕੁੜੀ ਵਾਲਿਆਂ ਤਕ ਪਹੁੰਚ ਕਰਦੇ ਹਨ ਅਤੇ ਸਤਿਗੁਰੂ ਤੋਂ ਪ੍ਰਵਾਨਗੀ ਲੈਂਦੇ ਹਨ। ਉਹ ਵਿਸ਼ਵ ਨਾਮਧਾਰੀ ਸੰਗਤ, ਭੈਣੀ ਸਾਹਿਬ ਦੁਆਰਾ ਤਿਆਰ ਕੀਤਾ ਇਕ ਪ੍ਰਫਾਰਮਾ ਭਰਦੇ ਹਨ। ਪ੍ਰਫਾਰਮੇ ਵਿਚ ਉਨ੍ਹਾਂ ਦਾ ਨਾਮ, ਧੰਦਾ, ਲੜਕੀ ਅਤੇ ਲੜਕੇ ਦੇ ਪਰਿਵਾਰ ਦਾ ਗੋਤ, ਜਨਮ ਮਿਤੀ, ਕੱਦ, ਮੁੰਡੇ ਅਤੇ ਕੁੜੀ ਦੀ ਯੋਗਤਾ ਦਰਜ ਕੀਤੀ ਜਾਂਦੀ ਹੈ। ਮਾਤਾ ਪਿਤਾ ਇਹ ਜ਼ਿੰਮੇਵਾਰੀ ਲੈਂਦੇ ਹਨ ਕਿ ਉਨ੍ਹਾਂ ਨੇ ਕਦੇ ਕੋਈ ਦਹੇਜ

ਨਹੀਂ ਦਿੱਤਾ ਅਤੇ ਨਾ ਹੀ ਲਿਆ ਹੈ ਅਤੇ ਸਤਿਗੁਰੂ ਦੇ ਬਚਨਾਂ ਦੀ ਕੋਈ ਉਲੰਘਣਾ ਨਹੀਂ ਕੀਤੀ ਹੈ। ਵਿਸ਼ਵ ਨਾਮਧਾਰੀ ਸੰਗਤ ਇਹ ਤਸਦੀਕ ਕਰਦੀ ਹੈ ਕਿ ਦੋਵੇਂ ਮੁੰਡਾ ਅਤੇ ਕੁੜੀ ਵਿਆਹੁਣਯੋਗ ਉਮਰ ਦੇ ਹਨ। ਦੋਨੋਂ ਗੁਰਮੁਖ ਹਨ ਅਤੇ ਅਰਦਾਸ ਪੜ੍ਹਨ ਯੋਗ ਹਨ। ਸੰਗਤ ਇਹ ਵੀ ਯਕੀਨੀ ਬਣਾਉਂਦੀ ਹੈ ਕਿ ਲੜਕੇ ਤੇ ਲੜਕੀ ਦੇ ਪਰਿਵਾਰ ਨੇੜਲੇ ਰਿਸ਼ਤੇਦਾਰ ਨਹੀਂ ਹਨ। ਸੂਬਾ ਅਤੇ ਦੋ ਹੋਰ ਜ਼ਿੰਮੇਵਾਰ ਵਿਅਕਤੀ ਉਪਰ ਦਰਸਾਈ ਕਾਰਵਾਈ ਨੂੰ ਤਸਦੀਕ ਕਰਦੇ ਹਨ। ਆਨੰਦ ਕਾਰਜ ਦੀ ਰਸਮ ਤੋਂ ਪਹਿਲਾਂ ਭੈਣੀ ਸਾਹਿਬ ਜਾਂ ਆਪਣੇ ਘਰ ਸਹਿਜ ਪਾਠ ਦਾ ਆਯੋਜਨ ਕਰਦੇ ਹਨ। ਹਾਲਾਂਕਿ ਇਹ ਜ਼ਰੂਰੀ ਨਹੀਂ ਹੈ। ਜੇਕਰ ਪਾਠ ਭੈਣੀ ਸਾਹਿਬ ਵਿਖ ਕਰਵਾਉਣਾ ਹੋਵੇ ਤਾਂ ਉਹ ਕੁਝ ਰਕਮ ਜਮ੍ਹਾਂ ਕਰਵਾਉਂਦੇ ਹਨ। ਆਨੰਦ ਕਾਰਜ ਇਕੱਲੇ ਜਾਂ ਸਮੂਹਕ ਰੂਪ ਵਿਚ ਕੀਤਾ ਜਾਂਦਾ ਹੈ। ਮੇਲੇ ਅਤੇ ਸਮੂਹਿਕ ਵਿਆਹ ਨਿਸ਼ਚਿਤ ਅੰਤਰਾਲ ਬਾਅਦ ਆਯੋਜਿਤ ਕੀਤੇ ਜਾਂਦੇ ਹਨ।

ਆਦਰਸ਼ਕ ਤੌਰ ਤੇ ਨਾਮਧਾਰੀ ਮੌਤ ਨੂੰ ਰੱਬ ਦੇ ਭਾਣੇ ਵਜੋਂ ਸਵੀਕਾਰ ਕਰਦੇ ਹਨ ਅਤੇ ਛਾਤੀ ਪਿੱਟਣ ਅਤੇ ਵੈਣ ਪਾਉਣ ਤੋਂ ਪਰਹੇਜ਼ ਕਰਦੇ ਹਨ। ਪਰ ਅਸਲ ਜੀਵਨ ਵਿਚ ਮਰ ਚੁੱਕੇ ਇਨਸਾਨ ਦੇ ਨੇੜਲੇ ਰਿਸ਼ਤੇਦਾਰ ਅਕਸਰ ਵਿਰਲਾਪ ਕਰਕੇ ਭਾਵਨਾਤਮਕ ਦੁੱਖ ਵਿਅਕਤ ਕਰਦੇ ਹਨ। ਨਾਮਧਾਰੀ ਮਰਿਆਦਾ ਅਨੁਸਾਰ ਮਰ ਚੁੱਕੇ ਇਨਸਾਨ ਨੂੰ ਸਰੀਰਕ ਇਸ਼ਨਾਨ ਕਰਵਾਇਆ ਜਾਂਦਾ ਹੈ ਅਤੇ ਅੰਮ੍ਰਿਤ ਛਕਾਇਆ ਜਾਂਦਾ ਹੈ। ਸੰਸਕਾਰ ਕਰਨ ਪਿੱਛੋਂ ਮੁਰਦੇ ਦੇ ਫੁੱਲ ਇਕ ਥੈਲੇ ਵਿਚ ਪਾ ਕੇ ਵਗਦੇ ਪਾਣੀ ਵਿਜ ਸੁੱਟੇ ਜਾਂਦੇ ਹਨ। ਨਾਮਧਾਰੀ ਸਿੱਖ ਕਿਸੇ ਨਿਸ਼ਚਿਤ ਸਥਾਨ ਜਿਵੇਂ ਹਰਿਦੁਆਰ, ਕਰਤਾਰਪੁਰ ਜਾਂ ਗੋਇੰਦਵਾਲ ਸਾਹਿਬ ਫੁੱਲ ਪਾਉਣ ਲਈ ਨਹੀਂ ਜਾਂਦੇ। ਉਹ ਸਥਾਨਕ ਧਰਮਸ਼ਾਲਾ ਜਾਂ ਭੈਣੀ ਸਾਹਿਬ ਵਿਖੇ ਪਾਠ ਦਾ ਭੋਗ ਪਾਉਂਦੇ ਹਨ।

ਸਮੇਂ ਦੇ ਬੀਤਣ ਨਾਲ ਨਾਮਧਾਰੀ ਭਾਈਚਾਰੇ ਤੇ ਵੀ ਪੱਛਮੀ ਰੰਗ ਢੰਗ ਦਾ ਅਸਰ ਹੋ ਰਿਹਾ ਹੈ। ਨਾਮਧਾਰੀ ਸਿੱਖਾਂ ਦੀ ਖਾਸ ਪਹਿਚਾਣ ਚਿੱਟਾ ਕੁੜਤਾ ਪਜਾਮਾ ਅਤੇ ਗੋਲ ਪਗੜੀ ਕੁਝ ਹੈ ਅਤੇ ਭੈਣੀ ਸਾਹਿਬ ਵਿਖੇ ਵੱਡੇ ਇਕੱਠ ਸਮੇਂ ਪਰੰਪਰਾਗਤ ਪਹਿਰਾਵਾ ਹੀ ਧਾਰਨ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਅਜੋਕੀ ਪੀੜ੍ਹੀ ਦੀਆਂ ਨਾਮਧਾਰੀ ਔਰਤਾਂ ਕੁਝ ਹੱਦ ਤੱਕ ਫੈਸ਼ਨੇਬਲ ਕੱਪੜਿਆਂ, ਗਹਿਣਿਆਂ ਅਤੇ ਸ਼ਿੰਗਾਰ ਵੱਲ ਆਪਣੇ ਗੁਰੂ ਦੀਆਂ ਹਦਾਇਤਾਂ ਦੇ ਉਲਟ ਆਕਰਸ਼ਤ ਹੋ ਰਹੀਆਂ ਹਨ। ਟੈਲੀਵਿਜ਼ਨ ਅਤੇ ਮੌਜੂਦਾ ਮੋਬਾਈਲ ਟਕਨੌਲਜੀ ਨੇ ਨਾਮਧਾਰੀ ਪਰਿਵਾਰਾਂ ਵਿਚ ਵੀ ਆਪਣਾ ਸਥਾਨ ਬਣਾ ਲਿਆ ਹੈ।

ਆਜ਼ਾਦੀ ਉਪਰੰਤ ਪਹਿਲਾਂ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਹੁਣ ਵਰਤਮਾਨ ਸਤਿਗੁਰੂ ਉਦੈ ਸਿੰਘ ਜੀ ਅਤੇ ਉਨ੍ਹਾਂ ਦੇ ਅਨੁਆਈ ਰਾਸ਼ਟਰੀ ਲਹਿਰ ਦੀ ਕਾਰਜਸ਼ੀਲਤਾ ਨੂੰ ਅੱਗੇ ਲਿਜਾਣ ਲਈ ਪ੍ਰਤੀਬੱਧ ਹਨ ਜੋ ਕਿ ਰਾਜਨੀਤਕ ਅਤੇ ਆਰਥਿਕ ਆਜ਼ਾਦੀ, ਆਧੁਨਿਕ ਤਰੱਕੀ, ਨਾਬਰਾਬਰੀ ਅਤੇ ਜੁਲਮ ਦੇ ਖਾਤਮੇ

ਲਹੀ ਪ੍ਰਤੀਬੱਧ ਹੈ। ਨਾਮਧਾਰੀ ਰਹਿਨੁਮਾਹ ਇਸ ਗੱਲ ਤੋਂ ਭਲੀਭਾਂਤ ਜਾਣੂ ਹਨ ਕਿ ਰਾਸ਼ਟਰੀ ਏਕੀਕਰਨ ਦੀ ਪ੍ਰਕਿਰਿਆ ਵਿਚ ਰਾਸ਼ਟਰਵਾਦੀਆਂ ਅਤੇ ਕ੍ਰਾਂਤੀਕਾਰੀਆਂ ਦੀ ਕੁਰਬਾਨੀ ਨੂੰ ਯਾਦ ਕਰਨਾ ਇਕ ਮਹੱਤਵਪੂਰਨ ਰੋਲ ਨਿਭਾ ਸਕਦਾ ਹੈ। ਜਿਸ ਨੂੰ ਕਿ ਪੰਜਾਬ ਦੀ ਵੰਡ ਅਤੇ ਫਿਰਕੂ ਹਿੰਸਾ ਨੇ ਬੁਰੀ ਤਰ੍ਹਾਂ ਜ਼ਖ਼ਮੀ ਕੀਤਾ। ਆਪਣੇ ਧਾਰਮਿਕ ਭਾਸ਼ਣਾਂ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਅਕਸਰ ਆਪਣੇ ਅਨੁਆਈਆਂ ਨੂੰ ਕਿਹਾ ਕਰਦੇ ਸਨ ਕਿ ਇਹ ਆਪਣੇ ਪੁਰਵਜਾਂ ਦੇ ਸੰਘਰਸ਼ ਨੂੰ ਜਾਰੀ ਰੱਖਣਾ ਉਨ੍ਹਾਂ ਦੀ ਨੈਤਿਕ ਜ਼ਿੰਮੇਵਾਰੀ ਹੈ। ਭੈਣੀ ਸਾਹਿਬ ਹੈੱਡ ਕੁਆਟਰ ਵਿਖੇ ਜਨਮ ਅਤੇ ਪਾਲਣ ਪੋਸ਼ਣ ਹੋਣ ਕਰਕੇ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭਾਰਤੀ ਰਾਸ਼ਟਰਵਾਦੀਆਂ ਅਤੇ ਕ੍ਰਾਂਤੀਕਾਰੀਆਂ ਨੂੰ ਮਿਲਣ ਅਤੇ ਗੱਲ ਬਾਤ ਕਰਨ ਦੇ ਲਈ ਮੌਕੇ ਮਿਲੇ। ਜਦੋਂ ਉਹ ਇਸ ਸਥਾਨ ਉਪਰ ਰਹਿਣ ਲਈ ਆਉਂਦੇ ਸਨ, ਉਹ ਆਪਣੇ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਚਨਾਂ ਨੂੰ ਯਾਦ ਕਰਦੇ ਸਨ, ਜੋ ਭਾਰਤੀ ਰਾਸ਼ਟਰਵਾਦੀਆਂ ਅਤੇ ਕ੍ਰਾਂਤੀਕਾਰੀਆਂ ਦੀ ਮਦਦ ਕਰਨ ਨੂੰ ਆਪਣਾ ਨੈਤਿਕ ਅਤੇ ਧਾਰਮਿਕ ਫਰਜ਼ ਮੰਨਦੇ ਸਨ। ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਹ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਕਿ ਨਾਮਧਾਰੀ ਪਰੰਪਰਾ ਨੂੰ ਅੱਗੇ ਵਧਾਉਣਾਂ ਉਨ੍ਹਾਂ ਦੀ ਮੁੱਖ ਜ਼ਿੰਮੇਵਾਰੀ ਹੈ।

ਨਾਮਧਾਰੀ ਹਮੇਸ਼ਾ ਹੀ ਫਿਰਕੂ ਸਦਭਾਵਨਾ ਅਤੇ ਵਿਸ਼ਵ ਸ਼ਾਂਤੀ ਦੇ ਸਮਰਥਕ ਰਹੇ ਹਨ। ਜਦੋਂ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਫਿਰਕੂ ਸਦਭਾਵਨਾ ਭੰਗ ਹੋ ਰਹੀ ਹੈ ਤਾਂ ਉਨ੍ਹਾਂ ਨੇ ਲੋਕਾਂ ਨੂੰ ਫਿਰਕੂ ਹਿੰਸਾ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਅਤੇ ਮਸਲਿਆਂ ਨੂੰ ਸ਼ਾਂਤੀ ਪੂਰਵਕ ਹੱਲ ਕਰਨ ਲਈ ਕਿਹਾ। ਪੰਜਾਬ ਦੀ ਫਿਰਕੂ ਸਦਭਾਵਨਾ ਇਕ ਵਾਰ ਫਿਰ ਉਦੋਂ ਭੰਗ ਹੋਈ ਜਦੋਂ 13 ਅਪ੍ਰੈਲ 1978 ਨੂੰ ਅੰਮ੍ਰਿਤਸਰ ਵਿਖੇ ਇਕ ਪਾਸੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਤੇ ਅਖੰਡ ਕੀਰਤਨੀ ਜਥੇ ਸਨ ਅਤੇ ਦੂਜੇ ਨਿਰੰਕਾਰੀ ਸੰਤ ਸਨ। ਦੋਵਾਂ ਵਿਚ ਟਕਰਾਅ ਹੋ ਗਿਆ। ਇਸ ਟਕਰਾਅ ਕਰਕੇ 16 ਮੌਤਾਂ ਹੋਈਆਂ, ਜਿਨ੍ਹਾਂ ਵਿਚ ਚਾਰ ਦਮਦਮੀ ਟਕਸਾਲ ਨਾਲ ਸੰਬੰਧਤ ਸਨ ਅਤੇ ਬਾਕੀ ਅਖੰਡ ਕੀਰਤਨੀ ਜਥੇ ਦੇ ਮੈਂਬਰ ਸਨ। ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥਾ ਨਿਰੰਕਾਰੀ ਸੰਤਾਂ ਦੀ ਸਿੱਖੀ ਅਤੇ ਸਿੱਖ ਗੁਰੂਆਂ ਨੂੰ ਬਦਨਾਮ ਕਰਨ ਦੀ ਮੁਹਿੰਮ ਦਾ ਵਿਰੋਧ ਕਰ ਰਹੇ ਸਨ। ਇਸ ਤ੍ਰਾਸਦੀ ਨੇ ਪੰਜਾਬ ਦੇ ਕਸਬਿਆਂ ਅੰਦਰ ਫਿਰਕੂ ਵਿਰੋਧ ਅਤੇ ਹਿੰਸਾ ਪੈਦਾ ਕੀਤੀ, ਜੋ ਕਿ ਲੰਬਾ ਸਮਾਂ ਜਾਰੀ ਰਹੀ।

ਪੰਜਾਬ ਅੰਦਰ ਕਾਂਗਰਸ, ਅਕਾਲੀ ਅਤੇ ਜਨ ਸੰਘ ਪਾਰਟੀਆਂ ਅੰਦਰ ਫਿਰਕੂ ਵੰਡ ਕਰਕੇ ਕਮਿਊਨਿਸਟ ਨੇਤਾਵਾਂ ਨੂੰ ਫਿਰਕੂ ਸਦਭਾਵਨਾ ਬਹਾਲ ਕਰਨ ਦੀ ਪਹਿਲ ਕਦਮੀ ਕੀਤੀ। ਸਤਿਗੁਰੂ ਪ੍ਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਕਮਿਊਨਿਸਟ ਨੇਤਾਵਾਂ ਦੀ ਧਰਮ ਨਿਰਪੱਖ ਅਤੇ ਉਦਾਰ ਨੀਤੀਆਂ ਦੀ ਸ਼ਲਾਘਾ ਕੀਤੀ।

ਸਿੱਖਿਆ ਮਨੁੱਖੀ ਬੁੱਧੀ ਨੂੰ ਤੀਖਣ ਕਰਨ ਵਿਚ ਸਹਾਈ ਹੁੰਦਾ ਹੈ। ਸਿੱਖਿਆ ਦੇ ਸਾਧਨਾ ਤੇ ਤਕਨੀਕ ਵਿਚ ਨਵੀਆਂ ਤਬਦੀਲੀਆਂ ਵਾਪਰ ਰਹੀਆਂ ਹਨ। ਇਸ ਦੇ ਢੰਗ ਤਰੀਕੇ ਵੀ ਵਸੀਹ ਹੋ ਰਹੇ ਹਨ। ਪਹਿਲਾਂ ਸਕੂਲੀ ਸਿੱਖਿਆ ਹੀ ਮੁੱਖ ਮੰਨੀ ਗਈ ਸੀ ਪਰ ਨਾਮਧਾਰੀ ਸਿੱਖਾਂ ਨੇ ਇਹ ਸਿੱਖਿਆ ਪ੍ਰਾਪਤ ਨਹੀਂ ਕੀਤੀ। ਕਾਰਨ, ਅੰਗਰੇਜ਼ ਰਾਜ ਸਮੇਂ ਨਾਮਧਾਰੀ ਲਹਿਰ ਨੇ ਅੰਗਰੇਜ਼ੀ ਸਿੱਖਿਆ ਪ੍ਰਣਾਲੀ ਦਾ ਪੂਰਨ ਬਾਈਕਾਟ ਕੀਤਾ ਸੀ। ਪਰ ਇਸ ਦਾ ਇਹ ਮਤਲਬ ਵੀ ਨਹੀਂ ਕਿ ਉਦੋਂ ਨਾਮਧਾਰੀ ਅਗਿਆਨਤਾ ਦੇ ਅੰਨ੍ਹੇ ਖੂਹ ਵਿਚ ਧੱਕੇ ਗਏ। ਉਹਨਾਂ ਨੂੰ ਪੜ੍ਹਨ ਦੀ ਤਾਕੀਦ ਕੀਤੀ ਗਈ ਸੀ। ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ, ਬਰ੍ਹਮਾ (ਮਯਾਮਾਰ) ਵਿਖੇ ਨਜ਼ਰਬੰਦ ਰਹਿੰਦਿਆਂ ਉਥੋਂ ਭੇਜੇ ਹੁਕਮਨਾਮੇ ਵਿਚ ਤਾਕੀਦ ਕੀਤੀ, "ਸਭ ਕੁੜੀ ਮੁੰਡ ਨੂੰ ਅਖਰ ਪੜਾਇ ਦੇਣੇ ਗੁਰਮੁਖੀ।"

ਭਾਰਤ ਦੇ ਆਜ਼ਾਦ ਹੋਣ ਬਾਅਦ ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਨੇ ਸਭ ਨਾਮਧਾਰੀ ਸਿੱਖਾਂ ਨੂੰ ਸਕੂਲਾਂ ਵਿਚ ਪੜ੍ਹਨ ਦੀ ਆਗਿਆ ਦਿੱਤੀ। ਅੱਜ ਉਹ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਵਿਦਿਅਕ ਅਤੇ ਕਿੱਤਾਮੁਖੀ ਪੜ੍ਹਾਈਆਂ ਕਰ ਰਹੇ ਹਨ। ਇੱਕੀਵੀਂ ਸਦੀ ਵਿਚ ਹੋਰ ਵੱਧ ਨਾਮਧਾਰੀ ਸਿੱਖਾਂ ਦੇ ਡਾਕਟਰ, ਇੰਜੀਨੀਅਰ, ਆਰਕੀਟੈਕਟ, ਵਕੀਲ, ਪ੍ਰੋਫੈਸਰ ਬਣਨ ਦੀ ਸੰਭਾਵਨਾ ਹੈ। ਉਹ ਪ੍ਰਸ਼ਾਸਨਿਕ ਸੇਵਾਵਾਂ ਵਿਚ ਵੀ ਆਪਣੀ ਥਾਂ ਬਣਾ ਸਕਦੇ ਹਨ। ਵਿੱਦਿਆ ਦੇ ਪ੍ਰਸਾਰ, ਇਸ ਦੇ ਵਿਸ਼ਵ ਵਿਆਪੀ ਝੁਕਾਅ, ਤਕਨਾਲੋਜੀ ਨੂੰ ਉਹ ਭਲੀ ਭਾਂਤ ਜਾਣ ਰਹੇ ਹਨ ਅਤੇ ਆਪਣੇ ਅਮੀਰ ਵਿਰਸੇ ਨੂੰ ਸੰਭਾਲਣ ਲਈ ਉਹਨਾਂ ਇਸ ਕੰਪਿਊਟਰ ਯੁੱਗ ਦਾ ਲਾਹਾ ਲੈਣਾ ਸ਼ੁਰੂ ਕਰ ਦਿੱਤਾ ਹੈ।

ਇੱਕੀਵੀਂ ਸਦੀ ਵਿਚ ਇਸ ਲਹਿਰ ਦਾ ਖੋਜ ਕਾਰਜਾਂ ਖਾਸ ਕਰਕੇ ਆਪਣੇ ਇਤਿਹਾਸ ਦੀ ਖੋਜ ਅਤੇ ਇਸ ਦੀ ਵਿਗਿਆਨਿਕ ਢੰਗ ਨਾਲ ਪੇਸ਼ਕਾਰੀ ਵੱਲ ਰੁਝਾਨ ਹੋਰ ਵਧੇਗਾ। ਪਹਿਲਾਂ ਤਾਂ ਪੱਛਮੀ ਵਿੱਦਿਆ, ਕੋਈ ਵਿਰਲਾ ਹੀ ਪੜ੍ਹਿਆ ਹੋਇਆ ਸੀ। ਉਹ ਵੀ ਐਸਾ ਵਿਅਕਤੀ ਜੋ ਪਹਿਲਾਂ ਨਾਮਧਾਰੀ ਨਹੀਂ ਸੀ ਤੇ ਬਾਅਦ ਵਿਚ ਇਹਨਾਂ ਦੇ ਪ੍ਰਭਾਵ ਗ੍ਰਹਿਣ ਕਰਕੇ ਬਣਿਆ ਸੀ ਜਾਂ ਘਰ ਮਿਹਨਤ ਕਰਕੇ, ਉਹ ਅੰਗਰੇਜ਼ੀ ਨਹੀਂ ਸਨ ਪੜ੍ਹ ਸਕਦੇ। ਸੋ ਨਾਮਧਾਰੀ ਲਹਿਰ ਬਾਰੇ ਦਸਤਾਵੇਜ਼ੀ ਅਧਿਐਨ ਪੂਰੀ ਤਰ੍ਹਾਂ ਨਾ ਹੋ ਸਕਿਆ। ਬਹੁਤਾ ਖੋਜ ਕਾਰਜ ਪੁੱਛ ਪੁਛਾ ਕੇ ਹੀ ਹੋਇਆ। ਮਹਾਰਾਜ ਗੁਰਦਿਆਲ ਸਿੰਘ, ਸੰਤ ਨਿਧਾਨ ਸਿੰਘ ਆਲਿਮ ਅਤੇ ਸੰਤ ਇੰਦਰ ਸਿੰਘ ਚਕਰਵਰਤੀ ਨੇ ਵੱਧ ਮਿਹਨਤ ਕਰਕੇ ਕੁਝ ਪੇਸ਼ ਕੀਤੇ। ਉਹਨਾਂ ਸਿਲਸਿਲੇਵਾਰ ਇਤਿਹਾਸ ਵੀ ਲਿਖਿਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਥਾਪੜੇ ਨਾਲ ਸ੍ਰ. ਨਾਹਰ ਸਿੰਘ ਐਮ.ਏ. ਨੇ ਸਰਕਾਰੀ ਦਸਤਾਵੇਜ਼ਾਂ ਫੋਲੀਆਂ ਅਤੇ ਉਹਨਾਂ ਨੇ ਪੁਰਾਣੀ ਸਮੱਗਰੀ ਦੇ ਆਧਾਰ ਉਤੇ ਨਾਮਧਾਰੀ ਇਤਿਹਾਸ ਲਿਖਿਆ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰ. ਜਸਵਿੰਦਰ ਸਿੰਘ ਐਮ.ਏ. ਦੀ ਰੁਚੀ ਨੂੰ

ਧਿਆਨ ਵਿਚ ਰੱਖਕੇ ਸਰਕਾਰੀ ਨੌਕਰੀ ਛੁਡਾ ਕੇ ਖੋਜ ਕਾਰਜ ਹਿਤ ਜ਼ਿੰਮੇਵਾਰੀ ਤੇ ਲਾਇਆ। ਉਹਨਾਂ ਨੈਸ਼ਨਲ ਆਰਕਾਈਵਜ਼ ਦਿੱਲੀ ਦੇ ਵਰਕੇ ਫੋਲ ਕੇ ਕੁਝ ਦਸਤਵੇਜ਼ੀ ਰਚਨਾਵਾਂ ਪ੍ਰਕਾਸ਼ਿਤ ਕਰਵਾਈਆਂ ਹਨ। ਇਹ ਉਹਨਾਂ ਦੀ ਖੋਜ ਦਾ ਹੀ ਸਿੱਟਾ ਹੈ ਕਿ ਨਾਮਧਾਰੀ ਗੁਰੂ ਰਾਮ ਸਿੰਘ ਦੇ ਬਰ੍ਹਮਾ ਵਿਖੇ ਚਲਾਣਾ ਕਰਨ ਵਾਲੀ ਖਬਰ ਸੱਚੀ ਨਹੀਂ। ਉਹਨਾਂ ਯੂ.ਕੇ. ਬਰਮਾ ਆਦਿ ਜਾ ਕੇ ਖੋਜ ਕਾਰਜ ਨੂੰ ਅੱਗੇ ਤੋਰਿਆ ਹੈ। ਯੂ.ਕੇ. ਦੇ ਸ੍ਰ. ਸੁਰਜੀਤ ਸਿੰਘ ਜੀਤ ਹੁਰੀਂ ਵੀ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਇਸ ਖੇਤਰ ਵਿਚ ਬਹੁਤ ਮਿਹਨਤ ਕਰ ਰਹੇ ਹਨ। ਉਹਨਾਂ ਤਾਂ ਆਪਣੇ ਘਰ ਨੂੰ ਪੁਰਾਣੀਆਂ ਪੁਸਤਕਾਂ ਦੀ ਲਾਇਬ੍ਰੇਰੀ ਹੀ ਬਣਾ ਰੱਖਿਆ ਹੈ।

ਇਹਨਾਂ ਨਿੱਜੀ ਯਤਨਾਂ ਨੂੰ ਯੂਨੀਵਰਸਿਟੀ ਪੱਧਰ ਉਤੇ ਲੈ ਜਾਣ ਦੀ ਲੋੜ ਹੈ। ਇਸ ਖੋਜ ਵੱਲ ਵਿਸ਼ੇਸ਼ ਧਿਆਨ ਕੇਂਦਰਿਤ ਕਰਨ ਲਈ ਸਿਤਗੁਰੂ ਜੀ ਦੀ ਕਿਰਪਾ, ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਦੀ ਵਿਸ਼ੇਸ਼ ਦਿਲਚਸਪੀ ਦਿਖਾਉਣ ਅਤੇ ਹੋਰ ਅਧਿਕਾਰੀਆਂ ਦੇ ਇਸ ਦਾ ਮਹੱਤਵ ਸਮਝਣ ਨਾਲ ਦੋ ਯੂਨੀਵਰਸਿਟੀਆਂ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਉਤੇ ਚੇਅਰਾਂ ਸਥਾਪਤ ਹੋਈਆਂ ਹਨ। 1997 ਈ. ਵਿਚ ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵ ਵਿਦਿਆਲਾ, ਵਾਰਾਣਸੀ (ਉਤਰ ਪ੍ਰਦੇਸ਼) ਅਤੇ 1999 ਈ. ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ (ਪੰਜਾਬ) ਵਿਚ ਚੇਅਰ ਸਥਾਪਤ ਹੋਈ। ਇੱਕੀਵੀਂ ਸਦੀ ਵਿਚ ਇਹਨਾਂ ਚੇਅਰਾਂ ਰਾਹੀਂ ਐਮ.ਫਿਲ., ਪੀ.ਐਚ.ਡੀ. ਲਿਟ. ਪੱਧਰ ਦਾ ਖੋਜ ਕਾਰਜ ਹੋਵੇਗਾ।

ਇਹਨਾਂ ਯੂਨੀਵਰਸਿਟੀਆਂ ਵਿਚ ਹੋਣ ਵਾਲੇ ਸੈਮੀਨਾਰ, ਕਾਰਜਸ਼ਾਲਾਵਾਂ, ਗੋਸ਼ਟੀਆਂ, ਨਾਮਧਾਰੀ ਇਤਿਹਾਸ ਨੂੰ ਵਿਗਿਆਨਕ ਨਜ਼ਰੀਏ ਤੋਂ ਵਾਚਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣਗੀਆਂ। ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵ ਵਿਦਿਆਲਾ ਵਾਰਾਣਸੀ ਵਲੋਂ ਇਕ ਗੋਸ਼ਟੀ 1997 ਈ. ਵਿਚ ਕੀਤੀ ਗਈ ਸੀ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਲੋਂ ਇਹ ਗੋਸ਼ਟੀ 2001 ਈ. ਵਿਚ ਆਯੋਜਿਤ ਕੀਤੀ ਜਾ ਰਹੀ ਹੈ। ਇਹ ਉੱਦਮ ਸ਼ਲਾਘਾਯੋਗ ਹੈ। ਇਸ ਦਾ ਪ੍ਰਭਾਵ ਵਿਸ਼ਵ ਪੱਧਰ ਉਤੇ ਨਾਮਧਾਰੀ ਲਹਿਰ ਦੇ ਇਤਿਹਾਸਿਕ ਮਹੱਤਵ ਨੂੰ ਵਾਚਣ ਉਤੇ ਪਏਗਾ। ਭਵਿੱਖ ਵਿਚ ਇਹ ਕਾਰਜ ਹੋਰ ਵੱਧ ਥਾਵਾਂ ਉੱਤੇ ਹੁੰਦੇ ਰਹਿਣਗੇ। ਨਵੀਆਂ ਯੋਜਨਾਵਾਂ ਤਿਆਰ ਕਰਕੇ ਅਕਾਦਮਿਕ ਕਾਰਜ ਅੱਗੇ ਵਧਣਗੇ।

ਪਿਛਲੇ ਸਮੇਂ ਉਤੇ ਝਾਤ ਪਾਇਆਂ, ਨਾਮਧਾਰੀ ਲਹਿਰ ਸੰਬੰਧੀ ਲਿਖਣ ਵਾਲਿਆਂ ਦੀ ਗਿਣਤੀ ਬਹੁਤ ਘੱਟ ਹੈ। ਸਾਹਿਤ ਵਿਚ ਨਾਮਧਾਰੀ ਲੇਖਕਾਂ ਦੀ ਕਲਮ ਵੀ ਘੱਟ ਹੀ ਚੱਲੀ ਹੈ। ਨਾਮਧਾਰੀ ਸਿੱਖ ਆਪਣੇ ਵਸੀਹ ਤਜਰਬੇ, ਰੁਚੀਆਂ ਤੇ ਵਿਦਿਅਕ ਯੋਗਤਾਵਾਂ ਕਾਰਨ ਇੱਕੀਵੀਂ ਸਦੀ ਵਿਚ ਗੁਣਾਤਮਕ ਤੇ ਗਿਣਾਤਮਕ ਪੱਖੋਂ ਸਾਹਿਤ ਵਿਚ ਵਾਧਾ ਕਰ ਸਕਦੇ ਹਨ। ਨਹੀਂ ਤਾਂ ਉਨੀਵੀਂ ਸਦੀ ਵਿਚ 8-10 ਲੇਖਕ ਹੀ

ਸਾਹਮਣੇ ਆਏ ਹਨ। ਉਹ ਵੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਅਤ ਬਾਬਾ ਸੰਤੋਖ ਸਿੰਖ ਜੀ ਦੇ ਸਤਿਗੁਰੂ ਬਿਲਾਸ ਤੋਂ ਬਿਨਾਂ ਬਾਕੀ ਕਵਿਤਾ ਹੀ ਲਿਖਦੇ ਸੀ। ਵੀਹਵੀਂ ਸਦੀ ਵਿਚ ਪੰਜਾਬੀ, ਹਿੰਦੀ ਅਤ ਅੰਗਰੇਜ਼ੀ ਵਿਚ ਨਾਮਧਾਰੀ ਸਾਹਿਤਕਾਰਾਂ ਦੀਆਂ ਕਵਿਤਾ, ਕਹਾਣੀ, ਇਕਾਂਗੀ, ਨਾਵਲ, ਮਹਾਂਕਾਵਿ, ਕਿੱਸਾ ਕਾਵਿ ਤੇ ਵਾਰਤਕ ਰਚਨਾਵਾਂ ਪ੍ਰਕਾਸ਼ਿਤ ਹੋਈਆਂ ਹਨ। ਇਹਨਾਂ ਲੇਖਕਾਂ ਵਿਚੋਂ ਪ੍ਰਮੁੱਖ ਬਾਬਾ ਚੰਦ ਸਿੰਘ, ਕਾਲਾ ਸਿੰਘ, ਹਰਨਾਮ ਸਿੰਘ, ਸੰਤ ਧਿਆਨ ਸਿੰਘ, ਸੰਤ ਇੰਦਰ ਸਿੰਘ ਚਕਰਵਰਤੀ, ਸੰਤ ਨਿਧਾਨ ਸਿੰਘ ਆਲਿਮ, ਤਰਨ ਸਿੰਘ ਵਹਿਮੀ, ਆਤਮਾ ਸਿੰਘ ਸਨਖਤਰਵੀ, ਰਜਿੰਦਰ ਸਿੰਘ ਗੁਰੂ ਸਰ, ਮਾਸਟਰ ਨਿਹਾਲ ਸਿੰਘ, ਮੰਗਲ ਸਿੰਘ ਲਾਇਲਪੁਰੀ, ਪ੍ਰੀਤਮ ਸਿੰਘ ਕਵੀ, ਪ੍ਰੀਤਮ ਸਿੰਘ ਪੰਛੀ, ਅਮਰ ਭਾਰਤੀ, ਖਜ਼ਾਨ ਸਿੰਘ ਇਨਸਾਫ, ਬੇਅੰਤ ਕੌਰ, ਸੁਰਿੰਦਰ ਕੌਰ ਖਰਲ, ਅਮਰੀਕ ਸਿੰਘ, ਗਿਆਨੀ ਤੇਰਾ ਸਿੰਘ, ਤਾਰਾ ਸਿੰਘ ਅਨਜਾਣ ਆਦਿ ਹਨ। ਏਸੇ ਕਰਕੇ ਭਵਿੱਖਤ ਉੱਜਲਾ ਲੱਗਦਾ ਹੈ।

ਇੱਕੀਵੀਂ ਸਦੀ ਧਾਰਮਿਕ ਵਖਰੇਵੇਂ ਵਧਾਉਣ ਦੀ ਥਾਂ ਆਪਸੀ ਸਹਿਯੋਗ, ਸੁਹਿਰਦਤਾ ਤੇ ਇਕ ਦੂਜੇ ਦੇ ਨੇੜੇ ਹੋਣ ਦੀ ਸਦੀ ਹੋਵੇਗੀ। ਇਸ ਵਿਚ ਨਾਮਧਾਰੀ ਲਹਿਰ ਆਪਣਾ ਬਣਦਾ ਹਿੱਸਾ ਪਾਏਗੀ। ਇਸ ਸਦੀ ਵਿਚ ਪਰਸਪਰ ਧਰਮ ਨਿਸ਼ਠਾ (ਇੰਟਰਫੇਥ) ਦਾ ਖੇਤਰ ਮੋਕਲਾ ਹੋ ਰਿਹਾ ਹੈ। ਸਿੱਖ ਧਰਮ ਗ੍ਰੰਥ ਤਾਂ ਪਹਿਲਾਂ ਹੀ "ਏਕ ਨੂਰ ਦੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ" ਦਾ ਰਸਤਾ ਵਿਖਾਉਂਦਾ ਹੈ। ਸ੍ਰੀ ਆਦਿ ਗ੍ਰੰਥ ਵਿਚ ਸਤਿਗੁਰੂ ਸਾਹਿਬਾਨ ਦੇ ਨਾਲ ਵੱਖ ਵੱਖ ਫਿਰਕਿਆਂ, ਜਾਤਾਂ, ਧਾਰਮਿਕ ਵਿਸ਼ਵਾਸਾਂ, ਮਜ਼ਬਾਂ ਇਲਾਕਿਆਂ ਦੇ ਧਾਰਮਿਕ ਆਗੂਆਂ, ਸੰਤਾਂ, ਭਗਤਾਂ ਦੀ ਬਾਣੀ ਦਰਜ ਹੈ। ਦਸਮੇਂ ਪਾਤਸ਼ਾਹ ਦੇ ਗ੍ਰੰਥ ਸ੍ਰੀ ਦਸਮ ਗ੍ਰੰਥ ਦੀ ਬਾਣੀ, ਅਕਾਲ ਉਸਤਤ ਦੇ ਇਕ ਕਬਿਤ ਵਿਚ ਦਰਜ ਹੈ :

ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ।
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥26॥86॥

ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਨੇ 1934 ਈ. ਵਿਚ ਸਿੱਖ ਭਾਈਚਾਰੇ ਦੀ ਏਕਤਾ ਲਈ ਗੁਰੂ ਨਾਨਕ ਸਰਬ ਸੰਪਰਦਾਇ ਕਾਨਫਰੰਸ ਕੀਤੀ। ਨਾਮਧਾਰੀ ਗੁਰੂ

ਜਗਜੀਤ ਸਿੰਘ ਜੀ ਨੇ 1999 ਚਿਵ ਕੇਪ ਟਾਊਨ ਦੱਖਣੀ ਅਫ਼ਰੀਕਾ ਵਿਚ ਹੋਈ ਵਿਸ਼ਵ ਧਰਮਾਂ ਦੀ ਪਾਰਲੀਮੈਂਟ ਵਿਚ ਹਿੱਸਾ ਲੈਣ ਲਈ ਨਾਮਧਾਰੀ ਦਰਬਾਰ ਦੇ ਪ੍ਰਧਾਨ ਸੀ। ਹਰਵਿੰਦਰ ਸਿੰਘ ਹੰਸਪਾਲ ਦੀ ਅਗਵਾਈ ਹੇਠ ਪ੍ਰਤੀਨਿਧ ਮੰਡਲ ਭੇਜਿਆ। ਇੰਗਲੈਂਡ ਦੀ ਨਾਮਧਾਰੀ ਸੰਗਤ ਦੇ ਪ੍ਰਾਪੇਗੰਡਾ ਸੈਕਟਰੀ ਸੀ। ਵਾਸਦੇਵ ਸਿੰਘ ਭਮਰਾ ਇੰਟਰ ਫੇਥ ਸੰਸਥਾ ਵਿਚ ਆਪਣੀ ਨਵੇਕਲੀ ਪਛਾਣ ਰੱਖਦੇ ਹਨ। ਸ੍ਰੀ ਸਤਿਗੁਰੂ ਜੀ ਦੀ ਹੋਰ ਧਰਮਾਂ ਦੇ ਧਰਮ ਗੁਰੂਆਂ ਨਾਲ ਗੋਸ਼ਟਿ ਹੁੰਦੀ ਰਹਿੰਦੀ ਹੈ। ਕਈ ਨਾਮਧਾਰੀ ਦੀਵਾਨ ਚਰਚਾਂ, ਮੰਦਰਾਂ, ਗੁਰੂ ਸਿੰਘ ਸਭਾ ਗੁਰਦੁਆਰਿਆਂ ਵਿਚ ਲਗਦੇ ਹਨ। ਇੱਕੀਵੀਂ ਸਦੀ ਵਿਚ ਨਾਮਧਾਰੀ ਲਹਿਰ ਇਸ ਪਾਸੇ ਆਪਣਾ ਇਹ ਰੁਝਾਨ ਜਾਰੀ ਰੱਖੇਗੀ।

ਧਾਰਮਿਕ ਨੇੜਤਾ ਦੇ ਨਾਲ ਨਾਲ ਸਦਾਚਾਰ ਕਦਰਾਂ ਕੀਮਤਾਂ ਮਨੁੱਖ ਨੂੰ ਚੰਗੇਰਾ ਮਨੁੱਖ ਬਣਾਉਂਦੀਆਂ ਹਨ। ਸਦਾਚਾਰਕ ਗਿਰਾਵਟ, ਸਰੀਰਕ ਤੇ ਸਮਾਜਕ ਰੋਗਾਂ ਨੂੰ ਜਮਨ ਦਿੰਦੀ ਹੈ। ਇਹਨਾਂ ਤੋਂ ਛੁਟਕਾਰਾ ਪਾਉਣ ਲਈ ਕਾਮ, ਕ੍ਰੋਧ, ਲੋਭ ਮੋਹ, ਹੰਕਾਰ ਆਦਿ ਤੋਂ ਦੂਰ ਰਹਿਣਾ ਸੁਖਦਾਈ ਰਹਿੰਦਾ ਹੈ। ਇੱਕੀਵੀਂ ਸਦੀ ਦੀ ਮਗਰਮੱਛ ਵਾਂਗ ਮੂੰਹ ਅੱਡੀ ਬੈਠੀ ਬੀਮਾਰੀ, ਏਡਜ਼ ਨੇ ਸਾਰੇ ਵਿਸ਼ਵ ਨੂੰ ਚਿੰਤਿਤ ਕਰ ਦਿੱਤਾ ਹੈ। ਅਜੇ ਤਕ ਚਿਕਿਤਸਾ ਵਿਗਿਆਨ ਇਸ ਦਾ ਕੋਈ ਤਸੱਲੀਬਖਸ਼ ਹੱਲ ਨਹੀਂ ਲੱਭ ਸਕਿਆ। ਏਸੇ ਕਰਕੇ ਕਿਸੇ ਏਡਜ਼ ਕਾਰਨ ਰੋਗੀ ਮਨੁੱਖਾਂ ਦੇ ਮੌਤ ਦੇ ਮੂੰਹੋਂ ਬਚਣ ਦੀ ਸੰਭਾਵਨਾ ਘੱਟ ਹੀ ਨਜ਼ਰ ਆਉਂਦੀ ਹੈ। ਇਹ ਚਿੰਤਾ 1999 ਈਸਵੀ ਦੀ ਵਿਸ਼ਵ ਧਰਮਾਂ ਦੀ ਪਾਰਲੀਮੈਂਟ ਵਿਚ ਵੀ ਪ੍ਰਗਟ ਕੀਤੀ ਗਈ ਸੀ।

ਇਸ ਰੋਗ ਦੇ ਕਾਰਨਾਂ ਵਿਚੋਂ ਇਕ ਖਾਸ ਕਾਰਨ ਕਿਸੇ ਰੋਗ ਗ੍ਰਸਤ ਵਿਅਕਤੀ ਨਾਲ ਜਿਨਸੀ ਸੰਬੰਧ ਬਣਾਵੁਣਾ ਹੈ ਅਤੇ ਇਲਾਜ ਵੀ ਗੈਰ ਔਰਤ/ਮਰਦ ਨਾਲ ਲਿੰਗ ਸੰਬੰਧ ਰੱਖਣ ਤੋਂ ਬਚਣਾ ਹੈ। ਪਰ ਨਾਰੀ ਨਾਲ ਸੇਜ ਸਾਂਝੀ ਨਾ ਕਰਨਾ ਸਾਡੇ ਸਦਾਚਾਰਕ ਮੁੱਲਾਂ ਦਾ ਪਹਿਲਾਂ ਹੀ ਹਿੱਸਾ ਰਿਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਵਿਚ ਲਿਖਿਆ ਹੈ :

> ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜੈਯਹੁ ॥
> ਪਰ ਨਾਰੀ ਕੀ ਸੇਜ ਪਰ ਭੂਲਿ ਨ ਦੀਜਹੁ ਪਾਇ ॥ **(ਚਰਿਤ੍ਰ)**

ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ ਆਪਣੇ ਹੁਕਮਨਾਮੇ ਵਿਚ ਤਾਕੀਦ ਕੀਤੀ ਹੈ:

> ਰੰਡੀ ਦੇ ਸੰਗਿ ਤੇ ਇਕ ਤਾਂ ਸਰੀਰ ਨੂੰ ਦੁਖ ਲਗ ਜਾਂਦਾ ਹੈ, ਦੂਜਾ ਪੈਸਾ ਬਰਬਾਦ ਹੁੰਦਾ ਹੈ, ਤੀਆ ਧਰਮ ਜਾਂਦਾ ਹੈ, ਚੌਥਾ ਲੋਕਾਂ ਮੈ ਬਹੁਤ ਭੰਡੀ ਹੁੰਦੀ ਹੈ। (ਹੁਕਮਨਾਮਾ 49)

ਭਖ ਅਭਖ ਖਾਣਾ, ਨਸ਼ੇ ਪਤੇ ਕਰਨਾ ਮਨੁੱਖ ਨੂੰ ਸਰੀਰਕ ਪੱਖੋਂ ਕਮਜ਼ੋਰ ਤੇ ਰੋਗੀ

ਕਰਦਾ ਹੈ ਅਤੇ ਸਦਾਚਾਰਕ ਪੱਖੋਂ ਹੀਨਭਾਵਨਾ ਦਾ ਸ਼ਿਕਾਰ। ਪਿਛਲੀਆਂ ਸਦੀਆਂ ਵਾਂਗ ਇੱਕੀਵੀਂ ਸਦੀ ਦਾ ਨਾਮਧਾਰੀ ਵੀ ਇਹਨਾਂ ਦੀ ਮਾਰ ਤੋਂ ਬਚਿਆ ਰਹੇਗਾ। ਉਹ ਨਾ ਹੀ ਗੈਰਜ਼ਰੂਰੀ ਤੌਰ ਉਤੇ ਕਮਜ਼ੋਰ ਹੋਵੇਗਾ ਤੇ ਨਾ ਹੀ ਨਸ਼ਿਆਂ ਅਤੇ ਬੀਮਾਰੀ ਕਾਰਨ ਅਜ਼ਾਈਂ, ਅਕਾਲ ਮਿਰਤੂ ਦਾ ਸ਼ਿਕਾਰ ਹੋਵੇਗਾ। ਉਹ ਕਲਜੁਗ ਦੇ ਭਿਆਨਕ ਸਮੇਂ ਵਿਚ ਗਿਆਨੀ ਗਿਆਨ ਸਿੰਘ ਦਾ ਦਸਿਆ ਸਤਿਜੁਗੀ ਜੀਵਨ ਜਿਉਂਦਾ ਰਹੇਗਾ।

> ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ
> ਠਗੀ ਤਜਿ ਥੀਏ ਸੰਤ ਸਤਿਜੁਗ ਆ ਗਿਓ॥ (ਪੰਥ ਪ੍ਰਕਾਸ਼)

ਚਰਸ, ਗਾਂਜਾ, ਹਸ਼ੀਸ਼, ਸਮੈਕ, ਬ੍ਰਾਊਨ ਸ਼ੂਗਰ, ਅਫੀਮ, ਸ਼ਰਾਬ ਤੇ ਹੋਰ ਨਸ਼ਿਆਂ ਤੋਂ ਬਚਿਆ ਨਾਮਧਾਰੀ ਸਿੰਘ ਇੱਕੀਵੀਂ ਸਦੀ ਵਿਚ ਵੀ ਨਰੋਇਆ ਰਹੇਗਾ। ਉਹ ਚਾਹ, ਕਾਫੀ, ਕੋਕਾ ਕੋਲਾ ਵਰਗੇ ਬੀਮਾਰੀ ਨੂੰ ਸੱਦਾ ਦੇਣ ਵਾਲੇ ਪਦਾਰਥਾਂ ਨੂੰ ਨਿਆਮਤ ਨਹੀਂ ਸਮਝੇਗਾ ਤੇ ਇਹਨਾਂ ਤੋਂ ਬਚਿਆ ਰਹੇਗਾ।

ਨਾਮਧਾਰੀ ਲਹਿਰ ਦੇ ਅਨੁਗਾਮੀ ਦਾ ਪਰਿਵਾਰ ਸੰਯੁਕਤ, ਮੁਹੱਬਤ ਭਰਿਆ ਜੀਵਨ ਬਿਤਾਉਂਦਾ ਰਹੇਗਾ। ਉਂਜ ਹੁਣ ਪਰਿਵਾਰ ਟੁੱਟ ਰਹੇ ਹਨ। ਰੋਜ਼ੀ ਰੋਟੀ ਦੀ ਭਾਲ ਲਈ ਦੂਰ ਦੁਰਾਡੇ ਜਾਣਾ ਇਕ ਕਾਰਨ ਹੋ ਸਕਦਾ ਹੈ ਪਰ ਮੋਹ, ਪਿਆਰ ਦਾ ਘਟਣਾ ਤੇ ਸਵਾਰਥ ਦਾ ਵਧਣਾ ਇਕ ਖਾਸ ਕਾਰਨ ਹੈ। ਇਸ ਨਾਲ ਆਪਣੇ ਅਮੀਰ ਵਿਰਸੇ ਤੋਂ ਬੇਮੁਖ ਹੋਣ, ਬਜ਼ੁਰਗਾਂ ਪ੍ਰਤੀ ਅਨਾਦਰ ਤੇ ਲਾਪ੍ਰਵਾਹੀ ਦੀ ਭਾਵਨਾ ਵਧ ਰਹੀ ਹੈ। ਦੇਸ ਤੇ ਸਮਾਜ ਪ੍ਰਤੀ ਜ਼ੁੰਮੇਵਾਰੀਆਂ ਨਿਭਾਉਣ ਲਈ ਮਨੁੱਖ ਨੂੰ ਕਾਨੂੰਨ ਹੀ ਮਜਬੂਰ ਕਰਦਾ ਹੈ ਪਰ ਨਾਮਧਾਰੀ ਸਾਂਝ, ਸਾਥ, ਮੋਹ, ਪਿਆਰ, ਨਿਘ ਨੇੜ ਕੇਵਲ ਇਸ ਕਰਕੇ ਹੀ ਨਹੀਂ ਰੱਖ ਰਿਹਾ ਕਿ ਉਹ ਆਲੇ ਦੁਆਲੇ ਤੋਂ ਸਿੱਖ ਰਿਹਾ ਹੈ ਸਗੋਂ ਇਸ ਕਰਕੇ ਹੈ ਕਿ ਉਹ ਆਪਣੇ ਸਤਿਗੁਰ ਨਾਲ ਸਤਿਕਾਰ ਪਿਆਰ ਦੀ ਤੰਦ ਨਾਲ ਬੱਝਾ ਹੋਇਆ ਹੈ। ਸਤਿਗੁਰੂ ਜੀ ਨਾਲ ਸਾਂਝ ਉਹਨਾਂ ਨੂੰ ਸਮਾਜਕ ਤੇ ਨਿੱਜੀ ਸਮੱਸਿਆਵਾਂ ਤੋਂ ਮੁਕਤੀ ਦਿਵਾਉਣ ਵਿਚ ਸਹਾਈ ਹੁੰਦੀ ਹੈ। ਉਸ ਅੰਦਰ ਇਕੱਲੇਪਨ ਅਤੇ ਅਸੁੱਰਖਿਅਤਾ ਦੀ ਭਾਵਨਾ ਜੇ ਆਏਗੀ ਤੇ ਉਸ ਉਤੇ ਅੰਕੁਸ਼ ਲੱਗਿਆ ਰਹੇਗਾ।

ਜੀਉ ਤੇ ਜੀਣ ਦਿਓ ਨਾਲ ਜੀਵ ਪ੍ਰੇਮ ਦੀ ਭਾਵਨਾ ਜੁੜੀ ਹੋਈ ਹੈ। ਨਾਮਧਾਰੀ ਸ਼ਾਕਾਹਾਰੀ ਹੈ ਸੋ ਇੱਕੀਵੀਂ ਸਦੀ ਵਿਚ ਵੀ ਉਸ ਦੀ ਸਭ ਜੀਵਾਂ ਪ੍ਰਤੀ ਪ੍ਰੇਮ ਦੀ ਭਾਵਨਾ ਬਣੀ ਰਹੇਗੀ। ਦੂਜੇ ਪਾਸੇ ਮਾਸਾਹਾਰੀ ਵਿਅਕਤੀ ਦੇ ਮਨ ਵਿਚ ਕਿਸੇ ਜੀਵ ਨੂੰ ਮਾਰਨ, ਉਸ ਦਾ ਸ਼ਿਕਾਰ ਕਰਨ, ਉਸਨੂੰ ਕੁਹੀਂਦਾ ਵੇਖਣ ਜਾਂ ਉਸਨੂੰ ਪਰੋਸਿਆ ਵੇਖਕੇ ਹਮਦਰਦੀ ਦੀ ਭਾਵਨਾ ਰਹਿੰਦੀ ਹੀ ਨਹੀਂ। ਇਸ ਤਰ੍ਹਾਂ ਨਾਮਧਾਰੀਆਂ ਦੇ ਜੀਵ ਪ੍ਰੇਮ ਤੇ ਸ਼ਾਕਾਹਾਰ ਕਾਰਨ ਹੀ ਜੀਵਾਂ ਦੀਆਂ ਖਤਮ ਹੋ ਰਹੀਆਂ ਪ੍ਰਜਾਤੀਆਂ ਬਚੀਆਂ ਰਹਿ ਸਕਣਗੀਆਂ ਅਤੇ ਵੰਡ ਸੁਵੰਨੇ ਵਿਸ਼ਵ ਦਾ ਨੁਕਸਾਨ ਰੋਣੋਂ ਬਚਿਆ ਰਹਿ ਸਕੇਗਾ।

ਆਤੰਕਵਾਦੀਆਂ ਦੇ ਮਨ ਵਿਚ ਵੀ ਕਿਸੇ ਦਾ ਖ਼ੂਨ ਡੁਲ੍ਹਦਾ ਵੇਖ ਕੇ ਤਿਆਰ ਤੇ ਹਮਦਰਦੀ ਨਹੀਂ ਉਪਜਦੀ। ਨਾਮਘਾਰੀ ਜੀਵ ਹੱਤਿਆ ਨੂੰ ਨਫ਼ਰਤ ਕਰਦਾ ਹੈ। ਸੋ, ਉਹ ਸਾਰੇ ਜੀਵਾਂ ਦੇ ਸਰਦਾਰ ਮਨੁੱਖ ਦਾ ਵੀ ਨੁਕਸਾਨ ਨਹੀਂ ਹੋਣ ਦੇਵੇਗਾ ਤੇ ਦਹਿਸ਼ਤ ਪਸੰਦਾਂ ਦੀ ਗਿਣਤੀ ਘਟਾਏਗਾ। ਉਗਰਵਾਦ ਦਾ ਅਸਰ ਬਹੁਤਾ ਨੌਜਵਾਨ ਪੀੜ੍ਹੀ ਉਤੇ ਹੁੰਦਾ ਹੈ। ਮਰਨ ਮਾਰਨ ਵਾਲੇ ਬਹੁਤੇ ਨੌਜਵਾਨ ਹੀ ਹੁੰਦੇ ਹਨ, ਸੋ ਇਸ ਉਮਰ ਦੇ ਮਿਹਨਤਕਸ਼ ਹੱਥਾਂ ਦੀ ਗਿਣਤੀ ਵੀ ਘਟਦੀ ਹੈ। ਪਰ ਨਾਮਧਾਰੀ ਸਿੱਖਾਂ ਦਾ ਵਿਹਾਰ ਅਚੇਤ ਹੀ ਉਗਰਵਾਦ ਦਾ ਖਾਤਮਾ ਕਰਨ ਵਿਚ ਆਪਣਾ ਹਿੱਸਾ ਪਾ ਰਿਹਾ ਹੋਵੇਗਾ।

ਉਗਰਵਾਦ ਤੇ ਦੇਸ਼ਾਂ ਦੀਆਂ ਆਪਸੀ ਲੜਾਈਆਂ ਨਾਲ ਬਦਅਮਨੀ ਫੈਲਦੀ ਹੈ। ਪਰ ਬਹੁਤੇ ਮਨੁੱਖ ਬਿਨਾਂ ਕਲਿੰਗਾ ਦੀ ਲੜਾਈ ਲੜਿਆਂ ਅਮਨ ਨਾਲ ਰਹਿਣਾ ਚਾਹੁੰਦੇ ਹਨ। ਨਾਮਧਾਰੀ ਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਨਾਮਧਾਰੀ ਸਿੱਖ ਖੁਦ ਹੀ ਅਮਨ ਪਸੰਦ ਨਹੀਂ ਸਗੋਂ ਸ਼ਾਂਤੀ ਦਾ ਅਲੰਬਰਦਾਰ ਹੈ ਤੇ ਰਹੇਗਾ। ਸ੍ਰੀ ਸਤਿਗੁਰੂ ਜੀ ਵਿਸ਼ਵ ਅਮਨ ਲਹਿਰ ਵਿਚ ਸਰਗਰਮ ਹਿੱਸਾ ਲੈਂਦੇ ਰਹੇ ਹਨ। ਉਹ ਜਾਣਦੇ ਹਨ ਕਿ ਅਮਨ ਲਈ ਯਤਨ ਕੇਵਲ ਰਾਜਨੀਤਕ ਆਗੂਆਂ ਅਤੇ ਰਾਜ ਪ੍ਰਮੁੱਖਾਂ ਦਾ ਹੀ ਕੰਮ ਨਹੀਂ ਧਾਰਮਿਕ ਵਿਅਕਤੀ ਇਸ ਵਿਚ ਮਹੱਤਵਪੂਰਨ ਹਿੱਸਾ ਪਾ ਸਕਦੇ ਹਨ। ਉਹ ਆਪਣੀ ਅਧਿਆਤਮਿਕ ਸਾਧਨਾ ਨਾਲ ਮਨੁੱਖੀ ਮਨ ਨੂੰ ਪ੍ਰਭਾਵਿਤ ਕਰ ਸਕਦੇ ਹਨ। ਅਗਸਤ 2000 ਵਿਚ ਵਿਸ਼ਵ ਦੇ ਧਾਰਮਿਕ ਅਤੇ ਅਧਿਆਤਮਿਕ ਰਹਿਨੁਮਾਵਾਂ ਦਾ ਦਹਿਸਦੀ ਵਿਸ਼ਵ ਅਮਨ ਸਿਖਰ ਸੰਮੇਲਨ ਯੂ.ਐਨ.ਓ. ਦੇ ਅਸੈਂਬਲੀ ਹਾਲ ਵਿਚ, ਨਿਊਯਾਰਕ (ਅਮਰੀਕਾ) ਵਿਚ ਹੋਇਆ। ਆਪ ਜੀ ਦੀ ਛਤਕ ਛਾਇਆ ਹੇਠ ਉਸ ਵਿਚ ਨਾਮਧਾਰੀ ਸਿੱਖਾਂ ਨੇ ਵੀ ਸਰਗਰਮ ਹਿੱਸਾ ਲਿਆ। ਆਉਣ ਵਾਲਾ, ਅਮਨ ਸਿਖਰ ਸੰਮੇਲਨ ਸ੍ਰੀ ਸਤਿਗੁਰੂ ਜੀ ਵੱਲੋਂ ਕਰਵਾਏ ਜਾਣ ਦਾ ਐਲਾਨ ਕੀਤਾ ਗਿਆ। ਆਉਣ ਵਾਲਾ, ਹਮਨ ਸਿਖਰ ਸੰਮੇਲਨ ਸ੍ਰੀ ਸਤਿਗੁਰੂ ਜੀ ਵੱਲੋਂ ਕਰਵਾਏ ਜਾਣ ਦਾ ਐਲਾਨ ਕੀਤਾ ਗਿਆ। ਨਾਮਧਾਰੀ ਲਹਿਰ ਵੱਲੋਂ ਇੱਕੀਵੀਂ ਸਦੀ ਵਿਚ ਐਸੀਆਂ ਸਰਗਰਮੀਆਂ ਜਾਰੀ ਰੱਖੀਆਂ ਜਾਣਗੀਆਂ।

ਵਿਸ਼ਵ ਅਮਨ, ਭਾਈਚਾਰਕ ਏਕਤਾ, ਪਰਿਵਾਰਕ ਮੇਲ ਜੋਲ, ਸਮਾਜਕ ਸਾਂਝ, ਸ਼ਾਕਾਹਾਰ ਅਤੇ ਸਦਾਚਾਰਕ ਮੁੱਲਾਂ ਨੂੰ ਪੱਲ ਬੰਨਣ ਵਾਲਾ ਇੱਕੀਵੀਂ ਸਦੀ ਦਾ ਨਾਮਧਾਰੀ ਸਿੱਖ ਸਰਬੱਤ ਦੇ ਭਲੇ ਨੂੰ ਅਮਲੀ ਰੂਪ ਦੇਣ ਵਾਲਾ ਮਨੁੱਖ ਹੋਵੇਗਾ। ਉਹ ਦੂਜੇ ਨੂੰ ਜਿਉਂਦਾ ਜਾਗਦਾ, ਵਿਕਾਸ ਕਰਦਾ ਵੇਖ ਕੇ ਖਿੜਿਆ ਨਜ਼ਰ ਆਏਗਾ। ਇਸ ਨਾਲ ਉਹ ਸੰਸਾਰ ਨੂੰ ਖੁਸ਼ੀਆਂ ਨਾਲ ਭਰ ਰਿਹਾ ਹੋਵੇਗਾ।

ਮਨੁੱਖ ਦੀਆਂ ਸਕਾਰਾਤਮਕ ਬਿਰਤੀਆਂ ਪ੍ਰਸੰਨਤਾ ਵਧਾਉਂਦੀਆਂ ਹਨ ਤੇ ਨਕਾਰਾਤਮਕ ਬਿਰਤੀਆਂ ਇਸ ਨੂੰ ਘਟਾਉਂਦੀਆਂ ਹਨ। ਨਕਾਰਾਤਮਕ ਬਿਰਤੀਆਂ ਮਨੁੱਖ ਅੰਦਰ ਈਰਖਾ ਦਵੈਤ, ਵੈਰ, ਵਿਰੋਧ ਭਰਦੀਆਂ ਹਨ। ਉਹ ਉਸ ਨੂੰ ਗੁਸੈਲ

ਬਣਾਉਂਦੀਆਂ ਹਨ। ਮਨੁੱਖ ਕੁਚਲ, ਕਠੋਰ, ਕਪਟੀ ਤੇ ਕਾਮੀ ਬਣ ਜਾਂਦਾ ਹੈ। ਉਹ ਲੋਭੀ ਤੇ ਹੰਕਾਰੀ ਬਣ ਜਾਂਦਾ ਹੈ। ਉਸ ਦਾ ਮੋਹ ਪਿਆਰ ਸੀਮਿਤ ਹੁੰਦਾ ਹੈ। ਸਵਾਰਥ ਦੇ ਵਲਗਣ ਵਿਚ ਵਲਿਆ, ਐਸਾ ਮਨੁੱਖ, ਮਾਯੂਸ, ਉਪਰਾਮ, ਖਿੜ ਕਾਰਨ ਢਹਿੰਦੀ ਕਲਾ ਵੱਲ ਜਾ ਰਿਹਾ ਹੁੰਦਾ ਹੈ। ਉਹ ਨਸ਼ੇ ਪਤੇ, ਚੋਰੀ ਚਕਾਰੀ, ਖ਼ੂਨ ਖਰਾਬੇ ਵੱਲ ਤੇ ਦੂਜੇ ਦਾ ਹੱਕ ਮਾਰਨ ਵੱਲ ਵਧਦਾ ਹੈ। ਕਈ ਵਾਰ ਉਹ ਐਨਾ ਢਹਿੰਦੀ ਕਲਾ ਵਿਚ ਜਾ ਚੁੱਕਾ ਹੁੰਦਾ ਹੈ ਕਿ ਉਹ ਦੂਸਰੇ ਨੂੰ ਕਤਲ ਕਰਨਾ ਤਾਂ ਕੀ ਆਤਮ ਹੱਤਿਆ ਕਰਨੋਂ ਵੀ ਗੁਰੇਜ਼ ਨਹੀਂ ਕਰਦਾ। ਉਹ ਆਪਣੇ ਤੇ ਆਪਣੇ ਹਮਸਾਇਆਂ ਨੂੰ ਕਿਸੇ ਵੱਡੇ ਸੰਕਟ ਵਿਚ ਪਾ ਦੇਂਦਾ ਹੈ। ਪਰ ਇੱਕੀਵੀਂ ਸਦੀ ਦਾ ਨਾਮਧਾਰੀ ਪਹਿਲਾਂ ਵਾਂਗ ਸਕਾਰਾਤਮਿਕ ਰੁਚੀਆਂ ਦਾ ਧਾਰਨੀ ਰਹੇਗਾ। ਉਹ ਸਤ ਧਰਮ, ਸਰਬੱਤ ਦੇ ਭਲੇ, ਸਬਰ ਸ਼ੁਕਰ ਦਾ ਪੱਲਾ ਫੜੀ ਰੱਖੇਗਾ। ਉਹ ਸਹਿਜ, ਸਰਲ, ਸ਼ਾਂਤ, ਸੁਖਦਾਇਕ ਜੀਵਨ ਬਤੀਤ ਕਰੇਗਾ। ਇਸ ਦਾ ਕਾਰਨ ਹੈ ਉਸ ਨੂੰ ਸਤਿਗੁਰੂ ਦਾ ਦਿੱਤਾ ਨਾਮ ਤੇ ਉਸ ਦਾ ਸਿਮਰਨ। ਉਂਜ ਪੱਛਮੀ ਤੇ ਪੂਰਬੀ ਧਰਮਾਂ ਵਿਚ ਨਾਮ ਸਿਮਰਨ ਕਰਨ ਦਾ ਮਹੱਤਵ ਹੈ। ਸਿੱਖ ਧਰਮ ਗ੍ਰੰਥ ਵਿਚ ਤਾਂ ਸਤਿਗੁਰੂ ਦੀ ਸ਼ਰਨ ਆਉਣ ਅਤੇ ਨਾਮ ਜਪਣ ਦੀ ਵਾਰ ਵਾਰ ਤਾਕੀਦ ਕੀਤੀ ਗਈ ਹੈ ਅਤੇ ਨਾਮਧਾਰੀ ਲਹਿਰ ਦਾ ਪੈਰੋਕਾਰ, ਸਤਿਗੁਰੂ ਦੀ ਰਹਿਨੁਮਾਈ ਕਰਕੇ ਭਜਨ ਬੰਦਗੀ ਦਾ ਲਾਹਾ ਲੈਂਦਾ ਰਹੇਗਾ।

ਇੱਕੀਵੀਂ ਸਦੀ ਵਿਚ ਨਾਮਧਾਰੀ ਸਿੱਖ ਵੱਧ ਅਮੀਰ ਹੋਵੇਗਾ। ਪਰ ਉਸਦੀ ਅਮੀਰੀ ਕੇਵਲ ਆਰਥਿਕ ਪੱਖੋਂ ਨਹੀਂ ਹੋਵੇਗੀ, ਉਸ ਦੀ ਪ੍ਰੰਪਰਕ ਵਿਰਸੇ ਤੇ ਸਭਿਆਚਾਰਕ ਤੇ ਸਦਾਚਾਰਕ ਗੁਣਾਂ ਦੀ ਵੀ ਅਮੀਰੀ ਹੋਵੇਗੀ ਅਤੇ ਵੱਡੀ ਅਮੀਰੀ ਹੋਵੇਗੀ ਰੂਹਾਨੀਅਤ ਦੀ, ਭਜਨ ਬੰਦਗੀ ਦੀ, ਸੇਵਾ ਦੀ। ਇਸ ਦੀ ਮਿਸਾਲ ਹੈ ਕਿ ਨਾਮਧਾਰੀ ਸਿੱਖ ਪੈਸੇ ਨੂੰ ਆਪਣੇ ਐਸ਼ੋ ਅਰਾਮ ਤੇ ਸਵਾਰਥ ਲਈ ਨਹੀਂ ਵਰਤਦਾ, ਉਹ ਧਾਰਮਕ ਕਾਰਜਾਂ ਤੇ ਸੇਵਾ ਸਹਾਇਤਾ ਲਈ ਵਰਤਦਾ ਹੈ, ਇਕ ਇਕ ਸਿੱਖ ਸਾਰੇ ਸਾਲ ਦਾ ਸ੍ਰੀ ਭੈਣੀ ਸਾਹਿਬ ਦਾ ਖਰਚ ਕਰਨ ਦੀ ਸੇਵਾ ਲੈਣ ਵਿਚ ਆਪਣਾ ਸੁਭਾਗ ਸਮਝਦਾ ਹੈ। ਇਸ ਵਿਜ ਦੋ ਵੱਡੇ ਮੇਲੇ ਅੱਸੂ ਦਾ ਮੇਲਾ ਅਤੇ ਹੋਲਾ ਮਹੱਲਾ ਵੀ ਹੁੰਦੇ ਹਨ। 50-60 ਲੱਖ ਹੋਣਾ ਕੋਈ ਵੱਡੀ ਗੱਲ ਨਹੀਂ। ਉਹ ਹੋਰ ਥਾਈਂ ਵੀ ਦਾਨ ਦੇਂਦਾ ਹੈ। ਇੱਕੀਵੀਂ ਸਦੀ ਵਿਚ ਐਸੇ ਸਮਰਥਾਵਾਨ ਵਿਅਕਤੀ ਹੋਰ ਵਧਣਗੇ।

ਇੰਜ ਨਾਮਧਾਰੀ ਲਹਿਰ ਦੇ ਇੱਕੀਵੀਂ ਸਦੀ ਦੇ ਰੁਝਾਨ ਨੂੰ ਵਿਚਾਰਿਆਂ ਇਹ ਸਾਫ਼ ਨਜ਼ਰ ਆਉਂਦਾ ਹੈ ਕਿ ਇਸ ਸਮੇਂ ਵਿਚ ਇਸ ਰਾਹੀਂ ਆਪਣੀਆਂ ਕਦਰਾਂ ਕੀਮਤਾਂ, ਉਹਨਾਂ ਉਤੇ ਅਮਲ, ਇਸ ਦੇ ਅਮੀਰ ਵਿਰਸੇ ਨੂੰ ਸੰਭਾਲਣ ਅਤੇ ਸਰਬੱਤ ਦੇ ਭਲੇ ਲਈ ਉਸਦੀ ਵਰਤੋਂ ਲਈ ਸਹਾਈ ਹੋਣਗੀਆਂ। ਇਹ ਵਿਸ਼ਵ ਹਰੀ ਦਾ ਰੂਪ ਨਜ਼ਰ ਆਉਣ ਕਾਰਨ ਪਿਆਰਾ ਪਿਆਰਾ ਲਗਦਾ ਤੇ ਵਧਦਾ ਫੁੱਲਦਾ ਰਹੇਗਾ। ਨਾਮਧਾਰੀ ਲਹਿਰ ਦਾ ਇਸ ਵਿਚ ਆਪਣਾ ਮੁੱਲਵਾਨ ਹਿੱਸਾ ਪਏਗਾ।

# ਨਾਮਧਾਰੀ ਸਿੱਖਾਂ ਦੀ ਗੁਰਮਤਿ ਸੰਗੀਤ ਨੂੰ ਦੇਣ

–ਹਰਪਾਲ ਸਿੰਘ 'ਸੇਵਕ'

**ਗੁਰਮਤਿ ਸੰਗੀਤ** : ਗੁਰਮਤਿ ਸੰਗੀਤ ਦਾ ਪਿਛੋਕੜ, ਆਰੰਭ ਅਤੇ ਸਰੂਪ, ਰਾਗ ਨਾਦ ਅਤੇ ਸ੍ਰੀ ਨਾਨਕ ਬਾਣੀ।

**ਨਾਮਧਾਰੀ ਸਿੱਖ ਸਮਾਜ** : ਨਾਮਧਾਰੀ ਅਤੇ ਕੂਕੇ ਨਾਮਕਰਣ, ਗੁਰਮਤਿ ਸੰਗੀਤ ਦੀ ਸਾਂਭ ਸੰਭਾਲ, ਪ੍ਰਚਾਰ ਪ੍ਰਸਾਰ ਅਤੇ ਨਵ-ਸਿਰਜਣਾ।

**ਅਜ਼ਾਦੀ ਸੰਗ੍ਰਾਮ ਵਿਚ ਅਹਿਮ ਭੂਮਿਕਾ** : ਸੰਗੀਤ ਦੇ ਮਾਧਿਅਮ ਰਾਹੀਂ ਨਾਮਧਾਰੀ ਸਿੱਖਾਂ ਦੀ ਅਜ਼ਾਦੀ ਸੰਗ੍ਰਾਮ ਵਿਚ ਅਹਿਮ ਭੂਮਿਕਾ।

ਇਸ ਪਰਚੇ ਵਿਚ ਗੁਰਮਤਿ ਸੰਗੀਤ ਦੇ ਤਕਨੀਕੀ ਪਹਿਲੂਆਂ ਤੇ ਸੰਖੇਪ ਅਤੇ ਸਿਧਾਂਤਕ ਪਹਿਲੂਆਂ ਤੇ ਵਿਸਤਰਿਤ ਚਰਚਾ ਹੈ।

**ਗੁਰਮਤਿ ਸੰਗੀਤ ਦਾ ਪਿਛੋਕੜ** : ਰਾਗ ਨਾਦ, ਗੁਰਬਾਣੀ ਅਤੇ ਗੁਰਮਤਿ ਸੰਗੀਤ ਦਾ ਅਟੁੱਟ ਸੰਬੰਧ ਹੈ। ਗੁਰਮਤਿ ਸੰਗੀਤ ਦਾ ਆਧਾਰ ਸ਼ਾਸਤਰੀ ਸੰਗੀਤ ਹੈ। ਜਿਵੇਂ ਪੌਰਾਣਿਕ ਕਥਾਵਾਂ ਦੇ ਗਿਆਨ ਤੋਂ ਬਿਨਾਂ ਗੁਰਬਾਣੀ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ, ਏਸੇ ਤਰ੍ਹਾਂ ਹੀ ਸ਼ਾਸਤਰੀ ਸੰਗੀਤ ਦੇ ਗਿਆਨ ਤੋਂ ਬਿਨਾਂ ਗੁਰਮਤਿ ਸੰਗੀਤ ਨੂੰ ਵੀ ਨਹੀਂ ਸਮਝਿਆ ਜਾ ਸਕਦਾ। ਸ਼ਾਸਤਰੀ ਸੰਗੀਤ ਇਕ ਦੈਵੀ ਰਚਨਾ ਹੈ, ਕੁਦਰਤ ਦੇ ਅਨਹਦ ਨਾਦ ਤੋਂ ਉਪਜਿਆ ਬ੍ਰਹਮਨਾਦ। ਸੰਗੀਤ ਦੈਵੀ ਪ੍ਰਸਾਦਿ ਹੈ, ਪ੍ਰਾਣੀ ਮਾਤ੍ਰ ਦੀ ਸਾਂਝੀ ਭਾਸ਼ਾ ਅਤੇ ਵਸੀਕਰਣ ਮੰਤ੍ਰ ਹੈ। ਪਰਮਾਤਮਾ ਦੀ ਸਾਰੀ ਰਚਨਾ ਹੀ ਸੰਗੀਤਮਈ ਹੈ। ਬ੍ਰਹਿਮੰਡ ਵਿਚ ਸੂਰਜ, ਚੰਦ, ਤਾਰਿਆਂ ਦਾ ਇਕ ਲੈਅ ਵਿਚ ਨਿਰੰਤਰ ਚੱਲਣਾ, ਸਾਗਰ ਦੀਆਂ ਛੱਲਾਂ ਅਤੇ ਬੱਦਲਾਂ ਦੀ ਗਰਜਣ ਦਾ ਮ੍ਰਿਦੰਗ ਵਾਦਨ, ਬਿਜਲੀ ਦੀ ਕੜਕਣ, ਝਰਨਿਆਂ, ਨਦੀਆਂ ਨਾਲਿਆਂ ਦੀ ਕਲ ਕਲ ਜੰਗਲਾਂ ਬੇਲਿਆਂ ਵਿਚ ਪਉਣ ਦੀ ਰੁਮਕਣ ਅਤੇ ਪੰਛੀਆਂ ਦਾ ਗਾਇਨ ਇਹ ਸਭ ਕੁਦਰਤ ਦੇ ਅਨਹਦ ਨਾਦ ਦਾ ਹੀ ਅਲਾਪ ਹੈ। ਇਸੇ ਬ੍ਰਹਿਮੰਡੀ ਨਾਦ ਬਾਰੇ ਪਹਿਲੀ ਪਾਤਸ਼ਾਹੀ ਸਤਿਗੁਰੂ ਨਾਨਕ ਦੇਵ ਜੀ ਰਾਗ ਆਸਾ ਵਿਚ ਫਰਮਾਉਂਦੇ ਹਨ :

ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥

ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ॥
ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ॥
ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥
ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ॥

ਇਸੇ ਨੂੰ ਗੁਰੂ ਸਾਹਿਬ ਪ੍ਰਭੂ ਦੀ ਆਰਤੀ ਵੀ ਕਹਿੰਦੇ ਹਨ :
ਭਵ ਖੰਡਨਾ ਤੇਰੀ ਆਰਤੀ॥ ਅਨਹਤਾ ਸਬਦ ਵਾਜੰਤ ਭੇਰੀ॥

'ਰਾਗ ਨਾਦ, ਪਰਮਾਤਮਾ ਦੀ ਰਚਨਾ ਦਾ ਮਾਧਿਅਮ ਹੈ ਅਤੇ 'ਸਚ ਧਰਮ, ਬ੍ਰਹਿਮੰਡ ਦੀ ਸਥਿਰਤਾ ਦਾ ਸ੍ਰੋਤ। 'ਕੀਤਾ ਪਸਾਉ ਏਕੋ ਕਵਾਉ' ਗੁਰਵਾਕ ਅਨੁਸਾਰ ਅਕਾਲ ਪੁਰਖ ਨੇ ਇੱਕ ਸੰਗੀਤਮਈ ਸ਼ਬਦ ਦਾ ਉਚਾਰਨ ਕਰਕੇ ਅਨੇਕ ਪ੍ਰਕਾਰ ਦੇ ਜੀਵ ਜੰਤ ਅਤੇ ਬਨਸਪਤੀ ਰਚ ਦਿੱਤੇ। ਬ੍ਰਹਮਾ ਰਚਨਹਾਰ, ਵਿਸ਼ਨੂੰ ਪਾਲਣਾ ਕਰਨ ਵਾਲਾ ਅਤੇ ਸ਼ਿਵ ਲੈਅ ਕਰਨ ਵਾਲਾ। ਸਿਰਜਨਹਾਰ ਬ੍ਰਹਮਾ ਦੀ ਅਰਧਾਂਗਨੀ, ਸਰਸਵਤੀ ਸੰਗੀਤ ਦੀ ਦੇਵੀ ਹੈ ਕਿਉਂਕਿ ਸੰਗੀਤ ਦਾ ਮਧੁਰ ਅਲਾਪ ਨਵ ਸਿਰਜਨਾ ਦਾ ਵਾਤਾਵਰਨ ਪੈਦਾ ਕਰਦਾ ਹੈ। ਰਾਗ ਦਾ ਅਰਥ ਪ੍ਰੇਮ ਵੀ ਹੈ। ਰਾਗ ਨਿਆਮਤਾਂ ਰੱਬ ਦੀ ਖੁਰਾਕ ਹੈ ਅਤੇ ਸੱਚ ਧਰਮ ਉਸਦੀ ਪੁਸ਼ਾਕ। ਰਾਗ ਅਤੇ ਸੱਚ ਦੀ ਆਦਿ ਜੁਗਾਦੀ ਅਤੇ ਸਦੀਵੀ ਹੈ। ਪ੍ਰੇਮਾ ਭਗਤੀ, ਸੰਗੀਤਕ ਭਗਤੀ, ਪ੍ਰਭੂ ਪ੍ਰਾਪਤੀ ਦਾ ਸਹਿਜ ਮਾਰਗ ਹੈ। ਸਾਹਿਬ ਗੁਰੂ ਨਾਨਕ ਦੇਵ ਜੀ ਬਾਣੀ ਦੇ ਆਰੰਭ ਵਿਚ ਉਚਾਰਦੇ ਹਨ :

ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ॥

ਰਾਗ ਨਾਦ ਦੁਆਰਾ ਹੀ ਪਰਮ ਸਤਿ, ਪਰਮਾਤਮਾ ਦਾ ਹੁਕਮ ਬੁੱਝਿਆ ਜਾ ਸਕਦਾ ਹੈ:
ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ॥
ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ॥

**ਰਾਗ ਨਾਦ ਅਤੇ ਸ੍ਰੀ ਨਾਨਕ ਬਾਣੀ** : ਸ੍ਰੀ ਨਾਨਕ ਬਾਣੀ ਦਾ ਆਗਮਨ ਹੀ ਰਬਾਬ ਦੇ ਮਧੁਰ ਅਲਾਪ ਤੋਂ ਹੋਇਆ। ਭਾਈ ਮਰਦਾਨਾ ਜੀ ਦੀ ਰਬਾਬ ਹਮੇਸ਼ਾਂ ਗੁਰੂ ਨਾਨਕ ਦੇ ਅੰਗ ਸੰਗ ਰਹੀ। ਉਦਾਸੀਆਂ ਸਮੇਂ ਵਾਰ ਵਾਰ ਪੜ੍ਹਨ ਨੂੰ ਮਿਲਦਾ ਹੈ— 'ਮਰਦਾਨਿਆ ਛੇੜ ਰਬਾਬ ਬਾਣੀ ਆਈ ਹੈ' ਅਤੇ 'ਮਰਦਾਨੇ ਰਬਾਬ ਵਜਾਇਆ ਬਾਬੇ ਸ਼ਬਦ ਉਠਾਇਆ।' ਮਰਦਾਨਾ ਜੀ ਰਬਾਬ ਵਜਾਉਂਦੇ, ਗੁਰੂ ਸਾਹਿਬ ਬਾਣੀ ਉਚਾਰਦੇ, ਗਾਉਂਦੇ। ਜੰਗਲ ਵਿਚ ਮੰਗਲ ਲੱਗ ਜਾਂਦਾ, ਪਸ਼ੂ ਪੰਛੀ ਵੀ ਕੀਲੇ ਜਾਂਦੇ, ਪਾਸ ਆ ਬੈਠਦੇ, ਰੁੱਖਾਂ 'ਚੋਂ ਰਸ ਚੋਣ ਲੱਗਦਾ, ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ 'ਨਾਨਕ ਪ੍ਰਕਾਸ਼' ਵਿਚ ਇਸ ਅਲੌਕਿਕ ਦ੍ਰਿਸ਼ ਦਾ ਬਹੁਤ ਸੁੰਦਰ ਚਿਤਰਣ ਕਰਦੇ ਹਨ –

ਭਈ ਅਵਾਜ਼ ਤੁਹੀ ਨਿਰੰਕਾਰਾ ਨਿਰੰਕਾਰਾ ਕਰਤਾਰਾ।

ਤਿਹ ਪੀਛੈ ਸ੍ਰੀ ਨਾਨਕ ਬਿਨਤੀ ਹੋਵਹਿ ਤਾਰ ਮਝਾਰਾ।
ਭਏ ਪ੍ਰੇਮ ਮੈ ਪਸੁ ਪੰਛੀ ਸਭਿ ਮੋਹੇ ਮਨ ਉਦਿਆਨਾ।
ਤਰੁਪਰ ਤੇ ਰਸ ਨਿਕਸਨ ਲਾਗਯੋ ਵਿਸਰਾ ਸਭਿਨਿ ਅਪਾਨਾ।

ਜਿਵੇਂ ਗੁਰੂ ਨਾਨਕ ਦੇਵ ਜੀ ਨੇ ਅਧਿਆਤਮ ਨੂੰ ਜੰਗਲਾਂ ਬੇਲਿਆਂ ਅਤੇ ਪਹਾੜਾਂ ਦੀਆਂ ਕੁੰਦਰਾਂ 'ਚੋਂ ਕੱਢ ਕੇ ਗ੍ਰਿਹਸਤੀ ਜੀਵਨ ਵਿਚ ਲਿਆਂਦਾ

ਹਸੰਦਿਆ ਖੇਲੰਦਿਆਂ ਪੈਨੰਦਿਆਂ ਖਾਵੰਦਿਆਂ ਵਿਚੇ ਹੋਵੈ ਮੁਕਤਿ॥

ਦਾ ਸਹਿਜ ਸਰਲ ਮਾਰਗ ਦੱਸਿਆ, ਏਸੇ ਤਰ੍ਹਾਂ ਹੀ ਆਪ ਨੇ ਰਾਗ ਨੂੰ, ਸੰਗੀਤ ਨੂੰ ਰਾਜ ਦਰਬਾਰਾਂ ਵਿਚੋਂ ਕੱਢ ਕੇ ਧਾਰਮਿਕ ਜੀਵਨ ਵਿਚ ਲੋਕ ਜੀਵਨ ਵਿਚ ਲਿਆਂਦਾ। ਕੇਵਲ ਮਨ ਪਰਚਾਵੇ ਦੇ ਮਾਧਿਅਮ ਬਣੇ ਰਾਗ ਨੂੰ ਇਸ਼ਕ ਮਜਾਜੀ ਚੋਂ ਕੱਢ ਕੇ 'ਇਹ ਤਉ ਬ੍ਰਹਮ ਬੀਚਾਰ ਦਾ, ਇਸ਼ਕ ਹਕੀਕੀ ਦਾ, ਪ੍ਰਭੂ ਭਗਤੀ ਦਾ, ਆਤਮਾ ਅਤੇ ਪਰਮਾਤਮਾ ਦੇ ਸੁਮੇਲ ਦਾ ਮਾਧਿਅਮ ਬਣਾਇਆ ਰਾਗ ਨੂੰ। ਸੁਰ, ਸੁਰਾ ਅਤੇ ਸੁੰਦਰੀ ਤੋਂ ਰਾਗ, ਸ਼ਰਾਬ ਅਤੇ ਸ਼ਬਾਬ ਤੋਂ ਵਰਜਿਆ। ਰਾਗ, ਨਾਮ ਅਤੇ ਭਗਤੀ ਨਾਲ ਜੋੜਿਆ॥ ਨਸ਼ਾ ਨਾਮ ਦਾ, ਮਸਤੀ ਰਾਗ ਦੀ, ਕੀਰਤਨ ਦੀ, ਪ੍ਰਭੂ ਦੀ ਸਿਫਤਿ ਸਲਾਹ ਦੀ ਬਖਸ਼ੀ – 'ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ' ਦੀ ਰੀਤ ਤੋਰੀ।

ਸਤਿਗੁਰੂ ਨਾਨਕ ਦੇਵ ਜੀ ਦੇ ਜਾਂਨਸ਼ੀਨ ਸਤਿਗੁਰੂ ਸਾਹਿਬਾਨ ਨੇ ਵੀ 'ਨਾਨਕ' ਨਾਮ ਹੇਠ ਹੀ ਬਾਣੀ ਰਚੀ। ਸਤਿਗੁਰੂ ਅਰਜਨ ਦੇਵ ਜੀ ਨੇ 'ਪੋਥੀ ਪਰਮੇਸ਼ਰ ਕਾ ਥਾਨੁ' ਪੋਥੀ ਸਾਹਿਬ, ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਮੁਸਲਮਾਨ ਫਕੀਰਾਂ ਅਤੇ ਹਿੰਦੀ ਭਗਤਾਂ, ਭੱਟਾਂ, ਹਜ਼ੂਰੀ ਰਾਗੀਆਂ ਅਤੇ ਪੂਰਬ ਸਤਿਗੁਰੂ ਸਾਹਿਬਾਨ ਦੀ ਬਾਣੀ ਸੰਕਲਿਤ ਕਰਨ ਸਮੇਂ, ਇੱਕ ਲੜੀ ਵਿਚ ਪ੍ਰੋਣ ਲਈ ਸੰਗੀਤ ਨੂੰ ਸੂਤਰਧਾਰ ਵਜੋਂ ਵਰਜਿਆ। ਵੱਖੋ ਵੱਖ ਮਹਾਂਪੁਰਸ਼ਾਂ ਵਲੋਂ, ਵੱਖੋ ਵੱਖ ਸਮਿਆਂ ਵਿਚ ਰਚੀ ਗਈ ਬਾਣੀ ਨੂੰ ਰਾਗ ਬੱਧ ਤਰਤੀਬ ਦਿੱਤੀ। ਬਹੁਤ ਕੋਮਲ ਕਲਾਵਾਂ, ਸਾਹਿਤ ਅਤੇ ਸੰਗੀਤ ਦਾ ਸੁਮੇਲ ਹੈ ਗੁਰਬਾਣੀ। ਸਹਿਜ ਅਤੇ ਸੁਹਜ ਦਾ ਪ੍ਰਤੀਕ : ਸਾਹਿਤ, ਗਿਆਨ ਹੈ, ਪ੍ਰਕਾਸ਼ ਹੈ ਅਤੇ ਸੰਗੀਤ, ਸੁਗੰਧੀ ਹੈ, ਵੈਰਾਗ ਹੈ, ਮਸਤੀ ਹੈ ਪ੍ਰਕਾਸ਼ ਅਤੇ ਸੁਗੰਧੀ ਦਾ ਸੁਮੇਲ ਹੈ ਸ੍ਰੀ ਨਾਨਕ ਬਾਣੀ।

ਗੁਰਬਾਣੀ ਵਿਚ ਅੰਕਿਤ ਪ੍ਰੇਮ ਰਸ, ਬਿਰਹਾ ਰਸ, ਸ਼ਿੰਗਾਰ ਰਸ, ਬੀਰ ਰਸ ਆਦਿ ਕਾਵਿਕ ਰਸ ਗੁਰਬਾਣੀ ਨੂੰ ਰਾਗਾਂ ਵਿਚ ਗਾਉਣ ਨਾਲ ਹੀ ਰੂਪਮਾਨ ਹੁੰਦੇ ਹਨ। ਗੁਰਬਾਣੀ ਆਦਿ ਜੁਗਾਦੀ ਸੱਚ ਹੈ ਅਤੇ ਸੰਗੀਤ ਪ੍ਰੇਮ ਅਤੇ ਵੈਰਾਗ ਦਾ ਸੁਮੇਲ ਹੈ। ਸ੍ਰੀ ਨਾਨਕ ਬਾਣੀ ਅਤੇ ਰਾਗ ਨਾਦ ਦਾ ਸੁਮੇਲ ਸਤਯਮ, ਸ਼ਿਵਮ, ਸੁੰਦਰਮ ਦਾ ਪ੍ਰਤੀਕ ਹੈ।

ਜਿਵੇਂ ਵਿਸ਼ਵ ਭਰ ਦੇ ਧਾਰਮਿਕ ਗ੍ਰੰਥਾਂ 'ਚ ਇੱਕੋ ਇੱਕ ਸ੍ਰੀ ਗੁਰੂ ਅਰਜਨ ਦੇਵ ਜੀ

ਦਾ ਸੰਪਾਦਿਤ ਕੀਤਾ ਸ੍ਰੀ ਆਦਿ ਗ੍ਰੰਥ ਸਾਹਿਬ ਹੀ ਹੈ, ਜਿਸ ਵਿਚ ਆਪਣੇ ਤੋਂ ਬਿਨਾਂ ਦੂਸਰੇ ਧਰਮਾਂ ਦੇ ਮਹਾਤਮਾਵਾਂ ਦੀ ਬਾਣੀ ਵੀ ਦਰਜ ਹੈ। ਇਸੇ ਤਰ੍ਹਾਂ ਰਾਗ ਬੱਧ ਹੋਣਾ ਵੀ ਇਕੋ ਇੱਕ ਏਸੇ ਗ੍ਰੰਥ ਦਾ ਨਿਵੇਕਲਾਪਣ ਹੈ। ਵੇਦ, ਪੁਰਾਣ, ਮਹਾਂਭਾਰਤ, ਕੁਰਾਨ ਸ਼ਰੀਫ, ਬਾਈਬਲ ਆਦਿ ਵਿਸ਼ਵ ਦਾ ਕੋਈ ਵੀ ਗ੍ਰੰਥ ਰਾਗ ਬੱਧ ਨਹੀਂ ਹੈ, ਆਦਿ ਗੁਰਬਾਣੀ ਵਿਚ ਪ੍ਰਮੁੱਖ ਇਕੱਤੀ ਰਾਗ ਹਨ। ਜਿਨ੍ਹਾਂ ਵਿਚ ਦੋ ਰਾਗ ਸ਼ੁੱਧ, ਤਿੰਨ ਰਾਗਣੀਆਂ, ਨੌ ਰਾਗਾਂ ਦੇ ਪੁੱਤ੍ਰ, ਤਿੰਨ ਭਿੰਨ ਰਾਗ, ਪੰਜ ਭਿੰਨ ਰਾਗਣੀਆਂ ਹਨ। ਸੰਗੀਤ ਸ਼ਾਸਤਰ ਦੇ ਤਿੰਨ ਭੇਦ ਸ਼ੁੱਧ, ਮਿਸ਼ਰਤ ਅਤੇ ਸੰਕੀਰਣ ਵੀ ਪ੍ਰਯੋਗ ਕੀਤੇ ਗਏ ਹਨ। ਨੌਂ ਬੀਰ ਰਸੀ ਧੁਨੀਆਂ ਵਿਚ ਵਾਰਾਂ ਹਨ। ਇਹ ਲੋਕ ਧੁਨੀਆਂ ਦੀਆਂ ਬੀਰ ਰਸੀ ਵਾਰਾਂ ਦਾ ਆਪੋ ਆਪਣਾ ਨਿਵੇਕਲਾ ਇਤਿਹਾਸ ਹੈ। ਇਨ੍ਹਾਂ ਧੁਨੀਆਂ ਤੇ ਸਤਿਗੁਰੂ ਸਾਹਿਬ ਨੇ ਅਧਿਆਤਮਕ ਵਾਰਾਂ ਰਚੀਆਂ।

ਇਸ ਤੋਂ ਬਿਨਾਂ ਉਪਰਾਗ, ਮੌਸਮੀ ਰਾਗ, ਮਿਸ਼ਰਤ ਰਾਗ ਅਤੇ ਸਥਾਨਿਕ ਰਾਗ ਵੀ ਹਨ। ਇਨ੍ਹਾਂ 'ਚੋਂ ਕੁਝ ਹਨ – ਆਸਾਵਰੀ ਨਟ, ਮਾਰੂ ਕਾਫੀ, ਕਲਿਆਣ, ਭੋਪਾਲੀ, ਵਿਭਾਸ ਪ੍ਰਭਾਤੀ, ਬਸੰਤ ਹਿੰਡੋਲ, ਗਉੜੀ ਪੂਰਬੀ, ਗਉੜੀ ਦੀਪਕੀ, ਗਉੜੀ ਮਾਲਵਾ, ਗਉੜੀ ਮਾਝ, ਗਉੜੀ ਦੱਖਣੀ, ਵਡਹੰਸ ਦੱਖਣੀ, ਪ੍ਰਭਾਤੀ ਦੱਖਣੀ, ਬਿਲਾਵਲ ਦੱਖਣੀ, ਰਾਮਕਲੀ ਦੱਖਣੀ ਅਤੇ ਮਾਰੂ ਦੱਖਣੀ ਆਦਿ। ਕੁਝ ਰਾਗ ਤਾਂ ਭਾਰਤੀ ਸੰਗੀਤ ਨੂੰ ਗੁਰੂ ਘਰ ਦੀ ਹੀ ਦੇਣ ਹਨ, ਜਿਵੇਂ ਮਾਰੂ, ਆਸਾ, ਮਾਝ, ਤੁਖਾਰੀ ਗੌੜੀ ਆਦਿ। ਉਸ ਸਮੇਂ ਦੇ ਲੋਕ ਗੀਤਾਂ ਉਤੇ ਵੀ ਬਾਣੀਆਂ ਹਨ – ਅਲਾਹਣੀਆ, ਬਿਰਹੜੇ, ਘੋੜੀਆ, ਸੱਦ ਆਦਿ।

ਸਵੇਰ, ਦੁਪਹਿਰ ਅਤੇ ਸ਼ਾਮ ਦੇ ਸਮੇਂ ਗਾਏ ਜਾਣ ਵਾਲੇ ਵੱਖੋ ਵੱਖ ਰਾਗ ਹਨ ਜਿਵੇਂ ਸਵੇਰ ਵੇਲੇ ਦੇ ਆਸਾ, ਭੈਰਉ, ਰਾਮਕਲੀ, ਭੈਰਵੀ, ਆਸਾਵਰੀ, ਟੋਡੀ ਦੇ ਪ੍ਰਕਾਰ ਅਤੇ ਬਿਲਾਵਲ ਆਦਿ। ਦੁਪਹਿਰ ਦੇ ਰਾਗ ਤਿਲੰਗ, ਸਾਰੰਗ, ਬਰਵਾ ਆਦਿ ਸ਼ਾਮ ਦੇ ਭੀਮ ਪਲਾਸੀ, ਦਰਬਾਰੀ, ਕਾਨੜਾ, ਸੋਰਠਿ, ਦੇਸ, ਬਿਹਾਗਾ ਆਦਿ। ਮੌਸਮੀ ਰਾਗ ਹਨ – ਬਸੰਤ ਬਹਾਰ, ਮੇਘ, ਮਲ੍ਹਾਰ ਆਦਿ। ਪੰਚਮ ਪਾਤਸ਼ਾਹ ਗੁਰਮਤਿ ਸੰਗੀਤ ਦਾ ਭਾਵ ਸਪਸ਼ਟ ਕਰਦਿਆਂ ਫੁਰਮਾਉਂਦੇ ਹਨ –

ਓਅੰਕਾਰਿ ਏਕ ਧੁਨ ਏਕੈ ਏਕੈ ਰਾਗ ਅਲਾਪੈ॥
ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ॥
ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ॥
ਭਲੋ ਭਲੋ ਰੇ ਕੀਰਤਨੀਆ ਰਾਮ ਰਮਾ ਰਾਮਾ ਗੁਨ ਗਾਉ॥

ਅਤੇ

ਧੰਨ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ॥

'ਲੋਗ ਜਾਨੈ ਇਹੁ ਗੀਤ ਹੈ ਇਹ ਤਉ ਬ੍ਰਹਮ ਬੀਚਾਰ॥' ਗੁਰਵਾਕ ਅਨੁਸਾਰ

ਕੇਵਲ ਮਨ ਪ੍ਰਚਾਵੇ ਦੇ ਗੀਤ ਸੰਗੀਤ ਤੋਂ ਬਹੁਤ ਉੱਪਰ ਉਠ ਕੇ ਗੁਰਮਤਿ ਸੰਗੀਤ, ਜਿਸ ਨੂੰ ਪ੍ਰਭੂ ਦੀ ਕੀਰਤਿ, ਸਿਫਤਿ ਸਲਾਹ ਜਾਂ ਕੀਰਤਨ ਵੀ ਆਖਿਆ ਜਾਂਦਾ ਹੈ, ਬ੍ਰਹਮ ਗਿਆਨ ਦਾ, ਰੂਹਾਨੀਅਤ ਦਾ ਸੰਦੇਸ਼ ਹੈ। ਗੁਰਮਤਿ ਸੰਗੀਤ ਦੇ ਪਹਿਲੇ ਗਵਈਏ, ਆਪ ਸਤਿਗੁਰੂ ਨਾਨਕ ਦੇਵ ਅਤੇ ਦੂਸਰਾ ਭਾਈ ਮਰਦਾਨਾ ਅਤੇ ਪਹਿਲਾ ਸਾਜ਼ ਹੈ ਰਬਾਬ। ਭਾਈ ਗੁਰਦਾਸ ਜੀ ਲਿਖਦੇ ਹਨ :

> ਫਿਰਿ ਬਾਬਾ ਗਇਆ ਬਗਦਾਦ ਨੋ ਬਾਹਰਿ ਜਾਇ ਕੀਆ ਅਸਥਾਨਾ॥
> ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ॥

ਇਸ ਗੁਰਮਤਿ ਸੰਗੀਤ ਦੀ, ਗੁਰਬਾਣੀ ਕੀਰਤਨ ਦੀ ਪ੍ਰਥਮ ਸਤਿਗੁਰੂ ਦੁਆਰਾ ਪਾਈ ਪਿਰਤ ਨੂੰ ਸਾਰੇ ਸਤਿਗੁਰੂ ਸਾਹਿਬਾਨ ਨੇ ਪ੍ਰਚਾਰਿਆ, ਪਰਸਾਰਿਆ। ਗੁਰੂ ਅੰਗਦ ਦੇਵ ਅਤੇ ਗੁਰੂ ਅਮਰਦਾਸ ਜੀ ਦੇ ਸਮੇਂ ਭਾਈ ਸਾਦੂ ਅਤੇ ਭਾਈ ਬਾਦੂ ਕੀਰਤਨੀਏ ਸਨ, ਜੋ ਭਾਈ ਮਰਦਾਨੇ ਦੇ ਹੀ ਸ਼ਗਿਰਦ ਸਨ। ਭਾਈ ਸੱਤਾ ਅਤੇ ਭਾਈ ਬਲਵੰਡ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਦੇ ਹਜ਼ੂਰੀ ਰਬਾਬੀ ਕੀਰਤਨੀਏ ਹੋਏ।

ਇੱਕ ਵੇਰ ਜਦੋਂ ਭਾਈ ਸੱਤਾ ਤੇ ਬਲਵੰਡ ਕਿਸੇ ਗੱਲੋਂ ਰੁਸ ਬੈਠੇ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਕਰਨ ਨਾ ਆਏ। ਸਤਿਗੁਰੂ ਅਰਜਨ ਦੇਵ ਜੀ ਦੇ ਸਮਝਾਉਣ ਤੇ ਵੀ ਨਾ ਮੰਨੇ ਤਾਂ ਗੁਰੂ ਸਾਹਿਬ ਨੇ ਆਪ ਸਾਰੰਦਾ ਫੜ ਕੇ ਸਿੱਖਾਂ ਨੂੰ ਸਾਜ ਵਜਾਉਣ ਦਾ ਹੁਕਮ ਕੀਤਾ। ਅਲੌਕਿਕ ਰਸ ਬਣ ਗਿਆ, ਗੁਰੂ ਅਰਜਨ ਦੇਵ ਜੀ ਦੀ ਬਖਸ਼ਿਸ਼ ਨਾਲ ਸਿੱਖਾਂ ਨੂੰ ਰਾਗ ਦੀ ਅਮੋਲਕ ਦਾਤ ਪ੍ਰਾਪਤ ਹੋਈ।

ਗੁਰੂ ਹਰਿਗੋਬਿੰਦ ਜੀ ਦੇ ਰਬਾਬੀ ਭਾਈ ਬਾਬਕ, ਭਾਈ ਅਬਦੁੱਲਾ ਤੇ ਭਾਈ ਨਥਮੱਲ ਸਨ। ਇਸ ਸਮੇਂ ਦੇ ਦੀਵਾਨਾਂ ਵਿਚ ਢਾਡੀਆਂ ਨੇ ਬੀਰ ਰਸੀ ਵਾਰਾਂ ਵੀ ਗਾਉਣੀਆਂ ਸ਼ੁਰੂ ਕੀਤੀਆਂ।

ਗੁਰੂ ਸਾਹਿਬ ਖੁਦ ਵੀ ਕੀਰਤਨ ਕਰਦੇ ਤੇ ਤੰਤੀ ਸਾਜ ਵਜਾਉਂਦੇ ਸਨ। ਗੁਰੂ ਅਰਜਨ ਦੇਵ ਜੀ ਸਾਰੰਦਾ, ਗੁਰੂ ਹਰਿ ਗੋਬਿੰਦ ਸਿੰਘ ਜੀ ਤਾਊਸ ਵਜਾਉਂਦੇ ਸਨ। ਗੁਰੂ ਗੋਬਿੰਦ ਸਿੰਘ ਜੀ ਦੀ ਰਬਾਬ ਅਜੇ ਵੀ ਮੰਡੀ (ਹਿਮਾਚਲ) ਗੁਰਦੁਆਰੇ 'ਚ ਸੁਰੱਖਿਅਤ ਹੈ। ਪੁਰਾਤਨ ਕੀਰਤਨ ਪ੍ਰੰਪਰਾ ਵਿਚ ਤਾਰ ਦੇ ਸਾਜ ਜਿਵੇਂ ਰਬਾਬ, ਸਾਰੰਦਾ, ਤਾਊਸ, ਤਾਨਪੁਰਾ ਅਤੇ ਸਿਤਾਰ ਆਦਿ ਹੁੰਦੇ ਹਨ। ਤਾਲ ਲਈ ਪਖਾਵਜ ਜਾਂ ਤਬਲੇ ਹੁੰਦੇ, ਖੱਬਾ (ਧਾਮਾ) ਆਟਾ ਲਾ ਕੇ ਵਜਾਇਆ ਜਾਂਦਾ ਸੀ।

ਸ੍ਰੀ ਕਲਗੀਧਰ ਸਤਿਗੁਰੂ ਜਿੱਥੇ ਤੇਗਜ਼ਨੀ, ਤੀਰ ਅੰਦਾਜ਼ੀ ਦੇ ਮਹਾਂ ਰਥੀ ਅਤੇ ਮਹਾਂ ਧਨੁਰਧਰ, ਮਹਾਨ ਕਵੀ ਅਤੇ ਸਮਰੱਥ ਅਧਿਆਤਮਕ ਸਤਿਗੁਰੂ ਸਨ, ਉਥੇ ਆਪ ਸੰਗੀਤ ਦੇ ਮਹਾਨ ਗਿਆਤਾ ਵੀ ਸਨ। ਏਥੋਂ ਤੱਕ ਕਿ ਜੰਗਾ ਯੁੱਧਾਂ ਦੇ ਸਮੇਂ ਵੀ ਅਸਾ ਦੀ ਵਾਰ ਦਾ ਕੀਰਤਨ ਨੇਮ ਨਾਲ ਹੁੰਦਾ ਰਿਹਾ। ਖਿਆਲ ਸ਼ੈਲੀ ਦੀ ਗਾਇਕੀ

ਵੀ ਆਪ ਜੀ ਦੇ ਸਮੇਂ ਚ ਹੀ ਜ਼ਿਆਦਾ ਪ੍ਰਚਲਤ ਹੋਈ। ਸ੍ਰੀ ਦਸਮੇਸ਼ ਜੀ ਦੇ ਜਿਸ ਰਣਜੀਤ ਨਗਾਰੇ ਤੇ ਯੁੱਧ ਸਮੇਂ ਮਾਰੂ ਰਾਗ ਦੀਆਂ ਚੋਟਾਂ ਲੱਗਦੀਆਂ ਸਨ, ਬੀਰ ਰਸੀ ਵਾਦਨ ਹੁੰਦਾ ਸੀ। ਜਦੋਂ ਗੁਰੂ ਸਾਹਿਬ ਵਿਸਮਾਦ ਅਵਸਥਾ ਵਿਚ ਹੁੰਦੇ ਤਾਂ ਉਸੇ ਨਗਾਰੇ ਤੇ ਤੁਹੀ ਤੁਹੀ ਦਾ ਅਲਾਪ ਹੁੰਦਾ ਸੀ। ਆਪ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਰਾਜਾ ਪਾਰਸ ਨਾਥ ਦੀ ਕਥਾ ਲਿਖਦਿਆਂ ਦੇਵ ਗੰਧਾਰ ਦਾ ਇੱਕ ਹੋਰ ਭੇਦ ਲਿਖਿਆ ਹੈ – ਦੇਵ ਗੰਧਾਰ ਦੂਜੀ ਤਰ੍ਹਾਂ : ਆਮ ਤੌਰ ਤੇ ਦੇਵ ਗੰਧਾਰ, ਆਸਾ ਮੇਲ ਗਾਉਂਦੇ ਹਨ। ਇਸਦੀ ਇੱਕ ਹੋਰ ਸ਼ਕਲ ਹੈ ਭੈਰਉ ਮੇਲ, ਬਹੁਤ ਘੱਟ ਗਾਉਂਦੇ ਹਨ।

ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਅਠਾਰਾਂ ਰਾਗਾਂ ਵਿਚ ਰਚਨਾ ਕੀਤੀ। ਇਹ ਰਾਗ ਹਨ – (1) ਰਾਮਕਲੀ, (2) ਸੋਰਠ, (3) ਕਲਿਆਣ, (4) ਬਿਲਾਵਲ, (5) ਦੇਵਗੰਧਾਰੀ, (6) ਤਿਲੰਗ ਕਾਫੀ, (7) ਪਰਜ, (8) ਕਾਫੀ, (9) ਸੂਹੀ, (10) ਸਾਰੰਗ, (11) ਗਉੜੀ, (12) ਧਨਾਸਰੀ, (13) ਤਿਲੰਗ, (14) ਕੇਦਾਰ, (15) ਮਾਰੂ, (16) ਅੜਾਨਾ, (17) ਭੈਰਵ, (18) ਬਸੰਤ। ਇਹ ਰਚਨਾਵਾਂ ਜ਼ਿਆਦਾ ਬਿਸ਼ਨ ਪਦਾਂ 'ਚ ਹਨ।

ਸ੍ਰੀ ਦਸਮੇਸ਼ ਜੀ ਤੋਂ ਬਾਅਦ ਪੂਰੀ ਅਠਾਰਵੀਂ ਸਦੀ ਸੰਘਰਸ਼ ਮਈ ਗੁਜਰੀ। ਸਿੱਖਾਂ ਦੇ ਸਿਰਾਂ ਦੇ ਮੁੱਲ ਪਏ, ਘਰ ਛੱਡ ਕੇ ਬਹੁਤ ਸਿੱਖ ਜੰਗਲਾਂ ਵਿਚ ਹੀ ਰਹਿੰਦੇ ਅਤੇ ਜ਼ੁਲਮ ਦਾ ਟਾਕਰਾ ਕਰਦੇ ਰਹੇ। ਏਸੇ ਸਦੀ 'ਚ ਹੀ ਦੋ ਘੱਲੂਘਾਰੇ ਹੋਏ ਜਿਨ੍ਹਾਂ 'ਚ ਕਰੀਬ ਪੰਜਾਹ ਹਜ਼ਾਰ ਸਿੱਖ ਸ਼ਹੀਦ ਹੋਏ। ਅਜਿਹੇ ਸਮੇਂ ਵਿਚ ਗੁਰਮਤਿ ਸੰਗੀਤ ਦਾ ਕੋਈ ਵਿਕਾਸ ਨਾ ਹੋ ਸਕਿਆ। ਪਰ ਫੇਰ ਵੀ ਸਿੱਖ ਆਸਾ ਦੀ ਵਾਰ ਅਤੇ ਸ਼ਾਮ ਦਾ ਕੀਤਰਨ ਕਰਦੇ ਜਾਂ ਬਿਨਾਂ ਸਾਜਾਂ ਤੋਂ ਮਿਲ ਕੇ ਜੋਟੀਆਂ ਦੇ ਸ਼ਬਦ ਪੜ੍ਹਦੇ। ਇਸ ਸਮੇਂ ਵਿਚ ਵਿਸ਼ੇਸ਼ ਕਰਕੇ ਬੀਰ ਰਸੀ ਸ੍ਰੀ ਦਸਮੇਸ਼ ਜੀ ਦੀ ਬਾਣੀ ਪੜ੍ਹੀ ਜਾਂਦੀ ਅਤੇ ਬੀਰ ਰਸੀ ਵਾਰਾਂ ਗਾਈਆਂ ਜਾਂਦੀਆਂ ਸਨ। ਅਠਾਰਵੀਂ ਸਦੀ ਦੇ ਅਖੀਰ 'ਚ ਸਿੱਖ ਰਾਜ ਕਾਇਮ ਹੋ ਗਿਆ। ਪਰ ਕੁਝ ਦਹਾਕਿਆਂ ਵਿਚ ਹੀ ਸਿੱਖ, ਰਾਜ ਮਦ ਵਿਚ ਸਿੱਖੀ ਸਰੂਪ ਛੱਡ ਬੈਠੇ। ਗੁਰਮਤਿ ਪਰੰਪਰਾਵਾਂ ਅਤੇ ਮਰਯਾਦਾ ਤੋਂ ਬੇਮੁੱਖ ਹੋ ਗਏ। ਇਸ ਗਿਰਾਵਟ ਬਾਰੇ ਗਿਆਨੀ ਗਿਆਨ ਸਿੰਘ ਜੀ 'ਪੰਥ ਪ੍ਰਕਾਸ਼' ਵਿਚ 'ਜਮਾਨੇ ਦੇ ਬਦਨ ਸਦਨ' ਸਿਰਲੇਖ ਹੇਠ ਪੁਰਾਣੇ ਸਿੱਖਾਂ 'ਚ ਪ੍ਰਚਲਤ ਪਰੰਪਰਾਵਾਂ ਬਾਰੇ ਲਿਖਦੇ ਹਨ ਅਤੇ ਐਸ਼ਪ੍ਰਸਤੀ ਕਾਰਨ ਆਈ ਗਿਰਾਵਟ ਤੇ ਵੀ ਦੁੱਖ ਪ੍ਰਗਟ ਕਰਦੇ ਹਨ।

ਇਸ ਅਧੋਗਤੀ ਦੇ ਸਮੇਂ ਕੀਰਤਨ ਕੇਵਲ ਰਸਮੀ ਤੌਰ ਤੇ ਗੁਰਦੁਆਰਿਆਂ ਵਿਚ ਹੀ ਰਹਿ ਗਿਆ। ਸਤਿਗੁਰੂ ਨਾਨਕ ਦੇਵ ਜੀ ਦੀ ਚਲਾਈ ਪ੍ਰੰਪਰਾ – 'ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨ ਸਦਾ ਵਸੋਆ' ਦੀ ਜਗ੍ਹਾ ਗਾਉਣ ਵਾਲੀਆਂ ਦੇ ਮੁਜਰੇ ਲੱਗਣ ਲੱਗੇ। ਨਾਮ ਬਾਣੀ ਅਤੇ ਕੀਰਤਨ ਦੀ ਜਗ੍ਹਾ ਫੇਰ ਮਾਸ ਸ਼ਰਾਬ ਅਤੇ ਸ਼ਬਾਬ ਨੇ ਲੈ ਲਈ। ਸਿੱਟੇ ਵਜੋਂ ਸਿੱਖੀ ਸੱਭਿਆਚਾਰ ਅਤੇ ਸਿੱਖ ਰਾਜ ਦਾ ਵੀ ਪਤਨ ਹੋ ਗਿਆ।

**ਬਰਤਾਨਵੀ ਰਾਜ ਕਾਲ ਸਮੇਂ ਗੁਰਮਤਿ ਕੀਰਤਨ** : ਅੰਗਰੇਜ਼ ਭਾਰਤੀ ਪਰੰਪਰਾਵਾਂ

ਨੂੰ ਘਟੀਆ ਸਮਝਦੇ ਸਨ। ਇਸ ਲਈ ਉਨ੍ਹਾਂ ਭਾਰਤੀ ਸੰਗੀਤ ਵਿਚ ਕੋਈ ਰੁਚੀ ਨਾ ਵਿਖਾਈ। ਇਸਦਾ ਅਸਰ ਭਾਰਤੀ ਰਿਆਸਤੀ ਰਾਜਿਆਂ ਅਤੇ ਜਨਤਾ ਤੇ ਵੀ ਪਿਆ। ਰਿਆਸਤੀ ਰਾਜੇ ਵਿਸ਼ੇਸ਼ ਸਮਾਗਮਾਂ ਤੇ ਅੰਗ੍ਰੇਜ਼ੀ ਉੱਚ ਅਧਿਕਾਰੀਆਂ ਨੂੰ ਖ਼ੁਸ਼ ਕਰਨ ਲਈ ਅੰਗ੍ਰੇਜ਼ੀ ਗੀਤ ਸੰਗੀਤ ਅਤੇ ਨਾਚ ਦਾ ਪ੍ਰਬੰਧ ਕਰਦੇ। ਪੰਜਾਬ ਦੇ ਰਿਆਸਤੀ ਰਾਜੇ ਵੀ ਵਿਦੇਸ਼ਾਂ ਵਿਚ ਜਾਣ ਲੱਗੇ ਅਤੇ ਅੰਗ੍ਰੇਜ਼ੀ ਗੀਤ ਸੰਗੀਤ 'ਚ ਰੁਚੀ ਲੈਣ ਲੱਗੇ। ਪਟਿਆਲੇ ਅਤੇ ਫਰੀਦਕੋਟ ਦੇ ਰਾਜਿਆਂ ਨੇ ਤਾਂ ਬੈਂਡ ਵਾਦਿਕ ਦਲ ਵੀ ਕਾਇਮ ਕੀਤੇ, ਜਿਨ੍ਹਾਂ ਵਿਚ ਆਮ ਤੌਰ 'ਤੇ ਪ੍ਰਤੀ ਦਲ ਪੰਜਾਹ ਕਲਾਕਾਰ ਹੋਇਆ ਕਰਦੇ ਸਨ।

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਿਸ ਧਰਮ, ਸੱਭਿਆਚਾਰ, ਭਾਸ਼ਾ ਜਾਂ ਕਲਾ ਨੂੰ ਸਰਕਾਰ ਦੀ ਸਰਪ੍ਰਸਤੀ ਪ੍ਰਾਪਤ ਹੋਈ ਉਸੇ ਦਾ ਵਿਕਾਸ ਹੋਇਆ। ਅਕਬਰ ਸੰਗੀਤ ਪ੍ਰੇਮੀ ਹੋਣ ਕਰਕੇ ਉਸਦੇ ਦਰਬਾਰ ਵਿਚ ਛੱਤੀ ਉੱਚ ਕੋਟੀ ਦੇ ਸੰਗੀਤ ਕਲਾਕਾਰ ਸਨ। ਉਸ ਸਮੇਂ ਨੂੰ ਸੰਗੀਤ ਦੇ ਇਤਿਹਾਸ ਵਿਚ ਸਵਰਣ ਯੁੱਗ ਕਰਕੇ ਯਾਦ ਕੀਤਾ ਜਾਂਦਾ ਹੈ। ਔਰੰਗਜੇਬ 'ਸੰਗੀਤ ਦਾ ਦੁਸ਼ਮਣ' ਕਰਕੇ ਜਾਣਿਆ ਜਾਂਦਾ ਹੈ। ਪੰਜਾਬੀ ਭਾਸ਼ਾ, ਗੁਰਮੁਖੀ ਲਿਪੀ ਅਤੇ ਗੁਰਮਤਿ ਸੰਗੀਤ ਨੂੰ ਕਦੇ ਵੀ ਸਰਕਾਰਾਂ ਦੀ ਸਰਪ੍ਰਸਤੀ ਪ੍ਰਾਪਤ ਨਹੀਂ ਹੋਈ। ਇਹਨਾਂ ਦਾ ਪ੍ਰਚਾਰ ਪ੍ਰਸਾਰ ਗੁਰੂਆਂ ਦੀ ਕਿਰਪਾ ਨਾਲ ਹੋਇਆ ਹੈ। ਕੇਵਲ ਉਸੇ ਕਲਾ ਨੂੰ ਸਰਕਾਰ ਦੀ ਸਰਪ੍ਰਸਤੀ ਮਿਲਦੀ ਹੈ, ਜੋ ਰਾਜ ਕਰਨ ਵਾਲਿਆਂ ਦੀ ਮਨ ਪਸੰਦ ਹੋਵੇ।

ਜਿਹੜੇ ਭਾਰਤੀ ਰਿਆਸਤੀ ਰਾਜੇ ਆਪ ਸ਼ਾਸ਼ਤਰੀਯ ਸੰਗੀਤ ਦੇ ਗਿਆਤਾ ਅਤੇ ਪ੍ਰੇਮੀ ਹੋਇਆ ਕਰਦੇ ਸਨ ਅਤੇ ਸੰਗੀਤ ਦੇ ਵਿਕਾਸ, ਪ੍ਰਚਾਰ, ਪ੍ਰਸਾਰ ਲਈ ਉਚੇਚੇ ਯਤਨ ਕਰਦੇ ਸਨ। ਜਦੋਂ ਉਨ੍ਹਾਂ ਦੀ ਸੰਤਾਨ (ਰਾਜਕੁਮਾਰ) ਵਿਦੇਸ਼ਾਂ ਵਿਚ ਜਾ ਕੇ ਅੰਗ੍ਰੇਜ਼ੀ ਵਿਸ਼ਵ ਵਿਦਿਆਲਿਆਂ 'ਚੋਂ ਸਿੱਖਿਆ ਗ੍ਰਹਿਣ ਕਰਕੇ ਭਾਰਤ ਆਏ ਤਾਂ ਉਹ ਵੀ ਅੰਗਰੇਜਾਂ ਵਾਂਗ ਹੀ ਭਾਰਤੀ ਸੰਗੀਤ ਨੂੰ ਪੱਛੜਿਆ ਤੇ ਘਟੀਆ ਸਮਝਣ ਲੱਗੇ। ਇਸ ਵਾਤਾਵਰਣ ਦਾ ਅਸਰ ਗੁਰਮਤਿ ਸੰਗੀਤ ਉੱਤੇ ਵੀ ਪਿਆ। ਤਾਰ ਦੇ ਸਾਜਾਂ ਦੀ ਜਗ੍ਹਾ ਨਵੇਂ ਆਏ ਪੱਛਮੀ ਸਾਜ ਹਾਰਮੋਨੀਅਮ ਨੇ ਲੈਣੀ ਸ਼ੁਰੂ ਕਰ ਦਿੱਤੀ, ਜੋ ਅੱਜ ਕਲ੍ਹ ਪੂਰੀ ਤਰ੍ਹਾਂ ਗੁਰਮਤਿ ਕੀਰਤਨ ਵਿਚ ਛਾ ਚੁੱਕਾ ਹੈ। ਸ. ਰਘਬੀਰ ਸਿੰਘ ਆਪਣੀ ਵੱਡ ਅਕਾਰੀ ਪੁਸਤਕ, ਸੰਗੀਤ ਸਿਖਿਆ 'ਗਾਵਹੁ ਸਚੀ ਬਾਣੀ' ਦੀ ਭੂਮਿਕਾ ਵਿਚ ਲਿਖਦੇ ਹਨ :

"ਪਹਿਲਾਂ ਕੀਰਤਨ ਵਿਚ ਪਰੰਪਰਾਗਤ ਤਾਰ ਦੇ ਸਾਜ ਹੀ ਹੁੰਦੇ ਸਨ ਜਿਵੇਂ ਰਬਾਬ, ਸਾਰੰਦਾ, ਤਾਊਸ਼, ਤਾਨਪੁਰਾ, ਸਿਤਾਰ ਅਤੇ ਵੀਣਾ ਆਦਿ। ਤਾਲ ਲਈ ਪਖਾਵਜ ਜਾਂ ਤਬਲਾ। ਤਾਰ ਦੇ ਸਾਜਾਂ ਦੀ ਥਾਂ ਹੁਣ ਹਾਰਮੋਨੀਅਮ ਨੇ ਲੈ ਲਈ ਹੈ ਜੋ ਭਾਰਤੀ ਸੰਗੀਤ ਲਈ ਅਧੂਰਾ ਸਾਜ ਹੈ। ਹਰਮੋਨੀਅਮ ਪਿਛਲੀ ਸਦੀ (19ਵੀਂ ਸਦੀ)

ਦੇ ਆਖਰੀ ਦਹਾਕਿਆਂ ਤੋਂ ਸਾਡੇ ਦੇਸ਼ ਵਿਚ ਲੋਕਪ੍ਰਿਅ ਹੋਣ ਲੱਗ ਪਿਆ ਹੈ। ਹੁਣ ਖਾਨਦਾਨੀ ਰਾਗੀ, ਰਬਾਬੀਆਂ ਦੀ ਘਾਟ ਹੋਣ ਕਰਕੇ ਵੇਖਣ ਵਿਚ ਆ ਰਿਹਾ ਹੈ ਕਿ ਸਿਨੇਮੇ ਜਾਂ ਟੀ.ਵੀ. ਦੀਆਂ ਤਰਜਾਂ ਨੇ ਸਾਡੇ ਕੀਰਤਨੀਆਂ ਅਤੇ ਸੰਗਤਾਂ ਦੋਹਾਂ ਨੂੰ ਭਰਮਾਇਆ ਹੈ। ਜਿਸ ਕਰਕੇ ਰਾਗੀ ਜਥਿਆਂ ਦੀ ਬਹੁਗਿਣਤੀ ਹੁਣ ਇਨ੍ਹਾਂ ਤਰਜਾਂ ਤੇ ਹੀ ਕੀਰਤਨ ਕਰਦੀ ਹੈ। ਇਸ ਆਸਚਰਯਜਨਕ ਤੇਜ਼ ਗਤੀ ਨਾਲ ਬਦਲ ਰਹੇ ਯੁਗ ਵਿਚ ਗੁਰਬਾਣੀ ਨੂੰ ਰਾਗਾਂ ਜਾਂ ਪੁਰਾਣੀਆਂ ਰੀਤਾਂ ਵਿਚ ਗਾਉਣ ਦੀ ਪ੍ਰੰਪਰਾ ਨੂੰ ਜੀਵਤ ਰੱਖਣ ਦਾ ਸ਼ਲਾਘਾਯੋਗ ਕੰਮ ਨਾਮਧਾਰੀ ਸੰਸਥਾ ਵਲੋਂ ਹੁੰਦਾ ਰਿਹਾ ਹੈ। ਜਿਨ੍ਹਾਂ ਨੇ ਸੰਗੀਤ ਦਰਬਾਰਾਂ ਅਤੇ ਗੋਸ਼ਟੀਆਂ ਰਾਹੀਂ ਇਸਦਾ ਪ੍ਰਚਾਰ ਕੀਤਾ ਅਤੇ ਨਾਮਧਾਰੀ ਨਵ ਯੁਵਕਾਂ ਨੂੰ ਪ੍ਰਸਿੱਧ ਸੰਗੀਤਕਾਰਾਂ ਤੋਂ ਸਿੱਖਿਆ ਦਿਵਾਈ।"

ਸ੍ਰੀ ਗੁਰੂ ਨਾਨਕ ਨਾਮ ਲੇਵਾ ਸੰਪਰਦਾਵਾਂ ਵਿਚੋਂ ਨਾਮਧਾਰੀ ਸਿੱਖ ਆਪਣੀ ਨਿਆਰੀ ਪਹਿਚਾਣ ਕਰਕੇ ਜਾਣੇ ਜਾਂਦੇ ਹਨ। ਨਾਮਧਾਰੀ ਸਿੱਖਾਂ ਦਾ ਅੰਗ੍ਰੇਜੀ ਦਸਤਾਵੇਜ਼ਾਂ ਵਿਚ ਕੂਕਾ ਮੂਵਮੈਂਟ ਨਾਂ ਹੇਠ ਜ਼ਿਕਰ ਹੈ। ਇਸ ਸੰਪ੍ਰਦਾਇ ਦੇ ਇਹ ਦੋਵੇਂ ਨਾਂ, ਨਾਮ ਬਾਣੀ ਅਤੇ ਕੀਰਤਨ ਦੇ ਰਸੀਏ ਹੋਣ ਕਰਕੇ ਪ੍ਰਚਲਿਤ ਹੋਏ। ਨਾਮਧਾਰੀ ਪੰਥ ਦੇ ਸੰਸਥਾਪਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਵੀ ਰਹੇ। ਆਪ ਨੇ ਸਿੱਖ ਰਾਜ ਦਾ ਸੂਰਜ ਸਿਖਰ ਤੇ ਵੀ ਵੇਖਿਆ ਅਤੇ ਛਿਪਦਾ ਵੀ। ਆਪ ਇਸਦਾ ਕਾਰਨ ਸਿੱਖਾ ਦਾ ਨਾਮ ਬਾਣੀ ਅਤੇ ਸਤਿਗੁਰੂ ਸਾਹਿਬਾਨ ਦੀ ਮਰਿਯਾਦਾ ਤੋਂ ਬੇਮੁੱਖ ਹੋਣਾ ਸਮਝਦੇ ਸਨ। ਆਪ ਨੇ ਸ੍ਰੀ ਭੈਣੀ ਸਾਹਿਬ ਵਿਖੇ ਕਿਰਤ ਕਰਦਿਆਂ ਹੋਇਆਂ, ਕਠਿਨ ਤਪ ਸਾਧਨਾ ਕੀਤੀ। 12 ਅਪ੍ਰੈਲ 1857 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪੰਜ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਖਾਲਸੇ ਦੀ ਪੁਨਰ ਸੁਰਜੀਤੀ ਕੀਤੀ। ਲੋਕਾਂ ਨੂੰ ਨਸ਼ਿਆਂ ਤੇ ਵਿਸ਼ਿਆਂ ਤੋਂ ਮੋੜ ਕੇ ਨਾਨਕ ਨਾਮ ਦੀ ਅਮੋਲਕ ਦਾਤ ਬਖਸ਼ੀ, ਨਾਮ ਬਾਣੀ ਅਤੇ ਕੀਰਤਨ ਨਾਲ ਜੋੜਿਆ। ਇਸ ਬਾਰੇ ਭਾਈ ਕਾਨ੍ਹ ਸਿੰਘ ਜੀ 'ਨਾਭਾ' ਲਿਖਦੇ ਹਨ:

"ਵਿਸ਼ਯ ਅਗਨਿ ਕਰ ਤਪਤ ਰਿਦੇ ਜਿਨਿ ਨਾਮਾਮ੍ਰਿਤ ਦੇ ਠਾਰੇ
ਗੁਰਮਤਿ ਦੇ ਅਨੁਰਾਗੀ ਕੀਤੇ ਪਾਮਰ ਪਾਪੀ ਭਾਰੇ।"

ਨਾਮਧਾਰੀ ਸਿੱਖ ਤੁਰੇ ਫਿਰਦੇ, ਕੰਮ ਕਾਰ ਕਰਦੇ ਵੀ ਨਾਮ ਜਪਦੇ। ਲੋਕ ਮਖੌਲ ਕਰਦੇ ਕਿ ਇਹ ਸਿੱਖ ਇਵੇਂ ਨਾਮ ਜਪਦੇ ਹਨ, ਜਿਵੇਂ ਬੱਕਰੀ ਉਗਾਲੀ ਕਰਦੀ ਹੈ। ਪਰ ਲੋਕਾਂ ਦੇ ਜਸ ਅਪਜਸ ਦੀ ਪ੍ਰਵਾਹ ਨਾ ਕਰਦੇ ਹੋਏ ਨਾਮਧਾਰੀ ਸਿੱਖ ਜੇ ਜਥੇ ਦੇ ਰੂਪ ਵਿਚ ਪੰਜ ਸੱਤ ਹੁੰਦੇ ਤਾਂ ਰਸਤੇ 'ਚ ਜਾਂਦਿਆਂ ਵੀ ਉੱਚੀਆਂ ਸੁਰਾਂ 'ਚ ਜੋਟੀਆਂ ਦੇ ਸ਼ਬਦ ਪੜ੍ਹਦੇ ਜਾਂਦੇ। ਜਦੋਂ ਸੰਗਤ ਵਿਚ ਕੀਰਤਨ ਹੁੰਦਾ ਤਾਂ ਪ੍ਰੇਮ ਰਸ, ਵੈਰਾਗ ਰਸ ਅਜਿਹਾ ਰੂਪਮਾਨ ਹੁੰਦਾ, ਕਈ ਸਿੱਖ ਆਪੇ ਦੀ ਸੁੱਧ ਬੁੱਧ ਵਿਸਾਰ ਮਸਤਾਨੇ ਹੋ ਜਾਂਦੇ,

ਕੂਕਾਂ ਮਾਰਨ ਲੱਗਦੇ – 'ਹਉ ਲੋਟ ਪੋਟ ਹੋਇ ਪਈਆ' ਵਾਲੀ ਅਵਸਥਾ ਬਣ ਜਾਂਦੀ। ਨਾਮ ਦੇ ਰਸੀਏ ਹੋਣ ਕਰਕੇ ਨਾਮਧਾਰੀ ਅਤੇ ਸ਼ਬਦ ਦੀ ਮਸਤੀ 'ਚ ਕੂਕਣ ਕਰਕੇ ਕੂਕਾ ਨਾਮ ਪ੍ਰਸਿੱਧ ਹੋਇਆ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

> ਸਹੀ ਨਾਮ ਨਾਮਧਾਰੀ ਆਹਿ ਤਿਨ ਕਾ ਉਦਾਰੀ,
> ਕੂਕ ਮਾਰਨੈ ਤੇ ਕੂਕੇ ਜਗਤ ਬਖਾਨ ਹੈ।

ਇਤਿਹਾਸ ਦੇ ਪੰਨਿਆਂ ਤੇ ਨਾਮਧਾਰੀ ਲਹਿਰ ਭਾਵੇਂ ਦੇਸ਼ ਭਗਤ ਲਹਿਰ ਕਰਕੇ ਹੀ ਜਾਣੀ ਜਾਂਦੀ ਹੈ। ਪਰ ਇਸ ਪੱਖ ਤੋਂ ਬਿਨਾਂ ਵੀ ਨਾਮਧਾਰੀ ਸਿੱਖਾ ਨੇ ਆਪਣੇ ਸਤਿਗੁਰੂ ਸਾਹਿਬਾਨ ਦੀ ਸੁਯੋਗ ਰਹਿਨੁਮਾਈ ਹੇਠ ਸਮਾਜ ਸੁਧਾਰ, ਸਰਬਪੱਖੀ ਵਿਕਾਸ ਅਤੇ ਵਿਰਸੇ ਨੂੰ ਸੰਭਾਲਣ ਲਈ ਅਨੇਕਾਂ ਸਫਲ ਯਤਨ ਕੀਤੇ ਹਨ। ਵੀਹਵੀਂ ਸਦੀ ਦੇ ਆਖਰੀ ਦੋ ਦਹਾਕਿਆਂ ਵਿਚ ਤਾਂ ਨਾਮਧਾਰੀ ਸਿੱਖਾਂ ਨੇ ਬੀਜ ਉਤਪਾਦਨ, ਖੇਡਾਂ ਅਤੇ ਸੰਗੀਤ ਦੇ ਖੇਤਰ ਵਿਚ ਅੰਤਰ ਰਾਸ਼ਟਰੀ ਪੱਧਰ ਤੱਕ ਮਾਣਯੋਗ ਪਛਾਣ ਬਣਾ ਲਈ ਹੈ। ਵਿਸ਼ੇਸ਼ ਕਰਕੇ ਗੁਰਮੁਖੀ ਦਸਤਾਰ ਅਤੇ ਸ੍ਰੀ ਦਸਮੇਸ਼ ਸਤਿਗੁਰੂ ਦੇ ਬਖਸ਼ੇ ਸਾਬਤ ਸੂਰਤ ਸਿੱਖੀ ਸਰੂਪ ਨੂੰ ਖੇਡ ਦੇ ਮੈਦਾਨ ਵਿਚ ਅਤੇ ਸੰਗੀਤ ਦੀਆਂ ਸਟੇਜਾਂ ਤੇ ਪਹੁੰਚਾਉਣ ਦਾ ਸਿਹਰਾ ਕੇਵਲ ਨਾਮਧਾਰੀ ਸਿੱਖ ਸਮਾਜ ਨੂੰ ਹੀ ਜਾਂਦਾ ਹੈ। ਨਾਮਧਾਰੀ ਸਿੱਖ, ਸਿੱਖੀ ਸਰੂਪ ਦੇ ਧਾਰਨੀ ਹੋਣ ਦੇ ਨਾਲ ਨਾਲ ਬਾਣੀ ਅਤੇ ਬਾਣੇ ਦੀ ਸ਼ੁੱਧਤਾ ਕਾਇਮ ਰੱਖਣ ਲਈ ਵੀ ਯਤਨਸ਼ੀਲ ਰਹਿੰਦੇ ਹਨ। ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਲਈ ਅਤੇ ਕੀਰਤਨ ਦੀਆਂ ਪੁਰਾਤਨ ਰੀਤਾਂ ਨੂੰ ਸੰਭਾਲਣ ਲਈ ਨਾਮਧਾਰੀ ਸਿੱਖਾਂ ਨੇ ਸਫਲ ਯਤਨ ਕੀਤੇ ਹਨ।

12 ਅਪ੍ਰੈਲ 1857 ਤੋਂ ਲੈ ਕੇ ਵਰਤਮਾਨ ਸਮੇਂ ਤੱਕ ਨਾਮਧਾਰੀ ਸਿੱਖਾਂ ਵਲੋਂ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਵਿਚ ਪਾਏ ਯੋਗਦਾਨ ਨੂੰ ਚਾਰ ਪੜਾਵਾਂ ਵਿਚ ਵੰਡ ਸਕਦੇ ਹਾਂ :

1. 1857 ਤੋਂ 1872 ਈ. ਤੱਕ ਆਮ ਸਿੱਖ ਸਮਾਜ ਵਿਚ ਗੁਰਬਾਣੀ ਅਤੇ ਕੀਰਤਨ ਪ੍ਰਤੀ ਜਾਗਰੂਕਤਾ ਪੈਦਾ ਕਰਨੀ।
2. 1872 ਤੋਂ 1923 ਈ. ਤੱਕ ਸਖਤੀਆਂ ਦੇ ਦੌਰ ਵਿਚ ਗੁਰਮਤਿ ਸੰਗੀਤ ਦੀ ਜੋਤ ਨੂੰ ਜਗਦਿਆਂ ਰੱਖਣਾ।
3. 1923 ਤੋਂ 1959 ਈ. ਤੱਕ ਜੱਦੋ ਜਹਿਦ ਦੇ ਹਾਲਤਾਂ ਵਿਚ ਗੁਰਮਤਿ ਕੀਰਤਨ ਦੀ, ਰਬਾਬੀ ਰੀਤਾਂ ਦੀ ਸੰਭਾਲ ਅਤੇ ਪ੍ਰਚਾਰ ਪ੍ਰਸਾਰ।
4. 1959 ਤੋਂ ਵਰਤਮਾਨ ਸਮੇਂ ਤੱਕ ਗੁਰਮਤਿ ਸੰਗੀਤ ਦਾ ਪ੍ਰਚਾਰ ਅਤੇ ਵਿਕਾਸ।

**1. 1857 ਤੋਂ 1872 ਈ. ਤਕ** : ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸੇ

ਦੀ ਸਾਜਨਾ ਕਰਨ ਤੋਂ ਪਹਿਲੋਂ ਹਜਰੋਂ ਸਾਹਿਬ ਤੋਂ ਆ ਕੇ ਸਭ ਤੋਂ ਪਹਿਲਾਂ ਮੁਠੰਡੇ ਕੁਝ ਸਿੰਘਾਂ ਨੂੰ ਨਾਮ ਦੀ ਦਾਤ ਬਖਸ਼ੀ। ਫੇਰ ਆਪ ਧੁਲੇਟੇ ਗਏ, ਉੱਥੇ ਵੀ ਦੋ ਤਿੰਨ ਸਿੰਘ ਸਜਾਏ। ਸਤਿਗੁਰੂ ਜੀ ਨੇ ਪੁੱਛਿਆ ਕਿ ਏਥੇ ਕੋਈ ਮਰਾਸੀਆਂ ਦਾ ਮੁੰਡਾ ਵੀ ਹੈ। ਪਤਾ ਲੱਗਾ ਕਿ ਦੋ ਬੱਚੇ ਹਨ ਜੋ ਬੱਕਰੀਆਂ ਚਾਰਦੇ ਹਨ। ਬਾਹਰੋਂ ਖੇਤਾਂ 'ਚੋਂ ਬੱਕਰੀਆਂ ਚਾਰਦੇ ਭਾਈ ਦਿੱਤੂ ਨੂੰ ਬੁਲਾਇਆ। ਛੋਟਾ ਜਿਹਾ ਲੜਕਾ ਆ ਹਾਜ਼ਰ ਹੋਇਆ। ਸਤਿਗੁਰੂ ਜੀ ਪੁੱਛਿਆ, "ਭਾਈ ਕੋਈ ਸ਼ਬਦ ਵੀ ਯਾਦ ਹੈ?" ਭਾਈ ਦਿੱਤੂ ਜੀ ਨੇ ਆਖਿਆ, "ਜੀ, ਇੱਕ ਤੁਕ ਯਾਦ ਹੈ – ਜੋ ਜਾਨਹਿ ਹਰਿ ਪ੍ਰਭ ਧਨੀ। ਕਿਛੁ ਨਾਹੀ ਤਾ ਕੈ ਕਮੀ।"

ਸਤਿਗੁਰੂ ਜੀ ਭਾਈ ਦਿੱਤੂ ਨੂੰ ਨਾਲ ਹੀ ਲੈ ਆਏ। ਅੰਮ੍ਰਿਤਸਰ ਰਾਗ ਸਿੱਖਣ ਭੇਜਿਆ। ਫੇਰ ਅੰਮ੍ਰਿਤ ਛਕਕੇ ਨਾਮ ਭਾਈ ਗੁਰਦਿੱਤ ਸਿੰਘ ਹੋਇਆ। 12 ਅਪ੍ਰੈਲ, 1857 ਈ. ਨੂੰ ਵਿਸਾਖੀ ਵਾਲੇ ਦਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਸੰਤ ਖਾਲਸੇ ਦੀ ਸਾਜਨਾ ਕਰਕੇ ਹੁਕਮਨਾਮਾ ਜਾਰੀ ਕੀਤਾ 'ਹਰਿ ਬਖਤ ਦੁਵਾਨ ਲਾਉਣਾ, ਹਰਿ ਦਿਨ ਸ਼ਬਦ ਕੀਰਤਨ ਕਰਨਾ।' ਨਾਮਧਾਰੀ ਪ੍ਰਚਾਰਕਾਂ ਨੇ ਲੋਕਾਂ ਨੂੰ ਦੱਸਿਆ ਕਿ ਗੁਰਬਾਣੀ ਦਾ ਕੀਰਤਨ ਪਰਮਾਤਮਾ ਨਾਲ ਇੱਕ ਸੁਰ ਹੋਣ ਦਾ ਮਾਧਿਅਮ ਹੈ। ਜਦੋਂ ਕਿ ਪੱਛਮੀ ਗੀਤ ਸੰਗੀਤ ਕਾਮੁਕ ਵਾਸ਼ਨਾਵਾਂ ਭਰਪੂਰ ਦੋਜ਼ਖ ਦਾ ਮਾਰਗ ਹੈ।

ਇਸ ਸਮੇਂ ਦੇ ਰਾਗੀ ਕੀਰਤਨੀਏ ਸਿੰਘ ਜਿਨ੍ਹਾਂ ਦੇ ਨਾਮ ਇਤਿਹਾਸ ਵਿਚ ਦਰਜ ਮਿਲਦੇ ਹਨ, ਉਨ੍ਹਾਂ 'ਚ ਪਹਿਲੇ ਹਨ ਭਾਈ ਗੁਰਦਿੱਤ ਸਿੰਘ (ਭਾਈ ਦਿੱਤੂ ਜੀ) ਇਹ ਮਰਾਸੀ ਸਨ। ਸਤਿਗੁਰੂ ਜੀ ਇਨ੍ਹਾਂ ਨੂੰ ਪਿਆਰ ਨਾਲ 'ਮਰਦਾਨਾ' ਵੀ ਕਿਹਾ ਕਰਦੇ ਸਨ। ਬਿਰਧ ਅਵਸਥਾ ਤੱਕ ਵੀ ਇਨ੍ਹਾਂ ਦੀ ਸੁਰੀਲੀ ਆਵਾਜ਼ ਜੁਆਨ ਰਹੀ। ਕੁਝ ਹੋਰ ਨਾਮ ਹਨ ਭਾਈ ਲਾਭ ਸਿੰਘ ਰਾਗੀ, ਭਾਈ ਪ੍ਰੇਮ ਸਿੰਘ ਭਦੌੜੀਏ ਰਾਗੀ, ਭਾਈ ਸੁੱਖਾ ਸਿਘ ਰਾਗੀ (ਉਲਾਟਾਂ ਜ਼ਿਲ੍ਹਾ ਲੁਧਿਆਣਾ) ਇਹ ਸਿਤਾਰ ਵਜਾਉਂਦੇ ਸਨ, ਸੂਬਾ ਸਿੰਘ (ਮੋਰੋਂ ਦੁਆਬਾ), ਰਾਗੀ ਮਸਤਾਨ ਸਿੰਘ, ਰਾਗੀ ਬਸੰਤ ਸਿੰਘ, ਮਹੰਤ ਸਿੰਘ ਦੁਰਗਾਪੁਰੀਆ। ਆਪ ਨੇ ਰਾਗੀ ਜੋੜੀਆਂ ਨੂੰ ਵੱਖੋ ਵੱਖ ਇਲਾਕਿਆਂ ਵਿਚ ਪ੍ਰਚਾਰ ਕਰਨ ਲਈ ਹੁਕਮਨਾਮੇ ਲਿਖ ਦਿੱਤੇ। ਭਾਈ ਪ੍ਰੇਮ ਸਿੰਘ ਅਤੇ ਭਾਈ ਕ੍ਰਿਪਾਲ ਸਿੰਘ ਜੀ ਦੀ ਜੋੜੀ ਨੂੰ ਮਾਲਵਾ ਦੇਸ ਬਖਸ਼ਿਆ। ਭਾਈ ਤਾਰਾ ਸਿੰਘ ਅਤੇ ਭਾਈ ਮਾਲੀ ਅਟਾਰੀ ਵਾਲਿਆਂ ਨੂੰ ਮਾਝੇ ਵਾਸਤੇ ਹੁਕਮਨਾਮੇ ਲਿਖ ਦਿੱਤੇ। ਭਾਈ ਗੁਰਦਿੱਤ ਸਿੰਘ ਜੀ ਨੂੰ ਦੜਪ ਦੇ ਇਲਾਕੇ ਵਾਸਤੇ ਹੁਕਮਨਾਮਾ ਬਖਸ਼ਿਆ। ਇਹ ਰਾਗੀ ਸਿੰਘ ਗੁਰਮੁਖੀ ਬਾਣੇ ਅਤੇ ਗੁਰਸਿੱਖੀ ਮਰਿਯਾਦਾ ਦੇ ਵੀ ਧਾਰਨੀ ਸਨ ਜਦੋਂ ਕਿ ਉਸ ਸਮੇਂ ਬਹੁਤ ਰਬਾਬੀ ਕੀਰਤਨੀਏ ਮਾਸ ਸ਼ਰਾਬ ਵਰਤਨ ਲੱਗ ਗਏ ਸਨ। 'ਸਤਿਗੁਰੂ ਬਿਲਾਸ' ਭਾਗ ਪਹਿਲਾ, ਪੰਨਾ 241 ਤੇ ਇਕ ਘਟਨਾ ਦਰਜ ਹੈ :

"ਰਾਗੀਆਂ ਨੇ ਆਸਾ ਕੀ ਵਾਰ ਲਗਾਈ ਪ੍ਰੇਮ ਨਾਲ। ਸਤਿਗੁਰੂ ਰਾਮ ਸਿੰਘ ਜੀ ਉਨ੍ਹਾਂ ਨੂੰ ਬਚਨ ਕੀਤਾ ਸਾਡੇ ਨਾਲ ਰਹੋ ਤੇ ਸਿੰਘ ਸਜ ਜਾਉ। ਪੰਜ ਪੰਜ ਰੁਪਏ ਰੋਜ ਲਉ ਅਤੇ ਮਾਸ ਸ਼ਰਾਬ ਨਾ ਵਰਤੋ। ਮਰਾਸੀਆਂ ਕਿਹਾ ਰੁਪਏ ਭਾਵੇਂ ਦੋ ਦੋ ਦੇਓ ਪਰ ਮਾਸ ਸ਼ਰਾਬ ਨਹੀਂ ਛਡ ਸਕਦੇ। ਬਚਨ ਹੋਇਆ ਜੇਕਰ ਤੁਸੀਂ ਮਾਸ ਸ਼ਰਾਬ ਨਹੀਂ ਛਡਦੇ, ਅਸੀਂ ਤੁਹਾਡਾ ਕੀਰਤਨ ਨਹੀਂ ਸੁਣਦੇ।" ਕਈ ਵੇਰ ਦੌਰਿਆਂ ਸਮੇਂ ਸ਼ਾਮ ਦੇ ਕੀਰਤਨ ਦਾ ਐਸਾ ਰੰਗ ਬਣਦਾ ਕਿ ਸਾਰੀ ਰਾਤ ਕੀਰਤਨ ਹੁੰਦਾ ਰਹਿੰਦਾ। ਅੰਮ੍ਰਿਤ ਵੇਲੇ ਆਸਾ ਦੀ ਵਾਰ ਲੱਗ ਜਾਂਦੀ। "ਸੰਨ 1867 ਦੀਵਾਲੀ ਅੰਮ੍ਰਿਤਸਰ ਜਾਂਦਿਆਂ ਰਸਤੇ ਵਿਚ ਜਲੰਧਰ ਪੜਾਓ ਕੀਤਾ। ਸੁਣ ਸੁਣ ਕੇ ਖੱਤਰੀ ਮਹਾਜਨ ਆਏ ਦਰਸ਼ਨ ਕੋ। ਸਾਰੀਆਂ ਮਸਾਲਾਂ ਜਗਦੀਆਂ ਰਹੀਆਂ ਸ਼ਬਦ ਕੀਰਤਨ ਸਾਰੀ ਰਾਤ ਹੁੰਦਾ ਰਿਹਾ। ਸਵੇਰੇ ਆਸਾ ਦੀ ਵਾਰ ਲੱਗੀ ਅਤੇ ਅਰਦਾਸਾ ਕਰਕੇ ਤੁਰੇ।"

–ਸਤਿਗੁਰੂ ਬਿਲਾਸ, ਪੰਨਾ 262

19ਵੀਂ ਸਦੀ ਦੇ 8ਵੇਂ ਦਹਾਕੇ 'ਚ ਲਿਖੇ ਗਏ ਬਾਰਾਂ ਮਾਂਹ ਵਿਚ ਬਾਬਾ ਕਾਲ੍ਹਾ ਸਿੰਘ ਜੀ ਨਾਮਧਾਰੀ ਸੰਗਤਾਂ ਵਿਚ ਚੱਲ ਰਹੇ ਨਾਮ, ਬਾਣੀ ਅਤੇ ਕੀਰਤਨ ਦੇ ਪ੍ਰਵਾਹ ਦਾ ਜਿਕਰ ਕਰਦੇ ਹਨ :

ਸਿੰਘ ਘਰ ਘਰ ਭੋਗ ਪੁਆਵਣ,
ਸੰਗਤਾਂ ਦਰਸ਼ਨ ਨੂੰ ਚਲ ਆਵਣ,
ਰਾਗੀ ਸੋਹਣੇ ਸ਼ਬਦ ਸੁਨਾਵਣ।
ਸਿੰਘ ਹੋ ਮਸਤਾਨੇ ਜਾਵਣ।

ਏਸੇ ਸਮੇਂ ਦੇ ਇੱਕ ਹੋਰ ਕਵੀ ਸੰਤ ਨਿਹਾਲ ਸਿੰਘ ਜੀ ਦੇ ਬਾਰਾਂ ਮਾਂਹ ਵਿਚ ਵੀ ਕੀਰਤਨ ਬਾਰੇ ਲਿਖਿਆ ਹੈ :

ਹਾੜ ਹੋਰ ਗਲ ਚੰਗੀ, ਵਜੇ ਸਾਰੰਦਾ ਸਾਰੰਗੀ,
ਸ਼ਬਦ ਪੜ੍ਹਦੇ ਬਿਅੰਤ, ਅੰਤ ਰਹੇ ਨ ਸੁਆਦ ਦਾ।

ਸਤਿਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਚਲੀ ਆ ਰਹੀ ਗੁਰਬਾਣੀ ਗਾਇਨ ਦੀ ਤੰਤੀ ਸਾਜਾਂ ਨਾਲ ਕੀਰਤਨ ਦੀ ਰੀਤ ਦੇ ਨਾਲ ਸਤਿਗੁਰੂ ਰਾਮ ਸਿੰਘ ਜੀ ਨੇ ਗੁਰਬਾਣੀ ਗਾਇਨ ਦੀ ਇੱਕ ਹੋਰ ਪ੍ਰੰਪਰਾ ਅਰੰਭੀ ਹੱਲੇ ਦਾ ਕੀਰਤਨ।

ਸਤਿਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਰਕੇ ਸਿੱਖਾਂ ਨੂੰ ਸਿੰਘ

ਬਣਾਇਆ। 'ਹੋਲੀ ਤੋਂ ਹੋਲਾ' ਅਰੰਭਿਆ ਅਤੇ ਨਾਲ 'ਮਹਲਾ' ਸ਼ਬਦ ਜੋੜਿਆ। ਮਹੱਲਾ ਭਾਵ ਹੱਲਾ ਕਰਨਾ। ਜ਼ੁਲਮ ਦੇ ਖਿਲਾਫ ਹੱਲਾ ਕਰਨ ਲਈ ਪ੍ਰੇਰਿਆ। ਸਤਿਗੁਰੂ ਰਾਮ ਸਿੰਘ ਜੀ ਨੇ ਹੋਲੇ ਮਹੱਲੇ ਦੀ ਪ੍ਰਪੰਰਾ ਨੂੰ ਅੱਗੇ ਤੋਰਦਿਆਂ ਨਾਲ ਹੱਲੇ ਦਾ ਕੀਰਤਨ ਸ਼ੁਰੂ ਕੀਤਾ। 'ਹੱਲੇ ਦਾ ਕੀਰਤਨ' ਲੋਕ ਧੁਨਾਂ ਦਾ ਸੁਧਰਿਆ ਰੂਪ ਢੋਲਕ ਦੀ ਧਮਕਾਰ ਅਤੇ ਛੈਣਿਆਂ ਦੀ ਛਣਕਾਰ ਨਾਲ ਤਾਰ ਸਪਤਕ ਸੁਰਾਂ ਦੇ ਕੀਰਤਨ ਕਰਨ ਦੀ ਰੀਤ ਹੈ। ਜਿਵੇਂ ਲੋਕ ਧੁਨਾਂ ਦਾ ਆਧਾਰ ਵੀ ਮਿਸ਼ਰਤ ਰਾਗ ਹਨ, ਇਸੇ ਤਰ੍ਹਾਂ ਹੱਲੇ ਦੇ ਕੀਰਤਨ ਦਾ ਆਧਾਰ ਵੀ ਲੋਕ ਧੁਨਾਂ ਵਿਚ ਪ੍ਰਚਲਤ ਰਾਗ ਹਨ ਜਿਵੇਂ ਪਹਾੜੀ, ਭੈਰਵੀ, ਆਸਾ, ਪੀਲੂ, ਕਾਫੀ, ਦੇਸ਼, ਆਸਾਵਾਰੀ, ਖਮਾਜ਼, ਜ਼ਿਲਾ ਆਦਿ।

ਹੱਲੇ ਦੇ ਕੀਰਤਨ ਸਮੇਂ ਪ੍ਰੇਮ ਰਸ, ਵੈਰਾਗ ਰਸ ਅਤੇ ਬੀਰ ਰਸ ਰੂਪਮਾਨ ਹੁੰਦਾ ਹੈ, ਜਿਵੇਂ ਮੂਸਲਾਧਾਰ ਵਰਖਾ ਦਾ ਪਾਣੀ ਸਭ ਕੂੜਾ ਕਰਕਟ ਰੋੜ੍ਹ ਕੇ ਲੈ ਜਾਂਦਾ ਹੈ, ਧਰਤੀ ਸਾਫ ਹੋ ਜਾਂਦੀ ਹੈ, ਹੜ੍ਹ ਆ ਜਾਂਦਾ ਹੈ, ਜੋ ਕੂੜ ਕਪਟ ਰੋੜ੍ਹ ਕੇ ਲੈ ਜਾਂਦਾ ਹੈ, ਅੰਤਹ ਕਰਣ ਨਿਰਮਲ ਹੋ ਜਾਂਦਾ ਹੈ 'ਹਉ ਲੋਟ ਪੋਟ ਹੋਇ ਪਈਆ' ਵਾਲੀ ਅਵਸਥਾ ਬਣ ਜਾਂਦੀ ਹੈ। ਕਈ ਸਰੋਤੇ ਸ਼ਬਦ ਦੀ ਮਸਤੀ 'ਚ ਮਸਤਾਨੇ ਹੋ ਕੇ ਨੱਚਣ ਤੇ ਕੂਕਾਂ ਮਾਰਨ ਲੱਗ ਜਾਂਦੇ 'ਨਾਚੁ ਰੇ ਮਨ ਗੁਰ ਕੈ ਆਗੈ' ਗੁਰਵਾਕ ਸਫਲ ਹੁੰਦਾ। ਅਜੇਹੀ ਅਵਸਥਾ ਕਾਰਨ ਹੀ ਨਾਮਧਾਰੀ ਸਿੱਖਾਂ ਨੂੰ ਲੋਕ 'ਕੂਕੇ' ਆਖਣ ਲੱਗ ਗਏ ਸਨ।

ਬੀਰ ਰਸੀ ਹੱਲੇ ਦੇ ਕੀਰਤਨ ਨੇ ਸਿੱਖਾਂ ਨੂੰ ਏਨੇ ਨਿਰਭੈ ਕਰ ਦਿੱਤਾ ਕਿ ਉਹ ਲੋਟੂ ਬਰਤਾਨਵੀ ਸਾਮਰਾਜ ਵਿਰੁੱਧ ਕੂਕਣ ਲੱਗ ਪਏ। ਅੰਮ੍ਰਿਤਸਰ, ਮਲੇਰਕੋਟਲੇ ਸ਼ਹੀਦੀ ਸਾਕਿਆਂ ਸਮੇਂ ਨਾਮਧਾਰੀ ਸਿੰਘ ਇਸ਼ਨਾਨ ਕਰਕੇ ਸ਼ਬਦ ਕੀਰਤਨ ਕਰਦਿਆਂ ਫਾਂਸੀਆਂ ਦੇ ਰੱਸੇ ਆਪ ਗਲਾਂ ਵਿਚ ਪਾ ਕੇ ਸ਼ਹੀਦ ਹੋਏ। ਆਪ ਹੀ ਤੋਪਾਂ ਸਾਹਮਣੇ ਛਾਤੀਆਂ ਤਾਣ ਕੇ ਸ਼ਹੀਦੀ ਜਾਮ ਪੀਤਾ। ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਲਿਖਦੇ ਹਨ :

ਉਹ ਹਿਤ ਹੁਕਮ ਅੰਗ੍ਰੇਜ਼ੀ ਆਇਓ,
ਇਨ ਕੋ ਤੋਪਨ ਸੰਗ ਉਡਾਯੋ।
ਜਬ ਇਹ ਹੁਕਮ ਉਨੈ ਸੁਣ ਪਾਯੋ,
ਖੁਸ਼ੀ ਭਏ ਅਤਿ ਹੀਯ ਹੁਲਸਾਯੋ।
ਮੁਖ ਪਰ ਲਾਲੀ ਚੜ੍ਹੀ ਬਧੇਰੇ,
ਗਾਵਤ ਗੁਰ ਕ ਸਬਦ ਉਚੇਰੇ।
...ਦੀਵੇ ਪਰ ਜਿਉ ਆਇ ਪਤੰਗੇ,
ਤਿਉ ਤੋਪਨ ਦਿਸ ਜਾਇ ਨਿਸੰਗੇ।

**ਹੱਲੇ ਦਾ ਕੀਰਤਨ ਅਤੇ ਆਜ਼ਾਦੀ ਸੰਗਰਾਮ** : ਪੂਰਨ ਸੁਤੰਤਰਤਾ ਦਾ ਸੰਕਲਪ;

ਕੇਵਲ ਰਾਜਨੀਤਕ ਆਜ਼ਾਦੀ, ਆਪਣੀ ਨਿਆਂ ਪ੍ਰਣਾਲੀ ਤੇ ਆਪਣੇ ਫੌਜੀ ਪ੍ਰਬੰਧ ਨਾਲ ਹੀ ਪੂਰਾ ਨਹੀਂ ਹੁੰਦਾ, ਸਗੋਂ ਕਿਸੇ ਦੇਸ਼ ਕੌਮ ਦੀ ਆਪਣੀ ਬੋਲੀ, ਆਪਣੇ ਸੱਭਿਆਚਾਰ ਦੀ, ਧਰਮ ਦੀ ਅਤੇ ਗੌਰਵਮਈ ਵਿਰਸੇ ਦੀ, ਸਵੈਮਾਨ ਦੀ ਸਥਾਪਤੀ ਨਾਲ ਹੀ ਪੂਰਨ ਪ੍ਰਭੂਸੱਤਾ ਕਾਇਮ ਹੋ ਸਕਦੀ ਹੈ, ਇਸ ਤੋਂ ਬਿਨਾਂ ਸੰਪੂਰਨ ਸੁਤੰਤਰਤਾ ਦਾ ਸੰਕਲਪ ਅਧੂਰਾ ਰਹਿੰਦਾ ਹੈ।

ਸਮੁੰਦਰੋਂ ਪਾਰੋਂ ਆਏ ਬਰਤਾਨਵੀ ਹਾਕਮਾਂ ਨੇ ਭਾਰਤ ਨੂੰ ਕੇਵਲ ਰਾਨੀਤਿਕ ਤੌਰ ਤੇ ਹੀ ਗੁਲਾਮ ਨਹੀਂ ਕੀਤਾ ਸਗੋਂ ਮਾਨਸਿਕ ਤੌਰ ਤੇ ਵੀ ਗੁਲਾਮ ਕਰਨ ਲਈ, ਸਾਡੇ ਧਰਮ, ਵਿਰਸੇ, ਸੱਭਿਆਚਾਰ ਦਾ ਸਰੂਪ ਵਿਗਾੜਨ ਲਈ ਕੋਝੀਆਂ ਚਾਲਾਂ ਚੱਲੀਆਂ, ਸਾਨੂੰ ਮਾਂ ਬੋਲੀ ਨਾਲੋਂ ਤੋੜਨ ਦੇ ਯਤਨ ਕੀਤੇ ਗਏ। ਵਿਦੇਸ਼ੀ ਹਾਕਮ ਸਾਨੂੰ ਭਾਰਤੀਆਂ ਨੂੰ ਹੀਣ ਭਾਵਨਾ ਦਾ ਅਹਿਸਾਸ ਕਰਵਾਉਂਣਾ ਚਾਹੁੰਦੇ ਸਨ ਕਿ ਤੁਸੀਂ ਬਹੁਤ ਪਛੜੇ ਲੋਕ ਹੋ, ਤੁਹਾਡੀ ਬੋਲੀ, ਤੁਹਾਡਾ ਸੱਭਿਆਚਾਰ ਵੀ ਬਹੁਤ ਪਛੜਿਆ ਹੈ। ਜੇ ਤੁਸੀਂ ਸਾਡੇ ਵਾਂਗ ਵਿਕਾਸ ਕਰਨਾ ਚਾਹੁੰਦੇ ਹੋ ਤਾਂ ਸਾਡੀ ਬੋਲੀ, ਸਾਡਾ ਧਰਮ ਅਤੇ ਸੱਭਿਆਚਾਰ ਅਪਣਾਓ, ਸਾਡੇ ਵਰਗੇ ਹੋ ਜਾਵੋਗੇ।

ਕੀਰਤਨ ਦੇ ਨਾਲ ਹੱਲਾ ਸ਼ਬਦ ਕੇਵਲ ਨਾਮਧਾਰੀ ਸਮਾਜ ਵਿਚ ਪ੍ਰਚਲਤ ਹੈ। ਹੱਲਾ ਭਾਵ ਹਮਲਾ ਕਰਨਾ। ਨਾਮਧਾਰੀ ਜਥੇਦਾਰ ਜਿਸ ਪਿੰਡ ਜਾਂਦੇ ਪਹਿਲਾਂ ਹੱਲਾ (ਢੋਲਕ ਛੈਣੇ) ਵਜਾਉਂਦੇ। ਲੋਕ ਇਕੱਠੇ ਹੋ ਜਾਂਦੇ ਫਿਰ ਉਹ ਸ਼ੁਰੂ ਕਰਦੇ ਵਿਆਖਿਆ ਅਤੇ ਕੀਰਤਨ। ਕੂਕਿਆਂ ਬਾਰੇ ਲੋਕ ਬੋਲੀਆਂ ਪ੍ਰਚਲਤ ਹੋ ਗਈਆਂ :

ਪੰਥ ਤਾਂ ਜੱਗ ਤੇ ਬਹੁਤ ਚੱਲੇ ਨੇ, ਕੂਕਿਆਂ ਦਾ ਪੰਥ ਨਿਰਾਲਾ।
ਹੱਥਾਂ ਦੇ ਵਿਚ ਗੜਵੇ ਰੱਖਦੇ, ਗਲ ਵਿਚ ਉੱਨ ਦੀ ਮਾਲਾ।
ਗਹਿਣਾ ਗੱਟਾ ਮੂਲ ਨ ਪਾਉਂਦੇ, ਸਿੱਧਾ ਰੱਖਦੇ ਚਾਲਾ।
ਅੰਗ੍ਰੇਜਾਂ ਦੀ ਈਨ ਨਾ ਮੰਨਦੇ, ਮੰਗਿਆਂ ਦੇਣ ਨਾ ਹਾਲਾ।
ਰਾਜ ਅੰਗ੍ਰੇਜਾਂ ਦਾ, ਚੰਦ ਰੋਜ਼ ਦਾ ਚਾਲਾ।
ਬਈ ਰਾਜ ਅੰਗ੍ਰੇਜਾਂ ਦਾ, ਚੰਦ ਰੋਜ਼ ਦਾ ਚਾਲਾ।

ਢੋਲਕ ਛੈਣੇ ਨਾਮਧਾਰੀਆਂ ਦੀ ਪਛਾਣ ਬਣ ਗਈ –

'ਜਿੱਥੇ ਢੋਲਕ ਛੈਣੇ ਖੜਕਣ ਉਹ ਘਰ ਕੂਕਿਆਂ ਦਾ।'
'ਥਾਲੀ ਭੰਨ ਕੇ ਬਣਾ ਲਏ ਛੈਣੇ, ਬਈ ਬੱਲੇ ਏਨਾਂ ਕੂਕਿਆਂ ਦੇ।'

ਪੰਜਾਬੀ ਦੀ ਇੱਕ ਪ੍ਰਸਿੱਧ ਪੁਸਤਕ ਹੈ 'ਮੇਰਾ ਪਿੰਡ'। ਇਸਦੇ ਲੇਖਕ ਹਨ ਗੁਰਦਿੱਤ ਸਿੰਘ ਗਿਆਨੀ। ਗਿਆਨੀ ਜੀ ਕੇਂਦਰੀ ਸਿੰਘ ਸਭਾ ਲਹਿਰ ਦੇ ਸਥਾਪਿਤ ਨੇਤਾ ਸਨ। ਹਾਸ ਬਿਲਾਸੀ ਢੰਗ ਨਾਲ ਲਿਖੀ ਇਸ ਪੁਸਤਕ ਵਿਚ ਪੰਜਾਬ ਦੇ ਪਿੰਡਾਂ ਦੇ ਜਨ ਜੀਵਨ ਦੇ ਹਰ ਪਹਿਲੂ ਤੇ ਲਿਖਿਆ ਹੈ। ਨਾਮਧਾਰੀਆਂ ਦੇ ਦੀਵਾਨ ਦੀ ਵੀ ਇੱਕ

ਝਾਕੀ ਖਿੱਚੀ ਗਈ ਹੈ। ਪੰਨਾ 96 ਤੋਂ 99 ਤੱਕ ਨਾਮਧਾਰੀ ਦੀਵਾਨ ਦਾ ਖਾਕਾ ਇਵੇਂ ਪੇਸ਼ ਕੀਤਾ ਹੈ :

"ਇਕ ਵਾਰੀ ਭਾਰੀ ਮੀਂਹ ਪੈਣ ਪਿੱਛੋਂ ਹੜ੍ਹ ਆਏ, ਸਾਰੀਆਂ ਫਸਲਾਂ ਫਨਾਹ ਹੋ ਗਈਆਂ। ਲੋਕ ਓਦਰੇ ਹੋਏ ਮਨਾਂ ਨਾਲ ਉਬਾਸੀਆਂ ਭੰਨ ਰਹੇ ਸੀ, ਚੰਗੀ ਖਬਰ ਆ ਪੁੱਜੀ ਵਈ ਨਾਲ ਲਗਵੇਂ ਪਿੰਡ, ਛਾਪੇ, ਇਕ ਕੂਕੇ ਸੰਤਾਂ ਦਾ ਜਥਾ ਆਇਐ, ਵਈ ਸ਼ਬਦ ਲਾਉਂਦੇ ਨੇ, ਬੱਸ ਧੱਮਚੀ ਈ ਚੁੱਕ ਦਿੰਦੇ। ਲੋਕਾਂ ਨੇ ਕੂਕਿਆਂ ਬਾਰੇ ਕਈ ਬੋਲੀਆਂ ਤੇ ਟੱਪੇ ਜੋੜ ਰੱਖੇ ਸੀ।

"ਕੂਕੇ ਗਾਉਣ ਲੱਗਣ ਨਾ ਦੇਂਦੇ ਮੇਲੇ ਮੁਖਸਰ ਦੇ।'

ਕਹਿੰਦੇ ਕੂਕਿਆਂ ਨੂੰ ਤਾਂ ਭਈ! ਏਨਾ ਹਾਲ ਪੈਂਦੇ, ਜਦੋਂ ਸੰਤ ਮਸਤਾਨੇ ਹੋ ਜਾਂਦੇ, ਸ਼ਬਦ ਗਾਉਂਦਾ ਗਾਉਂਦਾ ਛਾਲ ਮਾਰ ਕੇ ਦਰੱਖਤ ਉੱਤੇ ਜਾ ਚੜ੍ਹਦੇ।

ਚਲੋ ਉਏ ਨਾਲੇ ਤਮਾਸ਼ਾ ਦੇਖਾਂਗੇ, ਨਾਲੇ ਚਾਰ ਰੱਬ ਦੇ ਘਰ ਦੀਆਂ ਵੀ ਸੁਣਾਂਗੇ। ਇਉਂ ਗੱਲਾਂ ਬਾਤਾਂ ਕਰਦੇ ਲੋਕੀਂ ਇਕ ਦੂਜੇ ਨੂੰ ਨਾਲ ਲੈਂਦੇ ਢਾਣੀਆਂ ਬਣਾ ਕੇ ਦੀਵਾਨ ਵਿਚ ਪੁੱਜ ਗਏ।

ਇੱਕ ਤੋਂ ਬਾਅਦ ਦੂਜੀ ਘਟਨਾ ਦਾ ਤੀਰ ਕਮਾਨ ਦੇ ਕੁੰਦੇ ਵਿਚੋਂ ਛੁੱਟਦਾ ਤੇ ਸਰੋਤਿਆਂ ਨੂੰ ਵਿੰਨ੍ਹਦਾ ਗਿਆ। ਅਜ਼ਾਦੀ ਆਉਣ ਦੀ ਕਾਹਲੀ ਪਈ ਲਾਲਸਾ ਤੇ ਇਸ ਖਿਆਲ ਤੋਂ ਕਿ ਬਾਬਾ ਰਾਮ ਸਿੰਘ ਜੀ ਅੰਗ੍ਰੇਜ਼ਾਂ ਦੇ ਜਾਣ ਪਿੱਛੋਂ ਛੇਤੀ ਆ ਜਾਣਗੇ, ਤੇ ਨਾਲ ਹੀ ਇਸ ਹੱਲੇ ਦੀ ਜੋਸ਼ੀਲੀ ਧਾਰਨਾ ਨੇ ਉਹ ਠਾਠ ਬੰਨ੍ਹਿਆਂ ਕਿ ਕਿਤਨੇ ਹੀ ਕੂਕੇ ਸਿਰ ਮਾਰ ਮਾਰ ਕੇ 'ਦਿਵਾਨੇ' ਬਣ ਗਏ। ਖੁੱਲੀਆਂ ਬਾਵਰੀਆਂ ਨਾਲ ਸਿਰ ਹਿਲਾ ਕੇ ਜਦੋਂ ਉਹ ਉਹਨਾਂ ਮੁੜ ਮੁੜ ਇਹ ਧਾਰਨਾ ਦੀ :

"ਭੱਜੇ ਜਾਂਦੇ ਗੋਰੇ ਹੁਣ ਕੀ ਦੇਖਦੈਂ।"

ਤੁਕ ਗਾਉਣੀ ਸ਼ੁਰੂ ਕੀਤੀ ਤਾਂ ਕਈ ਟੋਡੀਆਂ ਦੇ ਮਨ ਵੀ ਮੰਨ ਗਏ ਕਿ ਹੁਣ ਗੋਰੇ ਨਹੀਂ ਰਹਿਣਗੇ। ਭਾਵੀ ਵਰਤਕੇ ਰਹੇਗੀ। ਫਿਰ ਇਕ ਦਮ ਵੱਡੇ ਸੰਤ ਨੇ ਹੱਥ ਖੜਾ ਕਰਕੇ ਇਕ ਵਾਰੀ ਚੁੱਪ ਵਰਤਾ ਦਿੱਤੀ ਤੇ ਫੇਰ ਉਸ ਨੇ ਕੰਨ ਵਿਚ ਉਂਗਲ ਦੇ ਕੇ ਗਾਇਆ :

'ਓਏ ਅਸਾਂ ਹਿੰਦ ਵਿਚ ਗਦਰ ਮਚੌਣਾ, ਕੱਢਣਾ ਫਰੰਗੀਆਂ ਨੂੰ<br>
ਇਥੋਂ ਚੁੱਕ ਕੇ ਫਰੰਗੀਆਂ ਡੇਰਾ, ਖਾਲਸੇ ਨੇ ਰਾਜ ਕਰਨਾ।<br>
ਛਾਉਣੀ ਕਰ ਦੇ ਫਰੰਗੀਆ ਖਾਲੀ, ਖਾਲਸੇ ਨੇ ਭੰਗ ਬੀਜਣੀ।'

ਇਕ ਇਕ ਧਾਰਨਾ ਉਤੇ ਛਾਲਾਂ ਮਾਰ ਮਾਰ ਕੇ, ਉਨ੍ਹਾਂ ਇਸ ਤਰ੍ਹਾਂ ਧੱਮਾਂ ਚੌਕੜੀ ਚੁੱਕੀ, ਜਿਵੇਂ ਫਰੰਗੀਆਂ ਨੂੰ ਕੱਢ ਕੇ ਹੀ ਰਾਤ ਸੌਣਾ ਹੁੰਦਾ ਹੈ, ਵਿਚੋਂ ਦੀ ਹੀ ਜਥੇ ਨੇ,

ਆਪਣੇ ਮਨੋ ਭਾਵ ਪ੍ਰਗਟ ਕਰਨੇ ਸ਼ੁਰੂ ਕਰ ਦਿੱਤੇ :

ਓਏ ਨਹੀਂ ਖੱਦਰ ਬਿਨਾਂ ਹੱਥ ਲਾਉਣਾ, ਅਤਲਸਾਂ ਪਾੜ ਦੇਣੀਆਂ।
ਰਾਜ ਅੰਗ੍ਰੇਜਾਂ ਦਾ, ਓ ਚੰਦ ਰੋਜ਼ ਦਾ ਚਾਲਾ।

ਕੂਕੇ ਕਾਹਦੇ ਨੇ ਵਈ ਅੱਗ ਦੀ ਨਾਲ ਈ ਨੇ, ਮਜਾਲ ਹੈ ਕਿਸੇ ਤੋਂ ਡਰਨ, ਸਰਕਾਰ ਦੀ ਬੜੀ ਮਿੱਟੀ ਪੱਟਦੇ ਨੇ। ਵਾਪਸ ਆਉਂਦੇ ਕਈ ਨੁਕਤਾਚੀਨੀ, ਉਨ੍ਹਾਂ ਦੀ ਨਿਡਰਤਾ ਤੇ ਸਰਕਾਰ ਵਿਰੋਧੀ ਜੋਸ਼ ਦੀ ਖੂਬ ਪ੍ਰਸ਼ੰਸਾ ਕਰਨ ਲੱਗੇ।

ਜਦੋਂ ਅੰਗ੍ਰੇਜ ਸਰਕਾਰ ਨੇ ਨਾਮਧਾਰੀਆਂ ਦਾ ਪ੍ਰਚਾਰ ਜਬਰਨ ਬੰਦ ਕਰ ਦਿੱਤਾ ਤਾਂ ਇਕੱਲਿਆਂ ਜਿਸ ਯੰਤਰ ਨਾਲ ਇਸ ਦਾ ਮੁਕਾਬਲਾ ਕੀਤਾ ਗਿਆ ਉਹ ਢੋਲਕੀ ਸੀ। ਮਸਤ ਕਰ ਦੇਣ ਵਾਲੀ ਢੋਲਕੀ। ਗਹੁ ਨਾਲ ਤੁਸੀਂ ਨਾਮਧਾਰੀ ਸ਼ਹੀਦ ਸਾਕਿਆਂ ਦੇ ਚਿੱਤਰ ਦੇਖੋ। ਚਾਹੇ ਉਹ ਅੰਮ੍ਰਿਤਸਰ ਦੇ ਬੋਹੜ ਨਾਲ ਫਾਂਸੀਆਂ ਲੱਗ ਰਹੇ ਹੋਣ ਚਾਹੇ ਮਲੇਰਕੋਟਲੇ ਵਿਚ ਤੋਪਾਂ ਅੱਗੇ ਉਡ ਰਹੇ ਹਨ, ਲਾਗੇ ਢੋਲਕੀ ਵਜਾਉਣ ਵਾਲੇ ਦਾ ਚਿੱਤਰ ਜ਼ਰੂਰ ਹੋਵੇਗਾ। ਪੰਜਾਬੀ ਦੇ ਪ੍ਰਸਿੱਧ ਸ਼ਾਇਰ ਸ੍. ਸੰਤੋਖ ਸਿੰਘ ਸਫਰੀ ਨੇ ਤਾਹੀਓਂ ਤਾ ਕਿਹਾ ਹੈ :

ਗੋਰੇ ਹਲ ਗਏ ਹੱਲੇ ਦੇ ਸ਼ਬਦ ਸੁਣ ਕੇ,
ਐਸੇ ਵਾਰ ਕੀਤੇ ਢੋਲਕ ਛੈਣਿਆਂ ਨੇ।...
ਗੋਲੇ ਤੋਪਾਂ ਦੇ ਨਰਕਾਂ ਦੀ ਅੱਗ ਵਰਗੇ,
ਠੰਡੇ ਠਾਰ ਕੀਤੇ ਢੋਲਕ ਛੈਣਿਆਂ ਨੇ।

ਹਰ ਖੁਸ਼ੀ ਜਾਂ ਗਮੀ ਦੇ ਮੌਕੇ ਢੋਲਕੀ ਛੈਣਿਆਂ ਨਾਲ ਸ਼ਬਦ ਪੜ੍ਹਨੇ ਨਾਮਧਾਰੀ ਰਹਿਣ ਸਹਿਣ ਦਾ ਇੱਕ ਅੰਗ ਬਣ ਗਿਆ।

1872 ਜਨਵਰੀ 'ਚ ਹੋਏ ਮਲੇਰਕੋਟਲੇ ਸ਼ਹੀਦੀ ਸਾਕੇ ਉਪਰੰਤ ਸਤਿਗੁਰੂ ਰਾਮ ਸਿੰਘ ਜੀ ਅਤੇ ਸੂਬਿਆਂ ਨੂੰ ਦੇਸ਼ ਨਿਰਵਾਸਿਤ ਕਰ ਦਿੱਤਾ ਗਿਆ। ਨਾਮਧਾਰੀ ਦੀਵਾਨਾਂ ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਗਈ। ਕੀਰਤਨ ਅਤੇ ਅਖੰਡ ਪਾਠ ਕਰਨ ਵਾਲੇ ਨਾਮਧਾਰੀ ਸਿੱਖਾਂ ਨੂੰ ਸਾਲਾਂ ਬੱਧੀ ਜੇਲ੍ਹ ਦੀ ਸਜ਼ਾ ਭੁਗਤਣੀ ਪਈ। 1874 ਈ: ਨੂੰ ਸਤਿਗੁਰੂ ਹਰੀ ਸਿੰਘ ਜੀ ਨੇ ਆਪਣੇ ਪਿਤਾ ਬਾਬਾ ਜੱਸਾ ਸਿੰਘ ਜੀ ਦੇ ਭੋਗ ਤੇ ਕੀਰਤਨ ਕਰਨ ਦੀ ਪ੍ਰਵਾਨਗੀ ਲਈ, 1923 ਤੱਕ ਸ੍ਰੀ ਭੈਣੀ ਸਾਹਿਬ ਸਥਾਈ ਪੁਲਿਸ ਚੌਂਕੀ ਬੈਠੀ ਰਹੀ। ਕਦੇ ਵੱਧ ਕਦੇ ਘੱਟ ਸਖ਼ਤੀਆਂ 'ਚ ਸਤਿਗੁਰੂ ਹਰੀ ਸਿੰਘ ਨੇ ਨਾਮ ਬਾਣੀ ਅਤੇ ਕੀਰਤਨ ਦਾ ਪ੍ਰਵਾਹ ਜਾਰੀ ਰੱਖਿਆ। 22 ਜੋੜੀਆਂ ਰਬਾਬੀਆਂ ਦੀਆਂ ਆਪ ਦੇ ਹਜ਼ੂਰ ਕੀਰਤਨ ਕਰਨ ਵਾਲੀਆਂ ਸਨ। 1906 ਈ: ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਆਪ ਦੇ ਸਪੁੱਤਰ ਸਤਿਗੁਰੂ ਪ੍ਰਤਾਪ ਸਿੰਘ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ। ਆਪ ਨੇ ਬਚਪਨ ਤੋਂ ਹੀ ਗੁਰਮਤਿ ਸੰਗੀਤ ਦੀ

ਉਚੇਰੀ ਸਿੱਖਿਆ ਗ੍ਰਹਿਣ ਕੀਤੀ। ਆਪ ਨੇ ਪ੍ਰਸਿੱਧ ਦਿਲਰੁਬਾ ਵਾਦਕ ਭਾਈ ਮਸਤਾਨ ਸਿੰਘ (ਉਸਤਾਦ ਮਹੰਤ ਗੱਜਾ ਸਿੰਘ ਦੇ ਸ਼ਗਿਰਦ) ਨੂੰ ਦਿਲਰੁਬਾ ਦੇ ਉਸਤਾਦ ਧਾਰਨ ਕੀਤਾ। ਸਤਿਗੁਰੂ ਹਰੀ ਸਿੰਘ ਵੇਲੇ ਦੇ ਰਾਗੀ ਰਬਾਬੀ, ਢਾਡੀ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਸਮੇਂ ਕੀਰਤਨ ਕਰਦੇ ਰਹੇ ਉਹ ਹਨ : ਭਾਈ ਫਕੀਰੀਆ ਪਿੰਡ ਧੁਲੇਤਾ, ਭਾਈ ਕਾਲੂ, ਭਾਈ ਤਾਬਾ, ਭਾਈ ਸੁੰਦਰ, ਭਾਈ ਸੰਦਲ, ਭਾਈ ਸੋਹਣਾ, ਭਾਈ ਫੱਤੂ, ਭਾਈ ਮੱਤੂ ਅਤੇ ਭਾਈ ਜੈ ਸਿੰਘ, ਭਾਈ ਗੁਰਮੁਖ ਸਿੰਘ, ਭਾਈ ਸਰਮੁਖ ਸਿੰਘ ਆਦਿ ਨਾਂ ਹਨ ਜੋ ਇਤਿਹਾਸ ਦੇ ਪੰਨਿਆਂ ਤੇ ਦਰਜ ਹਨ।

1923 ਈ: 'ਚ ਸ੍ਰੀ ਭੈਣੀ ਸਾਹਿਬ ਤੋਂ ਪੁਲਿਸ ਚੌਂਕੀ ਚੁੱਕੀ ਗਈ। ਪ੍ਰਚਾਰ ਦੇ ਕੁਝ ਰਾਹ ਖੁੱਲ੍ਹੇ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਸਮੇਂ ਜੋ ਪ੍ਰਮੁੱਖ ਕਾਰਜ ਅਰੰਭੇ, ਉਹ ਸਨ ਨਾਮ ਬਾਣੀ ਦਾ ਪ੍ਰਵਾਹ ਅਤੇ ਗੁਰਮਤਿ ਸੰਗੀਤ ਦੀਆਂ ਪੁਰਾਤਨ ਰੀਤਾਂ ਦੀ ਸੰਭਾਲ। ਆਪ ਨੇ 1959 ਤੱਕ ਦੋ ਵੇਰ ਸਵਾ ਸਵਾ ਲੱਖ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਵਾਏ। ਦੋ ਵੇਰ ਹੀ ਸਵਾ ਸਵਾ ਲੱਖ ਚੰਡੀ ਦੀ ਵਾਰ ਦੇ ਪਾਠ ਅਤੇ ਮਹਾਨ ਹਵਨ ਯੱਗ ਵੀ ਕੀਤੇ। ਹਜ਼ਾਰਾਂ ਅਖੰਡ ਪਾਠ ਕਰਵਾਏ।

ਭਾਵੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਾਰਾ ਜੀਵਨ ਹੀ ਸੰਘਰਸ਼ ਭਰਪੂਰ ਸੀ। ਪਹਿਲੋਂ ਦੇਸ਼ ਆਜਾਦੀ ਲਈ ਵਿਦੇਸ਼ੀ ਸਰਕਾਰ ਨਾਲ ਸੰਘਰਸ਼, ਦੇਸ਼ ਦੀ ਅਜ਼ਾਦੀ ਉਪਰੰਤ ਉੱਜੜ ਕੇ ਆਇਆਂ ਨੂੰ ਵਸਾਉਣ ਲਈ ਸੰਘਰਸ਼। ਪਰ ਫੇਰ ਵੀ ਜੋ ਉਸ ਸਮੇਂ ਗੁਰਮਤਿ ਸੰਗੀਤ ਦੀ ਸੰਭਾਲ ਲਈ ਕਰਨਾ ਜ਼ਰੂਰੀ ਸੀ ਆਪ ਨੇ ਉਚੇਚ ਨਾਲ ਕੀਤਾ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਵੱਡੇ ਸਾਹਿਬਜਾਦੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਕੇਵਲ ਸਾਢੇ ਚਾਰ ਸਾਲ ਦੀ ਉਮਰ ਵਿਚ ਉਸ ਸਮੇਂ ਦੇ ਪ੍ਰਸਿੱਧ ਸੰਗੀਤਾਚਾਰਯ ਭਾਈ ਹਰਨਾਮ ਸਿੰਘ ਜੀ ਅੱਗੇ ਪ੍ਰਸ਼ਾਦ ਭੇਟ ਰੱਖ ਸੰਗੀਤ ਸਿੱਖਿਆ ਅਰੰਭ ਕਰਵਾਈ। 1928 ਈ: ਵਿਚ ਸ੍ਰੀ ਭੈਣੀ ਸਾਹਿਬ ਵਿਖੇ 'ਨਾਮਧਾਰੀ ਵਿਦਿਆਲਾ' ਸਥਾਪਤ ਕੀਤਾ। ਇਸ ਵਿਦਿਆਲੇ ਵਿਚ ਪੰਜਾਬੀ, ਹਿੰਦੀ, ਸੰਸਕ੍ਰਿਤ, ਅੰਗਰੇਜ਼ੀ ਭਾਸ਼ਾਵਾਂ ਤੋਂ ਇਲਾਵਾ ਕੁਸ਼ਤੀ, ਘੋੜ ਸਵਾਰੀ, ਤੈਰਾਕੀ ਤੋਂ ਸੰਗੀਤ ਸਿੱਖਿਆ ਤੱਕ ਦਾ ਪ੍ਰਬੰਧ ਕੀਤਾ ਗਿਆ। ਸੰਗੀਤ ਦੇ ਪਹਿਲੇ ਸਿਖਿਆਰਥੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੋਵੇਂ ਸਾਹਿਬਜ਼ਾਦੇ ਅਤੇ ਹੋਰ ਬਹੁਤ ਵਿਦਿਆਰਥੀ ਸਨ। ਜਿਨ੍ਹਾਂ ਵਿਚ ਕਵੀ ਪ੍ਰੀਤਮ ਸਿੰਘ ਜੀ ਵੀ ਸਨ। ਕਵੀ ਜੀ ਨੇ ਸੰਗੀਤ ਸਿਖਿਆਰਥੀਆਂ ਦੇ ਨਾਂ ਵੀ ਲਿਖੇ ਹਨ ਅਤੇ ਦਿਨਚਰਿਯਾ ਅਤੇ ਉਸਤਾਦਾਂ ਬਾਰੇ ਵੀ "ਅਸੀਂ ਸਾਰੇ ਸੰਗੀਤ ਸਿਖਿਆਰਥੀ ਦੋ ਟੋਲਿਆਂ ਵਿਚ ਸਵੇਰੇ ਚਾਰ ਤੋਂ ਸੱਤ ਅਤੇ ਸ਼ਾਮੀ ਪੰਜ ਤੋਂ ਅੱਠ ਵਜੇ ਤੱਕ ਸੰਗੀਤ ਸੰਥਾ ਲੈਂਦੇ ਅਤੇ ਅਭਿਆਸ ਕਰਦੇ। ਸਵੇਰੇ ਸਵੇਰ ਵੇਲੇ ਦੇ ਰਾਗ ਆਸਾ, ਭੈਰਉ, ਰਾਮਕਲੀ, ਭੈਰਵੀ, ਟੋਡੀ, ਆਸਾਵਰੀ, ਬਿਲਾਵਲ ਆਦਿ, ਦੁਪਹਿਰ ਦੇ ਰਾਗ ਭੀਮ ਪਲਾਸੀ, ਤਿਲੰਗ, ਸਾਰੰਗ ਆਦਿ ਗਾਏ ਜਾਂਦੇ ਅਤੇ ਸ਼ਾਮ ਵੇਲੇ ਭੂਪਾਲੀ, ਕਾਨੜਾ,

ਬਰਵਾ, ਦਰਬਾਰੀ ਅਤੇ ਹੋਰ ਕਿਸਮਾਂ ਕਲਿਆਣ, ਸੋਰਠ, ਦੇਸ਼, ਬਿਹਾਗ ਆਦਿ ਸਿਖਾਏ ਜਾਂਦੇ ਸਨ। ਮੌਸਮੀ ਰਾਗ ਬਸੰਤ, ਬਹਾਰ, ਅਡਾਨਾ, ਮੇਘ, ਮਲ੍ਹਾਰ ਆਦਿ ਵੀ ਨਾਲ ਨਾਲ ਸਿੱਖ ਸਿਖਾਏ ਜਾਂਦੇ ਸਨ। ਏਥੇ ਹਾਰਮੋਨੀਅਮ ਕੇਵਲ ਤੰਤੀ ਸਾਜ ਸੁਰ ਕਰਨ ਲਈ ਵਰਤਿਆ ਜਾਂਦਾ ਸੀ। ਤਾਨਪੁਰੇ ਦਿਲਰੁਬਾ ਅਤੇ ਤਬਲੇ ਦੀਆਂ ਜੋੜੀਆਂ ਆਦਿ ਸਾਜ ਸਾਡੇ ਅਭਿਆਸ ਅਤੇ ਸਿੱਖਿਆ ਕਮਰੇ ਵਿਚ ਪਏ ਰਹਿੰਦੇ ਜਦੋਂ ਕਿ ਸਿਖਿਆਰਥੀਆਂ ਪਾਸ ਨਿਜ ਦੇ ਅਭਿਆਸ ਲਈ ਆਪਣੇ ਸਾਜ ਵੀ ਹੁੰਦੇ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਜਦੋਂ ਵੀ ਦੇਸ਼ ਵਿਦੇਸ਼ ਦੇ ਦੌਰਿਆਂ ਤੋਂ ਵਾਪਸ ਸ੍ਰੀ ਭੈਣੀ ਸਾਹਿਬ ਪਰਤਦੇ ਤਾਂ ਪੂਰੀ ਦਿਲਚਸਪੀ ਨਾਲ ਸੰਗੀਤ ਸਿੱਖਦੇ ਬੱਚਿਆਂ ਨੂੰ ਸੁਣਦੇ। ਕੁਝ ਬੱਚਿਆਂ ਨੂੰ ਸਮਝਾਉਂਦੇ, ਕੁਝ ਉਸਤਾਦਾਂ ਨੂੰ ਸੁਝਾਓ ਦੇਂਦੇ। ਕਈ ਵੇਰ ਸਾਨੂੰ ਸੰਗੀਤ ਸਿਖਿਆਰਥੀਆਂ ਨੂੰ ਦੌਰੇ ਵਿਚ ਬੁਲਾ ਲਿਆ ਜਾਂਦਾ। ਸੰਗਤ ਵਿਚ ਕੀਰਤਨ ਕਰਨ ਦਾ ਵੀ ਮੌਕਾ ਮਿਲਦਾ ਤੇ ਹੋਰ ਰਾਗੀਆਂ ਰਬਾਬੀਆਂ ਨੂੰ ਸੁਣਨ ਦਾ ਵੀ।"

ਏਥੇ ਸੰਗੀਤ ਸਿਖਿਆਰਥੀਆਂ ਨੂੰ ਤਿੰਨ ਤਰ੍ਹਾਂ ਦੀ ਸ਼ੁੱਧੀ ਦਾ ਧਿਆਨ ਰੱਖਣਾ ਪੈਂਦਾ ਸੀ। ਪਹਿਲਾ, ਸ਼ਬਦ ਸ਼ੁੱਧੀ, ਦੂਸਰਾ ਰਾਗ ਸ਼ੁੱਧੀ ਅਤੇ ਤੀਸਰਾ ਲੈਅ ਤਾਲ ਦੀ ਸ਼ੁੱਧੀ ਅਰਥਾਤ ਜਿਸ ਲੈਅ ਤੋਂ ਅਸਥਾਈ ਸ਼ੁਰੂ ਕੀਤੀ ਹੋਵੇ, ਅਭੋਗ ਤੋਂ ਉੱਤਰ ਕੇ ਮੁੜ ਸਥਾਈ ਪਹਿਲੇ ਵਾਲੀ ਲੈਅ ਵਿਚ ਹੋਵੇ।

ਜਿਵੇਂ ਗੁਰਬਾਣੀ ਨੂੰ ਸਮਝਣ ਵਾਲਿਆਂ ਵਾਸਤੇ ਪੌਰਾਣਿਕ ਕਥਾਵਾਂ ਦਾ ਗਿਆਨ ਹੋਣਾ ਜ਼ਰੂਰੀ ਹੈ। 'ਸਿਮਰਨ ਦ੍ਰੁਪਦ ਸੁਤ ਉਧਰੀ' ਤੁਕ ਨੂੰ ਸਮਝਣ ਲਈ ਭਗਵਾਨ ਕ੍ਰਿਸ਼ਨ ਦੁਆਰਾ ਦ੍ਰੋਪਤੀ ਦੀ ਸਹਾਇਤਾ ਦੀ ਕਥਾ ਪੜ੍ਹਨੀ ਪਵੇਗੀ। ਇਸੇ ਤਰ੍ਹਾਂ ਗੁਰਮਤਿ ਸੰਗੀਤ ਨੂੰ ਸਮਝਣ ਲਈ, ਉਸਦੇ ਸ਼ੁੱਧ ਸਰੂਪ ਨੂੰ ਕਾਇਮ ਰੱਖਣ ਲਈ ਭਾਰਤੀ ਸ਼ਾਸਤਰੀਯ ਸੰਗੀਤ ਦੇ ਹੋਰ ਰਾਗਾਂ ਦਾ, ਜੋ ਗੁਰਬਾਣੀ ਵਿਚ ਨਹੀਂ ਵੀ ਆਏ, ਗਿਆਨ ਹੋਣਾ ਜ਼ਰੂਰੀ ਹੈ। ਇਸ ਮਨੋਰਥ ਦੀ ਪੂਰਤੀ ਲਈ ਸ੍ਰੀ ਭੈਣੀ ਸਾਹਿਬ ਵਿਖੇ ਸੰਗੀਤ ਸਿੱਖ ਰਹੇ ਸਿਖਿਆਰਥੀਆਂ ਨੂੰ ਸ਼ਾਸਤਰੀ ਸੰਗੀਤ ਦੀਆਂ ਬੰਦਸ਼ਾਂ ਅਤੇ ਸੰਗੀਤ ਦੀਆਂ ਵਧੇਰੇ ਬਾਰੀਕੀਆਂ ਸਿਖਾਉਣ ਲਈ ਉਚੇਚੇ ਯਤਨ ਕੀਤੇ ਗਏ। ਤਲਵੰਡੀ ਘਰਾਣੇ ਦੇ ਪ੍ਰਸਿੱਧ ਗਾਇਕ ਪਿੰਡ ਰਾਮਪੁਰ (ਲੁਧਿਆਣਾ) ਦਾ ਕਲਾਵੰਤ ਉਸਤਾਦ ਰਹੀਮ ਬਖਸ਼ ਅਤੇ ਉਨ੍ਹਾਂ ਦੇ ਪਿਤਾ ਉਸਤਾਦ ਉਧੋ ਖਾਂ ਸਾਹਿਬ ਉਸਤਾਦ ਨਿਯੁਕਤ ਕੀਤੇ ਗਏ।

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਸਮਕਾਲੀ ਰਾਗੀਆਂ ਰਬਾਬੀਆਂ ਪਾਸ, ਜੋ ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਚੱਲੀਆਂ ਆ ਰਹੀਆਂ ਸ਼ਬਦ ਰੀਤਾਂ ਸਨ, ਉਨ੍ਹਾਂ ਨੂੰ ਆਪਣੇ ਸੰਗੀਤ ਖਜ਼ਾਨੇ ਵਿਚ ਸੰਭਾਲਣ ਲਈ ਪ੍ਰਸਿੱਧ ਰਬਾਬੀ ਭਾਈ ਤਾਬ ਜੀ (ਗੁਰੂ ਰਾਮਦਾਸ ਜੀ ਵੇਲੇ ਦੇ ਰਬਾਬੀਆਂ ਦੇ ਵੰਸ਼ਜ) ਅਤੇ ਭਾਈ ਨਸੀਰ ਜੀ ਦੀਆਂ ਸੇਵਾਵਾਂ ਲਈਆਂ ਜਾਂਦੀਆਂ। ਇਹ ਦੋਵੇਂ ਉਸਤਾਦ ਹਰ ਮਹੀਨੇ ਕੁਝ ਦਿਨ ਸ੍ਰੀ ਭੈਣੀ ਸਾਹਿਬ

ਆਉਂਦੇ ਅਤੇ ਪੁਰਾਤਨ ਗੀਤਾਂ ਸਿਖਾਉਂਦੇ। ਭਾਈ ਨਸੀਰ ਜੀ ਨੇ ਵਿਦਿਆਰਥੀਆਂ ਨੂੰ ਪਖਾਵਜ ਅਤੇ ਮ੍ਰਿਦੰਗ ਦੇ ਖੁੱਲ੍ਹੇ ਬੋਲ ਵੀ ਸਿਖਾਏ। ਆਪ ਦੇ ਵੱਡੇ ਸਾਹਿਬਜਾਦੇ (ਸਤਿਗੁਰੂ ਜਗਜੀਤ ਸਿੰਘ ਜੀ) ਨੇ ਭਾਈ ਮਸਤਾਨ ਸਿੰਘ ਜੀ (ਪਟਿਆਲਾ) ਤੋਂ ਦਿਲਰੁਬਾ ਵਾਦਨ ਦੀ ਸਿੱਖਿਆ ਵੀ ਗ੍ਰਹਿਣ ਕੀਤੀ। ਇਨ੍ਹਾਂ ਮਹਾਨ ਉਸਤਾਦਾਂ ਤੋਂ ਸੈਂਕੜੇ ਬੰਦਿਸ਼ਾਂ, ਰਾਗ ਅਤੇ ਤਾਲ ਸ੍ਰੀ ਭੈਣੀ ਸਾਹਿਬ ਦੇ ਸੰਗੀਤ ਖਜਾਨੇ ਵਿਚ ਸੰਭਾਲੇ ਗਏ, ਜਿਨ੍ਹਾਂ ਦਾ ਅੱਜ ਦੇਸ਼ ਭਰ ਅਤੇ ਵਿਦੇਸ਼ਾਂ ਵਿਚ ਵੱਸਦੇ ਨਾਮਧਾਰੀ ਨੌਜਵਾਨਾਂ ਰਾਹੀਂ ਬਹੁਤ ਵਿਸਥਾਰ ਹੋ ਚੁੱਕਾ ਹੈ।

ਆਪ ਦੇ ਸਮੇਂ ਦੇ ਕੁਝ ਰਾਗੀਆਂ ਦੇ ਨਾਂ ਵੀ ਵਰਣਨਯੋਗ ਹਨ : ਸੰਤ ਲਾਲ ਸਿੰਘ ਭੂਰੇ ਗਿੱਲ, ਜਿਲ੍ਹਾ ਅੰਮ੍ਰਿਤਸਰ, ਸੰਤ ਹਰਨਾਮ ਸਿੰਘ ਜੀ ਚਵਿੰਡਾ, ਜਿਲ੍ਹਾ ਅੰਮ੍ਰਿਤਸਰ, ਸੰਤ ਨਿਧਾਨ ਸਿੰਘ ਜੀ ਆਲਮ, ਗੁਜ਼ਰਾਂਵਾਲੇ ਦੇ ਭਾਈ ਗਣੇਸ਼ਾ ਸਿੰਘ ਜੀ, ਭਾਈ ਬਸੰਤ ਸਿੰਘ, ਭਾਈ ਹਰਨਾਮ ਸਿੰਘ (ਬੀਬੀ ਨੰਦਾ ਦੇ ਪੁੱਤਰ) ਅਤੇ ਭਾਈ ਗੁਰਬਖਸ਼ ਸਿੰਘ, ਭਾਈ ਨਿਰਮਲ ਸਿੰਘ ਲੁਧਿਆਣਾ (ਬੀਬੀ ਨੰਦਾ ਦੇ ਪੋਤਰੇ)। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅੰਤਲੇ ਸਾਲਾਂ ਵਿਚ ਰਹੇ ਹਜ਼ੂਰੀ ਰਾਗੀ ਸੰਤ ਦਰਸ਼ਨ ਸਿੰਘ ਜੀ ਅਤੇ ਸੰਤ ਖਜਾਨ ਸਿੰਘ ਜੀ ਜੋ ਬਾਅਦ ਵਿਚ ਲੰਮਾ ਸਮਾਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਵੀ ਕੀਰਤਨ ਕਰਦੇ ਰਹੇ।

ਗੁਰਮਤਿ ਸੰਗੀਤ ਦੇ ਪ੍ਰਚਾਰ ਵਾਸਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੋਰ ਵੀ ਸਫਲ ਯਤਨ ਕੀਤੇ। ਉਸ ਸਮੇਂ ਦੇ ਰਾਗੀਆਂ ਰਬਾਬੀਆਂ ਦੀ ਆਪ ਹਰ ਤਰ੍ਹਾਂ ਸੇਵਾ ਸਹਾਇਤਾ ਕਰਦੇ ਸਨ। ਪ੍ਰਸਿੱਧ ਕੀਰਤਨੀਏ ਭਾਈ ਜਵਾਲਾ ਸਿੰਘ ਜੀ ਦੇ ਸਪੁੱਤਰ ਰਾਗੀ ਗੁਰਚਰਨ ਸਿੰਘ ਕੰਵਲ ਲਿਖਦੇ ਹਨ :

"ਜਿਸ ਤਰ੍ਹਾਂ ਦਸੇ ਸਤਿਗੁਰੂ ਕੀਰਤਨ ਨੂੰ ਮਹਾਨਤਾ ਦਿਆ ਕਰਦੇ ਸਨ ਉਵੇਂ ਹੀ ਨਾਮਧਾਰੀ ਸੰਪਰਦਾਇ ਵਿਚ ਕੀਰਤਨ ਦੀ ਮਹਾਨਤਾ ਮੰਨੀ ਜਾਂਦੀ ਹੈ।.....ਨਾਮਧਾਰੀ ਸੰਪਰਦਾਇ ਵਿਚ ਅਰੰਭ ਤੋਂ ਹੀ ਕੀਰਤਨ ਨੂੰ ਭਗਤੀ ਦਾ ਦਰਜਾ ਦਿੱਤਾ ਜਾਂਦਾ ਰਿਹਾ ਹੈ।...ਪਰਮ ਪੂਜਨੀਕ ਮਹਾਰਾਜਾ ਬਾਬਾ ਪ੍ਰਤਾਪ ਸਿੰਘ ਜੀ ਸਾਰੀ ਉਮਰ ਗੁਰੂ ਸਾਹਿਬਾਨਾਂ ਦੇ ਵਕਤ ਤੋਂ ਚਲੀ ਆ ਰਹੀ ਕੀਰਤਨ ਦੀ ਪਰੰਪਰਾ ਨੂੰ ਕਾਇਮ ਰੱਖਣ ਲਈ, ਗੁਰਮਤਿ ਕੀਰਤਨ ਦੀ ਜੋ ਆਪਣੀ ਵੱਖਰੀ ਸ਼ੈਲੀ ਹੈ, ਨੂੰ ਸੰਭਾਲਣ ਦੇ ਉਪਰਾਲੇ ਕਰਦੇ ਰਹੇ ਹਨ।...ਸੰਗੀਤ ਕਲਾ ਦੀ ਨਿਪੁੰਨਤਾ ਅਤੇ ਕਦਰਦਾਨੀ ਬਾਰੇ ਜਿਨ੍ਹਾਂ ਬਜ਼ੁਰਗਾਂ ਅਤੇ ਵੀਰਾਂ ਪਾਸੋਂ ਸੁਣਿਆ ਸੀ ਉਨ੍ਹਾਂ ਵਿਚ ਭਾਈ ਸੰਤਾ ਸਿੰਘ ਜੀ ਕੰਵਲ ਜੋ ਸ਼ਬਦ ਗੀਤ ਦੀ ਵਿਦਿਆ ਵਿਚ ਪ੍ਰਬੀਨ ਸਨ, ਕਿਹਾ ਕਰਦੇ ਸਨ ਕਿ ਮਹਾਰਾਜਾ ਪ੍ਰਤਾਪ ਸਿੰਘ ਜੀ ਖੁਦ ਦਿਲਰੁਬਾ, ਤਾਊਸ਼ ਆਦਿ ਤੰਤੀ ਸਾਜਾਂ ਦੀ ਵਿਦਿਆ ਵਿਚ ਨਿਪੁੰਨ ਸਨ : ਕਦਰਦਾਨੀ ਬਾਰੇ ਪ੍ਰਸਿੱਧ ਵਿਦਵਾਨ ਭਾਈ ਤਾਬਾ ਜੀ ਕਿਹਾ ਕਰਦੇ ਹਨ ਕਿ ਜਦੋਂ ਕਿਤੇ ਮੈਂ ਮਹਾਰਾਜ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰਦਾ ਹਾਂ, ਉਹ ਇਤਨੀ ਕਦਰ

ਨਾਲ ਸੇਵਾ ਕਰ ਦੇਂਦੇ ਹਨ ਕਿ ਕਈ ਕਈ ਮਹੀਨੇ ਰੋਟੀ ਦੀ ਚਿੰਤਾ ਨਹੀਂ ਰਹਿੰਦੀ।...1955-56 ਵਿਚ ਦਿੱਲੀ ਕਰੋਲ ਬਾਗ ਵਿਖੇ ਸਾਨੂੰ ਮਹਾਰਾਜ ਪ੍ਰਤਾਪ ਸਿੰਘ ਜੀ ਨੇ ਹੁਕਮ ਕੀਤਾ ਕਿ ਸ਼ਬਦ ਗੀਤਾਂ ਦਾ ਕਾਫੀ ਭੰਡਾਰ ਤੁਹਾਨੂੰ (ਭਾਈ ਅਵਤਾਰ ਸਿੰਘ ਅਤੇ ਭਾਈ ਗੁਰਚਰਨ ਸਿੰਘ) ਵਿਰਸੇ 'ਚ ਪ੍ਰਾਪਤ ਹੋਇਆ ਹੈ। ਇਸ ਭੰਡਾਰ ਨੂੰ ਲਿਖਤੀ ਰੂਪ ਵਿਚ ਲਿਆਉਣਾ ਚਾਹੀਦਾ ਹੈ। ਸਾਰਾ ਖਰਚ ਤੇ ਪ੍ਰਬੰਧ ਕਰ ਦੇਵਾਂਗੇ ਤਾਂ ਕਿ ਇਹ ਪੁਰਾਤਨ ਗੀਤਾਂ ਤੇ ਕੀਰਤਨ ਦੀ ਸ਼ੈਲੀ ਗੁੰਮ ਨਾ ਹੋ ਜਾਵੇ। ਕਈ ਮਜ਼ਬੂਰੀਆਂ ਅਤੇ ਰੁਝੇਵਿਆਂ ਕਾਰਨ ਅਸੀਂ ਉਨ੍ਹਾਂ ਦੇ ਸਰੀਰ ਦੇ ਹੁੰਦਿਆਂ ਇਹ ਕਾਰਜ ਨਾ ਕਰ ਸਕੇ।...ਪਰ ਕੁਝ ਸਾਲਾਂ ਬਾਅਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਅਧਿਐਨ ਵਿਭਾਗ ਵਲੋਂ ਕਰੀਬਨ ਪੰਜ ਸੋ ਸ਼ਬਦ ਰੀਤਾਂ ਦਾ ਸੰਗ੍ਰਹਿ, ਜੋ ਦੋ ਭਾਗਾਂ ਵਿਚ ਛਪਵਾ ਦਿੱਤੇ ਗਏ ਹਨ। ਸਾਨੂੰ ਪੂਰਨ ਵਿਸਵਾਸ ਹੈ ਕਿ ਇਹ ਮਹਾਰਾਜਾ ਪ੍ਰਤਾਪ ਸਿੰਘ ਜੀ ਦਾ ਸੰਕਲਪ ਹੀ ਪੂਰਾ ਹੋਇਆ ਹੈ।"

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਲਈ ਅਤੇ ਸਿੱਖ ਜਗਤ ਦੇ ਮਹਾਨ ਕੀਰਤਨੀਆਂ ਨੂੰ ਇੱਕ ਮੰਚ 'ਤੇ ਸੁਣਨ ਲਈ ਸੰਨ 1933 ਈ. ਵਿਚ ਸ੍ਰੀ ਭੈਣੀ ਸਾਹਿਬ ਵਿਖੇ ਮਹਾਨ ਗੁਰਮਤਿ ਸੰਗੀਤ ਸੰਮੇਲਨ ਕਰਵਾਇਆ। ਇਸ ਗੁਰਮਤਿ ਸੰਗੀਤ ਸੰਮੇਲਨ ਵਿਚ ਮੁਕਾਬਲੇ ਇਨਾਮੀ ਸਨ। ਗੁਣੀ ਵਿਦਵਾਨਾਂ ਨੇ ਇਨਾਮੀ ਮੁਕਾਬਲਿਆਂ ਦੇ ਜੋ ਆਧਾਰ ਨਿਸ਼ਚਿਤ ਕੀਤੇ ਉਹ ਸਨ :

1) ਜਿਸ ਰਾਗ ਵਿਚ ਕੋਈ ਸ਼ਬਦ ਸਤਿਗੁਰਾਂ ਨੇ ਲਿਖਿਆ ਹੈ, ਉਸੇ ਰਾਗ ਵਿਚ ਅਤੇ ਉਸਦੇ ਸ਼ੁੱਧ ਸਰੂਪ ਵਿਚ ਗਾਇਆ ਜਾਵੇ।
2) ਗੁਰਬਾਣੀ ਦਾ ਸ਼ਬਦ ਲਗ ਮਾਤ੍ਰਾ ਦੀ ਸਹੀ ਵਰਤੋਂ ਕਰਦਿਆਂ ਉਚਾਰਿਆ ਜਾਵੇ। ਜਿਵੇਂ ਸਤਿਨਾਮੁ ਕਰਤਾ ਪੁਰਖੁ ਨੂੰ ਸਤਨਾਮ ਕਰਤਾ ਪੁਰਖ ਉਚਾਰਨਾ ਗਲਤ ਹੋਵੇਗਾ।
3) ਟਿਕਵੀਂ ਅਤੇ ਇੱਕ ਸਾਰ ਲੈਅ ਵਿਚ ਗਾਉਣਾ।
4) ਸ਼ਬਦ ਧਰੁਪਦ ਅੰਗ ਵਿਚ ਹੀ ਗਾਏ ਜਾਣ।
5) ਗਾਇਆ ਜਾਣ ਵਾਲਾ ਸ਼ਬਦ ਪਹਿਲਾਂ ਸ਼ੁੱਧ ਜ਼ਬਾਨੀ ਪੜ੍ਹਿਆ ਜਾਵੇ।
6) ਗਾਇਕੀ ਤੰਤੀ ਸਾਜਾਂ ਨਾਲ ਹੀ ਹੋਵੇ।

ਇਹਨਾਂ ਪ੍ਰਮੁੱਖ ਨੇਮਾਂ ਦੇ ਆਧਾਰ ਤੇ ਕੀਰਤਨ ਮੁਕਾਬਲੇ ਹੋਏ। ਇਸ ਸੰਮੇਲਨ ਦੇ ਜੱਜ ਸਾਹਿਬਾਨ ਸਨ :

1) ਭਾਈ ਕਾਨ੍ਹ ਸਿੰਘ ਨਾਭਾ - ਵਿਦਵਾਨ ਅਤੇ ਸੰਗੀਤਚਾਰਯ
2) ਸ. ਮੁਕੰਦ ਸਿੰਘ ਜੀ ਅੰਬਾਲਾ - ਸ਼ਾਸਤਰੀ ਗਾਇਨ ਅਤੇ ਗੁਰਮਤਿ ਸੰਗੀਤ ਦੇ ਮਹਾਨ ਗਿਆਤਾ

3) ਸੰਤ ਹੀਰਾ ਸਿੰਘ ਜੀ

4) ਬਾਬਾ ਨਿਹਾਲ ਸਿੰਘ ਜੀ

ਤਿੰਨ ਦਿਨਾਂ ਤੱਕ ਚੱਲੇ ਇਸ ਗੁਰਮਤਿ ਸੰਗੀਤ ਸੰਮੇਲਨ ਵਿਚ ਦਰਜਨਾਂ ਵਿਅਕਤੀਆਂ ਨੇ ਭਾਗ ਲਿਆ। ਪਹਿਲਾ ਇਨਾਮ (ਇੱਕ ਵਧੀਆ ਘੋੜਾ) ਭਾਈ ਹਰਨਾਮ ਸਿੰਘ ਠੱਟਾ ਟਿੱਬਾ, ਜ਼ਿਲ੍ਹਾ ਕਪੂਰਥਲਾ ਨੂੰ ਪ੍ਰਾਪਤ ਹੋਇਆ, ਜੋ ਸਾਰੀਆਂ ਸ਼ਰਤਾਂ ਤੇ ਪੂਰੇ ਉੱਤਰੇ। ਦੂਸਰਾ ਇਨਾਮ (ਇੱਕ ਵਧੀਆ ਨੀਲੀ ਰਾਵੀ ਦੀ ਲਵੇਰੀ ਮੱਝ ਸੀ) ਪ੍ਰਸਿੱਧ ਕੀਰਤਨਕਾਰ ਭਾਈ ਲਾਲ ਜੀ ਅੰਮ੍ਰਿਤਸਰੀ ਨੂੰ ਪ੍ਰਾਪਤ ਹੋਇਆ ਅਤੇ ਤੀਸਰਾ ਇਨਾਮ (ਸਾਹੀਵਾਲ ਨਸਲ ਦੀ ਲਵੇਰੀ ਗਊ) ਭਾਈ ਸਮੁੰਦ ਸਿੰਘ ਜੀ ਰਾਗੀ ਨਨਕਾਣਾ ਸਾਹਿਬ ਵਾਲਿਆਂ ਨੂੰ ਪ੍ਰਾਪਤ ਹੋਇਆ। ਇਸ ਤੋਂ ਬਿਨਾਂ ਸਤਿਗੁਰੂ ਜੀ ਨੇ ਗੁਰਮਤਿ ਸੰਗੀਤ ਸੰਮੇਲਨ ਵਿਚ ਭਾਗ ਲੈਣ ਵਾਲੇ ਸਾਰੇ ਜਥਿਆਂ ਨੂੰ ਇੱਕ ਇੱਕ ਲਵੇਰੀ ਗਊ ਬਖਸ਼ੀ।

ਗੁਰਬਾਣੀ ਦਾ ਸ਼ੁੱਧ ਰਾਗਾਂ ਵਿਚ ਅਤੇ ਪੁਰਾਤਨ ਰੀਤਾਂ ਵਿਚ ਕੀਰਤਨ ਕਰਨ ਵਾਲਿਆਂ ਨੂੰ ਉਤਸ਼ਾਹਿਤ ਕਰਨ ਲਈ 1933 ਈ: ਵਿਚ ਕੀਤਾ ਗਿਆ ਗੁਰਮਤਿ ਸੰਗੀਤ ਸੰਮੇਲਨ ਪਹਿਲਾ ਸਫਲ ਯਤਨ ਸੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਸੰਗੀਤ ਦੇ ਮਹਾਨ ਗਿਆਤਾ, ਗੁਰਬਾਣੀ ਦੇ ਰਸੀਏ ਅਤੇ ਕਦਰਦਾਨ ਸਨ। ਆਪ ਦੇ ਸਮੇਂ ਵਿਚ ਗੁਰਮਤਿ ਸੰਗੀਤ ਅਤੇ ਪੁਰਾਤਨ ਰੀਤਾਂ ਦੀ ਸੰਭਾਲ ਵੀ ਹੋਈ ਅਤੇ ਪ੍ਰਚਾਰ ਪ੍ਰਸਾਰ ਵੀ। ਆਪ ਦੇ ਪ੍ਰਵਚਨ ਜੋ ਰਿਕਾਰਡ ਹਨ, ਉਨ੍ਹਾਂ 'ਚ ਆਪ ਦਾ ਫੁਰਮਾਣ ਹੈ – "ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਨੂੰ ਰਾਗ ਬਖਸ਼ਿਆ ਕੁਛ ਸਿਖਿਆ ਕਰੋ, ਕੁਛ ਗਾਇਆ ਕਰੋ.....ਹਰ ਸਿੱਖ ਦੇ ਬੱਚੇ 'ਚੋਂ ਰਾਗ ਦੀ ਕੁਛ ਨਾ ਕੁਛ ਖੁਸ਼ਬੂ ਜ਼ਰੂਰੀ ਆਉਣੀ ਚਾਹੀਦੀ ਹੈ।"

ਆਪ ਜੀ ਦੀ ਭਰਪੂਰ ਇੱਛਾ ਸੀ ਕਿ ਸਾਡੇ ਕੀਰਤਨ ਵਿਚ ਚੰਗੇ ਤੰਤੀ ਸਾਜਾਂ ਦੇ ਵਾਦਕ ਹੋਣ। ਸੰਤੂਰ, ਸਿਤਾਰ, ਦਿਲਰੁਬਾ, ਸਾਰੰਗੀ, ਸਰੋਦ ਆਦਿ ਦਾ ਵਾਦਨ ਕੀਰਤਨ ਵਿਚ ਹੋਵੇ। ਸ਼ਾਸਤਰੀ ਸੰਗੀਤ ਪ੍ਰੇਮੀ ਵੀ ਕੀਰਤਨ ਸੁਣਨ।

ਅਗਸਤ 1959 ਵਿਚ ਪਿਤਾ ਸਤਿਗੁਰੂ ਦੇ ਜੋਤੀ ਜੋਤਿ ਸਮਾਉਣ ਉਪਰੰਤ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਵਾਗਡੋਰ ਸੰਭਾਲੀ ਤਾਂ ਆਪ ਨੂੰ ਬਹੁਤ ਸਮਾਜਿਕ ਅਤੇ ਰਾਜਨੀਤਿਕ ਉਲਝਣਾਂ ਦਾ ਸਾਹਮਣਾ ਕਰਨਾ ਪਿਆ ਜੋ ਆਪ ਨੇ ਸੂਝ ਬੂਝ ਅਤੇ ਜੁਗਤਿ ਸਦਕਾ ਦੋ ਕੁ ਸਾਲਾਂ ਦੇ ਅਰਸੇ ਵਿਚ ਹੀ ਸਾਰਾ ਉਲਝਿਆ ਤਾਣਾ ਬਾਣਾ ਸੁਲਝਾ ਲਿਆ। ਆਪ ਕੋਲ ਉਸ ਸਮੇਂ ਗੁਰਮਤਿ ਰੀਤਾਂ ਨਾਲ ਕੀਰਤਨ ਕਰਨ ਵਾਲੀ ਜੋੜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਰਾਗੀ ਸੰਤ ਦਰਸ਼ਨ ਸਿੰਘ ਅਤੇ ਤਬਲਾ ਵਾਦਕ ਸੰਤ ਖਜ਼ਾਨ ਸਿੰਘ ਜੀ ਸਨ। ਇਸ ਤੋਂ ਬਿਨਾਂ ਹੋਲੇ ਦੇ ਕੀਰਤਨ ਕਰਨ ਵਾਲੇ ਭਾਵੇਂ ਕਈ ਜਥੇ ਸਨ। ਆਪ ਨੇ ਇਸ ਘਾਟ ਨੂੰ ਮਹਿਸੂਸ ਕੀਤਾ ਅਤੇ

ਉਚੇਚੇ ਯਤਨ ਕੀਤੇ। ਆਰੰਭ ਵਿਚ ਸ੍ਰੀ ਜੀਵਨ ਨਗਰ (ਹਰਿਆਣਾ) ਵਿਖੇ ਪੰਡਤ ਮਹਾਂਦੇਵ ਜੀ ਕੱਥਕ (ਅੰਮ੍ਰਿਤਸਰ) ਪਾਸ ਹਰਭਜਨ ਸਿੰਘ, ਗੁਰਦੇਵ ਸਿੰਘ ਅਤੇ ਸੁਰਜੀਤ ਸਿੰਘ ਮੱਤੂ ਨੂੰ ਸਿੱਖਣ ਲਾਇਆ। ਤਬਲੇ ਦੀ ਸਿੱਖਿਆ ਵਾਸਤੇ ਉਸਤਾਦ ਨਿਹਾਲ ਸਿੰਘ ਪਖਾਵਜੀ ਨੂੰ ਲਿਆਂਦਾ। ਗੁਰੂ ਹਰੀ ਸਿੰਘ ਮਹਾਂ ਵਿਦਿਆਲਾ (ਸ੍ਰੀ ਜੀਵਨ ਨਗਰ) ਵਿਖੇ ਸੇਠ ਚੰਦ੍ਰਹਾਂਸ ਜੀ (ਜੋ ਸੰਗੀਤ ਵਿਦਿਆ ਦੇ ਸਤਿਗੁਰੂ ਜੀ ਦੇ ਸਹਿਪਾਠੀ ਸਨ) ਨੇ ਬੱਚਿਆਂ ਨੂੰ ਰਾਗ ਵਿਦਿਆ ਦਾ ਮੁਢਲਾ ਸੁਰ ਗਿਆਨ ਦੇਣਾ ਆਰੰਭਿਆ। ਕੁਝ ਲੜਕੇ ਉਸਤਾਦ ਮਹਿੰਦਰ ਸਿੰਘ (ਪ੍ਰਸਿੱਧ ਠੁਮਰੀ ਗਾਇਕ ਅੰਮ੍ਰਿਤਸਰ) ਦੇ ਪਾਸ ਸਿੱਖਣ ਵਾਸਤੇ ਭੇਜੇ। ਜਿਨ੍ਹਾਂ 'ਚੋਂ ਸੱਤ ਅੱਠ ਸਾਲ ਦਾ ਬੱਚਾ ਬਲਜੀਤ ਸਿੰਘ ਸੀ, ਜੋ ਅੱਜ ਸਿੱਖ ਸਮਾਜ 'ਚ ਭਾਈ ਬਲਜੀਤ ਸਿੰਘ ਕਰਕੇ ਜਾਣਿਆ ਜਾਂਦਾ ਹੈ।

1974-75 ਈ: ਵਿਚ ਸ੍ਰੀ ਸਤਿਗੁਰੂ ਜੀ ਨੇ ਕੁਝ ਸਿੱਖਾਂ ਤੋਂ 10-11 ਸਾਲ ਦੇ ਬੱਚੇ ਲੈ ਕੇ ਉਨ੍ਹਾਂ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਰੱਖ ਕੇ ਸੰਗੀਤ ਸਿੱਖਿਆ ਦੇਣੀ ਆਰੰਭੀ। ਇਨ੍ਹਾਂ ਬੱਚਿਆਂ 'ਚੋਂ ਕੁਝ ਵਰਣਨਯੋਗ ਨਾਂ ਹਨ - ਬਲਜੀਤ ਸਿੰਘ, ਮੋਹਨ ਸਿੰਘ, ਸੁਖਦੇਵ ਸਿੰਘ, ਸੁਖਦੇਵ ਸਿੰਘ ਸੁੱਖੀ, ਹਰਜਿੰਦਰ ਸਿੰਘ, ਸੁਰਜੀਤ ਸਿੰਘ (ਦਿੱਲੀ), ਸੁਖਵਿੰਦਰ ਸਿੰਘ ਪਿੰਕੀ ਆਦਿ। ਗਾਇਕੀ ਦੇ ਉਸਤਾਦ ਸ੍ਰੀ ਮਹਿੰਦਰ ਸਿੰਘ ਅੰਮ੍ਰਿਤਸਰੀ ਅਤੇ ਉਸਤਾਦ ਨਿਹਾਲ ਸਿੰਘ ਪਖਾਵਜ ਸਿਖਾਉਂਦੇ। ਇਨ੍ਹਾਂ ਬੱਚਿਆਂ ਨੂੰ ਘੰਟਿਆਂ ਬੱਧੀ ਸ੍ਰੀ ਸਤਿਗੁਰੂ ਜੀ ਆਪਣੀ ਨਿਗਰਾਨੀ 'ਚ ਰਿਆਜ਼ ਕਰਵਾਉਂਦੇ। ਏਥੋਂ ਤਕ ਕਿ ਜੇ ਆਪ ਟੱਬ ਬਾਥ ਕਰਨ ਲਈ ਪਾਣੀ 'ਚ ਬੈਠਦੇ ਤਾਂ ਛੋਟੇ ਛੋਟੇ ਹੱਥਾਂ ਨੂੰ ਫੜ ਕੇ ਤਾਲ ਦੇਣਾ ਸਿਖਾ ਰਹੇ ਹੁੰਦੇ। ਚਾਰ ਪੰਜ ਸਾਲਾਂ ਦੀ ਮਿਹਨਤ ਤੋਂ ਬਾਅਦ ਸਤਿਗੁਰੂ ਜੀ ਦੀ ਕਿਰਪਾ ਨਾਲ ਇਹ ਵੱਡੇ ਵੱਡੇ ਉਸਤਾਦਾਂ ਦੇ ਸਾਹਮਣੇ, ਗਾਉਣ ਵਜਾਉਣ ਦੇ ਸਮਰੱਥ ਹੋ ਗਏ।

ਭਾਰਤੀ ਸ਼ਾਸਤ੍ਰੀਯ ਸੰਗੀਤ ਦੇ ਪ੍ਰਸਿੱਧ ਉਸਤਾਦਾਂ ਦੀ ਵੰਨਗੀ ਨੂੰ ਆਪਣੇ ਸੰਗੀਤਕ ਖਜ਼ਾਨੇ ਵਿਚ ਸੰਭਾਲਣ ਲਈ ਆਪ ਨੇ ਮੁਢਲੀ ਸੰਗੀਤ ਸਿਖਿਆ ਪ੍ਰਾਪਤ ਕਰ ਚੁੱਕੇ ਨੌਜਵਾਨਾਂ ਨੂੰ ਪ੍ਰਸਿੱਧ ਉਸਤਾਦਾਂ ਦੇ ਸ਼ਗਿਰਦ ਬਣਾਇਆ।

- ਸੰਤੂਰ ਸਮਰਾਟ ਪੰ. ਸ਼ਿਵ ਕੁਮਾਰ ਸ਼ਰਮਾ ਪਾਸ ਹਰਜਿੰਦਰ ਸਿੰਘ (ਜਬਲਪੁਰ) ਅਤੇ ਕਿਰਨਪਾਲ ਸਿੰਘ (ਇੰਗਲੈਂਡ) ਨੂੰ ਸਿੱਖਣ ਭੇਜਿਆ। ਬਾਅਦ ਵਿਚ ਕਾਕਾ ਬਲਵੰਤ ਸਿੰਘ (ਭੈਣੀ ਸਾਹਿਬ) ਅਤੇ ਕਾਕਾ ਜੈ ਸਿੰਘ (ਪਨਿਹਾਰੀ) ਨੂੰ ਵੀ ਆਪ ਜੀ ਦੇ ਸ਼ਗਿਰਦ ਬਣਾਇਆ।
- ਸਿਰਮੌਰ ਸਾਰੰਗੀ ਵਾਦਕ ਪੰ. ਰਾਮ ਨਰਾਇਣ ਜੀ ਨੂੰ ਸੁਰਜੀਤ ਸਿੰਘ (ਦਿੱਲੀ) ਅਰਵਿੰਦਰ ਸਿੰਘ ਅਤੇ ਸੁਰਿੰਦਰ ਸਿੰਘ (ਮੰਡੀ) ਸ਼ਗਿਰਦ ਬਖਸ਼ੇ।
- ਵਿਸ਼ਵ ਪ੍ਰਸਿੱਧ ਤਬਲਾ ਵਾਦਕ ਪ੍ਰੋ. ਕਿਸ਼ਨ ਮਹਾਰਾਜ (ਬਨਾਰਸ) ਦੇ ਸ਼ਾਗਿਰਦ ਸੁਖਵਿੰਦਰ ਸਿੰਘ ਪਿੰਕੀ, ਸੁਖਦੇਵ ਸਿੰਘ (ਜਲੰਧਰ) ਅਤੇ ਸੁਖਦੇਵ ਸਿੰਘ

ਸੁੱਖੀ ਨੂੰ ਬਣਾਇਆ।

- ਪ੍ਰਸਿੱਧ ਸਿਤਾਰ ਵਾਦਕ ਉਸਤਾਦ ਇਮਰਤ ਖਾਂ ਦੇ ਸ਼ਾਗਿਰਦ ਸੁਰਿੰਦਰ ਸਿੰਘ ਸਿੰਦਰੀ ਅਤੇ ਗੁਰਮੁਖ ਸਿੰਘ (ਸ੍ਰੀ ਭੈਣੀ ਸਾਹਿਬ) ਅਮਰੀਕ ਸਿੰਘ (ਸਰਹਾਲੀ), ਚਰਨ ਸਿੰਘ (ਜੰਮੂ) ਨੂੰ ਬਣਾਇਆ।
- ਮਧੁਰ ਗਾਇਕ ਸ੍ਰੀ ਰਾਜਨ ਸਾਜਨ ਮਿਸ਼ਰਾ ਪਾਸ ਮੋਹਨ ਸਿੰਘ, ਸੁਖਦੇਵ ਸਿੰਘ, ਕਾਕਾ ਗੁਰਪ੍ਰੀਤ ਸਿੰਘ ਅਤੇ ਮਨਿੰਦਰ ਸਿੰਘ ਨੂੰ ਸਿੱਖਣ ਭੇਜਿਆ।
- ਪੰਡਤ ਰਾਮ ਜੀ ਮਿਸ਼ਰਾ ਸਪੁੱਤਰ ਪੰਡਤ ਅਨੋਖੇ ਲਾਲ (ਬਨਾਰਸ) ਪਾਸ ਹਰਪ੍ਰੀਤ ਸਿੰਘ (ਗਵਾਲੀਅਰ) ਨੂੰ ਤਬਲੇ ਦੀ ਸਿਖਿਆ ਲੈਣ ਭੇਜਿਆ।
- ਉਸਤਾਦ ਅਮਜ਼ਦ ਅਲੀ ਖਾਂ ਸਾਹਿਬ ਪਾਸ (ਉਸਤਾਦ ਹਰਭਜਨ ਸਿੰਘ, ਗੁਰਦੇਵ ਸਿੰਘ) ਹਰਜਿੰਦਰ ਸਿੰਘ (ਸ੍ਰੀ ਭੈਣੀ ਸਾਹਿਬ) ਸਿਮਰਤਪਾਲ ਕੌਰ, ਗੁਰਮੀਤ ਕੌਰ ਅਤੇ ਉਸਤਾਦ ਅੱਲਾ ਰੱਖਾ ਖਾਂ ਪਾਸ ਜਤਿੰਦਰ ਪਾਲ ਸਿੰਘ
- ਪ੍ਰਸਿੱਧ ਬੰਸਰੀ ਵਾਦਕ ਸ੍ਰੀ ਹਰੀ ਪ੍ਰਸਾਦ ਚੌਰਸੀਆ ਦਾ ਸ਼ਗਿਰਦ ਸਤਿਪਾਲ ਸਿੰਘ (ਜੰਮੂ) ਅਤੇ ਕਾਕਾ ਪ੍ਰਭਜੀਤ ਸਿੰਘ (ਰਾਜਸਥਾਨ) ਨੂੰ ਬਣਾਇਆ।
- ਪੰਡਤ ਬਿਰਜੂ ਮਹਾਰਾਜ ਦੀ ਨ੍ਰਿਤ ਕਲਾ ਨੂੰ ਸੰਭਾਲਣ ਵਾਸਤੇ ਕਾਕਾ ਅਮਰ ਸਿੰਘ ਅੰਬਾ ਨੂੰ ਇਨ੍ਹਾਂ ਦਾ ਸ਼ਗਿਰਦ ਬਣਾਇਆ।
- ਮਧੁਰ ਤਬਲਾ ਵਾਦਕ ਪੰਡਤ ਸਾਮਤਾ ਪ੍ਰਸਾਦ ਜੀ ਪਾਸ ਅਵਤਾਰ ਸਿੰਘ ਅੰਮ੍ਰਿਤਸਰੀ ਅਤੇ ਪੰਡਤ ਦੁਰਗਾ ਲਾਲ ਜੀ ਪਾਸੋਂ ਪਖਾਵਜ, ਮ੍ਰਿਦੰਗ ਦੀ ਸਿਖਿਆ ਗ੍ਰਹਿਣ ਕਰਨ ਲਈ ਸੁਖਦੇਵ ਸਿੰਘ ਸੁੱਖੀ ਨੂੰ ਭੇਜਿਆ।
- ਪ੍ਰਸਿੱਧ ਸਿਤਾਰ ਵਾਦਕ ਉਸਤਾਦ ਵਿਲਾਇਤ ਖਾਂ ਸਾਹਿਬ ਤਾਂ ਪੰਦਰਾਂ ਪੰਦਰਾਂ ਦਿਨ ਸ੍ਰੀ ਭੈਣੀ ਸਾਹਿਬ ਰਹਿ ਕੇ ਜਾਂ ਸ੍ਰੀ ਭੈਣੀ ਸਾਹਿਬ ਦੇ ਸਿਖਿਆਰਥੀਆਂ ਨੂੰ ਆਪਣੇ ਪਾਸ ਦੇਹਰਾਦੂਨ ਲਿਜਾ ਕੇ ਸਿਖਾਇਆ ਕਰਦੇ ਸਨ।

ਜਿੱਥੇ ਕਿਤੇ ਵੀ ਸਤਿਗੁਰੂ ਜੀ ਨੂੰ ਉੱਚ ਪੱਧਰ ਦੀ ਸੰਗੀਤਕ ਯੋਗਤਾ ਨਜ਼ਰੀਂ ਪਈ, ਉਸਨੂੰ ਆਪਣੇ ਖਜ਼ਾਨੇ ਵਿਚ ਸੰਭਾਲਣ ਲਈ, ਗ੍ਰਹਿਣਸ਼ੀਲ ਬੱਚਿਆਂ ਨੂੰ ਸਿਖਵਾਇਆ। ਇਨ੍ਹਾਂ ਨੌਜਵਾਨ ਸਿਖਿਆਰਥੀਆਂ ਦੀਆਂ ਜੀਵਨ ਲੋੜਾਂ ਉਸਤਾਦ ਸਾਹਿਬਾਨ ਦੀ ਸੇਵਾ ਆਦਿ ਦਾ ਸਾਰਾ ਖਰਚ ਖੇਚਲ ਦਾ ਪ੍ਰਬੰਧ ਸਤਿਗੁਰੂ ਜੀ ਆਪ ਕਰਦੇ।

ਸ੍ਰੀ ਸਤਿਗੁਰੂ ਜੀ ਦੇ ਉਚੇਚੇ ਯਤਨਾਂ ਸਦਕਾ ਕੁਝ ਵਰ੍ਹਿਆਂ 'ਚ ਸਲਾਨਾ ਨਾਮਧਾਰੀ ਮੇਲਿਆਂ 'ਚ ਆਸਾ ਦੀ ਵਾਰ ਦੇ ਕੀਰਤਨ ਅਤੇ ਸ਼ਾਮ ਦੇ ਕੀਰਤਨ ਸਮੇਂ ਗਾਇਨ ਦੇ ਨਾਲ ਕਈ ਤਰ੍ਹਾਂ ਦੇ ਤੰਤੀ ਵਾਦਕ ਵੀ ਹੁੰਦੇ। ਅਕਤੂਬਰ 1984 ਦੇ ਸਲਾਨਾ ਨਾਮ ਸਿਮਰਨ ਜਪ ਪ੍ਰਯੋਗ 17 ਓ (ਗੰਗਾਨਗਰ) ਦੇ ਸਮੇਂ 'ਗਾਥਾ ਇਕ ਦਿਨ ਦੀ' ਵਿਚ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਦਾ ਅਲੌਕਿਕ ਵਰਣਨ ਹੈ – "ਅੱਜ ਰਾਤ

ਆਕਾਸ਼ ਵਿਚ ਬੱਦਲ ਛਾਏ ਰਹੇ। ਅੱਧੀ ਰਾਤੋਂ ਬਾਅਦ ਨਿੰਮੀ ਨਿੰਮੀ ਫੁਹਾਰ ਵੀ ਪੈਣੀ ਸ਼ੁਰੂ ਹੋ ਗਈ। ਬਾਹਰ ਖੇਤਾਂ ਵਿਚ ਬਹੁਤ ਵੱਡਾ ਸਮਿਆਨਾ ਲੱਗਾ ਹੋਇਆ ਸੀ। ਸੰਗਤਾਂ ਸਣੇ ਕੇਸੀ ਇਸ਼ਨਾਨ ਕਰਕੇ ਪੰਡਾਲ ਵਿਚ ਇਕੱਤਰ ਹੋ ਰਹੀਆਂ ਸਨ। ਦੂਰ ਤੱਕ ਇਕ ਸਫੈਦ ਸ਼ਾਂਤ ਰੌਣਕ ਪਸਰੀ ਹੋਈ ਸੀ। ਮਰਦਾਨੇ ਦੇ ਵਾਰਸਾਂ ਨੇ ਸਾਜ ਫੜੇ – ਦਿਲਰੁਬਾ, ਤਿਸਾਰ, ਸੰਤੂਰ, ਸਰੋਦ, ਸਾਰੰਗੀ ਤੇ ਬਾਂਸੁਰੀ ਨਾਲ ਤਬਲੇ ਦਾ ਸਾਥ। ਸੱਤ ਸਾਜਾਂ ਦੀਆਂ ਸੱਤ ਸੁਰਾਂ ਦਾ ਸੁਮੇਲ ਇੱਕ ਮਧੁਰ ਆਵਾਜ ਬਣ ਗਈ – 'ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨ ਪ੍ਰੇਮ ਰਤੰਨਾ ਰਾਮ ਰਾਜੇ।" ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋ ਗਿਆ। ਹਵਾ ਤੇ ਮੀਂਹ ਤੇਜ ਹੁੰਦੇ ਗਏ। ਸ੍ਰੀ ਸਤਿਗੁਰੂ ਜੀ ਨੇ ਆ ਦਰਸ਼ਨ ਦਿੱਤੇ। 'ਬੋਲੇ ਸੋ ਨਿਹਾਲ' ਦਾ ਜੈਕਾਰਾ ਗੂੰਜਿਆ। ਸੰਗਤ ਨੇ ਖੜ੍ਹੇ ਹੋ ਕੇ ਸਤਿਗੁਰੂ ਜੀ ਦਾ ਅਭਿਨੰਦਨ ਕੀਤਾ। ਆਪ ਜੀ ਨੇ ਆਸਣ ਤੇ ਸੁਸ਼ੋਭਿਤ ਹੋ ਕੇ ਸੰਗਤਾਂ ਨੂੰ ਬੈਠਣ ਦਾ ਇਸ਼ਾਰਾ ਕੀਤਾ। ਆਪ ਨੇ ਇੱਕ ਸਲੋਕ ਅਤੇ ਪਉੜੀ ਸੰਪੂਰਨ ਹੋਣ ਤੇ ਸ਼ਬਦ ਸ਼ੁਰੂ ਕੀਤਾ 'ਝਖੜ ਝਾਂਗੀ ਮੀਹੁ ਵਰਸੈ ਭੀ ਗੁਰ ਦੇਖਣ ਜਾਈ' ਇੱਕ ਸੇਵਕ ਨੇ ਤਾਊਸ਼ ਅਤੇ ਗਜ ਹਜ਼ੂਰ ਦੇ ਹਾਜ਼ਰ ਕੀਤਾ। ਖੱਬੇ ਮੋਢੇ ਨਾਲ ਸਾਜ ਦੀ ਢੋਅ ਲਾ ਕੇ ਸੱਜੇ ਹੱਥ ਨਾਲ ਗਜ ਫੇਰਦਿਆਂ ਜਦ ਸ੍ਰੀ ਸਤਿਗੁਰੂ ਜੀ ਨੇ ਖੱਬੇ ਹੱਥ ਦੇ ਪੋਟਿਆਂ ਨੂੰ ਤਾਰਾਂ ਤੇ ਫੇਰਿਆ ਤਾਂ ਅਜੀਬ ਸਰੂਰ ਛਾ ਗਿਆ। ਇੰਦਰ ਦੇਵ ਜਿਵੇਂ ਮਸਤਾਨਾ ਹੀ ਹੋ ਗਿਆ। ਮੀਂਹ ਤੇ ਹਵਾ ਤੇਜ ਅਤੇ ਹੋਰ ਤੇਜ਼ ਹੁੰਦੇ ਗਏ। ਸਿੰਘਾਂ ਨੇ ਸ਼ਾਮਿਆਨੇ ਦੇ ਬਾਂਸਾਂ ਨੂੰ ਜ਼ੋਰ ਨਾਲ ਫੜਿਆ ਹੋਇਆ ਸੀ ਪਰ ਫੇਰ ਵੀ ਉਹ ਹੱਥਾਂ ਚੋਂ ਛੁੱਟ ਛੁੱਟ ਜਾ ਰਹੇ ਸਨ। ਐਨੇ ਨੂੰ ਬਿਜਲੀ ਬੰਦ ਹੋ ਗਈ। ਇਹ ਅੰਮ੍ਰਿਤ ਵੇਲੇ ਸਾਢੇ ਕੁ ਚਾਰ ਵਜੇ ਦਾ ਸਮਾਂ ਸੀ। ਇੱਕੋ ਸਮੇਂ ਹੋ ਰਹੀ ਦੋ ਤਰ੍ਹਾਂ ਦੀ ਵਰਖਾ ਨੇ ਵਾਤਾਵਰਣ ਨੂੰ ਅਲੌਕਿਕ ਬਣਾ ਦਿੱਤਾ। ਆਕਾਸ਼ 'ਚੋਂ ਪਾਣੀ ਦੀ ਵਰਖਾ ਹੋ ਰਹੀ ਸੀ ਅਤੇ ਇੱਧਰ ਇਲਾਹੀ ਬਾਣੀ ਦੇ ਕੀਰਤਨ ਦੀ। ਉੱਧਰ ਬੱਦਲਾਂ ਦੀ ਗਰਜਨ ਦਾ ਨਾਦ ਅਤੇ ਇੱਧਰ ਸੱਤ ਸੁਰਾਂ ਦਾ ਅਨਹਦ ਨਾਦ। ਉੱਧਰ ਆਕਾਸ਼ ਵਿਚ ਬਿਜਲੀ ਚਮਕਦੀ ਅਤੇ ਇੱਧਰ ਸਤਿਗੁਰੂ ਜੀ ਦੇ ਤਾਊਸ਼ ਦੀ ਤਾਰ 'ਤੇ ਤਾਨ ਵੱਜਦੀ। ਵਰਖਾ ਦੇ ਪਾਣੀ ਵਾਂਗ ਮਸਤਾਨਿਆਂ ਦੇ ਨੇਤ੍ਰਾਂ 'ਚ ਪ੍ਰੇਮ ਵੈਰਾਗ ਦਾ ਹੜ੍ਹ ਆ ਰਿਹਾ ਸੀ। ਤੇਜ ਹਵਾ ਨਾਲ ਬਨਸਪਤੀ ਝੂਮ ਰਹੀ ਸੀ ਅਤੇ ਇੱਧਰ ਪ੍ਰੇਮ ਰਸ ਨਾਲ ਮਸਤੀ ਵਿਚ ਸੰਗਤ ਝੂਮ ਰਹੀ ਸੀ। ਵਰਖਾ ਦੇ ਪਾਣੀ ਨਾਲ ਧਰਤੀ ਤ੍ਰਿਪਤ ਹੋ ਰਹੀ ਸੀ ਅਤੇ ਅੰਮ੍ਰਿਤ ਮਈ ਗੁਰਬਾਣੀ ਦਾ ਕੀਰਤਨ ਸੁਣ ਕੇ ਸਰੋਤਿਆਂ ਦਾ ਅੰਤਰ ਆਤਮਾ ਤ੍ਰਿਪਤ ਹੋ ਰਿਹਾ ਸੀ। ਸਤਿਗੁਰੂ ਜੀ ਹਿਰਦੇ ਵੇਧਕ ਮਧੁਰ ਲੈਅ 'ਚ ਗਾ ਰਹੇ ਸਨ—'ਜਿਉ ਧਰਤੀ ਸੋਭ ਕਰੇ ਜਲ ਬਰਸੈ ਤਿਉ ਸਿਖ ਗੁਰ ਮਿਲ ਬਿਗਸਾਈ॥' ਵਾਰ ਵਾਰ ਬਿਜਲੀ ਚਮਕਦੀ ਤੇ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਦੀ ਝਲਕ ਪੈਂਦੀ। ਜਿਉਂ ਹੀ ਸ਼ਬਦ ਪੂਰਾ ਹੋਇਆ ਤਾਂ ਇੰਦਰ ਦੇਵ ਦੀ ਮਸਤੀ ਦੀ ਹਾਲਤ ਵਿਚੋਂ ਹੇਠਾਂ ਉੱਤਰਨਾ ਸ਼ੁਰੂ ਹੋਇਆ। ਅਜਿਹੇ ਅਲੌਕਿਕ ਵਾਤਾਵਰਣ ਲਈ

'ਸਵਰਗੀ ਨਜ਼ਾਰਾ' ਸ਼ਬਦ ਵੀ ਛੋਟਾ ਰਹਿ ਜਾਂਦਾ ਹੈ। ਐਸੇ ਸਮੇਂ ਲਈ ਤਾਂ 'ਸਾਧ ਸੰਗਤਿ ਬੈਕੁੰਠੈ ਆਹਿ' ਹੀ ਕਿਹਾ ਜਾ ਸਕਦਾ ਹੈ। ਇਹੋ ਬੈਕੁੰਠ ਹੈ ਜਿਸ ਤੋਂ ਗੁਰੂ ਪ੍ਰੇਮੀ ਸਿੱਖ ਸਵਰਗ ਤੇ ਮੁਕਤੀ ਵੀ ਠੁਕਰਾ ਦਿੰਦੇ ਹਨ।"

ਸੰਨ 1967 ਈਃ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪਹਿਲੀ ਵੇਰ ਇੰਗਲੈਂਡ ਦੌਰਾ ਕੀਤਾ। ਆਪ ਨੇ ਸੰਗਤ ਨੂੰ ਹੁਕਮ ਕੀਤਾ ਕਿ ਆਪਣੇ ਬੱਚਿਆਂ ਨੂੰ ਹੋਰ ਵਿਦਿਆ ਦੇ ਨਾਲ ਨਾਲ ਗੁਰਬਾਣੀ ਕੀਰਤਨ ਦੀ ਸਿੱਖਿਆ ਵੀ ਦਿਵਾਓ। ਤੁਹਾਡੇ ਬੱਚੇ ਡਾਕਟਰ ਹੋਣ, ਇੰਜੀਨੀਅਰ, ਵਕੀਲ ਅਤੇ ਬਿਜਨਸਮੈਨ ਹੋਣ ਦੇ ਨਾਲ ਨਾਲ ਵਧੀਆ ਪਾਠੀ ਅਤੇ ਰਾਗੀ ਵੀ ਹੋਣ, ਕੀਰਤਨ ਪੈਸਿਆਂ ਵਾਸਤੇ ਨਾਂ ਕਰਨ ਸਗੋਂ ਸਤਿਗੁਰਾਂ ਦੀਆਂ ਖੁਸ਼ੀਆਂ ਲੈਣ ਵਾਸਤੇ ਕਰਨ। ਸਾਨੂੰ ਰਾਗੀ ਦੇਸ਼ ਤੋਂ ਨਾ ਲਿਆਉਣੇ ਪਿਆ ਕਰਨ। ਤੁਸੀਂ ਆਪ ਕੀਰਤਨ ਸਿੱਖੋ।

ਅੱਜ ਇੰਗਲੈਂਡ ਦੇ ਪ੍ਰਮੁੱਖ ਸ਼ਹਿਰਾਂ ਸਾਊਥਹਾਲ, ਬਰਮਿੰਘਮ, ਲੰਡਨ, ਲੈਸਟਰ, ਲੀਡਜ਼ ਆਦਿ ਜਿੱਥੇ ਕੇਵਲ ਹਜ਼ਾਰਾਂ ਦੀ ਗਿਣਤੀ ਵਿਚ ਨਾਮਧਾਰੀ ਸਿੱਖ ਹਨ। ਉੱਥੇ ਸੈਂਕੜੇ ਨੌਜਵਾਨ ਹਨ ਜੋ ਤੰਤੀ ਸਾਜਾਂ ਨਾਲ ਪੁਰਾਤਨ ਰੀਤਾਂ 'ਚ ਕੀਰਤਨ ਕਰਦੇ ਹਨ। ਆਪਣੀ ਪੜ੍ਹਾਈ ਅਤੇ ਵਿਹਾਰ 'ਚੋਂ ਵਕਤ ਕੱਢ ਕੇ ਇਹ ਨੌਜਵਾਨ ਕੀਰਤਨ ਸਿੱਖਦੇ ਅਤੇ ਕਰਦੇ ਹਨ।

ਇਸ ਤੋਂ ਬਿਨਾਂ ਅਮਰੀਕਾ, ਅਫਰੀਕਾ (ਕੀਨੀਆ), ਤਨਜਾਨੀਆਂ ਅਤੇ ਕੈਨੇਡਾ ਵਿਚ ਰਹਿੰਦੇ ਨਾਮਧਾਰੀ ਬੱਚੇ ਵੀ ਕੀਰਤਨ ਸਿੱਖਦੇ ਅਤੇ ਕਰਦੇ ਹਨ। ਨਾਮਧਾਰੀ ਸੰਗਤ ਵਲੋਂ ਚਲ ਰਹੇ ਥਾਈਲੈਂਡ ਦੇ ਇੰਟਰਨੈਸ਼ਨਲ ਸਕੂਲ ਬੈਂਕਾਕ ਵਿਖੇ ਵੀ ਗੁਰਮਤਿ ਸੰਗੀਤ ਦੀ ਸਿੱਖਿਆ ਲਈ ਉਸਤਾਦ ਸ੍ਰੀ ਭੈਣੀ ਸਾਹਿਬ ਤੋਂ ਭੇਜੇ ਜਾਂਦੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੁਯੋਗ ਅਗਵਾਈ ਹੇਠ ਨਾਮਧਾਰੀ ਸੰਗੀਤ ਸੰਮੇਲਨ ਕਰਵਾਏ ਗਏ। ਜਿਨ੍ਹਾਂ ਉਸਤਾਦਾਂ ਨੂੰ ਸੁਣਨ ਲਈ ਲੋਕਾਂ ਨੂੰ ਸੈਂਕੜੇ ਰੁਪਏ ਟਿਕਟਾਂ 'ਤੇ ਖਰਚਣੇ ਪੈਂਦੇ ਹਨ, ਉਨ੍ਹਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸੰਮੇਲਨਾਂ ਵਿਚ ਮੁਫਤ ਸੁਣ ਸਕਦੇ ਹਨ। ਇਨ੍ਹਾਂ ਸੰਮੇਲਨਾਂ ਵਿਚ ਸਤਿਗੁਰੂ ਜੀ ਦੇ ਆਪਣੇ ਸਿਖਿਆਰਥੀ ਨੌਜਵਾਨ ਗੁਰਬਾਣੀ ਦੀਆਂ ਬੰਦਸ਼ਾਂ ਗਾ ਕੇ ਸੰਗੀਤ ਪ੍ਰੇਮੀਆਂ ਨੂੰ ਨਿਹਾਲ ਕਰਦੇ ਸਨ। ਇਹ ਰਾਸ਼ਟਰੀ ਪੱਧਰ ਦੇ ਸੰਮੇਲਨ 1974 ਈਃ ਵਿਚ ਦਿੱਲੀ, 1978 ਈਃ ਵਿਚ ਜੰਮੂ, 1979 ਈਃ ਵਿਚ ਲਖਨਊ ਅਤੇ 1980 ਵਿਚ ਔਰੰਗਾਬਾਦ ਵਿਖੇ ਆਯੋਜਿਤ ਕਰਵਾਏ ਗਏ। ਇਸ ਤੋਂ ਬਿਨਾਂ ਭਾਰਤ ਦੇ ਵੱਖੋ ਵੱਖ ਸ਼ਹਿਰਾਂ ਵਿਚ ਅਤੇ ਵਿਦੇਸ਼ਾਂ ਵਿਚ ਵੀ ਸੰਗੀਤ ਸਮਾਗਮ ਆਯੋਜਿਤ ਕੀਤੇ ਜਾਂਦੇ ਰਹੇ ਹਨ। ਇਹ ਸੰਮੇਲਨ ਫੰਡ ਇਕੱਠੇ ਕਰਨ ਲਈ ਨਹੀਂ ਸਗੋਂ ਸੰਗੀਤ ਪ੍ਰੇਮੀਆਂ ਲਈ ਸੰਗੀਤਕ ਲੰਗਰ ਹੋਇਆ ਕਰਦੇ ਹਨ।

ਨਾਮਧਾਰੀ ਸਮਾਜ ਵਿਚ ਸੰਗੀਤ ਭਗਤੀ ਅਤੇ ਸਾਧਨਾ ਵਾਂਗ ਕੀਤਾ ਜਾਂਦਾ ਹੈ।

ਭਾਵਨਾਤਮਕ ਸਾਧਨਾ 'ਚੋਂ ਨਵ ਸਿਰਜਨਾ ਹੋਣੀ ਸੁਭਾਵਿਕ ਹੁੰਦੀ ਹੈ। ਜਿਵੇਂ ਕੁਸ਼ਲ ਕਾਰੀਗਰ ਲਾਲਾਂ, ਰਤਨਾਂ ਨੂੰ ਤਰਤੀਬ 'ਚ ਜੜ ਕੇ ਸੁੰਦਰ ਗਹਿਣੇ ਤਿਆਰ ਕਰ ਦਿੰਦਾ ਹੈ। ਇਸੇ ਤਰ੍ਹਾਂ ਇਹ ਸੰਗੀਤ ਦੇ ਸਮਰੱਥ ਗਿਆਤਾ ਦੀ ਕਲਾ ਹੈ। ਗੁਰਬਾਣੀ ਦੇ ਲਾਲਾਂ ਰਤਨਾਂ ਦੇ ਅਮੋਲਕ ਖਜ਼ਾਨੇ 'ਚੋਂ ਸ਼ਬਦਾਂ ਨੂੰ ਵੱਖੋ ਵੱਖ ਰਾਗਾਂ ਤਾਲਾਂ ਵਿਚ ਜੜ ਕੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਨੇਕਾਂ ਅਜਿਹੀਆਂ ਗੁਰਬਾਣੀ ਦੀਆਂ ਬੰਦਸ਼ਾਂ ਦੀ ਸਿਰਜਣਾ ਕੀਤੀ ਹੈ ਜੋ ਗੁਰਮਤਿ ਸੰਗੀਤ ਅਤੇ ਸ਼ਾਸਤਰੀ ਸੰਗੀਤ ਦੇ ਖੇਤਰ ਵਿਚ ਵੀ ਬਿਲਕੁਲ ਨਵੀਆਂ ਅਤੇ ਅਨੋਖੀਆਂ ਹਨ। ਆਪ ਨੇ ਕਿਵੇਂ ਕਠਿਨ ਤਾਲਾਂ ਤੇ ਸਵਾਰੀ ਕੀਤੀ। ਇਹ ਵੀ ਬੜਾ ਦਿਲਚਸਪ ਪਹਿਲੂ ਰਿਹਾ ਹੈ। ਪਿਤਾ ਸਤਿਗੁਰੂ ਦੇ ਸਮੇਂ ਮਿਸਤਰੀ ਗੰਡਾ ਸਿੰਘ ਜੀ ਦੁਆਰਾ ਬਣਾਈ ਤਾਲ ਦੇਣ ਵਾਲੀ ਮਸ਼ੀਨ 'ਤੇ ਆਪ ਲੈਅ ਕਾਰੀ ਕਾ ਅਭਿਆਸ ਕਰਦੇ ਰਹੇ ਸਨ। ਗਾਇਕੀ ਵਿਚ ਆਮ ਵਰਤੇ ਜਾਂਦੇ ਤਾਲ, ਮਾਤਰਾ ਦੀ ਗਿਣਤੀ ਤੋਂ ਬਿਲਕੁਲ ਦੋਤਾਲਾ, ਇਕ ਤਾਲਾ, ਝਪ ਤਾਲ, ਸੁਲਫਖਤਾ ਆਦਿ ਹਨ। ਇਹ ਤਾਲ 2-10-12-18-16 ਮਾਤਰਾ ਦੁਆਰਾ ਗਿਣੇ ਜਾਂਦੇ ਅਤੇ ਤਾਲ ਬੱਧ ਕੀਤੇ ਗਏ ਹਨ। ਆਪ ਨੇ ਨਿਰੰਤਰ ਅਭਿਆਸ ਦੁਆਰਾ ਇਨ੍ਹਾਂ ਵਿਚ ਸਵਾਈ, ਪੌਣੀ, ਅੱਧੀ ਅਤੇ 1/8 ਹਿੱਸੇ ਤੱਕ ਨੂੰ ਵੀ ਨੇਮਬੱਧ ਕਰ ਲਿਆ। ਇਨ੍ਹਾਂ ਵਿਟ ਮਾਤ੍ਰਾਵਾਂ ਜਿਵੇ ਸਵਾ ਸੱਤ, ਪੌਣੇ ਅੱਠ, ਸਵਾ ਪੰਦਰਾਂ, ਪੌਣੀਆਂ ਸੋਲਾਂ ਮਾਤ੍ਰਾਂ ਤੱਕ ਦੀਆਂ ਬੰਦਿਸਾਂ ਬਣਾਉਂਣੀਆਂ, ਗਉਣੀਆਂ ਅਤੇ ਸਿਖਾਉਂਣੀਆਂ ਤੱਕ ਆਪ ਦੀ ਸਮਰੱਥਾ ਸੀ। ਸੰਗੀਤ ਵਿਚ ਨਵੀਆਂ ਬੰਦਸ਼ਾਂ ਸਿਰਜਨ, ਉਨ੍ਹਾਂ ਨੂੰ ਸਵਰ ਲਿਪੀ ਪ੍ਰਦਾਨ ਕਰਨ ਅਤੇ ਨਵੇਂ ਤਾਲ ਬਣਾਉਣ ਦੀ ਕਿਰਿਆ ਨੂੰ ਭਾਈ ਹਰਨਾਮ ਸਿੰਘ ਜੀ ਰਾਗੀ (ਚਵਿੰਡੇ) ਵਾਲੇ ਨਾਇਕੀ ਕਿਹਾ ਕਰਦੇ ਹਨ। ਇਹ ਨਾਇਕੀ ਗੁਰੂ ਚਰਨਾਂ ਵਿਚ ਹਾਜਰ ਰਹਿੰਦੀ ਸੀ। ਇਸ ਤੋਂ ਬਿਨਾਂ ਆਪ ਦਾ ਦਸਤੀ ਗੁਣ ਹੈ ਦਿਲਰੁਬਾ ਵਜਾਉਂਣਾ। ਗਜ਼ ਨੂੰ ਤਾਰਾਂ ਤੇ ਫੇਰ ਕੇ ਖੱਬੇ ਪਾਸੇ ਦੀਆਂ ਉਂਗਲਾਂ ਨਾਲ ਡਾਂਟੀ ਤੇ ਸੁਰ ਪੈਦਾ ਕਰ ਲੈਣੇ ਤਾਂ ਸਾਰੇ ਵਜੱਦਰੀ ਜਾਣਦੇ ਹਨ। ਪਰ ਦੋਹਾਂ ਹੱਥਾਂ ਦੀਆਂ ਉਂਗਲਾਂ ਦੇ ਪੋਟਿਆਂ ਦੇ ਨਹੁੰਆਂ ਵਾਲੇ ਪਾਸੇ ਨਾਲ ਆਪ ਦਿਲਰੁਬਾ ਦੀਆਂ ਤਰਬਾਂ ਛੇੜ ਕੇ ਜਲ ਤਰੰਗ ਜਾਂ ਸੰਤੂਰ ਦੀ ਆਵਾਜ਼ ਵਰਗੀਆਂ ਸੁਰਾਂ ਪੈਦਾ ਕਰ ਲੈਂਦੇ ਸਨ। ਮੰਦ, ਵਿਲੰਬਤ ਅਤੇ ਦਰੁਤ ਲੈਅ ਵਿਚ ਸ਼ਾਸਤਰੀ ਗਾਇਨ ਦੀਆਂ ਸਾਰੀਆਂ ਖ਼ੂਬੀਆਂ ਆਪ ਤਰਬ-ਵਾਦਨ ਦੁਆਰਾ ਪੇਸ਼ ਕਰ ਦਿੰਦੇ ਸਨ।

ਸਤਿਗੁਰੂ ਅਰਜਨ ਦੇਵ ਜੀ ਦੇ ਰਬਾਬੀਆਂ ਦੀ ਕੀਰਤਨ ਦੀ ਪ੍ਰਚਲਤ ਰੀਤ ਸੀ ਕਿ ਜਿਸ ਰਾਗ ਦਾ ਸ਼ਬਦ ਗਾਇਆ ਜਾਣਾ ਹੋਵੇ ਉਸੇ ਰਾਗ ਦਾ ਸਲੋਕ ਅਤੇ ਪਉੜੀ ਵੀ ਨਾਲ ਗਾਉਣੀ, ਜੋ ਕਿ ਗੁਰਬਾਣੀ ਵਿਚ ਸਲੋਕ ਅਤੇ ਪਉੜੀਆਂ ਦਾ ਵਰਣਨ ਵੀ ਹੈ। ਇਨ੍ਹਾਂ ਨਾਲ ਤਬਲੇ ਦਾ ਅਲੱਗ ਠੇਕਾ ਵੀ ਪੁਰਾਤਨ ਪ੍ਰਚਲਤ ਹੈ। ਜਿਵੇਂ ਸਾਰੰਗ ਰਾਗ ਦਾ ਕੋਈ ਵੀ ਸ਼ਬਦ ਗਾਉਣਾ ਹੋਵੇ ਤਾਂ ਉਸਦੇ ਨਾਲ ਸਲੋਕ ਹੈ – 'ਗੁਰ ਕੁੰਜੀ

ਪਾਹੁ ਨਿਵਲ ਮਨ ਕੋਠਾ ਤਨਿ ਛਤ॥' ਅਤੇ ਪਉੜੀ ਹੈ – 'ਤੂੰ ਆਪੇ ਆਪਿ ਨਿਰੰਜਨਾ ਜਿਨਿ ਅਪਿ ਉਪਾਇਆ।' ਕਾਨ੍ਹੜੇ ਰਾਗ ਦੇ ਸ਼ਬਦ ਨਾਲ ਸਲੋਕ – 'ਗੋਵਿੰਦ ਗੋਵਿੰਦ ਗੋਵਿੰਦ ਹਰਿ ਗੋਵਿੰਦ ਗੁਣੀ ਨਿਧਾਨ' ਅਤੇ ਪਉੜੀ ਹੈ – 'ਤੂੰ ਆਪੇ ਹੀ ਸਿਧ ਸਾਧ ਕੋ ਤੂ ਆਪੇ ਹੀ ਜੁਗ ਜੋਗੀਆ।' ਕੀਰਤਨ ਦੀ ਇਹ ਪੁਰਾਤਨ ਨਿਵੇਕਲੀ ਰਵਾਇਤ ਵੀ ਨਾਮਧਾਰੀ ਸੰਗਤ ਵਿਚ ਸੁਰੱਖਿਅਤ ਅਤੇ ਪ੍ਰਚਲਿਤ ਹੈ। ਨਾਮਧਾਰੀ ਸਿੱਖ ਸਮਾਜ ਵਿਚ ਅਰੰਭ ਤੋਂ ਹੀ ਸ੍ਰੀ ਆਦਿ ਅਤੇ ਦਸਮ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਬਾਣੀ 'ਚੋਂ ਹੀ ਕੀਰਤਨ ਕੀਤਾ ਜਾਂਦਾ ਹੈ। ਸ੍ਰੀ ਦਸਮ ਗੁਰਬਾਣੀ 'ਚ ਸ਼ਬਦ :

"ਕਰੁਣਾ ਨਿਧਾਨ ਬੇਦ ਕਹਤ ਬਖਯਾਨ॥
ਜਾਕੀ ਬੀਚ ਤੀਨ ਲੋਗ ਰਹੀ ਹੈ ਸੁ ਬਾਸੁਰੀ॥"

ਦੀ ਰਾਗੁ ਯਮਨ ਕਲਿਆਣ ਵਿਚ ਹੋਏ ਪੰਦਰਾਂ ਮਾਤ੍ਰਾਂ 'ਚ ਬੰਦਸ਼ ਬਣਾਈ। ਇਸ ਧਰੁਪਦ ਦੀ ਬੰਦਿਸ਼ ਨਾਲ ਪਖਾਵਜ ਦੇ ਬੋਲਾਂ ਲਈ ਵੀ ਸੁਖਵਿੰਦਰ ਪਿੰਕੀ ਦਾ ਆਪ ਨੇ ਮਾਰਗ ਦਰਸ਼ਨ ਕੀਤਾ।

ਜਾਪੁ ਸਾਹਿਬ ਪਾਤਸ਼ਾਹੀ ਦਸਵੀਂ ਦਾ ਪਹਿਲਾ ਸ਼ਬਦ :

"ਚਕ੍ਰ ਚਿਹਨ ਅਜੁ ਬਰਨ ਜਾਤੁ ਅਰੁ ਪਾਤ ਨਹਿਨ ਜਿਹ"

– (ਦੁਰੱਤ ਲੈਅ) 'ਚ 11 ਮਾਤ੍ਰ ਰਾਗ ਟੋਡੀ 'ਚ।

"ਗੁਣ ਨਾਦ ਧੁਨਿ ਅਨੰਦ ਬੇਦ ਕਥਤ
ਸੁਨਤਿ ਮੁਨਿ ਜਨਾ ਮਿਲਿ ਸੰਤ ਮੰਡਲੀ॥"

– ਪੌਣੇ ਗਿਆਰਾਂ ਮਾਤ੍ਰ ਰਾਗ ਯਮਨ (ਦਰੁਤ ਲੈਅ) 'ਚ

"ਆਤਮ ਰਸ ਜਿਹ ਜਾਨਿਆ ਹਰਿ ਰੰਗ ਸਹਜੇ ਮਾਨ॥
ਨਾਨਕ ਧੰਨ ਧੰਨ ਧੰਨ ਜਨ ਆਏ ਸੇ ਪ੍ਰਵਾਨ॥

– ਧਰੁਪਦ ਦੀ ਬੰਦਸ਼ ਸਾਢੇ ਚੌਦਾਂ ਮਾਤ੍ਰਾਂ, ਰਾਗ ਆਸਾ ਵਿਚ

"ਸੁੰਭ ਨਿਸੁੰਭ ਪਠਾਇਆ ਜਮ ਦੇ ਧਾਮ ਨੋ॥"

– ਰਾਗ ਦੁਰਗਾ 11 ਮਾਤ੍ਰਾ ਵਿਚ

"ਤੁਧ ਚਿਤਵਤ ਸੁਖ ਅਧਿਕ ਹੋਇ ਨਾਸਹਿ ਅਨ ਗਨ ਪਾਪ॥
ਕਰਿ ਕਿਰਪਾ ਮੋਹਿ ਰਿਦ ਬਸਹੁ ਸ੍ਰੀ ਸਤਿਗੁਰ ਪ੍ਰਤਾਪ॥"

ਇਸਦੇ ਬੋਲ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪ ਲਿਖੇ ਹਨ ਅਤੇ 13 ਸਹੀ 7/8 ਮਾਤ੍ਰ ਰਾਗ ਪੂਰੀਆ ਕਲਿਆਣ ਵਿਚ ਬੰਦਿਸ਼ ਸਿਰਜੀ ਹੈ।

"ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ॥

ਨਾਨਕ ਨਾਮੁ ਧਿਆਈਐ ਕਾਰਜ ਆਵੈ ਰਾਸਿ॥"

– ਸਵਾ ਚੌਦਾਂ ਮਾਤ੍ਰਾ ਵਿਚ ਰਾਗ ਆਸਾਵਰੀ, ਸਤਿਗੁਰੂ ਜੀ ਦੁਆਰਾ ਸਿਰਜੀਆਂ ਅਨੇਕਾਂ ਸ਼ਬਦ ਰੀਤਾਂ 'ਚੋਂ ਇਹ ਕੁਝ ਵੰਨਗੀ ਮਾਤਰ ਬੰਦਿਸ਼ਾਂ ਹਨ।

ਨਾਮਧਾਰੀ ਸਿੱਖ ਸਮਾਜ ਵਿਚ ਦੇਸ਼ ਭਰ ਵਿਚ ਬਹੁਤ ਸਾਰੇ ਸ਼ਹਿਰਾਂ ਵਿਚ ਅਤੇ ਵਿਦੇਸ਼ਾਂ ਵਿਚ ਜੋ ਨੌਜਵਾਨ ਬੱਚੇ ਸੰਗੀਤ ਸਿੱਖ ਰਹੇ ਹਨ, ਜੇ ਸਭ ਦਾ ਵੇਰਵਾ ਲਿਖੀਏ ਤਾਂ ਬਹੁਤ ਵਿਸਤਾਰ ਹੋ ਜਾਵੇਗਾ। ਐਨਾ ਹੀ ਹੈ ਕਿ ਅਨੇਕਾਂ ਨੌਜੁਆਨ ਲੜਕੇ, ਲੜਕੀਆਂ ਕੀਰਤਨ ਸਿੱਖ ਰਹੇ ਹਨ। ਉਸ ਦਾ ਮਨੋਰਥ ਹੈ :

ਧਨੁ ਧਨੁ ਭਾਗ ਤਿਨਾ ਸਾਧ ਜਨਾ
ਹਰਿ ਕੀਰਤਨ ਗਾਇ ਗੁਣੀ ਜਨ ਬਣਤਿਆ॥

ਕਿਉਂਕਿ ਉਨ੍ਹਾਂ ਨੂੰ ਸਤਿਗੁਰੂ ਦੀ ਨਿਕਟਤਾ ਅਤੇ ਖੁਸ਼ੀਆਂ ਪ੍ਰਾਪਤ ਕਰਨ ਦਾ ਸਭ ਤੋਂ ਨੇੜਲਾ ਮਾਧਿਅਮ ਗੁਰਬਾਣੀ ਕੀਰਤਨ ਹੀ ਹੈ।

ਨਾਮਧਾਰੀ ਸਮਾਜ ਵੱਲੋਂ ਗੁਰਮਤਿ ਸੰਗੀਤ ਦਾ ਪ੍ਰਚਾਰ ਪ੍ਰਸਾਰ ਦਾ ਕੇਂਦਰ ਬਿੰਦੂ ਜਾਂ ਸੂਤਰਧਾਰ ਨਾਮਧਾਰੀ ਸਮਾਜ ਦੇ ਸੰਚਾਲਕ ਸਤਿਗੁਰੂ ਹਨ। ਪ੍ਰਸਿੱਧ ਸਰੋਦ ਵਾਦਕ ਉਸਤਾਦ ਅਮਜ਼ਦ ਅਲੀ ਖਾਂ ਜੀ ਨੂੰ ਉਸਤਾਦ ਹਾਫਿਜ਼ ਅਲੀ ਮੈਮੋਰੀਅਲ 'ਸੰਗੀਤ ਮਨੀਸ਼ੀ' ਐਵਾਰਡ (1999 ਈ. ਵਿਚ) ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭੇਂਟ ਕੀਤਾ। ਇਸ ਸਨਮਾਨ ਸਮਾਰੋਹ ਸਮੇਂ ਇਕੱਤਰ ਸੰਗੀਤ ਸਭਾ ਨੂੰ ਸੰਬੋਧਨ ਕਰਦਿਆਂ ਉਸਤਾਦ ਅਮਜ਼ਦ ਅਲੀ ਖਾਂ ਜੀ ਨੇ ਕਿਹਾ – "ਹਮਾਰੇ ਪਿਤਾ ਜੀ ਕਹਾ ਕਰਤੇ ਥੇ ਕਿ ਸੰਗੀਤ ਕੋ ਬਾਦਸ਼ਾਹ ਸੰਭਾਲਤਾ ਹੈ ਯਾ ਫਕੀਰ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਫਕੀਰ ਭੀ ਹੈ ਔਰ ਬਾਦਸ਼ਾਹ ਭੀ, ਆਪ ਏਕ ਸੰਗੀਤਕ ਰੌਸ਼ਨੀ ਹੈ ਜੋ ਪੂਰੇ ਭਾਰਤ ਵਰਸ਼ ਕੇ ਸੰਗੀਤ ਪ੍ਰੇਮੀਓਂ ਕਾ ਮਾਰਗ ਰੁਸ਼ਨਾ ਰਹੇ ਹੈ।"

ਸਿੱਖ ਜਗਤ ਦੇ ਪ੍ਰਸਿੱਧ ਰਾਗੀ (ਕੀਰਤਨੀਏ) ਭਾਈ ਗੁਰਚਰਨ ਸਿੰਘ ਜੀ 'ਕੰਵਲ' ਆਪਣੀ ਪੁਸਤਕ 'ਕੀਰਤਨ ਨਿਰਮੋਲਕ ਹੀਰਾ ਅਤੇ ਸੰਗੀਤ ਕਲਾ' ਵਿਚ ਤੇ ਨਾਮਧਾਰੀ ਸਿੱਖ ਸੰਪ੍ਰਦਾਇ ਦੇ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਅਤੇ ਵਿਕਾਸ ਵਿਚ ਪਾਏ ਯੋਗਦਾਨ ਬਾਰੇ ਲਿਖਦੇ ਹਨ –

"ਇਕੋ ਇਕ ਨਾਮਧਾਰੀ ਸੰਪ੍ਰਦਾਇ ਹੀ ਹੈ ਜਿਥੇ ਗੁਰਮਤੀ ਟਕਸਾਲੀ ਕੀਰਤਨ ਦਿਲਰੁਬਾ ਆਦਿ ਤੰਤੀ ਸਾਜਾਂ ਨਾਲ ਕੀਤਾ ਜਾਂਦਾ ਹੈ। ਹਾਰਮੋਨੀਅਮ ਬਿਲਕੁਲ ਨਹੀਂ ਦੇਖਿਆ। ਅੱਠਾਂ ਦਸਾਂ ਦਿਲਰੁਬਾਂ ਵਿਚੋਂ ਜਿਸ ਦਿਲਰੁਬਾ ਦੀ ਕੋਈ ਤਰਬ ਬੇਸੁਰੀ ਹੋ ਜਾਂਦੀ ਤਾਂ ਮਹਾਰਾਜ ਬਾਬਾ ਜੀ ਉਸੇ ਵੇਲੇ ਕੀਰਤਨ ਸ੍ਰਵਨ ਕਰਦੇ ਕਰਦੇ ਇਸ਼ਾਰਾ ਕਰਕੇ ਉਸ ਦਿਲਰੁਬਾ ਦੀ ਉਹ ਬੇਸੁਰੀ ਹੋ ਚੁੱਕੀ ਸੁਰ ਨੂੰ ਸੁਰ ਵਿਚ ਕਰਨ ਦੀ ਪ੍ਰੇਰਨਾ

ਕਰਦੇ ਵੇਖੇ ਸਨ। ਏਹ ਕੁਝ ਦਰਸ਼ਨ ਕਰਕੇ ਮੈਂ ਤਾਂ ਰੋਮ ਰੋਮ ਤੋਂ ਬਲਿਹਾਰ ਜਾਂਦਾ ਰਿਹਾ ਹਾਂ। ਮੈਂ ਇਸ ਤਰ੍ਹਾਂ ਦਾ ਸੁਰ ਬੋਧ ਵੱਡੇ ਵੱਡੇ ਗਵਈਆਂ ਵਿਚ ਵੀ ਨਹੀਂ ਸੀ ਦੇਖਿਆ। ਨਾਮਧਾਰੀ ਸੰਪ੍ਰਦਾਇ ਦੇ ਇਹਨਾਂ ਰਾਗੀਆਂ ਨੂੰ ਇਹ ਭੀ ਸਿਖਲਾਈ ਦਿੱਤੀ ਜਾਂਦੀ ਹੈ ਕਿ ਸਰੋਤਿਆਂ ਦੀ ਰੁਚੀ ਨੂੰ ਅਮੀਰ ਕਿਵੇਂ ਬਨਾਣਾ ਹੈ। ਬਹੁ ਗਿਣਤੀ ਦੇ ਰਾਗੀ ਸੰਗਤਾਂ ਨੂੰ ਪੱਕੇ ਰਾਗਾਂ ਤੇ ਵੱਡੇ ਤਾਲਾਂ ਵਿਚ ਕੀਰਤਨ ਸੁਣਨ ਦਾ ਉਤਸ਼ਾਹ ਨਹੀਂ ਪੈਦਾ ਕਰਦੇ ਪਰ ਨਾਮਧਾਰੀ ਕੀਰਤਨੀਏ ਦੇਸ਼ ਪ੍ਰਦੇਸ਼ ਵਿਚ ਸੰਗਤਾਂ ਦਾ ਉਤਸ਼ਾਹ ਐਸਾ ਟਕਸਾਲੀ ਕੀਰਤਨ ਸੁਣਨ ਲਈ ਵਧਾ ਰਹੇ ਹਨ। ਸੋ ਮੇਰੇ ਵੱਲੋਂ ਸਰਬੱਤ ਕੀਰਤਨੀਆਂ ਦੀ ਸੇਵਾ ਵਿਚ ਬੇਨਤੀ ਹੈ ਕਿ ਨਾਮਧਾਰੀ ਸੰਪ੍ਰਦਾਇ ਦੀ ਹੀ ਰੀਸ ਕਰਨ, ਜਿਨ੍ਹਾਂ ਨੇ ਅਜੇ ਤੀਕਰ ਇਸ ਵਿੱਦਿਆ ਨੂੰ ਸੰਭਾਲੀ ਰੱਖਿਆ ਹੈ ਤੇ ਏਸ ਵਿਚ ਹੋਰ ਉਨਤੀ ਲਈ ਭਰਪੂਰ ਕੋਸ਼ਿਸ਼ਾਂ ਭੀ ਕਰ ਰਹੇ ਹਨ। ਕੁਝ ਸਾਲ ਪਹਿਲਾਂ ਲੇਖਕ ਨੂੰ ਸ੍ਰੀ ਭੈਣੀ ਸਾਹਿਬ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਇਆ ਸੀ। ਪਹਿਲੋਂ ਭੀ ਏਹ ਸ੍ਰੋਤ ਮੇਰੇ ਕੰਨਾਂ ਵਿਚ ਪੈਂਦੀ ਰਹੀ ਸੀ। ਫੇਰ ਪ੍ਰਤੱਖ ਦਰਸ਼ਨ ਕਰ ਲਏ। ਇੰਝ ਜਾਪਿਆ ਕਿ ਰਾਗ ਰੂਪ ਪ੍ਰਭੂ ਨੇ ਬਾਬਾ ਜੀ ਨੂੰ ਦਰਗਾਹੋਂ ਹੀ ਸੰਗੀਤ ਕਲਾ ਦੀ ਮਹਾਨ ਬਖਸ਼ਿਸ਼ ਨਾਲ ਨਿਵਾਜ ਕੇ ਸੰਸਾਰ ਵਿਚ ਭੇਜਿਆ ਹੈ। ਵੱਡੇ ਵੱਡੇ ਤਾਲਾਂ ਦੀਆਂ ਪੁਰਾਤਨ ਸ਼ਬਦ ਗੀਤਾਂ, ਬਿਨਾਂ ਕਿਸੇ ਸਾਜ ਦੀ ਸਹਾਇਤਾ ਤੋਂ ਪੌਣੀਆਂ ਮਾਤਰਾਂ, ਸਵਾਈਆਂ ਮਾਤਰਾਂ ਤੇ ਡੇਢੀਆਂ ਮਾਤਰਾਂ ਵਿਚ ਉਨ੍ਹਾਂ ਦੇ ਗਲ ਤੋਂ ਸੁਰੀਲੀਆਂ ਸੁਰਾਂ ਵਿਚ ਲੇਖਕ ਨੇ ਸੁਣਿਆ ਸੀ। ਬਾਬਾ ਜੀ ਚੰਗੇ ਚੰਗੇ ਗੁਣੀ ਕੀਰਤਨੀਆਂ ਨੂੰ ਤੇ ਸ਼ਾਸਤਰੀ ਸੰਗੀਤ ਦੇ ਭੀ ਚੋਟੀ ਦੇ ਵਿਦਵਾਨਾਂ ਨੂੰ ਬੁਲਾ ਕੇ ਸਤਿਕਾਰਦੇ ਰਹਿੰਦੇ ਹਨ ਤੇ ਆਪਣੇ ਵਿਦਿਆਰਥੀਆਂ ਨੂੰ ਭੀ ਉੱਚ ਕੋਟੀ ਦੇ ਵਿਦਵਾਨ ਰਾਗੀ ਬਨੌਣ ਦੀ ਭਰਪੂਰ ਕੋਸ਼ਿਸ਼ ਕਰਦੇ ਰਹਿੰਦੇ ਹਨ। ਆਸਾ ਦੀ ਵਾਰ ਦੇ ਕੀਰਤਨ ਦੀ ਪੁਰਾਤਨ ਮਰਿਯਾਦਾ ਪ੍ਰਤੱਖ ਦੇਖੀ। ਸੂਰਜ ਦੀ ਟਿੱਕੀ ਨਾਲ ਭੋਗ ਪੈਂਦਾ ਹੈ। ਕਰੀਬਨ ਹਰ ਛੱਕੇ ਨਾਲ ਸੰਗੀਤ ਬੱਧ ਗੀਤ ਗਾਈ ਜਾਂਦੀ ਹੈ।"

ਸਤਿਗੁਰੂ ਜਗਜੀਤ ਸਿੰਘ ਜੀ ਦੀ ਸੁਯੋਗ ਅਗਵਾਈ ਅਤੇ ਬਖਸ਼ਿਸ਼ ਸਦਕਾ ਸ਼ਾਸਤਰੀ ਸੰਗੀਤ ਜਗਤ ਵਿਚ ਅਤੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਸ੍ਰੀ ਭੈਣੀ ਸਾਹਿਬ ਦੀ ਇੱਕ ਸੁਤੰਤਰ ਘਰਾਣੇ ਵਜੋਂ ਆਪਣੀ ਮਾਨਯੋਗ ਪਛਾਣ ਸਥਾਪਿਤ ਹੋ ਚੁੱਕੀ ਹੈ। ਨਾਮ, ਬਾਣੀ ਅਤੇ ਕੀਰਤਨ ਨਾਮਧਾਰੀ ਜੀਵਨ ਜਾਚ ਦਾ ਅਧਾਰ ਹੈ।

ਦਸੰਬਰ 2012 ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ ਆਪ ਜੀ ਦੀ ਇੱਛਾ ਅਨੁਸਾਰ ਸਤਿਗੁਰੂ ਉਦੈ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਵਾਗਡੋਰ ਸੰਭਾਲੀ। ਆਪ, ਸਤਿਗੁਰੂ ਜਗਜੀਤ ਸਿਘ ਜੀ ਦੇ ਅਰੰਭੇ ਅਤੇ ਚਿਤਵੇ ਕਾਰਜਾਂ ਨੂੰ ਬੜੀ ਰੀਝ ਨਾਲ ਅੱਗੇ ਤੋਰ ਰਹੇ ਹਨ। ਸੰਨ 2012 ਤੋਂ ਹੀ ਸਤਿਗੁਰੂ ਜਗਜੀਤ ਸਿੰਘ ਸਿਮਰਤੀ ਸੰਗੀਤ ਸੰਮੇਲਨਾ ਦੀ ਲੜੀ ਅਰੰਭ ਕਰ ਦਿੱਤੀ ਹੈ, ਜੋ ਹਰ

ਵਰ੍ਹੇ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਤੇ ਆਯੋਜਿਤ ਕੀਤੇ ਜਾਂਦੇ ਹਨ। ਪੰਜਾਬ ਵਿਚ ਹਰਬਲਭ ਸੰਗੀਤ ਸੰਮੇਲਨ ਤੋਂ ਬਾਅਦ ਮਿਆਰੀ ਪੱਖੋਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੀ ਨਿਵੇਕਲੀ ਪਛਾਣ ਸਥਾਪਿਤ ਹੋ ਚੁੱਕੀ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਤਿਆਰ ਕੀਤੀ ਸੰਗੀਤਕ ਨਰਸਰੀ ਹੁਣ ਜਵਾਨ ਹੋ ਚੁੱਕੀ ਹੈ। ਯੂਨੀਵਰਸਿਟੀ ਵਿਚ ਕਈ ਨਾਮਧਾਰੀ ਨੌਜੁਆਨ ਸੰਗੀਤ ਵਿਸ਼ੇ ਤੇ ਐਮ.ਫਿਲ. ਤੇ ਪੀ.ਐਚ.ਡੀ. ਕਰ ਚੁੱਕੇ ਹਨ ਅਤੇ ਯੂਨੀਵਰਸਿਟੀ ਲੈਵਲ ਤੱਕ ਅਧਿਆਪਨ ਕਾਰਜ ਕਰ ਰਹੇ ਹਨ। ਭਾਰਤ ਵਿਚ ਅਤੇ ਵਿਦੇਸ਼ਾਂ ਵਿਚ ਨਾਮਧਾਰੀ ਨੌਜੁਆਨਾਂ ਵਲੋਂ ਸੰਗੀਤ ਸਿੱਖਿਆ ਅਦਾਰੇ ਚੱਲ ਰਹੇ ਹਨ, ਜਿੱਥੇ ਅਨੇਕਾਂ ਗੈਰ ਨਾਮਧਾਰੀ ਬੱਚੇ ਬੱਚੀਆਂ ਵੀ ਸੰਗੀਤ ਸਿੱਖਿਆ ਗ੍ਰਹਿਣ ਕਰ ਰਹੇ ਹਨ।

ਨਾਮਧਾਰੀ ਸਤਿਗੁਰੂ ਸਾਹਿਬਾਨ ਦੀ ਸੁਯੋਗ ਰਹਿਨੁਮਾਈ ਸਦਕਾ ਨਾਮਧਾਰੀ ਸਿੱਖਾਂ ਦੇ ਭਾਰਤੀ ਸੰਸਕ੍ਰਿਤੀ, ਸਿੱਖੀ ਸਭਿਆਚਾਰ, ਖਾਲਸਾਈ ਰਹਿਤ ਮਰਿਯਾਦਾ ਅਤੇ ਗੁਰਮਤਿ ਸੰਗੀਤ ਦੇ ਸ਼ੁੱਧ ਸਰੂਪ ਨੂੰ ਸੰਭਾਲਿਆ ਹੋਇਆ ਹੈ। ਸਤਿਗੁਰੂ ਉਦੈ ਸਿੰਘ ਜੀ ਦੀ ਰਹਿਨੁਮਾਈ ਹੇਠ ਨਾਮਧਾਰੀ ਪੰਥ ਦਾ ਭਵਿੱਖ ਉੱਜਲ ਅਤੇ ਸੁਰੱਖਿਅਤ ਹੈ।

# ਨਾਮਧਾਰੀ ਸਮਾਜ ਵਿਚ ਔਰਤ ਦੀ ਦਸ਼ਾ ਅਤੇ ਦਿਸ਼ਾ

–ਡਾ. ਬਾਬੂਸ਼ਾ ਮੈਂਗੀ

ਮਨੁੱਖੀ ਸਭਿਅਤਾ ਦੇ ਮੁੱਢਲੇ ਪੜਾਵਾਂ ਤੋਂ ਹੀ ਮਰਦ ਦੀ ਸਥਿਤੀ ਸੁਰੱਖਿਅਤ ਰਹੀ ਹੈ। ਪਰ ਔਰਤ ਦੀ ਸਥਿਤੀ ਸਮਾਜਿਕ ਪ੍ਰਬੰਧ ਅਨੁਸਾਰ ਤਬਦੀਲ ਹੁੰਦੀ ਰਹੀ ਹੈ। ਫਲਸਰੂਪ ਔਰਤ ਨੂੰ ਮਾਂ, ਭੈਣ, ਪਤਨੀ ਅਤੇ ਪ੍ਰੇਮਿਕਾ ਦੇ ਰੂਪ ਵਿਚ ਸਵੀਕਾਰਿਆ ਗਿਆ ਹੈ। ਨਾਰੀ ਦੋਵੇਂ ਰੂਪਾਂ ਨਾਲ ਦੇਖੀ ਜਾਂਦੀ ਰਹੀ ਹੈ ਜਾਂ ਤਾਂ ਉਹ ਦੇਵੀ ਦੇ ਰੂਪ ਵਿਚ ਪੂਜੀ ਜਾਂਦੀ ਰਹੀ ਹੈ ਜਾਂ ਫਿਰ ਵੇਸਵਾ ਦੇ ਰੂਪ ਵਿਚ ਤ੍ਰਿਸਕਾਰੀ ਗਈ ਹੈ। ਸਮੁੱਚੇ ਸਮਾਜਿਕ ਢਾਂਚੇ, ਰਾਜਨੀਤੀ, ਸਿੱਖਿਆ ਅਤੇ ਕਾਨੂੰਨ ਵਿਚ ਮਰਦ ਦੀ ਹੀ ਪ੍ਰਧਾਨਗੀ ਰਹੀ ਹੈ ਅਤੇ ਉਸ ਮਰਦ ਨੇ ਆਪਣੇ ਅਨੁਸਾਰ ਹੀ ਇਹ ਢਾਂਚੇ ਨੂੰ ਢਾਲਣ ਦੀ ਕੋਸ਼ਿਸ਼ ਕੀਤੀ ਹੈ। ਇਸ ਕਰਕੇ ਹੀ ਔਰਤ ਹਮੇਸ਼ਾਂ ਮਰਦ ਦੀ ਮਰਜੀ ਅਨੁਸਾਰ ਹੀ ਆਪਣੇ ਆਪ ਨੂੰ ਤਰਾਸ਼ਦੀ ਰਹੀ ਹੈ। ਮਰਦ ਨੇ ਔਰਤ ਨੂੰ ਆਪਣੀ ਲੋੜ ਪੂਰਤੀ ਦਾ ਸਾਧਨ ਮੰਨਦਿਆਂ ਹੋਇਆ ਉਸਨੂੰ ਵਸਤ ਵਾਂਗ ਹੀ ਵਿਚਾਰਿਆ ਹੈ।

ਮਨੁੱਖੀ ਇਤਿਹਾਸ ਵਿਚ ਹਰ ਪੜਾਅ ਤੇ ਔਰਤ ਦੇ ਸਾਥ ਦੀ ਭਾਲ ਮਰਦ ਹਮੇਸ਼ਾਂ ਹੀ ਕਰਦਾ ਰਿਹਾ ਹੈ ਪਰ ਔਰਤ ਦੇ ਸਾਥ ਨੂੰ ਬਰਾਬਰੀ ਦੇ ਅਨੁਸਾਰ ਨਹੀਂ ਸਵੀਕਾਰਿਆ ਗਿਆ। ਪਰੰਪਰਾਵਾਂ ਨੂੰ ਮੁੱਖ ਰੱਖਦਿਆਂ ਜਾਂ ਉਸਨੂੰ ਧਾਰਮਿਕ ਰੂਪ ਦੇ ਕੇ ਮਰਦ ਨੇ ਔਰਤ ਦੀ ਮਾਨਸਿਕਤਾ ਨੂੰ ਅਜਿਹੇ ਢੰਗ ਨਾਲ ਉਭਾਰਿਆ ਕਿ ਪਤੀ ਨੂੰ ਪਰਮੇਸ਼ਵਰ ਬਣਾ ਦਿੱਤਾ ਗਿਆ। ਜੇਕਰ ਹੁਣ ਤੱਕ ਦੇ ਇਤਿਹਾਸ ਨੂੰ ਸਮੇਟਿਏ ਤਾਂ ਪਤਾ ਲਗਦਾ ਹੈ ਕਿ ਹੁਣ ਤੱਕ ਮਰਦ ਨੇ ਔਰਤ ਦਾ ਸ਼ੋਸ਼ਣ ਹੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਵਿਕਾਸ ਦੇ ਹਰ ਦੌਰ ਵਿਚ ਕੰਮ ਵੰਡ ਨੂੰ ਪੁਰਸ਼ ਨੇ ਆਪ ਹੀ ਸੰਭਾਲਿਆ ਅਤੇ ਘਰ ਤੋਂ ਬਾਹਰ ਦੀ ਜ਼ਿੰਮੇਵਾਰੀ ਉਸਨੇ ਆਪ ਸੰਭਾਲ ਲਈ ਅਤੇ ਔਰਤ ਦੇ ਹਿੱਸੇ ਘਰ ਦੀ ਚਾਰ ਦਿਵਾਰੀ ਦੇ ਕੰਮ ਹਿੱਸੇ ਆਏ। ਪਰ ਪੁਰਸ਼ ਦੀ ਮਰਜੀ ਘਰੇਲੂ ਕੰਮਾਂ ਵਿਚ ਵੀ ਚਲਦੀ ਰਹੀ ਜਾਂ ਇੰਝ ਕਹਿ ਲਉ ਕਿ ਘਰ ਦੀ ਜਿੰਮੇਵਾਰੀ ਸਾਂਭਦਿਆ ਵੀ ਔਰਤ ਹਰ ਜਿੰਮੇਵਾਰੀ ਵਿਚ ਮਰਦ ਦੀ ਮਰਜੀ ਹੀ ਨਿਭਾਉਂਦੀ ਰਹੀ। ਮਿਸਾਲ ਵਜੋਂ ਵਿਆਹ ਚੋਣ ਤੋਂ ਲੈ ਕੇ ਘਰ ਵਿਚ ਹੋ ਰਹੇ ਕੰਮਾਂ ਜਿਵੇਂ ਦਾਲ ਸਬਜੀ ਕਿਸ ਦੇ ਸੁਆਦ ਨੂੰ ਮੁੱਖ ਰੱਖ ਕੇ ਬਣਾਈ ਜਾਏ, ਕਿੰਨੇ ਬੱਚੇ ਪੈਦਾ ਕਰਨੇ ਚਾਹੀਦੇ ਹਨ, ਜਾ ਘਰ ਦਾ ਸਮਾਨ ਕਿਉਂ,

ਕਿਵੇਂ ਅਤੇ ਕਿੰਨਾ ਖ਼ਰੀਦਣਾ ਜਾ ਵੇਚਣਾ ਹੈ, ਇਹ ਸਭ ਮਰਜੀ ਵੀ ਮਰਦ ਦੀ ਹੀ ਰਹੀ ਹੈ। ਸਪੱਸ਼ਟ ਹੈ ਕਿ ਕੰਮ ਵੰਡ ਵਿਚ ਪਾਈ ਗਈ ਇਹ ਭਿੰਨਤਾ ਹੀ ਅਸਮਾਨਤਾ ਵਿਚ ਬਦਲ ਗਈ ਅਤੇ ਇਸ ਅਸਮਾਨਤਾ ਨੇ ਅੱਗੋਂ ਸੰਘਰਸ਼ ਨੂੰ ਜਨਮ ਦਿੱਤਾ। ਮਰਦ ਦੁਆਰਾ ਉਸਾਰੇ ਇਸ ਸਮਾਜ ਵਿਚ ਪੰਜਾਬੀ ਦੀ ਕਹਾਵਤ ਇਸ ਸਥਿਤੀ ਨੂੰ ਸਪਸ਼ੱਟ ਕਰਦੀ ਹੈ।

ਭੋਜਨ, ਭਜਨ, ਖਜਾਨਾ, ਨਾਰੀ
ਇਹ ਸਭ ਪਰਦੇ ਕੇ ਅਧਿਕਾਰੀ।[1]

ਇਸਤੋਂ ਇਹ ਪਤਾ ਲਗਦਾ ਹੈ ਕਿ ਜਦੋਂ ਵੀ ਔਰਤ ਜੀਵਨ ਸੰਘਰਸ਼ ਵਿੱਚੋਂ ਮਨਫ਼ੀ ਹੋਈ ਤਾਂ ਮਰਦ ਦੀ ਮਨ ਮਰਜੀ ਦੀ ਰਾਹ ਖੁਲ ਗਈ। ਵੈਦਿਕ ਕਾਲ ਵਿਚ ਜਿੱਥੇ ਮਾਤਰੀ ਪ੍ਰਧਾਨ ਸਾਮਜ ਦੀਆਂ ਮਿਸਾਲਾਂ ਮਿਲਦੀਆਂ ਹਨ ਉਥੇ ਹੀ ਉੱਤਰ ਵੈਦਿਕ ਕਾਲ ਵਿੱਚ ਇਹ ਪਿੱਤਰ ਪ੍ਰਧਾਨ ਸਮਾਜ ਬਣ ਗਿਆ। ਪਿਤਰ ਪ੍ਰਧਾਨ ਸਮਾਜ ਨੇ ਔਰਤ ਦਾ ਕਿਰਦਾਰ ਬਦਲ ਦਿੱਤਾ ਅਤੇ ਕੰਮ ਵੰਡ ਕਾਰਣ ਹੀ ਉਸਦੇ ਕੰਮਾਂ ਨੂੰ ਵੀ ਸੀਮਿਤ ਕਰਨ ਦੀ ਕੋਸ਼ਿਸ਼ ਸ਼ੁਰੂ ਹੋ ਗਈ। ਔਰਤ ਅਤੇ ਧਰਤੀ ਦੋਹਾਂ ਦਾ ਕੰਮ ਉਤਪੱਤੀ ਕਰਨਾ ਸੀ ਇਸ ਕਰਕੇ ਔਰਤ ਦੀ ਤੁਲਨਾ ਹੁਣ ਧਰਤੀ ਦੇ ਨਾਲ ਕੀਤੀ ਜਾਣ ਲੱਗੀ ਜੋ ਕਿ ਔਰਤ ਨੂੰ ਸਮਝਾਉਣ ਵਾਸਤੇ ਸੋਖੀ ਸੀ ਅਤੇ ਔਰਤ ਨੂੰ ਧਰਤੀ ਵਰਗਾ ਵਿਸ਼ੇਸ਼ਣ ਮਿਲ ਗਿਆ। ਕਿਉਂਕਿ ਔਰਤ ਵੀ ਧਰਤੀ ਵਾਂਗ ਆਪਣੀ ਕੁੱਖ ਵਿਚ ਬੀਜ ਸਾਂਭ ਕੇ ਮਨੁੱਖ ਨੂੰ ਪੈਦਾ ਕਰਦੀ ਹੈ ਤੇ ਧਰਤੀ ਵਾਂਗ ਹੀ ਆਪਣੇ ਬੱਚਿਆਂ ਨੂੰ ਸਾਂਭਦੀ, ਦੁੱਧ ਪਿਲਾਉਂਦੀ ਤੇ ਪਾਲਦੀ ਹੈ। ਇਸ ਲਈ ਔਰਤ ਦਾ ਰੋਲ ਨਸਲ ਦੇ ਵਾਧੇ ਲਈ ਜ਼ਰੂਰੀ ਹੋ ਗਿਆ, ਪਰ ਇਸ ਅੰਦਰ ਮਰਦ ਦੀਆਂ ਵਧੀਕੀਆਂ ਵੀ ਪਲਦੀਆਂ ਰਹੀਆਂ। ਔਰਤ ਅਤੇ ਧਰਤੀ, ਦੋਵ੍ਹਾਂ ਨੂੰ ਕਬਜੇ ਵਿੱਚ ਕਰਨ ਲਈ ਅਨੇਕਾਂ ਲੜਾਈਆਂ ਮਰਦ ਨੇ ਆਪਸ ਵਿਚ ਕੀਤੀਆਂ ਹਨ। ਆਮ ਅਤੇ ਖ਼ਾਸ ਤੌਰ ’ਤੇ ਪੰਜਾਬ ਵਿਚ ਕਿਹਾ ਜਾਂਦਾ ਹੈ ਕਿ ਜਿੱਥੇ ਸਿਰ ਧੜ ਦੀ ਲੜਾਈ ਲਗਦੀ ਹੈ, ਉਥੇ ਮਸਲਾ ਜਰ, ਜੋਰੂ ਅਤੇ ਜ਼ਮੀਨ ਕਾਰਨ ਹੀ ਹੁੰਦਾ ਹੈ। ਮਤਲਬ ਇਹ ਹੈ ਕਿ ਔਰਤ ਲੜਾਈ ਦੇ ਕਾਰਨਾਂ ਵਿਚੋਂ ਇਕ ਅਹਿਮ ਕਾਰਨ ਬਣੀ। ਇਸਦੇ ਨਾਲ ਹੀ ਆਪਣੀ ਅਣੱਖ ਵਾਸਤੇ ਵੀ ਮਨੁੱਖ ਨੇ ਦੁਸ਼ਮਣ ਨੂੰ ਜਦੋਂ ਵੰਗਾਰਣ ਦੀ ਕੋਸ਼ਿਸ਼ ਵੀ ਕੀਤੀ ਤਾਂ ਗਾਲਾਂ ਦੇ ਰੂਪ ਵਿੱਚ ਮਾਂ, ਭੈਣ, ਧੀ ਦੇ ਰਿਸ਼ਤੇ ਨੂੰ ਛਿੱਕੇ ਤੇ ਟੰਗਿਆ। ਦੂਜੇ ਪਾਸੇ ਪੁਰਸ਼ ਤੇ ਔਰਤ ਨੂੰ ਸਮਾਜਿਕ ਪੱਧਰ ’ਤੇ ਦੁਤਕਾਰਨ ਵਾਸਤੇ ਭੂਤ, ਪ੍ਰੇਤ, ਚੁੜੇਲ, ਪਿਸ਼ਾਚ, ਛਲਨੀ ਆਦਿ ਨਾਲ ਵੀ ਉਸਦੀ ਤੁਲਨਾ ਕੀਤੀ ਹੈ। ਅਸਲ ਵਿੱਚ ਪੁਰਸ਼ ਦੁਆਰਾ ਦਿੱਤੇ ਇਹ ਵਿਸ਼ੇਸ਼ਣ ਪੁਰਸ਼ ਦੀ ਮਾਨਸਿਕਤਾ ਨੂੰ ਦਰਸਾਉਂਦੇ ਹਨ।

ਸਮਾਜਿਕ ਜਾਂ ਦੁਨਿਆਵੀ ਪੱਖ ਤੋਂ ਇਲਾਵਾ ਦੂਸਰਾ ਪੱਖ ਧਾਰਮਿਕ ਵੀ ਰਿਹਾ ਹੈ। ਅਸਲ ਵਿੱਚ ਭਾਰਤੀ ਪਰੰਪਰਾ ਵਿੱਚ ਧਰਮ ਅਤੇ ਪਰਮਾਰਥ ਭਾਰੂ ਰਹੇ ਹਨ। ਮਰਦ ਦੀ ਇਹ ਸਥਾਪਿਤ ਧਾਰਨਾ ਰਹੀ ਹੈ ਕਿ ਜੇ ਔਰਤ ਵਰਗੀ ਰੁਕਾਵਟ ਨਾ ਹੋਵੇ ਤਾਂ ਰੱਬ

ਨਾਲ ਸਿੱਧਾ ਸੰਪਰਕ ਸਥਾਪਿਤ ਕਰ ਲਵੇ। ਆਪਣੀ ਕਮਜ਼ੋਰੀ ਨੂੰ ਲੁਕਾਉਂਦਾ ਹੋਇਆ ਉਹ ਸਿੱਧਾ ਕਸੂਰ ਔਰਤ ਦਾ ਕੱਢਦਾ ਹੈ। ਮਹਾਂਭਾਰਤ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ "ਪੁੱਤਰੀ ਇਕ ਰੁਕਾਵਟ ਹੈ ਤੇ ਉਹ ਮਾਤਾ-ਪਿਤਾ ਤੇ ਪਤੀ ਤਿੰਨਾਂ ਦੀਆਂ ਭੁੱਲਾਂ ਲਈ ਇਕ ਸੰਕਟ ਹੈ।"[2] ਪੁਰਾਤਨ ਸਮੇਂ ਤੋਂ ਹੀ ਧਾਰਮਿਕ ਬਿਰਤੀ ਵਾਲੇ ਯੁੱਗ ਪੁਰਸ਼ਾਂ ਨੇ ਗ੍ਰਹਿਸਥ ਜੀਵਨ ਨੂੰ ਛੱਡ ਕੇ ਬ੍ਰਹਮ ਪ੍ਰਾਪਤੀ ਦਾ ਰਾਹ ਅਪਣਾਇਆ ਹੈ ਇਥੋਂ ਤੱਕ ਕਿ ਬੁੱਧ ਧਰਮ ਦੇ ਵੀ ਔਰਤ ਬਾਰੇ ਵਿਚਾਰ ਅਗਾਹ ਵਧੂ ਨਹੀਂ ਰਹੇ ਸਨ। ਮਹਾਤਮਾ ਬੁੱਧ ਨੇ ਉੱਤਰ ਦਿੰਦਿਆਂ ਹੋਇਆਂ 'ਔਰਤ ਭਿਖਸ਼ਣੀ ਸੰਘ' ਬਾਰੇ ਆਪਣੇ ਚੇਲੇ ਆਨੰਦ ਨੂੰ ਕਿਹਾ ਸੀ ਕਿ "ਆਨੰਦ ਜੇ ਔਰਤਾਂ ਇਸ ਧਰਮ ਵਿਚ ਨਾ ਆਉਂਦੀਆਂ ਤਾਂ ਇਹ ਧਰਮ ਇਕ ਹਜਾਰ ਵਰ੍ਹੇ ਰਹਿੰਦਾ ਪਰ ਕਿਉਂਕਿ ਔਰਤਾਂ ਸੰਘ ਵਿੱਚ ਆ ਗਈਆਂ ਹਨ ਇਸ ਲਈ ਹੁਣ ਕੇਵਲ ਇਹ ਪੰਜ ਸੌ ਵਰ੍ਹੇ ਹੀ ਰਹੇਗਾ।[3] ਅਰਥਾਤ ਮਰਦਾ ਦਾ ਇਹ ਪ੍ਰਚਾਰ ਕਿ ਔਰਤ ਤੋਂ ਦੂਰੀ ਸਿਰਜ ਕੇ ਉਹ ਪਵਿੱਤਰ ਹੋ ਸਕਦਾ ਹੈ ਅਤੇ ਰੱਬ ਨਾਲ ਸਿੱਧਾ ਸੰਪਰਕ ਕੇਵਲ ਮਰਦ ਦੇ ਹਿੱਸੇ ਹੀ ਹੋ ਸਕਦਾ ਹੈ ਸਮਾਜਿਕ ਤੇ ਧਾਰਮਿਕ ਤੌਰ 'ਤੇ ਇਹ ਢਾਅ ਲਾਉਣ ਵਾਲੀ ਗੱਲ ਸੀ। ਇਸੇ ਕਰਕੇ ਹੀ ਧਾਰਮਿਕ ਇਤਿਹਾਸ ਵਿੱਚ ਜਾਂ ਰੱਬ ਪ੍ਰਾਪਤੀ ਦੇ ਸਾਰੇ ਰਾਹ ਵਿੱਚ ਔਰਤ ਦੀ ਗਿਣਤੀ ਨਾਮਾਤਰ ਦੀ ਹੀ ਰਹੀ ਹੈ। ਲਗਭਗ ਸਾਰੇ ਧਰਮਾਂ ਦੇ ਆਗੂ ਜਾਂ ਬਾਨੀ ਮਰਦ ਹੀ ਰਹੇ ਹਨ। ਇਥੋਂ ਤੱਕ ਕਿ ਸਿੱਖ ਧਰਮ ਜਿਸ ਵਿਚ ਸਭ ਤੋਂ ਪਹਿਲੀ ਵਾਰੀ ਔਰਤ ਦੀ ਸਥਿਤੀ ਸੁਧਾਰਨ ਵੱਲ ਸੰਕੇਤ ਮਿਲਿਆ, ਵਿੱਚ ਵੀ ਔਰਤ ਨੂੰ ਕੋਈ ਗੁਰਗੱਦੀ ਨਹੀਂ ਮਿਲ ਸਕੀ।

ਜਿਸ ਤਰ੍ਹਾਂ ਕਿ ਪਿੱਛੇ ਵਿਸ਼ਲੇਸ਼ਣ ਕੀਤਾ ਗਿਆ ਹੈ ਕਿ ਸਮਾਜਿਕ ਬਣਤਰ ਦਾ ਆਰੰਭ ਹਮੇਸ਼ਾਂ ਹੀ ਮਰਦ ਦੇ ਹੱਥਾਂ ਵਿਚ ਰਿਹਾ ਹੈ। ਜਿਸਦੇ ਕਾਰਨ ਸਮਾਜਿਕ ਪਾਬੰਧੀਆਂ ਔਰਤ ਦੇ ਹੀ ਹਿੱਸੇ ਵਿਚ ਆਈਆਂ। ਇਹ ਮਰਦ ਦੀ ਰਾਜਨੀਤੀ ਦਾ ਹੀ ਨਤੀਜਾ ਸੀ ਕਿ ਸਭ ਆਰਥਿਕ, ਸਮਾਜਿਕ ਜਾਂ ਧਾਰਮਿਕ ਕਦਰਾਂ ਕੀਮਤਾਂ ਨੂੰ ਉਲੀਕਣ ਸਮੇਂ ਉਸ ਨੇ ਆਪਣੀ ਸ਼ਕਤੀ ਨੂੰ ਹੀ ਕੇਂਦਰ ਬਿੰਦੂ ਬਣਾਇਆ। ਪੱਛਮ ਦੇ ਚਿੰਤਕਾਂ ਦੇ ਅਨੁਸਾਰ ਵੀ ਇਹ ਹੀ ਵਿਸ਼ਲੇਸ਼ਣ ਕੀਤਾ ਗਿਆ ਹੈ ਕਿ ਕੁਦਰਤ ਨੇ ਔਰਤ ਨੂੰ ਦੁਜੈਲਾ ਸਥਾਨ ਬਖਸ਼ਿਆ ਹੈ। ਅਰਸਤੂ ਤਾਂ ਕਹਿੰਦਾ ਹੈ ਕਿ "ਨਾਰੀ ਇਸ ਕਰਕੇ ਨਾਰੀ ਹੈ ਕਿਉਂਕਿ ਉਸ ਅੰਦਰ ਕੁਝ ਗੁਣਾਂ ਦੀ ਘਾਟ ਹੁੰਦੀ ਹੈ।"[4] ਈਲੇਸਾ ਜੈਗਰ ਦੇ ਅਨੁਸਾਰ "ਦੁਨੀਆਂ ਨੂੰ ਤੋਲਣ ਦਾ ਪੁਰਸ਼ਵਾਦੀ ਨਜਰੀਆ ਹੀ ਰਿਹਾ ਹੈ ਫਿਰ ਵੀ ਪਲੈਟੋ, ਜਾਨ ਸਟੂਅਰਟ ਮਿਲ ਅਤੇ ਕਾਰਲ ਮਾਰਕਸ ਨੇ ਔਰਤ ਪੁਰਸ਼ ਨੂੰ ਇਕਸਾਰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਹੈ ਪਰ ਜਿਆਦਾਤਰ ਦਾਰਸ਼ਨਿਕਾ ਜਿਵੇ ਅਰਸਤੂ, ਕਾਂਤ, ਨਿਤਸ਼ੇ ਨੇ ਔਰਤ ਜਾਤੀ ਦੇ ਬੋਧਿਕ ਅਤੇ ਤਾਰਕਿਕ ਸਾਮਰਥ ਸ਼ਕਤੀ ਤੇ ਪ੍ਰਸ਼ਨ ਚਿੰਨ੍ਹ ਲਗਾਏ ਹਨ। ਕੇਰਾਸਤੇ ਦੇ ਅਨੁਸਾਰ ਔਰਤ ਤਰਕ ਪੱਖੋਂ ਪੁਰਸ਼ ਦਾ ਮੁਕਾਬਲਾ ਨਹੀਂ ਕਰ ਸਕਦੀ। ਇਸਦੇ ਨਾਲ ਹੀ ਬਾਅਦ ਵਿੱਚ ਗ੍ਰਾਮੀ ਵਰਗੇ ਮਾਰਕਸਵਾਦੀਆ ਅਤੇ ਡੋਨਾ

ਹਾਰਵੇ ਵਰਗੇ ਨਾਰੀਵਾਦੀਆਂ ਨੇ ਔਰਤ ਦੇ ਪਰਿਵਾਰਿਕ ਸੰਬੰਧਾਂ ਵਿਚ ਸੰਘਰਸ਼ ਦੀ ਸਥਿਤੀ ਤੇ ਵੀ ਪ੍ਰਕਾਸ਼ ਪਾਇਆ ਹੈ। ਇਸ ਪ੍ਰਕਾਰ ਦਾਰਸ਼ਨਿਕਾ ਨੇ ਵੀ ਤਰਕ ਦੇ ਪੱਖੋਂ ਔਰਤ ਜਗਤ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਹੈ। ਦੂਸਰੇ ਪਾਸੇ ਔਰਤ ਵਿਚਾਰਕਾ (ਚਿੰਤਕਾਂ) ਨੇ ਔਰਤਾਂ ਨਾਲ ਸੰਬੰਧਿਤ ਨਾ ਕੇਵਲ ਨਵੇਂ ਸਿਧਾਂਤਾਂ ਨੂੰ ਬਣਾਇਆ ਬਲਕਿ ਹੋਰ ਨਵੇਂ ਪ੍ਰਸੰਗਾ ਤੇ ਜਿਵੇਂ ਗਿਆਨ, ਕਰਮ ਅਤੇ ਯਥਾਰਥ ਦਾ ਲੇਖਾ ਜੋਖਾ ਵੀ ਦਿੱਤਾ। ਸਮਾਂ ਪੈਣ ਤੇ ਨਾਰੀਵਾਦੀ ਵਿਚਾਰਧਾਰਾ ਨੂੰ ਅਲੱਗ ਅਲੱਗ ਨਾਵਾਂ ਜਿਵੇਂ : ਉਦਾਰ ਨਾਰੀਵਾਦ, ਮਾਰਕਸਵਾਦੀ, ਨਾਰੀਵਾਦ, ਮਨੋਵਿਸ਼ਲੇਸ਼ਣ ਨਾਰੀਵਾਦ, ਅਰਾਜਕ ਨਾਰੀਵਾਦ ਅਤੇ ਸਮਾਜਿਕ ਨਾਰੀਵਾਦ ਆਦਿ ਨਾਵਾਂ ਨਾਲ ਜਾਨਿਆ ਜਾਣ ਲੱਗਾ।[5]

ਸਮਾਜਿਕ ਵਿਤਕਰੇ ਦੀਆਂ ਅਨੇਕਾਂ ਗਵਾਹੀਆਂ ਸਾਨੂੰ ਮਨੁੱਖੀ ਸਭਿਅਤਾ ਦੇ ਇਤਿਹਾਸ ਵਿਚੋਂ ਮਿਲਦੀਆਂ ਹਨ। ਇਹਨਾਂ ਦਲੀਲਾਂ ਨੂੰ ਅੱਗੇ ਤੋਰਦਾ ਹੋਇਆ ਮੇਰਾ ਇਹ ਪਰਚਾ ਨਾਮਧਾਰੀ ਸਮਾਜ ਵਿਚ ਔਰਤ ਦੀ ਸਮਾਜਿਕ ਸਥਿਤੀ ਨੂੰ ਕੇਂਦਰ ਵਿਚ ਰੱਖ ਕੇ ਦਲੀਲਾਂ ਉਸਾਰਨ ਦੇ ਯਤਨ ਵਿਚ ਹੋਵੇਗਾ।

## II

ਔਰਤ ਦੇ ਅੱਗੇ ਅੱਜ ਭੂਮੰਡਲੀ ਕਰਨ ਦੇ ਯੁਗ ਵਿਚ ਬਹੁਤ ਸਾਰੀਆਂ ਚੁਨੌਤੀਆਂ ਹਨ ਅਤੇ ਇਹਨਾਂ ਚੁਨੌਤੀਆਂ ਲਈ ਲੜਨ ਵਾਸਤੇ ਹੀ ਔਰਤ ਚਿੰਤਨ ਜਾ ਨਾਰੀ ਵਿਮਰਸ਼ ਨਿਕਲ ਕੇ ਸਾਹਮਣੇ ਆਇਆ ਹੈ ਵਾਸਤਵ ਵਿਚ ਔਰਤ ਲਈ ਵਿਚਾਰ ਕਰਨਾ ਹੀ ਨਾਰੀ ਵਿਮਰਸ ਹੈ ਜਾਂ ਇੰਜ ਪਰਿਭਾਸ਼ਿਤ ਕਰੀਏ ਕਿ ਨਾਰੀ ਵਿਮਰਸ ਤੋਂ ਭਾਵ ਸੁਧਾਰ ਅਤੇ ਪਰਿਵਰਤਨ ਤੋਂ ਹੈ। ਕਿਸੇ ਵੀ ਸਮਾਜ ਦਾ ਅਧਿਐਨ ਔਰਤ ਦੀ ਸਥਿਤੀ ਨੂੰ ਬਿਆਨ ਕਰਨ ਤੋਂ ਬਿਨਾਂ ਸੰਪੂਰਨ ਨਹੀਂ ਹੁੰਦਾ। ਅੱਜ ਕਵਿਤਾ, ਕਹਾਣੀ, ਨਾਟਕ, ਨਾਵਲਾਂ ਅਤੇ ਫਿਲਮ ਦੇ ਮਧਿਅਮ ਨਾਲ ਔਰਤ ਦਾ ਸਮਾਜਿਕ, ਰਾਜਨੀਤਿਕ ਅਤੇ ਭਾਵਨਾਤਮਕ ਚਿਤਰਣ ਕੀਤਾ ਜਾ ਰਿਹਾ ਹੈ। ਨਾਮਧਾਰੀ ਸਮਾਜ ਵਿਚ ਔਰਤ ਦੇ ਚਿਤਰਣ ਭਾਵ ਉਸ ਲਈ ਵਿਚਾਰ ਕਰਨ ਦਾ ਮਾਧਿਅਮ ਸਿਰਫ ਸਾਹਿਤਕ ਪੱਖੋਂ ਕਹਾਣੀ ਅਤੇ ਕਥਾ ਹੈ। ਜੋ ਨਾਮਧਾਰੀ ਗੁਰੂਆਂ ਦੀ ਔਰਤ ਪ੍ਰਤੀ ਵਿਚਾਰਧਾਰਾ ਹੀ ਹੈ ਜੋ ਨਾਮਧਾਰੀ ਅਤੇ ਗੈਰ ਨਾਮਧਾਰੀ ਲੇਖਕਾਂ ਦੁਆਰਾ ਸਤਿਗੁਰਾਂ ਦੇ ਹਵਾਲੇ ਦੇ ਤੌਰ ’ਤੇ ਕਥਾ, ਕਹਾਣੀ ਵਿੱਚ ਵਰਤੀ ਜਾਂਦੀ ਹੈ ਤੇ ਵਾਰਤਕ ਰੂਪ ਵਿਚ ਪ੍ਰਕਾਸ਼ਿਤ ਹੋ ਰਹੀ ਹੈ। ਇਸ ਵਿੱਚ ਲੇਖਕਾਂ ਦੇ ਆਪਣੇ ਨਿੱਜੀ ਵਿਚਾਰ ਕੁਝ ਵੀ ਨਹੀਂ ਹਨ। ਮਹਿਲਾ ਲੇਖਿਕਾਵਾਂ ਵਿਚੋਂ ਬੇਅੰਤ ਕੌਰ, ਸੁਰਿੰਦਰ ਕੌਰ ‘ਖਰਲ’ ਆਦਿ ਦੇ ਨਾਂ ਆਉਂਦੇ ਹਨ ਪਰ ਪ੍ਰਸ਼ਨ ਇਹ ਹੈ ਕਿ ਕਿੰਨੀਆਂ ਕੁ ਲੇਖਕਾਵਾਂ ਨੇ ਔਰਤ ਵਿਮਰਸ਼ ਨੂੰ ਜਾ ਨਾਰੀਵਾਦੀ ਸੋਚ ਨੂੰ ਵਿਸ਼ਾ ਬਣਾ ਕੇ ਔਰਤ ਦੀ ਗੱਲ ਕੀਤੀ ਹੈ? ਕਿਉਂਕਿ ਨਾਰੀ ਲਿਖਤ ਅਤੇ ਨਾਰੀਵਾਦੀ ਲਿਖਤ ਵਿਚ ਫਰਕ ਹੈ। ਲਗਭਗ ਸਭ ਨਾਮਧਾਰੀ ਚਿੰਤਕਾਂ ਨੇ ਨਾਮਧਾਰੀ

ਇਤਿਹਾਸ ਜਾਂ ਸਤਿਗੁਰੂ ਰਾਮ ਸਿੰਘ ਅਤੇ ਪ੍ਰਤਾਪ ਸਿੰਘ ਅਤੇ ਬਾਅਦ ਦੇ ਗੁਰੂਆਂ ਜੀ ਵੱਲੋਂ ਕੀਤੇ ਗਏ ਧਾਰਮਿਕ, ਸਮਾਜਿਕ ਕਾਰਜਾਂ ਨੂੰ ਹੀ ਮਾਡਲ ਸਟੱਡੀ ਵਜੋਂ ਅੱਗੇ ਲਿਆਂਦਾ ਹੈ। ਕੇਵਲ ਅਤੇ ਕੇਵਲ ਨਾਮਧਾਰੀ ਔਰਤ ਤੇ ਕੇਂਦ੍ਰਿਤ ਹੋ ਕੇ ਪੂਰਾ ਕੰਮ ਸਾਮਣੇ ਨਹੀਂ ਆਉਂਦਾ ਇਹੀ ਹਾਲਤ ਪੁਰਸ਼ ਨਾਮਧਾਰੀ ਚਿੰਤਕਾਂ ਅਤੇ ਲੇਖਕਾਂ ਦੀ ਰਹੀ ਹੈ। ਕੇਵਲ ਇੱਕਾ ਦੁੱਕਾ ਗੈਰ ਨਾਮਧਾਰੀ ਲੇਖਕਾਂ ਅਤੇ ਚਿੰਤਕਾਂ ਵਲੋਂ ਕੁਝ ਸੰਗਠਿਤ ਯਤਨ ਜ਼ਰੂਰ ਕੀਤੇ ਗਏ ਹਨ ਜਿੰਨਾਂ ਵਿਚੋਂ ਡਾ. ਜੋਗਿੰਦਰ ਸਿੰਘ, ਡਾ. ਕੁਲਦੀਪ ਸਿੰਘ ਦੇ ਅਤੇ ਕੁਝ ਕੁ ਕੰਮ ਮੇਰਾ ਜ਼ਰੂਰ ਪੀ.ਐਚ.ਡੀ. ਦੇ ਰੂਪ ਵਿਚ ਸਾਹਮਣੇ ਆਉਂਦਾ ਹੈ।[6]

ਅਸਲ ਵਿਚ ਔਰਤ ਸਥਿਤੀ ਤੋਂ ਹੀ ਕਿਸੇ ਵੀ ਸਭਿਅਤਾ ਸੰਸਕ੍ਰਿਤੀ ਅਤੇ ਸਮਾਜ ਦੇ ਬਾਰੇ ਪਤਾ ਚਲਦਾ ਹੈ। ਨਾਮਧਾਰੀ ਸਮਾਜ ਵਿਚ ਔਰਤ ਦੀ ਦਸ਼ਾ ਨੂੰ ਦੋ ਪੱਖਾਂ ਵਜੋਂ ਵਿਚਾਰਿਆ ਜਾ ਸਕਦਾ ਹੈ। ਇਕ ਵਿਚਾਰਧਾਰਾ ਵਜੋਂ ਅਤੇ ਦੂਜੇ ਇਸਦੇ ਅਮਲ ਵਜੋਂ ਦੇਖ ਸਕਦੇ ਹਾਂ। ਮੋਟੇ ਤੌਰ ਤੇ ਨਾਮਧਾਰੀ ਔਰਤ ਦੀ ਜਗਹ ਜਾਂ ਸਥਿਤੀ ਨੂੰ ਸਿੱਖ ਪਰੰਪਰਾ ਨਾਲ ਜੋੜ ਕੇ ਹੀ ਵੇਖਣਾ ਚਾਹੀਦਾ ਹੈ ਜਿਸਦੇ ਨਾਲ ਸਥਿਤੀ ਹੋਰ ਵੀ ਜਿਆਦਾ ਸਾਫ ਹੁੰਦੀ ਹੈ। ਸਿੱਖ ਧਰਮ ਵਿਚ ਗੁਰੂ ਨਾਨਕ ਪਹਿਲੇ ਅਜਿਹੇ ਵਿਚਾਰਕ ਵਜੋਂ ਸਾਹਮਣੇ ਆਉਂਦੇ ਹਨ ਜਿਨ੍ਹਾਂ ਔਰਤ ਦੇ ਹੱਕ ਵਿਚ ਆਵਾਜ ਬੁਲੰਦ ਕੀਤੀ ਹੈ ਜੋ ਕਿ 'ਆਸਾ ਦੀ ਵਾਰ' ਵਿਚ ਦਰਜ 'ਸੋ ਕਿਉਂ ਮੰਦਾ ਆਖੀਐ ਜਿਤੁ ਜੰਮੇ ਰਾਜਾਨ'[7] ਦੇ ਰੂਪ ਵਿਚ ਪਤਾ ਚਲਦੀ ਹੈ। ਇਸ ਤੋਂ ਇਲਾਵਾ ਬਾਕੀ ਨੌਂ ਗੁਰੂਆਂ ਦਾ ਸਕਾਰਾਤਮਕ ਦ੍ਰਿਸ਼ਟੀਕੋਣ ਉਦਾਹਰਣ ਦੇ ਲਈ ਸਤਿ ਪ੍ਰਥਾ, ਪਰਦਾ ਪ੍ਰਥਾ ਅਤੇ ਕੁੜੀ ਮਾਰ ਵਰਗੀਆਂ ਲਾਹਨਤਾ ਦਾ ਪੁਰਜੋਰ ਖੰਡਣ ਕਰਨਾ ਆਦਿ ਸਾਹਮਣੇ ਆਉਂਦੇ ਹਨ। ਪਰ ਅਸਲ ਤੌਰ ਤੇ ਆਦਰਸਵਾਦ ਦਾ ਇਹ ਸਿਧਾਂਤ ਸਿੱਖ ਇਤਿਹਾਸ ਵਿਚ ਨੇਮਧਾਰਕ (Normative) ਅਤੇ ਅਮਲੀ ਤੌਰ ਤੇ (Operative) ਦੋਨਾ ਪੱਖਾਂ ਤੋਂ ਔਰਤ ਨਾਲ ਸਰੋਕਾਰ ਤਾਂ ਰੱਖਦਾ ਹੈ। ਪਰ ਇਹ ਨੇਮਧਾਰਕ ਜ਼ਿਆਦਾ ਦਿਖਦਾ ਹੈ ਕਿਉਂਕਿ ਪਿਤਾ ਪੁਰਖੀ ਸਮਾਜਿਕ ਢਾਂਚੇ ਵਿਚ 'ਪੁਰਸ਼' ਇਕ ਪ੍ਰਮੁੱਖ ਸਥਾਨ ਰੱਖਦਾ ਹੈ ਅਤੇ ਸਿੱਖ ਸਮਾਜ ਬਾਕੀ ਸਮਾਜਾਂ ਵਾਂਗ ਪਿਤਾ ਪੁਰਖੀ ਹੈ ਅਤੇ ਔਰਤ ਦਾ ਸਥਾਨ (Passive) ਸੁਸਤ ਹੀ ਰਿਹਾ ਹੈ।

ਡੋਰਿਸ ਜੈਕੋਬਸ਼ ਦੇ ਅਨੁਸਾਰ, "ਜੇਕਰ 18ਵੀਂ ਸਦੀ ਦੇ ਰਹਿਤਨਾਮੇ ਚੋਪਾ ਸਿੰਘ ਰਹਿਤਨਾਮਾ ਨੂੰ ਦੇਖੀਏ ਤਾਂ ਸਪੱਸ਼ਟ ਰੂਪ ਵਿਚ ਔਰਤ ਦੀ ਸਥਿਤੀ ਸਾਫ ਹੁੰਦੀ ਹੈ ਜਿਸ ਵਿਚ ਮਰਦ ਨੂੰ ਪ੍ਰਮੁੱਖ ਅਤੇ ਔਰਤ ਨੂੰ ਦੁਜੈਲਾ ਸਥਾਨ ਪ੍ਰਾਪਤ ਹੈ। ਡੋਰਿਸ ਅਨੁਸਾਰ, "ਖਾਲਸਾ ਪਰੰਪਰਾ (Khalsa Tradition) ਵਿਚ ਔਰਤਾਂ ਨੂੰ ਖੰਡੇ ਦੇ ਪਾਹੁਲ ਤੋਂ ਦੂਰ ਰੱਖਣਾ, ਅਸਤਰਾਂ-ਸ਼ਸਤਰਾਂ ਦੀ ਮਨਾਹੀ ਹੈ। ਕਿਉਂਕਿ ਔਰਤ ਦੀ ਮੌਜੂਦਗੀ ਖ਼ਾਲਸਾ ਸਿੱਖ ਸਿਪਾਹੀ ਦੇ ਨੈਤਿਕ ਵਿਵਹਾਰ ਅਤੇ ਅਨੁਸ਼ਾਸਨ ਤੇ ਨਕਾਰਾਤਮਕ ਪ੍ਰਭਾਵ ਪਾ ਸਕਦੀ ਹੈ।"[8] ਪਰ ਇਸਦੇ ਨਾਲ ਹੀ ਜੇਕਰ ਖਾਲਸਾ

ਰਾਜਨੀਤਿਕ ਪਰੰਪਰਾ (Political Tradition) ਦੇਖਿਏ ਤਾਂ ਪਤਾ ਚਲਦਾ ਹੈ ਕਿ ਔਰਤ ਦੀ ਵਰਤੋਂ ਵਿਆਹ ਸੰਬੰਧ ਬਣਾ ਕੇ ਰਾਜਨੀਤਿਕ ਮੰਨਸ਼ੇ ਸਾਧਨ ਵਾਸਤੇ ਵੀ ਕੀਤੀ ਜਾਂਦੀ ਰਹੀ ਹੈ। ਔਰਤ ਨੂੰ 'ਪੱਗ' ਭਾਵ ਇੱਜਤ ਦੇ ਰੂਪ ਵਚ ਦੇਖਿਆ ਜਾਂ ਸਵੀਕਾਰਿਆ ਜਾਂਦਾ ਰਿਹਾ ਹੈ।[9]

ਜੇਕਰ ਔਰਤ ਦੀ ਸਥਿਤੀ ਦੀ ਤੁਲਨਾ ਲਹਿਰਾਂ ਦੇ ਸੰਦਰਭ ਵਿਚ ਕਰੀਏ ਤਾਂ ਪਤਾ ਚਲਦਾ ਹੈ ਕਿ ਪੱਛਮ ਵਿੱਚ ਔਰਤ ਪੱਖੀ ਲਹਿਰਾਂ ਨੂੰ ਚਲਾਉਣ ਵਾਲੀਆਂ ਔਰਤਾਂ ਹੀ ਸਨ। ਉੱਥੇ ਬਿਲਕੁਲ ਉਲਟ ਭਾਰਤ ਵਿਚ ਇਸ ਪੱਖ ਨੂੰ ਚਲਾਉਣ ਵਾਲੀਆਂ ਔਰਤਾਂ ਨਹੀਂ ਸਨ। ਭਾਰਤ ਵਿੱਚ ਇਸ ਪੱਖ ਨੂੰ ਪੁਰਸ਼ਾਂ ਨੇ ਨਿਭਾਇਆ ਹੈ। ਭਾਰਤ ਵਿਚ ਔਰਤ ਪੱਖੀ ਆਵਾਜ਼ ਨੂੰ ਬੁਲੰਦ ਕਰਨ ਵਾਲੇ ਪੁਰਸ਼ ਸਮਾਜ ਸੁਧਾਰਕ ਹੀ ਸਨ ਜਿਵੇਂ – ਰਾਜਾ ਰਾਮ ਮੋਹਨ ਰਾਏ, ਸਵਾਮੀ ਦਇਆਨੰਦ ਸਰਸਵਤੀ, ਇਸ਼ਰ ਚੰਦਰ ਵਿਦਿਆ ਸਾਗਰ ਆਦਿ ਸਮਾਜ ਸੁਧਾਰਕਾਂ ਨੇ ਸਮਾਜਿਕ ਕੁਰੀਤੀਆਂ ਪ੍ਰਤੀ ਆਵਾਜ਼ ਉਠਾਈ ਅਤੇ ਹੱਲ ਕਰਨ ਦੇ ਯਤਨ ਕੀਤੇ।[10] ਇਸ ਦਾਇਰੇ ਦੇ ਵਿਚ ਰਹਿ ਕੇ ਜੇਕਰ ਅਸੀਂ ਦੇਖਿਏ ਤਾਂ ਨਾਮਧਾਰੀ ਗੁਰੂ ਰਾਮ ਸਿੰਘ ਸਿੱਖ ਇਤਿਹਾਸ ਵਿਚ 'ਨਾਇਕ' (Ultra Protagonist) ਦੇ ਤੌਰ ਤੇ ਸਾਡੇ ਸਾਹਮਣੇ ਨਿਕਲ ਕੇ ਸਾਹਮਣੇ ਆਉਂਦੇ ਹਨ। ਇਸ ਦਾ ਕਾਰਣ ਅਸੀਂ ਉਹਨਾਂ ਦੇ ਗੁਰੂ ਗੋਬਿੰਦ ਸਿੰਘ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਏ ਕਹਿ ਸਕਦੇ ਹਨ ਜੋ 'ਮਾਤ੍ਰਿ ਸ਼ਕਤੀ' ਨੂੰ (Women power) ਨੂੰ ਆਪਣਾ ਪ੍ਰੇਰਣ ਦਾ ਸਰੋਤ ਮੰਨਦੇ ਹਨ। ਇਸੇ ਕਰਕੇ ਹੀ ਉਹ ਆਪਣੇ ਹੁਕਮਨਾਮਿਆ ਵਿਚ ਬਰਾਬਰੀ ਦੇ ਹੱਕ ਵਿਚ ਆਵਾਜ਼ ਉਠਾਉਂਦੇ ਹਨ ਕਿ, "ਔਰਤ ਨੂੰ ਉਹਨਾ ਹੀ ਅਧਿਕਾਰ ਪਾਠ ਪੂਜਾ, ਨਾਮ ਜਪਨ ਦਾ ਹੈ ਜਿੰਨਾ ਮਰਦ ਨੂੰ ਹੈ।"[11] ਵੱਟਾ ਸੱਟਾ, ਵੇਸ਼ਵਾ ਵਰਤੀ ਨੂੰ ਉਹ ਸਮਾਜਿਕ ਕੁਰੀਤਿਆਂ ਮੰਨਦੇ ਹਨ। ਕੁੜੀਆਂ ਦੇ ਹੱਕ ਦੀ ਆਵਾਜ਼ ਉਹਨਾਂ ਦੇ ਹੁਕਮਨਾਮਿਆਂ ਵਿਚ ਵੀ ਮਿਲਦੀ ਹੈ। ਜਿਥੇ ਉਹ ਕੁੜੀ ਦੇ ਵਿਆਹ ਦੀ ਘੱਟੋ ਘੱਟ ਉਮਰ 18 ਅਤੇ ਮੁੰਢੇ ਦੀ 21 ਸਾਲ ਹੋਣੀ ਚਾਹੀਦੀ ਹੈ ਤੋਂ ਪਤਾ ਚਲਦੀ ਹੈ। ਇਸ ਨੂੰ ਅਮਲੀ ਰੂਪ ਦੇਣ ਵਾਸਤੇ ਗੁਰੂ ਰਾਮ ਸਿੰਘ ਨੇ ਉਸ ਵੇਲੇ ਦੇ ਸਮਾਜ ਵਿਚੋਂ ਅਗਾਹ ਵਧੁ ਜਤਨ ਜਿਵੇਂ ਸਮੂਹ ਅਤੇ ਅੰਤਰ ਜਾਤੀ ਛੇ ਵਿਆਹ ਹਨ ਜੋ ਬਿਨਾ ਦਹੇਜ ਜੂਨ 1863 ਵਿਚ ਪਿੰਡ ਖੋਟੇ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਕਰਵਾਏ ਗਏ। ਅੰਤਰ ਜਾਤੀ ਵਿਆਹ ਕਰਵਾਏ ਗਏ।[12] ਇਹਨਾਂ ਵਿਆਹਾਂ ਵਿਚ ਗੁਰੂ ਰਾਮ ਸਿੰਘ ਜੀ ਦੀ ਆਪਣੀ ਲੜਕੀ ਦਾ ਵਿਆਹ ਜੋ ਖੁਦ ਰਾਮਗੜ੍ਹੀਆ ਸਨ ਨੇ ਅਰੋੜਾ ਲੜਕੇ ਨਾਲ ਕਰਵਾਇਆ।[13] ਇਸੇ ਤਰ੍ਹਾਂ ਹੀ ਅਰੋੜਾ ਲੜਕੀ ਦਾ ਵਿਆਹ ਨੀਵੀ ਜਾਤ ਦੇ ਲੜਕੇ ਨਾਲ ਕਰਵਾਇਆ ਗਿਆ। ਇਹ ਵਿਆਹ ਪੂਰਨ ਤੌਰ ਤੇ ਬ੍ਰਾਹਮਣੀ ਵਿਵਸਥਾ ਤੇ ਸੱਟ ਸੀ। ਇਹ ਵਿਆਹ ਸ਼ੁੱਧ ਰੂਪ ਵਿਚ ਕਰਜੇ ਤੋਂ ਮੁਕਤ ਵਿਆਹ ਸਨ ਜਿਸ ਦੀ ਉਦਾਹਰਣ ਅੱਜ ਨਾਮਧਾਰੀ ਸਮਾਜ ਤੋਂ ਇਲਾਵਾ ਕਿਤੇ ਹੋਰ ਨਹੀਂ ਮਿਲਦੀ।

ਕੁੜੀ ਮਾਰ ਨੂੰ ਉਹ 'ਖ਼ਾਲਸਾ' ਦਾ ਦੁਸ਼ਮਣ ਮੰਨਦੇ ਹਨ। ਵਿਧਵਾ ਵਿਆਹ ਦੇ ਪੱਖ ਵਿਚ ਗੁਰੂ ਰਾਮ ਸਿੰਘ ਕਹਿੰਦੇ ਹਨ ਕਿ ਉਹ ਵਿਧਵਾ ਜਿਸਦੀ ਉਮਰ 40 ਸਾਲ ਤੱਕ ਹੈ ਵਿਆਹ ਕਰਵਾ ਸਕਦੀ ਹੈ।[14] ਅਤੇ ਨਾਲ ਹੀ ਉਹ ਭੂ ਸੰਪਤੀ ਵਿਚ ਵੀ ਆਪਣਾ ਹੱਕ ਲੈ ਸਕਦੀ ਹੈ।[15] ਪਰ ਇਸਦੇ ਉਲਟ ਸਿੱਖ ਰਹਿਤਨਾਮਿਆਂ ਵਿਚ W.H. Mcleod ਲਿਖਦਾ ਹੈ ਕਿ, "ਖਾਲਸਾ ਰਹਿਤਨਾਮਿਆ ਵਿਚ ਔਰਤ ਦੀ ਸਥਿਤੀ ਗੌਣ ਹੈ ਅਤੇ ਇਹ ਸਿਰਫ਼ ਪੁਰਸ਼ ਨੂੰ ਹੀ ਸੰਬੋਧਿਤ ਕੀਤਾ ਗਿਆ ਹੈ।"[16]

## III

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ 19ਵੀਂ ਸਦੀ ਦੀ ਵਿਚਾਰਧਾਰਾ ਜੋ ਗੁਰੂ ਰਾਮ ਸਿੰਘ ਨੇ ਸਥਾਪਿਤ ਕੀਤੀ ਸੀ, ਨਾਮਧਾਰੀ ਸਮਾਜ ਹੁਣ 21ਵੀਂ ਸਦੀ ਵਿੱਚ ਉਸਦੇ ਕਿੰਨੇ ਨੇੜੇ ਅਤੇ ਦੂਰ ਹੈ? ਜਾਂ ਇੰਝ ਕਹਿਏ ਕਿ ਸਿਧਾਂਤਿਕ ਪੱਖ ਨੂੰ ਵਿਵਹਾਰਿਕ ਪੱਖ ਵਿਚ ਕਿੰਨਾ ਕੁ ਲਿਆਂਦਾ ਗਿਆ ਹੈ? ਜੇਕਰ ਅਸੀਂ ਅਜ਼ਾਦੀ ਦੇ ਬਾਅਦ ਵਾਲਾ ਨਾਮਧਾਰੀ ਸਾਹਿਤ ਪੜ੍ਹੀਏ ਤਾਂ ਪਤਾ ਲੱਗਦਾ ਹੈ ਕਿ ਔਰਤ ਦਾ ਰੁਤਬਾ (Position) ਅਧੀਨਸਥ (Subordinate) ਹੀ ਹੈ। ਆਜ਼ਾਦੀ ਤੋਂ ਬਾਅਦ ਨਾਮਧਾਰੀ ਲੀਡਰਸ਼ਿਪ ਦੀ ਔਰਤ ਪ੍ਰਤੀ ਚਿੰਤਨ ਵਿਚ ਹੋਈ ਦੇਰੀ ਇਸ ਗੱਲ ਤੋਂ ਪਤਾ ਲਗਦੀ ਹੈ ਕਿ ਔਰਤਾਂ ਬਾਰੇ ਲੀਡਰਸ਼ਿਪ ਦੀ ਸੋਚ ਸੰਨ 1981 ਵਿਚ ਸ਼ੁਰੂ ਹੁੰਦੀ ਹੈ ਜਦੋਂ 'ਨਾਮਧਾਰੀ ਇਸਤਰੀ ਵਿਦਿਅਕ ਜੱਥੇ' ਦੀ ਨੀਂਹ ਰੱਖੀ ਜਾਂਦੀ ਹੈ। ਬੇਸ਼ਕ ਇਹ ਜੱਥਾ ਪੁਰਸ਼ ਲੀਡਰਸ਼ਿਪ ਦੁਆਰਾ ਔਰਤਾਂ ਵਾਸਤੇ ਨਾਮਧਾਰੀ ਸਮਾਜ ਦਾ ਪਹਿਲਾ ਯਤਨ ਸੀ ਪਰ ਕਿ ਇਹ ਜੱਥਾ ਔਰਤਾਂ ਦੀ ਆਪਣੀ ਖੁਦ ਦੀ ਪਹਿਲ ਜਾਂ ਚੇਤਨਾ ਨਾਲ ਉਸਾਰਿਆ ਗਿਆ ਸੀ? ਇਸ ਚਰਚਾ ਦਾ ਵਿਸ਼ਾ ਹੋ ਸਕਦਾ ਹੈ।

ਅਸਲ ਵਿਚ ਨਾਮਧਾਰੀ ਵਿਚਾਰਧਾਰਾ ਤੋਂ ਜਾਣੂ ਕਰਵਾਉਣ ਵਾਸਤੇ ਅਤੇ ਇਸਦਾ ਪ੍ਰਸਾਰ ਕਰਨ ਵਾਸਤੇ ਹੀ ਇਸ ਜੱਥੇ ਨੂੰ ਬਣਾਇਆ ਗਿਆ ਸੀ। ਇਸ ਦੇ ਮੁੱਖ ਉਦੇਸ਼ਾਂ ਵਿਚੋਂ ਨਾਮਧਾਰੀ ਇਤਿਹਾਸ ਤੋਂ ਜਾਣੋ ਹੋਣਾ, ਦਾਜ, ਕੁੜੀ ਮਾਰ ਵਰਗੀਆਂ ਬੁਰਾਈਆਂ ਤੋਂ ਦੂਰ ਰਹਿਣਾ ਅਤੇ ਨਾਮਧਾਰੀ ਸੱਭਿਆਚਾਰ ਅਤੇ ਵਿਰਾਸਤ ਨੂੰ ਸਾਂਭ ਕੇ ਰੱਖਣਾ ਆਦਿ ਹੈ। ਇਸਨੂੰ ਉਤਸ਼ਾਹਿਤ ਕਰਨ ਵਾਸਤੇ ਜਗ੍ਹਾ ਜਗ੍ਹਾ ਸਾਖਾਵਾਂ ਖੋਲੀਆਂ ਜਾਣ ਅਤੇ ਇਸਦੇ ਮੈਂਬਰਾਂ ਨੂੰ ਵਧਾਇਆ ਜਾਵੇ।[17] ਇਸ ਜੱਥੇ ਦੀਆਂ 75 ਤੋਂ ਉਪਰ ਸ਼ਾਖਾਵਾਂ ਨਾ ਕੇਵਲ ਭਾਰਤ ਬਲਕਿ ਬਾਹਰ ਦੇ ਮੁਲਕਾਂ ਜਿਵੇਂ – ਇੰਗਲੈਂਡ, ਮਲੇਸ਼ੀਆ, ਅਮਰੀਕਾ ਆਦਿ ਵਿਚ ਵੀ ਖੋਲੀਆ ਗਈਆਂ ਹਨ। ਲਗਭਗ 45 ਤੋਂ ਉਤੇ ਸਾਲਾਨਾ ਸੰਮੇਲਨ ਵਿਸ਼ਵ ਨਾਮਧਾਰੀ ਵਿਦਿਅਕ ਜੱਥੇ ਵੱਲੋਂ ਕਰਵਾਏ ਗਏ ਅਤੇ ਇਨ੍ਹਾਂ ਵਿਚੋਂ 30 ਸੰਮੇਲਨ ਇਸਤਰੀ ਜੱਥੇ ਵੱਲੋਂ ਭਾਰਤ ਵਿਚ ਕਰਵਾਏ ਗਏ ਹਨ।[18] ਸੰਗਠਨ ਨੂੰ ਰੂਪ ਦੇਣ ਵਾਸਤੇ, ਜਿਲ੍ਹਾ ਪੱਧਰ ਤੇ ਪ੍ਰਧਾਨ, ਮੀਤ ਪ੍ਰਧਾਨ, ਜਨਰਲ ਸੈਕਟਰੀ, ਸੈਕਟਰੀ

ਅਤੇ ਖ਼ਜ਼ਾਨਚੀ ਆਦਿ ਮਨੋਨੀਤ ਕੀਤੇ ਜਾਂਦੇ ਹਨ।[19] ਇਨ੍ਹਾਂ ਜੱਥਿਆਂ ਵਿੱਚ ਗੁਰਬਾਣੀ ਪਾਠ, ਭਗਤੀ ਸੰਗੀਤ, ਦੀਵਾਨ ਲਾਉਣੇ, ਧਾਰਮਿਕ ਪ੍ਰਤੀਯੋਗਿਤਾਵਾਂ, ਰੰਗੋਲੀ, ਖਾਣਾ ਪਕਾਉਣ (ਨਾਮਧਾਰੀ ਮਰਯਾਦਾ ਅਨੁਸਾਰ) ਆਦਿ ਪ੍ਰਤੀਯੋਗਿਤਾਵਾਂ ਕਰਵਾਈਆਂ ਜਾਂਦੀਆਂ ਹਨ। ਇਨ੍ਹਾਂ ਸਾਰੀਆਂ ਰਿਵਾਇਤਾਂ ਤੋਂ ਨਾਮਧਾਰੀ ਇਸਤਰੀ ਵਿਦਿਅਕ ਜੱਥੇ ਦਾ ਏਜੇਂਡੇ ਦਾ ਪਤਾ ਲਗਦਾ ਹੈ। ਇਹੀ ਕਾਰਣ ਹੈ ਕਿ ਇਸ ਸੀਮਿਤ ਏਜੇਂਡੇ ਦੇ ਨਾਲ ਔਰਤ ਦਾ ਸਰਬਪੱਖੀ ਵਿਕਾਸ ਵੀ ਸੀਮਿਤ ਰਹਿ ਗਿਆ ਹੈ।

ਨਾਮਧਾਰੀ ਸਮਾਜ ਵਿਚ ਔਰਤ ਦੀ ਸਥਿਤੀ ਵਿਵਹਾਰਿਕ ਪੱਖ ਤੋਂ, ਸੰਸਥਾਗਤ ਪੱਧਰ (organizational level) ਤੇ ਵੀ ਦੇਖੀ ਜਾ ਸਕਦੀ ਹੈ, ਜਿਥੇ ਹਰ ਸੰਸਥਾ ਦੇ ਮੁੱਖੀ ਪੁਰਸ਼ਾਂ ਨੂੰ ਹੀ ਮਨੋਨੀਤ ਕੀਤਾ ਗਿਆ ਹੈ ਸਿਰਫ ਇੱਕਾ ਦੁੱਕਾ ਸੂਬਾ ਅਤੇ ਵਿਸ਼ਵ ਨਾਮਧਾਰੀ ਇਸਤਰੀ ਵਿਦਿੱਅਕ ਜੱਥੇ ਦੀ ਮੁੱਖੀ ਵਰਗੇ ਪੱਦ ਹੀ ਔਰਤਾਂ ਦੀ ਹਿੱਸੇ ਵਿਚ ਆਏ ਹਨ। ਜੇਕਰ ਨਾਮਧਾਰੀ ਲੀਡਰਸ਼ਿਪ ਵਿਚ ਔਰਤ ਦਾ ਔਸਤ ਪ੍ਰਤੀਸ਼ਤ/ਦਰ ਦੇਖਿਏ ਤਾਂ ਇਹ ਔਰਤਾਂ ਦੀ ਦਰ 5.26 ਹੈ ਅਤੇ ਮਰਦਾਂ ਦੀ 94.73 ਹੈ। ਇਸਦੇ ਨਾਲ ਹੀ ਸੰਮਪੂਰਣ ਨਾਮਧਾਰੀ ਔਰਤਾਂ ਘਰੇਲੂ ਕੰਮਾਂ ਵਿਚ ਹੀ ਮਹਿਦੂਦ ਹਨ ਇਥੇ ਤੱਕ ਕੀ ਨਾਮਧਾਰੀ ਗੁਰੂਆਂ ਦੀਆਂ ਪਤਨੀਆਂ ਵੀ ਆਪਣੇ ਪਤੀਆਂ ਦੀ ਛੱਤਰ ਛਾਇਆ ਹੇਠ ਹੀ ਕੰਮ ਕੀਤਾ ਅਤੇ ਕਰ ਰਹੀਆਂ ਹਨ। ਇਸ ਗੱਲ ਦੀ ਤਸਦੀਕ ਨਾਮਧਾਰੀ ਗੁਰੂ ਵੀ ਕੁਝ ਇੰਝ ਕਰਦੇ ਹਨ ਕਿ "ਔਰਤ ਨੂੰ ਇਕ ਚੰਗੀ ਪਤਨੀ ਅਤੇ ਮਾਤਾ ਹੋਣਾ ਚਾਹੀਦਾ ਹੈ। ਔਰਤ ਨੂੰ ਆਪਣੇ ਘਰ, ਪਤੀ ਅਤੇ ਬੱਚਿਆਂ ਪ੍ਰਤੀ ਸਮਰਪਿਤ ਹੋਣਾ ਚਾਹੀਦਾ ਹੈ। ਔਰਤ ਨੂੰ ਉਨ੍ਹੀਂ ਆਜ਼ਾਦੀ ਮਿਲਣੀ ਚਾਹੀਦੀ ਹੈ ਜਿੰਨੀ ਲੋੜੀਂਦੀ ਹੈ।"[20] ਨਾਮਧਾਰੀ ਗੁਰੂ ਇਸ ਦੇ ਨਾਲ ਹੀ ਸੁਝਾਅ ਦਿੰਦੇ ਕਹਿੰਦੇ ਹਨ ਕਿ ਕੁੜੀਆਂ ਨੂੰ ਸਹੀ ਸਮੇਂ ਤੇ ਹੀ ਵਿਆਹ ਕਰ ਦੇਣਾ ਚਾਹੀਦਾ ਹੈ।[21] ਇਹਨਾਂ ਸਭ ਦਾ ਸਿੱਟਾ ਇਹ ਨਿਕਲਿਆ ਕਿ ਛੇਤੀ ਵਿਆਹ ਹੋਣ ਅਤੇ ਘੱਟ ਵਿਦਿਅਕ ਯੋਗਤਾ ਪਾਉਣ ਨਾਲ, ਨਾਮਧਾਰੀ ਔਰਤਾਂ ਘਰੇਲੂ ਕੰਮਾਂ ਤਕ ਅਤੇ ਪਤੀ ਦੀ ਛੱਤਰ ਛਾਇਆ ਹੇਠ ਹੀ ਸੀਮਿਤ ਰਹਿ ਗਈਆਂ। ਇਸਨੂੰ ਇੰਝ ਵੀ ਕਿਹਾ ਜਾ ਸਕਦਾ ਹੈ ਕਿ ਨਾਮਧਾਰੀ ਸਮਾਜ ਹੋਰਨਾਂ ਸਮਾਜਾਂ ਵਾਂਗ ਲੜਕੀਆਂ ਨੂੰ ਸਿਰਫ ਸਹੁਰੇ ਘਰ ਜਾਣ ਵਾਸਤੇ ਹੀ ਤਿਆਰ ਕਰਦਾ ਹੈ ਤਾਂ ਕਿ ਉਹ ਨਾਮਧਾਰੀ ਸਮਾਜ ਦੀਆਂ ਕਦਰਾਂ ਕੀਮਤਾਂ ਨੂੰ ਸੰਝੋਅ ਸਕਣ। ਵਿਡੰਬਨਾ ਇਹ ਹੈ ਕਿ ਗੁਰੂ ਰਾਮ ਸਿੰਘ ਤੋਂ ਬਾਅਦ ਦੇ ਗੁਰੂਆਂ ਨੇ ਔਰਤਾਂ ਪ੍ਰਤੀ ਉਨੀ ਨਰਮੀ ਨਹੀਂ ਦਿਖਾਈ, ਜਿੰਨੀ ਕਿ ਗੁਰੂ ਰਾਮ ਸਿੰਘ ਜੀ ਨੇ ਦਿਖਾਈ ਸੀ। ਕਿਉਂਕਿ ਗੁਰੂ ਰਾਮ ਸਿੰਘ ਜੀ ਅਧਿਕਾਰ (right) ਨੂੰ ਜ਼ਿਆਦਾ ਜ਼ੋਰ ਦਿੰਦੇ ਸਨ ਅਤੇ ਬਾਅਦ ਵਾਲੇ ਗੁਰੂ ਸਾਹਿਬਾਨ ਕਰਤੱਵ (Duties) ਦੀ ਜ਼ਿਆਦਾ ਗੱਲ ਕਰਦੇ ਹਨ।

ਜੇਕਰ ਜਨਗਣਕਰਤਾ (Demographers) ਦੁਆਰਾ ਅਜੋਕੇ ਸਮਾਜ ਵਿਚ ਔਰਤ ਦੀ ਸਥਿਤੀ ਨੂੰ ਬਿਆਨ ਕਰਨ ਲਈ ਕੁਝ ਕਾਰਕ ਵਰਤੇ ਗਏ ਹਨ ਜਿਵੇਂ ਔਰਤ ਦੀ

ਜਨਮ ਦਰ, ਸਾਖਰਤਾ, ਉਸਦਾ ਰੁਜਗਾਰ ਆਦਿ। ਅਸੀਂ ਨਾਮਧਾਰੀ ਔਰਤਾਂ ਦੀ ਜਨਮ ਦਰ ਦਾ ਆਕਲਣ, ਦੂਸਰੇ ਪੰਜਾਬ ਦੀਆਂ ਬੱਚਿਆਂ ਦੀ ਜਨਮ ਦਰ ਨਾਲ ਕਰੀਏ ਤਾਂ ਨਾਮਧਾਰੀ ਸਾਮਜ ਵਿਚ ਬੱਚੀ ਦੀ ਜਨਮ ਦਰ ਸਮੁੱਚੇ ਪੰਜਾਬ ਦੀ ਜਨਮ ਦਰ ਤੋਂ ਜ਼ਿਆਦਾ ਹੈ ਡਾਕਟਰ ਜੋਗਿੰਦਰ ਸਿੰਘ ਜੀ ਨੇ ਆਪਣੇ ਸਰਵੇ ਦੌਰਾਨ ਇਹ ਪਾਇਆ ਕਿ ਨਾਮਧਾਰੀ ਔਰਤ ਦੀ ਸੰਖਿਆ ਦਰ ਦੇਖੀਏ ਤਾਂ ਪ੍ਰਤੀ 1000 ਪੁਰਸ਼ ਪਿਛੇ ਨਾਮਧਾਰੀ ਔਰਤ ਦੀ ਸੰਖਿਆ 906 ਹੈ। ਉਥੇ ਆਮ ਸਿੱਖ ਔਰਤਾਂ ਦੀ 893 ਪੂਰੇ ਦੇਸ਼ ਵਿੱਚ ਹੈ ਅਤੇ ਪੰਜਾਬ ਵਿਚ 880 ਹੈ।[22] ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਲੜਕੀ ਦਾ ਜਨਮ ਨੂੰ ਅਸ਼ੁੱਭ ਨਹੀਂ ਮੰਨਿਆ ਜਾਂਦਾ ਪਰ ਇਹ ਵੀ ਗੱਲ ਉਹੀ ਹੀ ਸਾਰਥਕ ਹੈ ਕਿ ਲੜਕੇ ਦੇ ਜਨਮ ਨੂੰ ਅੰਨਦ ਵਜੋਂ ਮਨਾਇਆ ਜਾਂਦਾ ਹੈ। ਅਜਿਹੀਆਂ ਕਈ ਉਦਾਹਰਣ ਮਿਲਦੀਆਂ ਹਨ ਜਿਸ ਵਿਚ ਨਾਮਧਾਰੀ ਗੁਰੂ ਤੋਂ ਸੰਗਤ ਪੁੱਤਰ ਦੀ ਦਾਤ ਵਾਸਤੇ ਬੇਨਤੀ ਕਰਦੀ ਹੈ ਅਤੇ ਕਈ ਸਮਾਗਮਾਂ ਤੇ ਤਾਂ ਨਾਮਧਾਰੀ ਗੁਰੂ ਸੰਗਤਾਂ ਵਾਸਤੇ ਪੁੱਤਰ ਲਈ ਅਰਦਾਸ ਕਰਦੇ ਵੀ ਦਿਖਾਈ ਦਿੰਦੇ ਹਨ।[23] ਮੇਰੇ ਸਰਵੇਖਣ (Field Survey) ਤੋਂ ਸਿੱਧ ਹੁੰਦਾ ਹੈ ਕਿ ਕਈ ਪਰਿਵਾਰਾਂ ਵਿਚ ਜਿੱਥੇ ਲਗਾਤਾਰ ਲੜਕੀਆਂ ਦਾ ਜਨਮ ਹੋ ਰਿਹਾ ਹੁੰਦਾ ਹੈ ਉਸ ਪਰਿਵਾਰ ਦੀ ਔਰਤ ਨੂੰ ਪਤੀ ਵੱਲੋਂ ਨਿੰਦਾ ਵੀ ਕੀਤੀ ਜਾਂਦੀ ਹੈ ਪਰ ਇਸ ਪਰਿਸਥਿਤੀ ਨੂੰ ਬਾਕੀ ਪੰਜਾਬੀ ਸਮਾਜ ਦੀ ਸਥਿਤੀ ਨਾਲ ਜੋੜ ਕੇ ਵੀ ਦੇਖਿਆ ਜਾ ਸਕਦਾ ਹੈ ਕਿਉਂਕਿ ਨਾਮਧਾਰੀ ਸਮਾਜ ਇਸਦਾ ਹਿੱਸਾ ਹੈ।

ਜੇਕਰ ਅੱਜ ਦੇ ਸੰਦਰਭ ਵਿਚ ਨਾਮਧਾਰੀ ਨੇਤਰਤੱਵ/ਲੀਡਰਸ਼ਿਪ ਜੋ ਅੱਜ ਆਪਣੇ ਆਪ ਨੂੰ ਔਰਤ ਦੀ ਪੱਖਧਰ ਮੰਨਦੀ ਹੈ, ਦੇ ਯਤਨਾ ਨੂੰ ਅੱਜ ਦੇ ਸੰਦਰਭ ਵਿਚ ਸਲਾਹਿਆ ਨਹੀਂ ਜਾ ਸਕਦਾ। ਅਜੇ ਵੀ ਨਾਮਧਾਰੀ ਲੀਡਰਸ਼ਿਪ ਦਾ ਰਵੱਈਆ ਕਠੋਰ ਅਤੇ ਤੱਥਾ ਤੋਂ ਬੇਪਰਵਾਹ ਹੈ। ਲੀਡਰਸ਼ਿਪ ਦੇ ਪ੍ਰਮੁੱਖ ਅਜੈਂਡੇ ਵਿਚ ਮੁੱਖ ਰੂਪ ਵਿਚ ਪੰਥ ਦੀ ਵਿਚਾਰਧਾਰਾ ਨੂੰ ਵਧਾਉਣ ਅਤੇ ਸੰਮਪ੍ਰਦਾ ਦੇ ਵਿਕਾਸ ਵੱਲ ਧਿਆਨ ਜਿਆਦਾ ਦਿੱਤਾ ਜਾਂਦਾ ਹੈ। ਨਾਮਧਾਰੀ ਸਾਹਿਤ ਵਿਚ ਵੀ ਲਗਾਤਾਰ ਕੂਕਾ ਅੰਦੋਲਨ, ਮੌਜੂਦਾ ਸਮਾਜਿਕ, ਧਾਰਮਿਕ, ਰਾਜਨੀਤਿਕ ਸਮੱਸਿਆਵਾਂ ਨੂੰ ਹੀ ਉਜਾਗਰ ਕੀਤਾ ਜਾਂਦਾ ਹੈ। ਜੇਕਰ ਤੱਥਾ ਤੇ ਅਧਾਰਿਤ ਗੱਲ ਕਰੀਏ ਤਾਂ ਅਸੀਂ ਦੇਖਦੇ ਹਾਂ ਕਿ ਚੰਗ ਆਰਥਿਕ ਪਿਛੋਕੜ ਪਰਿਵਾਰ ਵਾਲੀਆਂ ਔਰਤਾਂ ਨੇ ਹੀ ਸੂਬਾ ਦਾ ਸਥਾਨ ਪ੍ਰਾਪਤ ਕੀਤਾ।[24] ਇਸ ਤੋਂ ਇਲਾਵਾ ਉਹ ਨਾਮਧਾਰੀ ਔਰਤਾਂ ਨੂੰ ਜਿੰਨਾਂ ਨੂੰ ਲੀਡਰਸ਼ਿਪ ਵਿਚ ਜਗਹ ਮਿਲੀ ਹੈ ਬਾਹਰ ਦੇ ਮੁਲੱਖ ਅਤੇ ਵੱਡੇ ਸ਼ਹਿਰਾਂ ਨਾਲ ਜ਼ਿਆਦਾ ਸੰਬੰਧਿਤ ਹਨ।

ਨਾਮਧਾਰੀ ਸਮਾਜ ਦੀਆਂ ਔਰਤਾਂ ਦੇ ਵਿਕਾਸ ਦੇ ਪੱਧਰ ਨੂੰ ਉਹਨਾਂ ਦੇ ਵਿਦਿਅਕ ਪੱਖ ਤੋਂ ਵੀ ਪਰਖਿਆ ਜਾ ਸਕਦਾ ਹੈ। ਇਹ ਵਿਡੰਬਨਾ ਹੀ ਹੈ ਕਿ ਜਿਸ ਸਮਾਜ ਵਿਚ ਔਰਤ ਦੀ ਸਥਿਤੀ ਦੀ ਜੋ ਕਲਪਣਾ ਹੁਕਮਨਾਮਿਆਂ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਕੀਤੀ ਸੀ, ਭਾਵ ਅੱਖਰ ਪੜਾਉਣ ਦੀ ਗੱਲ ਕੀਤੀ ਸੀ ਹੁਣ 21ਵੀਂ ਸਦੀ ਵਿਚ

ਨਾਮਧਾਰੀ ਔਰਤ ਦੀ ਸਥਿਤੀ ਪੜ੍ਹਾਈ ਪੱਖੋਂ ਸੰਤੋਸ਼ਜਨਕ ਨਹੀਂ ਹੈ। ਇਹ ਗੱਲ ਨਾਮਧਾਰੀ ਚੇਅਰ ਅੰਮ੍ਰਿਤਸਰ ਵੱਲੋਂ ਕਰਵਾਏ ਗਏ ਸਰਵੇਖਣ ਵਿਚ ਸਾਹਮਣੇ ਆਉਂਦੀ ਹੈ ਕਿ ਔਰਤਾਂ ਦਾ ਪੜ੍ਹਾਈ ਦਾ ਪੱਧਰ ਆਮ ਸਿੱਖ ਔਰਤਾਂ ਨਾਲੋਂ ਘੱਟ ਹੈ (11.70%) ਹੈ ਬਾਰ੍ਹਵੀਂ ਜਮਾਤ ਤੱਕ ਪੜ੍ਹਾਈ ਦਰ 49.38% ਹੈ ਪਰ ਉਚੇਰੀ ਸਿੱਖਿਆ ਜਿਵੇਂ ਬੀ.ਏ., ਬੀ.ਐਸ.ਸੀ., ਐਮ.ਏ. ਤੱਕ ਇਹ ਦਰ ਸਿਰਫ 9.53% ਹੈ ਅਤੇ ਸਿਰਫ 2.82% ਤਕਨੀਕੀ ਗਿਆਨ ਵਾਲੀਆਂ ਔਰਤਾਂ ਦੀ ਦਰ ਹੈ ਅਤੇ 2.21% ਤੋਂ ਵੀ ਘੱਟ ਔਰਤਾਂ ਨੌਕਰੀ ਕਰਦੀਆਂ ਹਨ ਉਥੇ ਰਾਸ਼ਟਰੀ ਪੱਧਰ ਤੇ ਸਿੱਖ ਔਰਤਾਂ ਦੀ ਦਰ 20.02% ਹੈ ਇਸਤੋਂ ਇਹ ਪਤਾ ਲਗਦਾ ਹੈ ਕਿ ਬਹੁਤ ਸਾਰੀਆਂ ਔਰਤਾਂ ਦੀ ਸੰਖਿਆ ਘਰੇਲੂ ਕੰਮਾਂ ਵਿਚ ਰੁਝੀ ਹੋਈ ਹੈ ਪਰ ਵੱਡੇ ਸ਼ਹਿਰਾਂ ਜਿਵੇਂ ਅੰਮ੍ਰਿਤਸਰ, ਚੰਡੀਗੜ੍ਹ, ਜਲੰਧਰ, ਕਪੂਰਥਲਾ, ਮੋਹਾਲੀ ਆਦਿ ਵਿਖੇ ਨਾਮਧਾਰੀ ਔਰਤਾਂ ਰੁਜਗਾਰ ਪੱਖੋਂ ਚੇਤੰਨ ਹਨ।[25] ਔਰਤਾਂ ਵਿਚ ਸਿੱਖਿਆ ਦਾ ਪੱਧਰ ਘੱਟ ਹੋਣ ਦਾ ਸੰਭਾਵਿਤ ਕਾਰਨ ਸ਼ਾਇਦ ਇਹੋ ਹੀ ਹੈ ਕਿ ਨਾਮਧਾਰੀ ਸਮਾਜ ਅਤੇ ਔਰਤਾਂ, ਖੁਦ ਆਧੁਨਿਕ ਸਿੱਖਿਆ ਤੰਤਰ ਨੂੰ ਅਪਣਾਉਣ ਵਿਚ ਸੰਕੋਚ ਕਰਦਾ ਰਿਹਾ ਹੈ।[26] ਪਰ ਇਸਦੇ ਬਿਲਕੁਲ ਉਲਟ ਨਾਮਧਾਰੀਆਂ ਦੇ ਹੀ ਸਮਕਾਲੀ ਸਿੰਘ ਸਭਾ ਅਤੇ ਆਰਿਆਂ ਸਮਾਜ, ਸਿੱਖਿਆ ਨੂੰ ਹੀ ਮਾਧਿਅਮ ਬਣਾ ਕੇ ਅਧਿਆਤਮ ਅਤੇ ਆਧੁਨਿਕਤਾ ਦੀ ਰਾਹ ਚਲ ਰਹੇ ਹਨ। ਇਸ ਤਰ੍ਹਾਂ ਹੀ ਬਾਕੀ ਸਿੱਖ ਸਮਾਜ ਨੇ ਵੀ ਅੱਜ ਦੀ ਨਵੀ ਸਿੱਖਿਆ ਪ੍ਰਣਾਲੀ ਨੂੰ ਖੁੱਲੇ ਤੌਰ ਤੇ ਅਪਣਾਇਆ ਹੈ। ਇਸ ਦਾ ਪ੍ਰਮੁੱਖ ਉਦਾਹਰਣ ਇਹ ਹੈ ਕਿ ਚੀਫ ਖਾਲਸਾ ਦੀਵਾਨ ਜੋ ਕਿ ਸਿੱਖਾਂ ਦੀ ਸਰਵੋਤਮ ਸੰਸਥਾ ਸੀ ਨੇ ਵੀ ਸਿੱਖਿਆ ਦੇ ਮਹੱਤਵ ਨੂੰ ਜਾਣਦਿਆਂ ਹੋਇਆ ਆਪਣੇ ਏਜੇਂਡੇ ਦੇ ਵਿੱਚ ਸਿੱਖਿਆ ਦਾ ਪਸਾਰ ਕਰਨਾ ਨੂੰ ਪ੍ਰਮੁੱਖ ਉਦੇਸ਼ ਬਣਾਇਆ।[27] ਸ਼ਾਇਦ ਇਸ ਦਾ ਕਾਰਣ ਸਿੱਖ ਲੀਡਰਸ਼ਿਪ ਅਤੇ ਸੰਸਥਾਵਾਂ ਦਾ ਵੱਡੇ ਸਰਮਾਏਕਾਰਾਂ ਨਾਲ ਸੰਬੰਧਿਤ ਹੋਣਾ ਹੈ ਜਿਸ ਕਰਕੇ ਉਹਨਾਂ ਨੂੰ ਮਾਇਕ ਸਹਾਇਤਾ ਖੁਲ੍ਹੇ ਤੌਰ ਤੇ ਮਿਲਦੀ ਰਹੀ ਹੈ। ਇਸਦੇ ਨਾਲ ਹੀ ਇਸਦਾ ਸਿਹਰਾ ਉਹਨਾਂ ਅਧਿਆਪਕਾਂ, ਵਿਦਵਾਨਾਂ, ਪੱਤਰਕਾਰਾਂ, ਪ੍ਰਕਾਸ਼ਕਾਂ, ਡਾਕਟਰਾਂ ਨੂੰ ਵੀ ਜਾਂਦਾ ਹੈ ਜਿਨਾਂ ਨੇ ਲੋਕਾਂ ਵਿੱਚ ਜਾਗ੍ਰਤੀ ਲਿਆਉਣ ਵਿਚ ਕਾਫੀ ਯੋਗਦਾਨ ਪਾਇਆ। ਇਸ ਤੋਂ ਇਲਾਵਾ ਸਿੱਖ ਲੀਡਰਸ਼ਿਪ ਵਿਚ ਲਗਭਗ ਸਾਰਿਆਂ ਦੀ ਹੀ ਪੜੇ ਲਿਖੇ ਹੋਣਾ ਅਤੇ ਪੰਜਾਬੀ ਫਾਰਸੀ, ਅੰਗਰੇਜੀ, ਉਰਦੂ, ਸੰਸਕ੍ਰਿਤ ਭਾਸ਼ਾਵਾਂ ਦਾ ਗਿਆਨ ਹੋਣ ਵੀ ਗੈਰ ਨਾਮਧਾਰੀ ਸੰਸਥਾਵਾਂ ਦਾ ਸਕਾਰਾਤਮਕ ਪੱਖ ਸੀ।[28] ਪਰ ਇਸਦੇ ਉਲਟ ਜੇਕਰ ਛੋਟੇ ਪੱਧਰ ਤੇ ਦੇਖੀਏ ਤਾਂ ਨਾਮਧਾਰੀ ਲੀਡਰਸ਼ਿਪ ਮੁੱਖ ਤੌਰ ਤੇ ਮੱਧ ਵਰਗ ਅਤੇ ਸਾਧਾਰਨ ਕੰਮੀ ਜਮਾਤਾਂ (Artisans Classes) ਜੋ ਘੱਟ ਪੜ੍ਹੇ ਲਿਖੇ ਹਨ ਵਿਚੋਂ ਆਉਂਦੇ ਹਨ ਜੋ ਅਕਾਦਮਿਕ ਯੋਗਤਾ ਤੋਂ ਪਰੇ ਸੀ ਅਤੇ ਹਨ। ਇਸ ਤੋਂ ਇਲਾਵਾ ਨਾਮਧਾਰੀ ਸੰਪ੍ਰਦਾਇ ਵਿਚ ਨਾਮਧਾਰੀ ਲੀਡਰਸ਼ਿਪ ਵਿਚ ਪੇਂਡੂ ਅਭਿਜਾਤ (Rural Elite) ਵਰਗ ਹਾਵੀ

ਹੋਣ ਕਰਕੇ ਵਿਦਿਅਕ ਮੁੱਦਿਆ ਨੂੰ ਦੂਜੇ ਪਾਏਦਾਨ ਤੇ ਹੀ ਰੱਖਿਆ ਗਿਆ। ਇਸ ਕਰਕੇ ਆਰਥਿਕ ਅਤੇ ਬੋਧਿਕ ਪੱਧਰ ਤੋਂ ਵਾਂਝਿਆ ਹੋਣ ਕਰਕੇ ਇਸਦਾ ਨੁਕਸਾਨ ਨਾਮਧਾਰੀ ਸਮਾਜ ਨੂੰ ਝੇਲਣਾ ਪਿਆ। ਕੁਝ ਨਾਮਧਾਰੀ ਚਿੰਤਕਾਂ ਦਾ ਇਹ ਵੀ ਮੰਨਣਾ ਹੈ ਕਿ ਨਾਮਧਾਰੀ ਦੇਸ਼ ਦੀ ਆਜ਼ਾਦੀ ਦੇ ਵਜੋਂ ਅੰਗਰੇਜ਼ੀ ਸਰਕਾਰ ਦੇ ਖਿਲਾਫ ਹੋ ਗਏ ਅਤ ਸਰਕਾਰ ਉਹਨਾਂ ਦੇ ਖ਼ਿਲਾਫ਼ ਹੋ ਗਈ ਨਤੀਜਾ ਇਹ ਨਿਕਲਿਆ ਕਿ ਕਈ ਪ੍ਰਕਾਰ ਦੀਆਂ ਬੰਦਿਸ਼ਾਂ ਉਨ੍ਹਾਂ ਨੂੰ ਝੇਲਣੀਆਂ ਪਈਆਂ ਪਰ ਇਸ ਦੇ ਬਿਲਕੁਲ ਉਲਟ ਸਮਕਾਲੀਨ ਸਿੱਖ ਜਥੇਬੰਦੀਆਂ ਨੇ ਅੰਗਰੇਜੀ ਰਾਜ ਦੇ ਕਰੀਬ (Pro-British) ਹੋਣ ਕਰਕੇ ਫਾਇਦੇ ਵਿੱਚ ਰਹੀਆਂ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਅਵਸਰਵਾਦਿਤਾ ਦਾ ਫਾਇਦਾ ਮਿਲਿਆ।

ਕਿਸੇ ਵੀ ਸਮਾਜ ਨੂੰ ਉਠਾਉਣ ਜਾਂ ਅੱਗੇ ਵਧਾਉਣ ਵਿਚ ਲੇਖਕਾਂ ਦਾ ਬੋਧਿਕ ਵਰਗ ਦਾ ਬਹੁਤ ਯੋਗਦਾਨ ਹੁੰਦਾ ਹੈ। ਪਰ 20ਵੀਂ ਸਦੀ ਦੇ ਨਾਮਧਾਰੀ ਲੇਖਕਾਂ, ਜਿਵੇਂ ਨਿਧਾਨ ਸਿੰਘ ਆਲਮ, ਇੰਦਰ ਸਿੰਘ ਚੱਕਰਵਰਤੀ, ਤਾਰਾ ਸਿੰਘ ਵਹਿਮੀ, ਤਾਰਾ ਸਿੰਘ ਅੰਨਜਾਣ, ਜਗਦੀਸ ਸਿੰਘ ਵਰਿਆਮ, ਜਸਵਿੰਦਰ ਸਿੰਘ, ਬੀਬੀ ਬੇਅੰਤ ਕੌਰ, ਬੀਬੀ ਸੁਰਿੰਦਰ ਕੌਰ ਖਰਲ ਆਦਿ ਦੀਆਂ ਲਿਖਤਾਂ ਵਿਚ ਆਧੁਨਿਕ ਸਿੱਖਿਆ ਪ੍ਰਤੀ ਅਤੇ ਖਾਸ ਤੌਰ ਤੇ ਔਰਤਾਂ ਦੇ ਵਿਸ਼ਿਆਂ ਪ੍ਰਤੀ ਰੁੱਖਾਪਣ ਨਜਰ ਆਉਂਦਾ ਹੈ। ਕਿਉਂਕਿ ਉਨ੍ਹਾਂ ਦੀਆਂ ਲਿਖਤਾਂ ਵਿਚ ਧਾਰਮਿਕ ਪਹਿਚਾਣ (Religious Identify) ਵਿਦਿਅਕ ਸਰੋਕਾਰਾਂ ਤੋਂ ਜਿਆਦਾ ਮਹੱਤਵਪੂਰਣ ਨਜਰ ਆਉਂਦੀ ਹੈ। ਜੇਕਰ ਅਰਥ ਪੱਖੋਂ ਦੇਖੀਏ ਤਾਂ ਘੱਟ ਬਜਟ ਦਾ ਹੋਣਾ ਅਤੇ ਪੰਜਾਬੀ ਭਾਸ਼ਾ ਦਾ ਹੀ ਜਿਆਦਾ ਪ੍ਰਧਾਨ ਹੋਣਾ, ਦੂਜੀਆਂ ਭਾਸ਼ਾਵਾਂ ਨੂੰ ਘੱਟ ਮਹੱਤਵ ਦੇਣਾ ਆਦਿ ਇਹ ਸਾਰੇ ਕਾਰਣ ਸੀਮਿਤ ਪਾਠਕਾਂ ਤੱਕ ਹੀ ਪ੍ਰਭਾਵ ਪਾਉਂਦੇ ਹਨ ਜੋ ਨਾਮਧਾਰੀ ਸੰਪ੍ਰਦਾਇ ਅਤੇ ਵਿਦਿਅਕ ਵਿਕਾਸ ਵਿਚ ਵੱਡੀ ਬਾਧਾ ਰਿਹਾ ਹੈ।

ਅੰਤ ਵਿੱਚ ਮੋਟੇ ਤੌਰ ਤੇ ਨਾਮਧਾਰੀ ਸੋਮਿਆਂ ਜਿਵੇਂ ਸਤਿਯੁੱਗ, ਯੁੱਗ ਮਰਿਯਾਦਾ, ਵਰਿਆਮ ਅਤੇ ਹੋਰ ਨਾਮਧਾਰੀ ਲੇਖਕਾਂ ਨੇ ਔਰਤ ਦੇ ਸਰੋਕਾਰਾਂ ਨੂੰ ਬਣਾ ਆਪਣੀਆਂ ਰਚਨਾਵਾਂ ਨੂੰ ਨਹੀਂ ਰਚਿਆ ਅਤੇ ਨਾ ਹੀ ਮਹਿਲਾ ਨਾਮਧਾਰੀ ਲੇਖਕਾਂ ਨੇ ਇਸ ਮੌਜੂਦਾ ਵਿਵਸਥਾ ਵਿਚ ਕੋਈ ਮਜਬੂਤ ਯਤਨ ਕੀਤੇ ਹਨ। ਕਿਉਂਕਿ ਔਰਤ ਬਾਰੇ ਲਿਖਣਾ ਜਾਂ ਔਰਤ ਨੂੰ ਵਿਸ਼ਾ ਬਣਾ ਕੇ ਲਿਖਣਾ ਇਸ ਵਿਚ ਅੰਤਰ ਹੈ ਜਾਂ ਇੰਝ ਕਹਿ ਲਈਏ ਕਿ 'ਨਾਰੀ ਲਿਖਤ' ਅਤੇ 'ਨਾਰੀਵਾਦੀ ਲਿਖਤ' ਵਿੱਚ ਫਰਕ ਹੈ। ਕਿਉਂਕਿ ਨਾਰੀਵਾਦੀ ਲਿਖਤ ਵਿੱਚ ਇਕ ਵਿਚਾਰਧਾਰਾ ਉਭਰ ਕੇ ਸਾਹਮਣੇ ਆਉਂਦੀ ਹੈ। ਉਹ ਭਾਵੇਂ ਮਰਦ ਦੁਆਰਾ ਲਿਖੀ ਜਾਵੇ ਜਾਂ ਔਰਤ ਦੁਆਰਾ। ਇਸ ਦਾ ਲਿੰਗ ਨਾਲ ਕੋਈ ਸੰਬੰਧ ਨਹੀਂ ਹੈ। ਪਰ ਕੁਝ ਗੈਰ ਨਾਮਧਾਰੀ ਲੇਖਕਾਂ ਜਿਵੇਂ ਫੌਜਾ ਸਿੰਘ, ਐੱਮ.ਐੱਮ. ਆਲੂਵਾਲੀਆ, ਡਾ. ਜੋਗਿੰਦਰ ਸਿੰਘ, ਡਾ. ਕੁਲਦੀਪ ਸਿੰਘ ਅਤੇ ਮੇਰੇ ਪੀ.ਐਚ.ਡੀ. ਦੇ ਕੰਮ ਤੋਂ ਇਹ ਗੱਲ ਸਮਝ ਆਉਂਦੀ ਹੈ ਕਿ ਨਾਮਧਾਰੀ ਸਮਾਜ ਵਿਚ ਨਾਮਧਾਰੀ ਯੁਵਾ ਵਰਗ ਅਤੇ

ਔਰਤਾਂ ਨੂੰ ਨਾਮਧਾਰੀ ਸੰਸਥਾਵਾਂ ਵਿੱਚ ਭਾਗੀਦਾਰੀ ਬਹੁਤ ਘੱਟ ਮਿਲੀ ਹੈ। ਇਸ ਤੋਂ ਵੀ ਉਪਰ ਨਾਮਧਾਰੀ ਔਰਤ ਨਾ ਹੀ ਸਮਾਜਿਕ ਪੱਧਰ ਤੇ ਅਤੇ ਨਾ ਹੀ ਰਾਜਨੀਤਿਕ ਪੱਧਰ ਤੇ ਆਪਣਾ ਹਿੱਸਾ ਪਾਉਂਦੀ ਨਜ਼ਰ ਆਉਂਦੀ ਹੈ। ਮੌਜੂਦਾ ਲੀਡਰਸ਼ਿਪ ਦੇ ਔਰਤਾਂ ਦੀ ਸਹਿਭਾਗੀਤਾ ਵਾਸਤੇ ਵੀ ਕੋਈ ਯਤਨ ਸਾਹਮਣੇ ਨਜ਼ਰ ਨਹੀਂ ਆ ਰਹੇ। ਇਨ੍ਹਾਂ ਸਾਰਿਆਂ ਦਾ ਕਾਰਨ ਸਿੱਖਿਆ ਦੀ ਘਾਟ ਹੈ। ਜਿਸਦੇ ਕਾਰਨ ਔਰਤ ਦਾ ਸਰਵਪੱਖੀ ਵਿਕਾਸ ਨਹੀਂ ਹੋ ਸਕਿਆ

## Annexure - I

*Table 1.1 : Sex Ratio of Namdhari Sikhs of Punjab*

| | Male | Female | Percentage |
|---|---|---|---|
| Amritsar | 473 | 424 | 89.64 |
| Barnala | 313 | 277 | 88.49 |
| Bathinda | 99 | 99 | 100 |
| Chandigarh & Mohali | 185 | 165 | 89.18 |
| Fatehgarh Sahib | 191 | 166 | 86.91 |
| Ferozepur | 240 | 220 | 91.66 |
| Gurdaspur | 493 | 466 | 94.52 |
| Hoshiarpur | 204 | 185 | 90.68 |
| Jalandhar | 372 | 349 | 93.81 |
| Kapurthala | 557 | 474 | 85.09 |
| Ludhiana | 333 | 283 | 84.98 |
| Moga | 525 | 504 | 96.00 |
| Muktsar | 60 | 58 | 96.66 |
| Nawan Shahr | 214 | 183 | 85.51 |
| Patiala | 119 | 121 | 101.68 |
| Ropar | 76 | 67 | 88.15 |
| Sangrur | 263 | 238 | 90.49 |
| Tarn Taran | 266 | 238 | 89.47 |
| Total | 4,983 | 4,517 | 90.64 |

For detail see Joginder Singh, The Namdhari Sikhs : Their Changing Social and Cultural Landscape, p. 178

## Annexure - II

*Table 1.2 : Female Literacy Rate (%) of Namdhari Women of Punjab*

| | Illiterate | Name of Children in age group | Elemantry education upto 5th | School education upto + 12 | Higher education B.A./M.A. | Technical professional education | Jobs | Number of females |
|---|---|---|---|---|---|---|---|---|
| Amritsar | 14 | 8 | 71 | 146 | 38 | 5 | 6 | 291 |
| | 4.81 | 2.74 | 24.39 | 50.17 | 13 | 1.71 | 2.05 | |
| Bathinda | 13 | 2 | 18 | 43 | 5 | 5 | | |
| | 15.11 | 2.32 | 20.93 | 50 | 5.81 | 5.81 | | |
| Chandigarh | 8 | 7 | 25 | 61 | 40 | 14 | 21 | 157 |
| & Mohali | 1.91 | 4.45 | 15.92 | 38.85 | 25.47 | 8.91 | 13.37 | |
| Fatehgarh Sahib | 35 | 10 | 44 | 69 | 10 | - | 2 | 168 |
| | 20.83 | 5.95 | 26.19 | 41.07 | 5.95 | | 1.19 | |
| Ferozepur | 40 | 7 | 51 | 84 | 13 | 3 | 3 | 197 |
| | 20.30 | 3.55 | 25.88 | 42.63 | 6.59 | 1.57 | 1.52 | |
| Hoshiarpur | 19 | 11 | 37 | 91 | 13 | 7 | 4 | 169 |
| | 11.24 | 6.50 | 21.89 | 53.84 | 7.69 | 4.14 | 2.35 | |

| | | | | | | | | |
|---|---|---|---|---|---|---|---|---|
| Jalandhar | 6 | 6 | 34 | 88 | 25 | 7 | 5 | 172 |
| | 3.48 | 3.48 | 19.76 | 51.62 | 14.53 | 4.06 | 2.90 | |
| Kapurthala | 28 | 21 | 93 | 205 | 58 | 18 | 8 | 421 |
| | 6.65 | 4.98 | 22.09 | 48.69 | 13.76 | 4.27 | 1.90 | |
| Ludhiana | 39 | 12 | 53 | 170 | 33 | 5 | 2 | 317 |
| | 12.30 | 3.78 | 16.71 | 53.62 | 10.41 | 1.57 | 0.63 | |
| Moga | 67 | 15 | 74 | 164 | 18 | 5 | 3 | 143 |
| | 19.53 | 4.37 | 21.57 | 48.81 | 5.24 | 1.45 | 0.82 | |
| Nawan Shahr | 17 | 8 | 39 | 71 | 14 | 1 | 2 | 150 |
| | 21.33 | 5.33 | 26 | 47.33 | 9.33 | 0.66 | 1.33 | |
| Sangrur | 31 | 7 | 57 | 133 | 12 | 9 | 6 | 240 |
| | 12.91 | 2.91 | 23.75 | 55.41 | 5 | 3.75 | 2.5 | |
| Tarn Taran | 32 | 16 | 45 | 126 | 1 | 4 | 3 | 227 |
| | 14.09 | 7.04 | 19.82 | 55.50 | 0.44 | 1.76 | 1.32 | |
| Total | 344 | 130 | 641 | 1451 | 280 | 83 | 65 | 2938 |
| %age | 11.70 | 4.42 | 21.81 | 49.38 | 9.53 | 2.82 | 2.21 | |

For detail see Joginder Singh, The Namdhari Sikhs : Their Changing Social and Cultural Landscape, p. 178

## ਹਵਾਲੇ ਅਤੇ ਟਿੱਪਣੀਆਂ


1. ਬਲਵਿੰਦਰ ਕੌਰ ਬਰਾੜ, **ਨਾਰੀਵਾਦੀ ਸਿਧਾਂਤ : ਚਿੰਤਨ ਅਤੇ ਵਿਹਾਰ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 6.
2. **ਮਹਾਂਭਾਰਤ**, ਪੰਨੇ 95-97.
3. ਬਲਵਿੰਦਰ ਕੌਰ ਬਰਾੜ, **ਨਾਰੀਵਾਦੀ ਸਿਧਾਂਤ : ਚਿੰਤਨ ਅਤੇ ਵਿਹਾਰ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 6.
4. Friedrich Engles, *The Origin of the family, private property and the states,* Ernest Untermann, trans, Chicago, Charles H. Kerr & Co., 1902, p.324.
5. Rajinder Yadav, Archana Sharma (ed.), *Atit hoti sadi aur istri bhavishya,* Rajkamal Parkashan, Delhi, 2001, p.182.
6. Joginder Singh, *The Namdhari Sikhs : Their Changing Social and Cultural Landscape*, Manohar, Delhi, 2013; Kuldip Singh, *The Namdhari Movement : Continuity and Change 1857-1959*, Ph.d. Thesis, Guru Nanak Dev University, Amristar, 2000; Babusha Maingi, *Namdhari Sikhs of Punjab (1947-2001)*, Ph.D. Thesis, Guru Nanak Dev University, Amritsar, 2012.
7. **ਆਦਿ ਗ੍ਰੰਥ**, ਪੰਨਾ 413.
8. Doris R. Jakobsh, *Relocating Gender in Sikh History : Transformation Meaning and Identity*, Oxford University press, New Delhi, 2003. pp. 42-44.
9. Purnima Dhavan, "Tracing Gender in the Texts and Practices of the Early Khalsa", (Ed) Doris R. Jakobsh, *Sikhism and Women : History Text and Experiences*, Oxford University Press, Delhi 2010. p. 60-82.
10. *Subultan Review Eassy*, Literary Criticism, Sign 1975 pp. 435-60.
11. Navtej Singh, "Hukanamas of Baba Ram Singh : Impression and Apprenesions of Namdhari Movement", (Ed) Navtej Singh, *Re-exploring Baba Ram Singh and Namdhari Movement*, Publication Bureau, Punjabi University, Patiala, 2010 p. 91-98
12. Doris Jakobsh, *Relocating Gender History*, p. 112; Pritam Singh Kavi, *Istriya Da Pehla Muktidata*, Namdhari Darbar, Bhaini Sahib Darbar, 1978, pp. 66-67
13. ibid.
14. Maryada as per described by Jaswinder Singh on 25th Dec. 2010 at Dera Bhaini Sahib.
15. According to the official reports confirms that Kuka women can remarried and could claim a share in the family's landing property, As per Nahar Singh (Ed) *Gooroo Ram Singh the Kuka Singh*, Vol-1 New Delhi, 1966, p-9
16. W.H.Mcleod, *Sikhs of the Khalsa*, Oxford Universtiy press, Delhi, 2003, pp. 242-43.

17. Surinder Kaur Kaharl, 'Namdhari Vidhyak Samailen', *Warriam*, May-June 1994, pp. 44-48
18. *Satyug*, July 21-27, 2011
19. *Satyug*, July 21-27, 2011
20. Beant Kaur, *Lal Ehi Ratan* (Ed.) Vol-5, Bhaini Sahib Darbar, p 482-83
21. Beant Kaur, *Lal Ehi Ratan* (Ed.) Vol-5, Bhaini Sahib Darbar, p 482-83
22. Joginder Singh, *The Namdhari Sikhs*, p 174. Also see Annexure-I
23. *Pavachan Satguru Jagjit Singh ji*, p. 190
24. ਸੂਬਾ ਸੁਰਿੰਦਰ ਕੌਰ ਖਰਲ (ਰੂਪਨਗਰ), ਸੂਬਾ ਮਹਿੰਦਰ ਕੌਰ (ਹੋਸ਼ਿਆਰਪੁਰ), ਸੁਖਜੀਤ ਕੌਰ ਮੁਖੀ, ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜੱਥਾ, ਕੁਲਵੰਤ ਕੌਰ, ਜਨਰਲ ਸੈਕਟਰੀ, ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜੱਥਾ, ਅਮਰਜੀਤ ਕੌਰ, ਪੰਜਾਬੀ ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜੱਥਾ।
25. Joginder Singh, *The Namdhari Sikhs*, p 174. Also see Annexure-I
26. For Detail See Joginder Singh
27. "Chief Khalsa Diwan 50 years of Service", Panjab past and present, vol. II, pp. 59-60 also see Joginder Singh, Sikh Resurgence, National Bool Organization, New Delhim 1997, pp. 68-68
28. Kenneth Jones, *Arya Dharm : Hindu Conciousness in 19th Century Punjab*, Manohar, Delhi, 1976, p.3

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਨਾਮਧਾਰੀ ਪੰਥ

-ਦੇਵਿੰਦਰ ਸਿੰਘ ਗਿਲ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅਮ੍ਰਿਤਸਰ, ਸਿੱਖਾਂ ਦੀ ਸਿਰਮੌਰ ਸੰਸਥਾ ਹੈ ਜਿਸਨੂੰ ਕਾਇਮ ਕਰਨ ਲਈ ਸਮੁੱਚੇ ਪੰਥ ਨੇ ਜਿਸ ਵਿਚ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਪ੍ਰਦਾਵਾਂ—ਨਿਰਮਲੇ, ਨਿਹੰਗ, ਸੇਵਾ ਪੰਥੀ, ਨਿਰੰਕਾਰੀ ਅਤੇ ਨਾਮਧਾਰੀ ਮਹਾਂਪੁਰਸ਼ ਨੇ ਆਪਣਾ ਭਰਪੂਰ ਹਿੱਸਾ ਪਾਇਆ ਅਤੇ ਕੁਰਬਾਨੀਆਂ ਦੇ ਕੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਵਿੱਚ ਭਰਪੂਰ ਯੋਗਦਾਨ ਪਾਇਆ ਸੀ। ਪਰੰਤੂ ਸਾਡੇ ਵਿਦਵਾਨ ਨਾਮਧਾਰੀ ਸੰਪ੍ਰਦਾਇ ਜੋ ਅਜ ਨਾਮਧਾਰੀ ਜਗਤ ਬਣ ਚੁੱਕਾ ਹੈ, ਉਸਦੇ ਯੋਗਦਾਨ ਨੂੰ ਭੁਲ ਗਏ ਹਨ। ਉਸ ਸੰਸਥਾ ਦੇ ਇਤਿਹਾਸ ਨੂੰ ਵਰਣਨ ਕਰਨ ਸਮੇਂ ਨਾਮਧਾਰੀਆਂ ਦੇ ਯੋਗਦਾਨੀ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਹੈ। ਮੈਂ ਇਸ ਪੇਪਰ ਵਿੱਚ ਨਾਮਧਾਰੀ ਜਗਤ ਦੇ ਉਸ ਯੋਗਦਾਨ ਨੂੰ ਇਤਿਹਾਸਕ ਸਬੂਤਾਂ ਸਹਿਤ ਲਿਖਕੇ ਵਿਦਵਾਨਾਂ ਸਾਹਮਣੇ ਲਿਆਵਾਂਗਾ, ਆਸ ਕਰਦਾ ਹਾਂ ਕਿ ਸਾਰੇ ਸਰੋਤੇ ਅਤੇ ਪਾਠਿਕ ਮੇਰੇ ਇਸ ਯਤਨ ਦੀ ਪ੍ਰਸੰਸਾ ਕਰਨਗੇ।

ਸ੍ਰੀ ਅੰਮ੍ਰਿਤਸਰ, ਮੁੱਢ ਕਦੀਮ ਤੋਂ ਸਿੱਖ ਧਰਮ ਦੇ ਉਥਾਨ ਸਮੇਂ ਤੋਂ ਸਿੱਖੀ ਦਾ ਕੇਂਦਰ ਰਿਹਾ ਹੈ। ਭਾਵੇਂ ਸਿੱਖਾਂ ਲਈ ਹਰ ਇਤਿਹਾਸਕ ਗੁਰਦੁਆਰਾ ਵਿਸ਼ੇਸ਼ ਸ਼ਰਧਾ ਦਾ ਕੇਂਦਰ ਹਮੇਸ਼ਾ ਰਿਹਾ ਹੈ ਪਰੰਤੂ ਅਣਵੰਡੇ ਪੰਜਾਬ ਦੇ ਸਮੇਂ ਤੋਂ ਸ੍ਰੀ ਆਨੰਦਪੁਰ ਸਾਹਿਬ ਅਤੇ ਸ੍ਰੀ ਨਨਕਾਣਾ ਸਾਹਿਬ ਸਦੀਆਂ ਤੋਂ ਖਿੱਚ ਦਾ ਕੇਂਦਰ ਬਣੇ ਰਹੇ ਹਨ। ਸਭ ਤੋਂ ਵਧ ਸ੍ਰੀ ਅੰਮ੍ਰਿਤਸਰ ਪ੍ਰਤੀ ਸਿੱਖਾਂ ਦੀ ਵਿਸ਼ੇਸ਼ ਖਿਚ ਰਹੀ ਹੈ। ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਕਰਨ ਦੀ ਇੱਛਾ, ਹਰ ਸਿੱਖ ਮਾਈ ਭਾਈ ਜੋ ਦੇਸ਼ ਵਿਦੇਸ਼ਾਂ ਵਿਚ ਰਹਿੰਦਾ ਹੈ, ਰਹਿੰਦੀ ਹੈ, ਅਤੇ ਰੋਜ਼ਾਨਾ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਕਰਨ ਲਈ ਅਰਦਾਸ ਕਰਦਾ ਹੈ।

ਸ਼ਾਇਦ ਇਹੋ ਕਾਰਨ ਸੀ ਕਿ ਸਤਿਗੁਰੂ ਰਾਮ ਸਿੰਘ ਜੀ, ਸ੍ਰੀ ਅੰਮ੍ਰਿਤਸਰ ਨੂੰ ਨਾਮਧਾਰੀ ਪੰਥ ਦਾ ਪ੍ਰਮੁੱਖ ਕੇਂਦਰ ਬਣਾਉਣਾ ਚਾਹੁੰਦੇ ਸਨ।[1] ਇਹੋ ਕਾਰਨ ਹੈ ਕਿ

1862 ਈਸਵੀ ਅਤੇ 1867 ਈਸਵੀ ਦੇ ਸਤਿਗੁਰੂ ਰਾਮ ਸਿੰਘ ਜੀ ਦੇ ਸ੍ਰੀ ਅੰਮ੍ਰਿਤਸਰ ਆਉਣ ਸਮੇਂ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਪੁਜਾਰੀਆਂ ਨੇ ਤਾਂ ਸਤਿਗੁਰਾਂ ਦੀ ਪ੍ਰਭੁਤਾ ਦੇਖਦੇ ਔਖੇ ਹੋਣਾ ਹੀ ਸੀ, ਸਗੋਂ ਬ੍ਰਿਟਿਸ਼ ਹਕੂਮਤ ਦੀ ਵੀ ਨੀਂਦ ਹਰਾਮ ਹੋ ਗਈ ਸੀ।[2] ਉਹ ਨਹੀਂ ਸੀ ਚਾਹੁੰਦੇ ਕਿ ਸਤਿਗੁਰਾਂ ਦਾ ਜੱਸ ਸਾਡੀ ਲੋਕਾਈ ਵਿੱਚ ਫੈਲੇ ਪਰੰਤੂ ਫਰੰਗੀ ਸਰਕਾਰ ਨੂੰ ਨਾਮਧਾਰੀ ਪੰਥ ਵਿਚੋਂ ਬਗਾਵਤ ਦੀ ਬੋ ਆ ਰਹੀ ਸੀ। ਇਸਦੀ ਪੁਸ਼ਟੀ 1879 ਈਸਵੀ ਦੀ ਫਾਈਲ ਵਿਚ ਅੰਗਰੇਜ਼ਾਂ ਦੀ ਟਿਪਣੀ ਉਹਨਾਂ ਤੱਥਾਂ ਅਤੇ ਸਚਾਈ ਨੂੰ ਹੋਰ ਸਪਸ਼ਟ ਕਰ ਦੇਂਦੀ ਹੈ।[3] "Kuka troubles might have taken a different complesion if the Amritsar shrine had been the centre of the Kukaism."

"ਕੂਕਾ ਅੰਦੋਲਨ ਹੋਰ ਔਖਿਆਈ ਦਾ ਕਾਰਨ ਬਣ ਜਾਂਦਾ ਅਗਰ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਕੂਕਾ ਪ੍ਰਚਾਰ ਦਾ ਕੇਂਦਰ ਬਣ ਜਾਂਦਾ।"

ਫਰੰਗੀ ਸਰਕਾਰ ਨੇ ਸਿੱਖ ਪੰਥ ਖਾਸ ਕਰਕੇ ਨਾਮਧਾਰੀਆਂ ਨੂੰ ਚਿੜ੍ਹਾਉਣ ਲਈ ਪੰਜਾਬ ਵਿਚ ਇਤਿਹਾਸਕ ਸਿੱਖ ਗੁਰਦੁਆਰਿਆਂ ਦੇ ਨੇੜੇ ਬੁਚੜਖਾਨੇ ਖੋਲ੍ਹ ਦਿੱਤੇ ਸਨ। ਉਸ ਸਮੇਂ ਨਾਮਧਾਰੀ ਪੰਥ ਤੋਂ ਬਿਨਾਂ ਹੋਰ ਸਾਰੇ ਵਰਗਾਂ ਦੇ ਸਿੱਖਾਂ ਵਿਚ ਸਿੱਖੀ ਵਾਸੀ ਸਪਿਰਟ ਖ਼ਤਮ ਹੀ ਹੋ ਚੁਕੀ ਸੀ, ਕੋਈ ਵੀ ਸਿੱਖ ਅੰਗਰੇਜ਼ ਦੇ ਖ਼ਿਲਾਫ਼ ਆਵਾਜ਼ ਬੁਲੰਦ ਨਹੀਂ ਸੀ ਕਰ ਸਕਦਾ, ਨਾਮਧਾਰੀਆਂ ਤੋਂ ਬਿਨਾਂ ਹਰ ਕੋਈ ਅੰਗਰੇਜ ਹਕੂਮਤ ਦੀ ਵੰਡਿਆਈ ਕਰ ਰਿਹਾ ਸੀ। ਗੁਰਦੁਆਰਿਆਂ ਵਿੱਚ "ਜੁਗ ਜੁਗ ਰਾਜ ਸਵਾਇਆ, ਟੋਪੀ ਵਾਲੇ ਦਾ" ਸੋਹਲੇ ਗਾ ਕੇ ਅਰਦਾਸਾਂ ਕੀਤੀਆਂ ਜਾਂਦੀਆਂ ਸਨ।

ਅੰਗਰੇਜ ਸਰਕਾਰ ਨੇ ਸਾਰੇ ਪੰਜਾਬ ਵਿੱਚ ਪਹਿਲੀ ਵਾਰ ਸਿਖੀ ਦੇ ਕੇਂਦਰ ਸ੍ਰੀ ਅੰਮ੍ਰਿਤਸਰ ਵਿਖੇ ਨਾਮਧਾਰੀਆਂ ਨੂੰ ਚਿੜਾਉਣ ਲਈ ਬੁਚੜਖਾਨੇ ਖੋਲ੍ਹੇ ਸੀ ਜਿਸ ਦੀ ਜਾਣਕਾਰੀ ਸੰਤ ਨਿਧਾਨ ਸਿੰਘ ਆਲਿਮ ਦੀ ਪੁਸਤਕ ਜੁਗ ਪਲਟਾਊ ਸਤਿਗੁਰੂ ਤੋਂ ਭਲੀ ਭਾਂਤ ਹੋ ਜਾਂਦੀ ਹੈ।[4] ਪਹਿਲਾ ਬੁਚੜਖਾਨਾ ਸਰਕਾਰ ਨੇ ਲਾਹੌਰੀ ਗੇਟ ਦੇ ਬਾਹਰ ਖੋਲ੍ਹਿਆ ਸੀ ਅਤੇ ਦੂਜਾ ਬੁਚੜਖਾਨਾ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਘੰਟਾਘਰ ਵਾਲੀ ਥਾਂ 'ਤੇ ਖੋਲ੍ਹਿਆ ਸੀ ਤਾਂ ਕਿ ਗਊ ਮਾਸ ਦੀ ਵਿਕਰੀ ਨਾਲ ਹਿੰਦੂ ਅਤੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੇ। ਸਰਕਾਰ ਦੀਆਂ ਇਨ੍ਹਾਂ ਕੋਝੀਆਂ ਹਰਕਤਾਂ ਕਾਰਨ ਨਾਮਧਾਰੀ ਸੂਰਬੀਰ ਸਿੰਘਾਂ ਨੇ ਸ੍ਰੀ ਅੰਮ੍ਰਿਤਸਰ, ਰਾਇਕੋਟ ਅਤੇ ਮਲੇਰ ਕੋਟਲੇ ਦੇ ਸਾਧੇ ਵਰਤਾਂ ਕੇ ਦੇਸ਼ਭਗਤੀ ਦਾ ਸਬੂਤ ਦਿੱਤਾ ਅਤੇ ਗਊ ਹਤਿਆ ਦੇ ਖ਼ਿਲਾਫ਼ ਆਪਣੀ ਆਵਾਜ਼ ਬੁਲੰਦ ਕੀਤੀ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਤੋਂ ਪਹਿਲਾਂ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਪੁਜਾਰੀਆਂ ਉਦਾਸੀ ਸੰਤਾਂ ਕੋਲ ਸੀ ਜੋ ਪਹਿਲਾ ਪਹਿਲ ਤਾਂ ਪੰਥ ਸੇਵਕ ਹੋਇਆ ਕਰਦੇ ਸਨ ਪਰੰਤੂ ਉਹਨਾਂ ਵਿਚੋਂ ਬਹੁਤ ਸਾਰੇ ਉਦਾਸੀ ਸੰਤ

ਮਾਇਆ ਦੇ ਪ੍ਰਭਾਵ ਹੇਠ ਵਿਲਾਸੀ ਹੋ ਗਏ ਅਤੇ ਗੁਰਦੁਆਰਿਆਂ ਦੇ ਨਿੱਤ ਦੀ ਮਰਯਾਦਾ ਤੋਂ ਕੋਤਾਹੀ ਕਰਨ ਲਗ ਪਏ। ਗੁਰਦੁਆਰਿਆਂ ਦੇ ਮਾੜੇ ਪ੍ਰਬੰਧ ਨੂੰ ਦੇਖਕੇ ਗੁਰਸਿੱਖਾਂ ਦੇ ਮਨ ਤੜਪਦੇ ਸਨ, ਭਾਵੇਂ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਪ੍ਰਚਾਰ ਦੌਰਿਆਂ ਸਮੇਂ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਸੁਧਾਰ ਕਰਨ ਲਈ ਖ਼ਾਸ ਧਿਆਨ ਦਿਤਾ ਪਰੰਤੂ ਸਰਕਾਰੀ ਸ਼ਹਿ ਕਾਰਨ ਉਹ ਉਦਾਸੀ ਕਿਸੇ ਦੀ ਪ੍ਰਵਾਹ ਨਹੀਂ ਸੀ ਕਰਦੇ। ਜੇ ਕਿਧਰੇ ਗੁਰਮੁਖ ਪਿਆਰੇ ਪ੍ਰਬੰਧ ਵਿਚ ਸੁਧਾਰ ਕਰਨ ਬਾਰੇ ਸੋਚਦੇ ਤਾਂ ਸਰਕਾਰ ਖਬਰਦਾਰ ਹੋ ਜਾਂਦੀ ਕਿਉਂਕਿ 1857 ਦਾ ਗਦਰ ਅਜੇ ਕੁਝ ਸਾਲ ਪਹਿਲਾਂ ਹੀ ਵਾਪਰਿਆ ਸੀ ਉਸ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਦੇ ਸਾਰੇ ਸੰਤ ਖਾਲਸਾ ਨੇ ਅੰਗਰੇਜ਼ ਸਰਕਾਰ ਦੀ ਨੀਂਦ ਹਰਾਮ ਕਰ ਦਿਤੀ ਸੀ ਕਿਉਂਕਿ ਸਤਿਗੁਰੂ ਜੀ ਭਲੀ ਭਾਂਤ ਜਾਣਦੇ ਸਨ ਕਿ ਜੇਕਰ ਗੁਰਦੁਆਰਿਆਂ ਦੇ ਪ੍ਰਬੰਧਾਂ ਦਾ ਸੁਧਾਰ ਹੋ ਜਾਵੇ ਤਾਂ ਸਿੱਖਾਂ ਦਾ ਨੈਤਿਕ ਅਤੇ ਆਚਾਰਣਿਕ ਪਧਰ ਉਚਾ ਹੋ ਜਾਵੇਗਾ ਅਤੇ ਉਹ ਦੇਸ਼ ਭਗਤ ਬਣ ਕੇ ਅੰਗਰੇਜ਼ ਹਕੂਮਤ ਤੋਂ ਦੇਸ਼ਾਂ ਨੂੰ ਮੁਕਤ ਕਰਾਉਣ ਅਤੇ ਪ੍ਰਬੰਧਕ ਬਣਾਉਣ ਲਈ ਹੰਭਲੇ ਮਾਰਨਗੇ। ਪੰਜਾਬ ਵਿਚ ਆਈ ਜਾਗ੍ਰਤੀ ਜੋ ਸਤਿਗੁਰੂ ਰਾਮ ਸਿੰਘ ਜੀ ਦੇ ਯਤਨਾਂ ਸਦਕਾ ਆਈ ਸੀ, ਉਸ ਖਿਲਾਫ਼ ਦੇਸੀ ਰਾਜੇ ਸਾਰੇ ਕੁਝ ਸਿੱਖ ਆਗੂ ਪੰਜਾਬ ਦੇ ਲੈਫਟੀਨੈਂਟ ਗਵਰਨਰਾਂ ਨੂੰ ਮਿਲੇ ਸਨ। ਫਿਰ ਇਸ ਬਾਰੇ ਭਾਰਤ ਦੇ ਵਾਇਸਰਾਏ ਲਾਰਡ ਰਿਪਲ ਤਕ ਵੀ ਇਹ ਗੱਲ ਪਹੁੰਚੀ ਸੀ। ਪੰਜਾਬ ਦੇ ਲੈਫਟੀਨੇਂਟ ਗਵਰਨਰ ਆਰ.ਈ.ਈਗਰਟਨ ਨੇ ਵਾਇਸਰਾਇ ਨੂੰ ਇਸ ਪ੍ਰਕਾਰ ਖਬਰਦਾਰ ਕੀਤਾ ਸੀ।[5]

"I think it would be politically dangerous to allow the management of the sikh shrines to fall into the hands of a committee amancipated from government control and I trust your excellency will assist to pass such orders in the case as will enable to continue the system which has worked out successfully for more than 30 years." **-R.E. Egerton 8-11-1881.**

(ਮੇਰਾ ਖਿਆਲ ਹੈ ਕਿ ਸਿੱਖ ਗੁਰਦੁਆਰਿਆਂ ਦਾ ਇੰਤਜਾਮ ਇਕ ਅਜਿਹੀ ਕਮੇਟੀ, ਜੋ ਸਰਕਾਰੀ ਕੰਟਰੋਲ ਤੋਂ ਆਜ਼ਾਦ ਹੋਵੇ, ਦੇ ਹੱਥ ਵਿਚ ਦੇਣਾ, ਸਿਆਸੀ ਪੱਖ ਤੋਂ ਖਤਰਨਾਕ ਹੋਵੇਗਾ ਅਤੇ ਮੈਂ ਉਮੀਦ ਕਰਦਾ ਹਾਂ ਕਿ ਜਨਾਬ ਅਜਿਹੇ ਹੁਕਮ ਜਾਰੀ ਕਰਵਾਉਣ ਵਿਚ ਮਦਦਗਾਰ ਹੋਣਗੇ, ਜਿਸ ਨਾਲ ਪਿਛਲੇ 30 ਸਾਲ ਤੋਂ ਕਾਮਯਾਬੀ ਨਾਲ ਚਲਦਾ ਇੰਤਜਾਮ ਜਾਰੀ ਰਹੇਗਾ।") **-ਆਰ.ਟੀ.ਈਗਰਟਨ 8-11-1881**

ਭਾਵੇਂ ਅੰਗਰੇਜ ਹਕੂਮਤ ਗੁਪਤ ਤੌਰ ਤੇ ਗੁਰਦੁਆਰਿਆਂ ਨੂੰ ਕਿਸੇ ਕਮੇਟੀ ਦੇ ਅਧੀਨ ਨਹੀਂ ਜਾਣਾ ਚਾਹੁੰਦੀ ਸੀ ਪਰੰਤੂ ਸਤਿਗੁਰੂ ਰਾਮ ਸਿੰਘ ਜੀ ਦੀ ਪ੍ਰਚੰਡ ਕੀਤੀ ਲਹਿਰ ਮੱਠੀ ਨਾ ਪਈ। ਸਤਿਗੁਰੂ ਜੀ ਨੂੰ 1872 ਈਸਵੀ ਵਿਚ ਜਲਾਵਤਨ ਕਰਕੇ

ਸਰਕਾਰ ਸਮਝਦੀ ਸੀ ਕਿ ਸਤਿਗੁਰੂ ਜੀ ਦਾ ਮਿਸ਼ਨ ਨੇਸਤੋ ਨਾਬੂਦ ਹੋ ਗਿਆ ਹੈ ਪਰੰਤੂ ਇਹ ਉਸਦੀ ਭੁੱਲ ਸੀ।

10 ਤੋਂ 12 ਅਕਤੂਬਰ 1920 ਈਸਵੀ ਨੂੰ "ਖਾਲਸਾ ਬਰਾਦਰੀ" ਜਿਸ ਵਿੱਚ ਅਖੌਤੀ ਪਛੜੀਆਂ ਜਾਤੀਆਂ ਦੇ ਸਿੰਘ ਸ਼ਾਮਲ ਸਨ, ਨੇ ਜਲ੍ਹਿਆਂ ਵਾਲੇ ਬਾਗ ਵਿਚ ਦੀਵਾਨ ਲਗਾਇਆ। 12 ਅਕਤੂਬਰ ਨੂੰ ਅਖੌਤੀ ਅਛੂਤ ਸਿੱਖ ਦਾ ਇਕ ਗਰੁਪ ਪ੍ਰਸ਼ਾਦ ਲੈ ਕੇ ਗੱਲ ਵਿਚ ਪੱਲਾ ਪਾ ਕੇ ਹੱਥ ਜੋੜ ਕੇ ਸ੍ਰੀ ਅਕਾਲ ਤਖਤ ਸਾਹਿਬ ਅਗੇ ਪੇਸ਼ ਹੋਏ ਅਤੇ ਪ੍ਰਸ਼ਾਦ ਲਈ ਅਰਦਾਸ ਕਰਨ ਲਈ ਕਿਹਾ ਸੀ ਪਰੰਤੂ ਪੁਜਾਰੀ ਲੋਕਾਂ ਨੇ ਅਰਦਾਸ ਨਾ ਕੀਤੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਛੱਡ ਕੇ ਭਜ ਗਏ। ਇਸ ਪ੍ਰਕਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਗੁਰਦੁਆਰਾ ਪ੍ਰਬੰਧ ਸੁਧਾਰ ਵਾਲੇ ਸਿੰਘਾਂ ਨੇ ਸੰਭਾਲ ਲਿਆ ਸੀ। 18 ਅਕਤੂਬਰ ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਸਿਖਾਂ ਦੀ ਇਕ ਮੀਟਿੰਗ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬੁਲਾਈ ਅਤੇ ਭਵਿੱਖ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹਰਿਮੰਦਰ ਸਾਹਿਬ ਦਾ ਪ੍ਰਬੰਧ ਕਰਨ ਲਈ ਇਕ ਕਮੇਟੀ ਬਣਾਉਣ ਦੀ ਤਜਵੀਜ ਰਖੀ ਗਈ ਅਤੇ ਫਿਰ 9 ਮੈਂਬਰਾਂ ਦੀ ਇਕ ਆਰਜ਼ੀ ਕਮੇਟੀ ਪ੍ਰਬੰਧ ਕਰਨ ਲਈ ਬਣਾਈ ਗਈ। ਉਸ ਕਮੇਟੀ ਵਿਚ ਮੈਂਬਰ ਵਜੋਂ ਮਹਾਰਾਜ ਗੁਰਦਿਆਲ ਸਿੰਘ ਨੂੰ ਲਿਆ ਗਿਆ ਸੀ। ਡਾਕਟਰ ਹਰਜਿੰਦਰ ਸਿੰਘ ਦਿਲਗੀਰ ਅਨੁਸਾਰ 9 ਮੈਂਬਰਾਂ ਦੇ ਨਾਮ ਇਸ ਪ੍ਰਕਾਰ ਸਨ[6] :

(1) ਸੁੰਦਰ ਸਿੰਘ ਰਾਮਗੜ੍ਹੀਆ (ਸਰਬਰਾਹ), (2) ਬਾਵਾ ਹਰਕਿਸ਼ਨ ਸਿੰਘ, (3) ਭਾਈ ਬਹਾਦਰ ਸਿੰਘ ਅੰਮ੍ਰਿਤਸਰ, (4) ਜਥੇਦਾਰ ਤੇਜਾ ਸਿੰਘ ਭੁੱਚਰ, (5) ਸ. ਸਰਮੁਖ ਸਿੰਘ ਝਬਾਲ, (6) ਜਥੇਦਾਰ ਕਰਤਾਰ ਸਿੰਘ ਝੱਬਰ, (7) ਸ. ਗੁਰਦਿਆਲ ਸਿੰਘ ਨਾਮਧਾਰੀ, (8-9) ਦੋ ਨੁਮਾਇੰਦੇ ਨਿਹੰਗ ਸਿੰਘ ਦੇ।

18 ਅਕਤੂਬਰ 1920 ਈਸਵੀ ਤੋਂ 15 ਨਵੰਬਰ 1920 ਈਸਵੀ ਤਕ ਕਮੇਟੀ ਮੈਂਬਰਾਂ ਦੀ ਕਈ ਵਾਰ ਭੰਨ ਤੋੜ ਕੀਤੀ ਗਈ, ਇਸ ਦਾ ਜ਼ਿਕਰ ਕਰਨਾ ਪੇਪਰ ਵਿਚ ਮੇਰਾ ਵਿਸ਼ਾ ਨਹੀਂ ਹੈ, ਮੈਂ ਸਿਰਫ਼ ਨਾਮਧਾਰੀ ਪੰਥ ਦੇ ਯੋਗਦਾਨ ਬਾਰੇ ਹੀ ਗਲ ਕਰਨੀ ਹੈ। ਅੰਗਰੇਜ਼ੀ ਹਕੂਮਤ ਅਤੇ ਸਰਕਾਰ ਦੇ ਪਿਠੂ ਸਿੱਖ ਨਹੀਂ ਸੀ ਚਾਹੁੰਦੇ ਕਿ ਗੁਰਦੁਆਰਿਆਂ ਦਾ ਪ੍ਰਬੰਧ ਆਮ ਸਿਖਾਂ ਦੇ ਕਬਜ਼ੇ ਵਿਚ ਆ ਜਾਵੇ। ਸਰਕਾਰ ਦੀ ਪੂਰੀ ਕੋਸ਼ਿਸ਼ ਸੀ ਕਿ ਪ੍ਰਬੰਧਕ ਕਮੇਟੀ ਵਿਚ ਉਹੋ ਮੈਂਬਰ ਆਉਣ ਜੋ ਅੰਗਰੇਜ਼ ਸਰਕਾਰ ਦੇ ਵਫਾਦਾਰ ਹੋਣ। ਸਤਿਜੁਗ ਅਖਬਾਰ ਅਨੁਸਾਰ ਠੀਕ ਉਸ ਸਮੇਂ ਨਿਹੰਗ ਸਿੰਘ ਨੇ ਸ੍ਰੀ ਅਕਾਲ ਤਖਤ ਸਾਹਿਬ ਤੇ ਕਬਜ਼ਾ ਕਰਨ ਲਈ ਜ਼ੋਰ ਅਜ਼ਮਾਇਸ਼ ਕਰਨ ਦੀ ਵਿਉਂਤਬੰਦੀ ਕੀਤੀ। ਕਮੇਟੀ ਵਾਲੇ ਅਜੇ ਕਮਜ਼ੋਰ ਸਨ ਅਤੇ ਉਹ ਨਿਹੰਗ ਸਿੰਘਾਂ ਨੂੰ ਰੋਕ ਨਹੀਂ ਸੀ ਸਕਦੇ। ਇਸ ਲਈ ਅਕਾਲੀ ਲੀਡਰ ਸ. ਤੇਜਾ ਸਿੰਘ ਚੂਹੜਕਾਣਾ ਸਤਿਗਜੁ ਅਖਬਾਰ ਦੇ ਦਫ਼ਤਰ ਪੁਜੇ ਅਤੇ ਪ੍ਰਬੰਧਕ ਕਮੇਟੀ ਨੂੰ ਨਾਮਧਾਰੀ ਪੰਥ ਦਾ

ਸਹਿਯੁਗ ਦੇਣ ਲਈ ਬੇਨਤੀ ਕੀਤੀ ਸੀ ਤਾਂ ਉਹਨਾਂ ਦੇ ਕਹਿਣ ਤੇ ਸੰਤ ਨਿਧਾਨ ਸਿੰਘ ਆਲਿਮ ਅਤੇ ਸੰਤ ਇੰਦਰ ਸਿੰਘ ਚਕਰਵਰਤੀ ਦੋਵੇਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਨਾਮਧਾਰੀ ਪੰਥ ਵਲੋਂ ਪੁਜੇ। ਉਹਨਾਂ ਨੇ ਸੰਗਤ ਦੇ ਵਿਸ਼ਾਲ ਇਕੱਠ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੇ ਖੜੇ ਹੋਕੇ ਆਖਿਆ ਸੀ ਕਿ ਅਸੀਂ ਨਾਮਧਾਰੀ ਪੰਥ ਪੂਰੀ ਤਰ੍ਹਾਂ ਸਮੁੱਚੇ ਪੰਥ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜਾ ਹੈ। ਸਤਿਜੁਗ ਅਖ਼ਬਾਰ ਦੇ 24 ਮੈਂਬਰ ਸੰਮਤ 1977 ਬਿਕਰਮੀ (8 ਦਸੰਬਰ 1920 ਈਸਵੀ) ਦੇ ਅੰਕ ਵਿਚੋਂ ਸਫਾ 4 ਅਤੇ ਸਫਾ 5 ਦੇ ਸੰਤ ਨਿਧਾਨ ਸਿੰਘ ਆਲਿਮ ਜੀ ਨੇ ਉਸ ਘਟਨਾ ਬਾਰੇ ਪੂਰੀ ਤਫਸੀਲ ਖਬਰ ਤਿਆਰ ਕਰਕੇ ਪ੍ਰਕਾਸ਼ਤ ਕਰਵਾਈ ਸੀ ਜੋ ਇਸ ਪ੍ਰਕਾਰ ਹੈ :

"ਮਿਲਾਪ ਦਾ ਪਾਣੀ ਅਤੇ ਬੇਇਨਸਾਫੀ ਦੀ ਮੰਗ"

ਇਸ ਵੇਲੇ ਦੇਸ਼ ਵਿਚ ਸਵੈਤ੍ਰੰਤਤਾ ਦੀ ਪ੍ਰਾਪਤੀ ਹਿੱਤ ਜਗ੍ਹਾ ਜਗ੍ਹਾ ਹਿੰਦੂ ਮੁਸਲਮਾਨਾਂ ਅਤੇ ਸਿੱਖਾਂ ਦੇ ਮਿਲਾਪ ਨੂੰ ਕਾਇਮ ਕਰਨ ਵਾਸਤੇ ਕਈ ਤਰ੍ਹਾਂ ਦੀਆਂ ਵਿਉਂਤਾਂ ਸੋਚੀਆਂ ਜਾ ਰਹੀਆਂ ਹਨ ਕਿਉਂਕਿ ਕਿਸੇ ਦੇਸ਼ ਨੂੰ ਅਜ ਤਾਈਂ ਏਕੇ ਤੋਂ ਬਿਨਾਂ ਸਵੈਰਾਜ ਵਰਗੀ ਅਮੋਲਕ ਵਸਤੂ ਨਾ ਪ੍ਰਾਪਤ ਹੋ ਸਕਦੀ ਹੈ ਤੇ ਨਾ ਹੋਈ ਹੈ। ਇਸ ਲੋੜਵੰਦੇ ਮੰਤਵ ਦੀ ਉਚੀ ਮੰਜਲ ਉਤੇ ਪੁਚਾਣ ਵਾਲੀ ਵਰਤਮਾਨ ਰੌ ਨੂੰ ਮੁਖ ਰਖਦਿਆਂ ਹੋਇਆਂ ਸਾਡੇ (ਨਾਮਧਾਰੀਆਂ ਦੇ) ਹਿਰਦਿਆਂ ਵਿਚ ਜੋਸ਼ ਆਯਾ ਅਤੇ ਸੋਚਿਆ ਕਿ ਦੁਨੀਆਂ ਵਿਚ ਐਸ ਵੇਲੇ ਸਾਰਿਆਂ ਨਾਲੋਂ ਸਾਨੂੰ ਬਹੁਤੇ ਨਜ਼ਦੀਕੀ ਸਾਡੇ ਸਿੰਘ ਸਭਾ ਵਾਲੇ ਭਰਾ ਹਨ। ਇਹ ਇਸ ਵਾਸਤੇ ਪਹਿਲੋਂ ਇਸਦੇ ਕਿ ਅਸੀਂ ਹੋਰ ਕਿਸੇ ਨਾਲ ਮਿਲਾਪ ਕਰਨ ਦਾ ਉਦਮ ਕਰੀਏ, ਸਾਨੂੰ ਜਰੂਰੀ ਹੈ ਕਿ ਆਪਣੇ ਗਵਾਂਢੀ ਨਾਲ ਮਿਲਾਪ ਕਰਨ ਦਾ ਕੋਈ ਸਾਧਨ ਗ੍ਰਹਿਣ ਕਰੀਏ ਕਿਉਂਕਿ ਜੇ ਸਾਡਾ ਆਪਣੇ ਘਰ ਵਿਚ ਮਿਲਾਪ ਦਾ ਵਤੀਰਾ ਕੁਝ ਵਜ਼ਨ ਨਹੀਂ ਰਖ ਸਕਦਾ ਤਾਂ ਉਹ ਕੇਹੜੀ ਵਿਉਂਤ ਹੈ ਕਿ ਅਸੀਂ ਦੁਨੀਆਂ ਦੇ ਕਿਸੇ ਹੋਰ ਮਜ਼ਹਬ ਨਾਲ ਅਭੇਦ ਹੋ ਸਕੀਏ? ਜਦੋਂ ਵਿਚਾਰ ਏਥੇ ਤਕ ਪੁਜੀ ਤਾਂ ਏਨੇ ਨੂੰ ਪਤਾ ਲਗਾ ਕਿ ਕੁਝ ਸਿੰਘ ਸਭਾ ਵਾਲੇ ਭਰਾਵਾਂ ਇਕਤ੍ਰਤਾ ਕਰਕੇ ਅਕਾਲ ਤਖਤ ਦੇ ਪੁਜਾਰੀਆਂ ਨੂੰ ਉਨ੍ਹਾਂ ਦੇ ਤਖਤ ਸਾਹਿਬ ਦੇ ਅਯੋਗ ਅਤੇ ਬਦਨੀਯਤ ਦੇ ਪ੍ਰਬੰਧ ਨੂੰ ਮੁਖ ਰਖਦਿਆਂ ਹੋਇਆਂ ਕਢਕੇ ਅਕਾਲ ਤਖਤ ਦੀ ਸੇਵਾ ਸੰਭਾਲ ਲੀਤੀ ਕਿਉਂਕਿ ਇਹ ਸਮੇਂ ਦੀ ਨਵੀਂ ਅਦਲਾ ਬਦਲੀ ਸੀ ਇਸ ਲਈ ਤਖ਼ਤ ਸਾਹਿਬ ਸੰਬੰਧੀ ਲੋਕਾਂ ਨੇ ਬੜਾ ਰੌਲਾ ਪਾਇਆ ਕਈਆਂ ਨੇ ਜਾ ਕੇ ਆਖਿਆ ਕਿ ਖਾਲਸਾ ਜੀ ਤੁਹਾਡੇ ਵਿਰੁਧ ਨਾਮਧਾਰੀ ਖਾਲਸਾ ਚੜ੍ਹਾਈ ਕਰਨ ਨੂੰ ਤਯਾਰ ਹੈ। ਭਾਵੇਂ ਇਹ ਗੱਲ ਸੋਲ੍ਹਾ ਆਨੇ ਝੂਠੀ ਸੀ ਪ੍ਰੰਤੂ ਫੇਰ ਵੀ ਨਵੇਂ ਪ੍ਰਬੰਧਾਂ ਦੇ ਹਿਰਦਿਆਂ ਵਿਚ ਭੈ ਪੌਣ ਤੋਂ ਖਾਲੀ ਨਹੀਂ ਰਹਿ ਸਕਦੀ ਸੀ। ਇਸ ਲਈ ਇਕ ਦਿਨ ਭਾਈ ਤੇਜਾ ਸਿੰਘ ਚੂਹੜਕਾਣੇ ਵਾਲੇ ਸਾਡੇ ਪਾਸ (ਲਾਹੌਰ) ਪੁਜੇ ਅਤੇ ਸਾਡੇ ਨਾਲ ਬੜੇ ਹੀ ਪ੍ਰੇਮ ਨਾਲ

ਬਚਨ ਬਿਲਾਸ ਕਰਦਿਆਂ ਹੋਇਆਂ ਦਸਿਆ ਕਿ :

> "ਗੁਰਦੁਆਰਿਆਂ ਦੇ ਪ੍ਰਬੰਧ ਸੰਬੰਧੀ ਹਾਲੀ ਇਕ ਨਵਾਂ ਸਿਖਾਂ ਦੀ ਆਰਜੀ ਕਮੇਟੀ ਨੀਯਤ ਕੀਤੀ ਗਈ ਹੈ ਜੀਧੇ (ਸ੍ਰੀ ਗੁਰਦਯਾਲ ਸਿੰਘ ਜੀ) ਵੀ ਮੈਂਬਰ ਹਨ। ਲੋਕੀਂ ਜਾ ਜਾਕੇ ਸਾਨੂੰ ਕਈ ਪ੍ਰਕਾਰ ਦੀਆਂ ਝੂਠੀਆਂ ਸੱਚੀਆਂ ਗਲਾਂ ਅਖਦੇ ਹਨ ਇਸ ਵਾਸਤੇ ਚੰਗੀ ਹੋਵੇ ਜੇ ਤੁਸੀਂ ਭਲਕੇ ਅਜ ਸ੍ਰੀ ਅੰਮ੍ਰਿਤਸਰ ਜੀ ਜਾ ਕੇ ਇਕ ਐਲਾਨ ਕਰ ਆਵੋ ਕਿ ਅਸੀਂ ਤੁਹਾਡੇ ਨਾਲ ਹਾਂ। ਇਸ ਵਿਉਂਤ ਨਾਲ ਲੋਕਾਂ ਦੀ ਸਾਡੇ ਅਤੇ ਤੁਸਾਡੇ ਵਿਚ ਬੈਇਤਫਾਕੀ ਦੀ ਗਲਤ ਫਹਿਮੀ ਦੂਰ ਹੋ ਜਾਵੇਗੀ। ਇਸ ਵਹਿਮ ਦੇ ਦੂਰ ਕਰਨ ਦਾ ਇਕ ਹੋਰ ਸਾਧਨ ਹੋ ਸਕਦਾ ਹੈ ਅਤੇ ਉਹ ਇਹ ਹੈ ਕਿ ਪਿੰਡਾਂ ਵਿਚ ਜਾ ਕੇ ਸਾਡੇ ਅਤੇ ਤੁਹਾਡੇ ਪ੍ਰਚਾਰਕ ਇਕੱਠੇ ਹੋ ਕੇ ਪ੍ਰਚਾਰ ਕਰੀਏ।"

ਭਾਈ ਹੋਰਾਂ ਦੀ ਇਸ ਪ੍ਰੇਮ ਭਰੀ ਮਿਲਾਪ ਦੀ ਵਿਉਂਤ ਨੂੰ ਸੁਣਕੇ ਅਸਾਂ ਉਤਰ ਦਿੱਤਾ ਕਿ ਭਾਈ ਜੀ ਸਾਡਾ ਤਾਂ ਮੁਢ ਤੋਂ ਹੀ ਇਹ ਖਯਾਲ ਹੈ ਕਿ ਸਾਡਾ ਤੁਹਾਡਾ ਮਿਲਾਪ ਹੋਣਾ ਜਰੂਰੀ ਅਤੇ ਅਸੀ ਅੱਜ ਤਕ ਮਿਲਾਪ ਦਾ ਯਤਨ ਕਰਦੇ ਚਲੇ ਆਏ ਹਾਂ ਅਤੇ ਹੁਣ ਕਰਨ ਨੂੰ ਤਯਾਰ ਹਾਂ। ਤੁਹਾਡੇ ਬਚਨ ਨੂੰ ਸਿਰ ਮੱਥੇ ਉੱਤੇ ਰਖਦੇ ਹੋਏ ਆਸਾ ਹੈ ਕਿ ਜਰੂਰ ਅਕਾਲ ਤਖਤ ਆ ਕੇ ਯਾ ਆਪਣੇ ਕਿਸੇ ਹੋਰ ਪ੍ਰਚਾਰਕ ਨੂੰ ਘਲ ਕੇ ਲੋਕਾਂ ਦੇ ਸ਼ਕ ਦੂਰ ਕਰ ਦੇਆਂਗੇ। ਇਸ ਵਾਸਤੇ ਮੈਂ (ਨਿਧਾਨ ਸਿੰਘ) ਭਾਈ ਇੰਦਰ ਸਿੰਘ ਚਕਰਵਰਤੀ ਇਕ ਯਾ ਦੋ ਦਿਨ ਪਿਛੋਂ ਅਕਾਲ ਤਖਤ ਤੇ ਗਏ ਅਤੇ ਭਾਈ ਕਰਤਾਰ ਸਿੰਘ ਜੀ "ਝੱਬਰ" ਨਾਲ ਮਿਲਕੇ ਗਲਬਾਤ ਸ਼ੁਰੂ ਹੋਈ। ਭਾਈ ਕਰਤਾਰ ਸਿੰਘ ਜੀ ਨੇ ਸਾਨੂੰ ਪੁਛਿਆ ਕਿ ਭਾਈ ਜੀ ਅਸਾਂ ਜੋ ਕੁਛ ਕੀਤਾ ਹੈ ਇਹ ਤੁਹਾਡੀ ਯਾ ਲਾਹੌਰ ਵਾਲੀ ਸੰਗਤ ਦੀ ਕੋਈ ਵਿਰੋਧਤਾ ਤਾਂ ਨਹੀਂ? ਅਗੋਂ ਅਸੀਂ ਉੱਤਰ ਵਿਚ ਆਖਿਆ ਕਿ ਬਿਲਕੁਲ ਨਹੀਂ ਪਰੰਤੂ ਉਹ ਹੱਕ ਤੱਕ ਕਿ ਜਦੋਂ ਵਿਚ ਤੁਹਾਡੇ ਵਲੋਂ ਕੋਈ ਅਜੇਹੀ ਉਤਪਾਦ ਉਤਪਨ ਨਾ ਹੋਵੇ ਕਿ ਜਿਹੜੀ ਮਿਲਾਪ ਦੇ ਪਾਣੀ ਦੀ ਰਫਤਾਰ ਨੂੰ ਘਟ ਕਰਦੀ ਕਰਦੀ ਬੇਇਤਫਾਕੀ ਦਾ ਨੱਕਾ ਹੀ ਰੋੜ੍ਹ ਦੇਵੇ। ਭਾਈ ਕਰਤਾਰ ਸਿੰਘ ਜੀ ਨੇ ਆਖਿਆ 'ਨਹੀਂ ਜੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ' ਇਹ ਕਦੀ ਹੋ ਸਕਦਾ ਹੈ? ਪਰੰਤੂ ਮੇਰੀ ਬੇਨਤੀ ਇਹ ਹੈ ਕਿ ਹੁਣ ਤੁਸੀਂ ਸੰਗਤ ਇਕੱਠੀ ਹੋ ਜਾਂਦੀ ਹੈ ਅਤੇ ਤੁਸੀਂ ਜ਼ਰਾ ਲੋਕਾਂ ਦੇ ਸ਼ਕ ਦੂਰ ਕਰਨ ਹਿਤ ਥੋੜਾ ਜੇਹਾ ਲੈਕਚਰ ਕਰ ਦੇਵੋ ਕਿ ਤੁਸੀਂ ਏਸ ਕਾਰਵਾਈ ਦੇ ਉਲਟ ਨਹੀਂ ਹੋ। ਭਾਈ ਜੀ ਦਾ ਇਹ ਬਚਨ ਪ੍ਰਵਾਨ ਕਰਦਿਆਂ ਹੋਇਆਂ ਅਸਾਂ ਲੈਕਚਰ ਦਿਤੇ ਜਿਨ੍ਹਾਂ ਵਿਚ ਭਲੀ ਪ੍ਰਕਾਰ ਲੋਕਾਂ ਨੂੰ ਦਸਿਆ ਕਿ ਭਾਈ ਅਸੀਂ ਅਤੇ ਸਿੰਘ ਸਭੀਏ ਇਕ ਹੀ ਪਿਤਾ ਦੇ ਪੁਤ੍ਰ ਹਾਂ। ਇਨ੍ਹਾਂ ਲੈਕਚਰਾਂ ਨੇ ਲੋਕਾਂ ਦੇ ਦਿਲਾਂ

ਉਤੇ ਡਾਢਾ ਅਸਰ ਕੀਤਾ ਅਤੇ ਉਹ ਸ਼ਰਾਰਤੀ ਜੇਹੜੇ ਆਖਦੇ ਸਨ ਕਿ ਸਿੰਘ ਸਭੀਆਂ ਦੇ ਖਵਰ ਨਾਮਧਾਰੀ ਲੈਣਗੇ ਸ਼ਮਿੰਦੇ ਹੋਏ ਅਤੇ ਇਹ ਗਲਾਂ ਕਰਨੋ ਹਟ ਗਏ...।"

ਨਾਮਧਾਰੀ ਪੰਥ ਨਾਲ ਇਸ ਪ੍ਰਕਾਰ ਜੋ ਅਕਾਲੀਆਂ ਨੇ ਸਮਝੌਤਾ ਕੀਤਾ ਸੀ ਨਾਮਧਾਰੀ ਪੰਥ ਉਸ ਤੇ ਪੂਰਾ ਉਤਰਿਆ। ਅਕਾਲੀਆਂ ਨੇ ਆਪਣਾ ਮਤਲਬ ਕਢਿਆ ਅਤੇ ਆਪਣਾ ਰਸਤਾ ਸਾਫ ਕਰ ਲਿਆ ਜਿਸ ਕਾਰਨ ਨਿਹੰਗ ਸਿੰਘ ਕਮਜ਼ੋਰ ਪੈ ਗਏ। ਭਾਵੇਂ ਕਾਨੂੰਨੀ ਤੌਰ ਤੇ 15 ਨਵੰਬਰ 1920 ਈ: ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ ਸੀ ਪਰੰਤੂ ਕਮੇਟੀ ਦੇ ਮੈਂਬਰਾਂ ਵਿਚ ਭੰਨ ਤੋੜ ਕਾਫੀ ਸਮਾਂ ਪਹਿਲਾਂ ਹੁੰਦੀ ਰਹੀ ਸੀ, ਜਿੰਨੇ ਮੂੰਹ ਉਨੀਆਂ ਗੱਲਾਂ ਹੋ ਰਹੀਆਂ ਸਨ ਪਰੰਤੂ ਇਤਿਹਾਸਕ ਸੱਚ ਸਾਹਮਣੇ ਸੀ ਕਿ ਕਮੇਟੀ ਵਿਚ ਜ਼ਿਲ੍ਹਾ ਲੁਧਿਆਣਾ ਤੋਂ ਮਹਾਰਾਜ ਗੁਰਦਿਆਲ ਸਿੰਘ ਜੀ, ਜ਼ਿਲ੍ਹਾ ਅੰਮ੍ਰਿਤਸਰ ਤੋਂ ਰਾਗੀ ਹਰਨਾਮ ਸਿੰਘ ਚਵਿੰਡਾ, ਜ਼ਿਲ੍ਹਾ ਲਾਹੌਰ ਤੋਂ ਧਿਆਨ ਸਿੰਘ ਪੱਥਰਾਂ ਵਾਲੇ ਅਤੇ ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਨਾਮਧਾਰੀ ਪੰਥ ਵਲੋਂ ਪਹਿਲੀ ਵਾਰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਮੈਂਬਰ ਕੋਆਪਟ ਕੀਤੇ ਗਏ ਸਨ ਪਰੰਤੂ ਨਾਮਧਾਰੀ ਪੰਥ ਹੋਰ ਮੈਂਬਰ ਪੰਥ ਦੇ ਕੋਆਪਟ ਕਰਵਾਉਣੇ ਚਾਹੁੰਦੇ ਸੀ ਜਿਸਦਾ ਜ਼ਿਕਰ ਸਤਿਜੁਗ ਅਖ਼ਬਾਰ ਦੇ 8 ਦਸੰਬਰ 1920 ਈ: ਦੇ ਅੰਕ ਵਿਚ ਆਉਂਦਾ ਹੈ।

ਅਕਾਲੀਆਂ ਨੇ ਨਾਮਧਾਰੀ ਪੰਥ ਦੇ ਹੋਰ ਮੈਂਬਰ ਕੋਆਪਟ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਸੀ ਅਤੇ ਕਿਹਾ ਕਿ ਜੇਕਰ ਨਾਮਧਾਰੀ ਪੰਥ ਕਮੇਟੀ ਵਿਚ ਹੋਰ ਮੈਂਬਰਾਂ ਦੀ ਗਿਣਤੀ ਲਿਆਉਣਾ ਚਾਹੁੰਦਾ ਹੈ ਤਾਂ ਇਲੈਕਸ਼ਨ ਲੜ ਲਵੇ ਜਿਸ ਦਾ ਜ਼ਿਕਰ ਸਰਕਾਰੀ ਫਾਈਲਾਂ ਵਿਚ ਆਉਂਦਾ ਹੈ।[7]

ਰੋਜ਼ਾਨਾ ਅਕਾਲੀ ਅਖਬਾਰ, ਲਾਹੌਰ ਨੇ 27 ਅਕਤੂਬਰ 1920 ਦੇ ਅੰਕ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਲਿਸਟ ਪ੍ਰਕਾਸ਼ਤ ਕੀਤੀ ਸੀ ਜੋ ਇਸ ਪ੍ਰਕਾਰ ਹੈ :

1) ਸ. ਖੜਕ ਸਿੰਘ ਜੀ ਬੀ.ਏ. ਰਈਸ ਸਿਆਲਕੋਟ।
2) ਸ. ਹਰਚੰਦ ਸਿੰਘ ਰਈਸ ਲਾਇਲਪੁਰ
3) ਬਾਬਾ ਗੁਰਦਿਆਲ ਸਿੰਘ ਜੀ ਭੈਣੀ ਸਾਹਿਬ ਵਾਲੇ
4) ਮਾਸਟਰ ਤਾਰਾ ਸਿੰਘ ਜੀ ਬੀ.ਏ. ਹੈਡ ਮਾਸਟਰ ਹਾਈ ਸਕੂਲ, ਲਾਇਲਪੁਰ।
5) ਭਾਈ ਜੋਧ ਸਿੰਘ ਜੀ ਐਮ.ਏ. ਪ੍ਰਿੰ: ਗੁ.ਨਾ. ਕਾਲਜ, ਗੁਜਰਾਂਵਾਲਾ।
6) ਸੰਤ ਤੇਜਾ ਸਿੰਘ ਜੀ ਐਮ.ਏ.ਏ.ਐਮ, ਪ੍ਰਿੰ: ਅਕਾਲ ਕਾਲਜ, ਮਸਤੂਆਨਾ।
7) ਬਾਵਾ ਹਰਿਕ੍ਰਿਸ਼ਨ ਸਿੰਘ ਜੀ ਐਮ.ਏ. ਪ੍ਰੋ: ਖਾਲਸਾ ਕਾਲਜ, ਅੰਮ੍ਰਿਤਸਰ।
8) ਸ. ਨਿਰੰਜਨ ਸਿੰਘ ਜੀ ਐਮ.ਐਸ.ਸੀ. ਪ੍ਰੋ: ਖਾਲਸਾ ਕਾਲਜ, ਅੰਮ੍ਰਿਤਸਰ।
9) ਸ. ਲਾਲ ਸਿੰਘ ਜੀ, ਬੀ.ਐਸ.ਸੀ.ਐਲ.ਐਲ.ਬੀ, ਲੁਧਿਆਣਾ।

10) ਸ. ਉਜਲ ਸਿੰਘ ਜੀ ਐਮ.ਏ. ਮੀਆਚੰਨੂ
11) ਸ. ਅਮਰ ਸਿੰਘ ਜੀ ਝਬਾਲ (ਡਿਆਲ ਭੜੰਗ) ਅੰਮ੍ਰਿਤਸਰ।
12) ਸ. ਸੁੰਦਰ ਸਿੰਘ ਜੀ ਚਾਵਲਾ ਰਈਸ ਲਾਹੌਰ।
13) ਸ. ਤੇਜਾ ਸਿੰਘ ਸਮੁੰਦਰੀ
14) ਸ. ਸਰਦੂਲ ਸਿਘ ਜੀ ਕਵੀਸ਼ਰ, ਲਾਹੌਰ
15) ਮਾਸਟਰ ਸੁੰਦਰ ਸਿੰਘ ਜੀ ਲਾਇਲਪੁਰੀ
16) ਗਿਆਨੀ ਸ਼ੇਰ ਸਿੰਘ ਜੀ ਸਿੰਘ ਸਭਾ ਰਾਵਲਪਿੰਡੀ
17) ਭਾਈ ਕਰਤਾਰ ਸਿੰਘ ਜੀ ਝੱਬਰ
18) ਸ. ਅਮਰ ਸਿੰਘ ਜੀ ਐਡੀਟਰ ਲਾਇਲ ਗ਼ਜ਼ਟ
19) ਸ. ਬਖਸ਼ੀਸ਼ ਸਿੰਘ ਜੀ ਸਮੁੰਦਰੀ
20) ਭਾਈ ਤੇਜਾ ਸਿੰਘ ਜੀ ਮਾੜਾ ਦੀਵਾਨ
21) ਸ. ਚਰਨ ਸਿੰਘ ਜੀ ਐਹਲਕਾਰ, ਨਾਭਾ
22) ਸ. ਜੋਗਿੰਦਰ ਸਿੰਘ ਜੀ ਸ੍ਰੀ ਗੁਰੂ ਸਿੰਘ ਸਭਾ, ਪਟਿਆਲਾ
23) ਸ. ਸਮਸ਼ੇਰ ਸਿੰਘ ਜੀ ਐਡੀਟਰ ਇੰਡੀਆ
24) ਸ. ਅਵਤਾਰ ਸਿੰਘ ਜੀ ਬੈਰਿਸਟਰ ਗੁਜਰਾਂਵਾਲਾ
25) ਬਾਬਾ ਕੇਹਰ ਸਿੰਘ ਜੀ ਪੱਟੀ
26) ਸ. ਹੀਰਾ ਸਿੰਘ ਨਾਰਲੀ
27) ਸ. ਹਰਦਿਆਲ ਸਿੰਘ ਜੀ ਬੈਹੜਵਾਲੀਆ
28) ਭਾਈ ਮੰਗਲ ਸਿੰਘ ਨਾਮਧਾਰੀ
29) ਭਾਈ ਹਰਨਾਮ ਸਿੰਘ ਜੀ ਚਵਿੰਡਾ
30) ਭਾਈ ਅਰਜਨ ਸਿੰਘ ਜੀ ਧੀਰਕਾ
31) ਸ. ਰਾਮ ਸਿੰਘ ਜੀ ਐਡੀਟਰ ਪੰਚ
32) ਮਾਸਟਰ ਚੰਦਾ ਸਿੰਘ ਜੀ ਐਡੀਟਰ ਪੰਥ ਸੇਵਕ
33) ਸ. ਦਾਨ ਸਿੰਘ ਜੀ ਵਿਛੋਆ
34) ਮਾਸਟਰ ਸੋਤਾ ਸਿੰਘ ਜੀ
35) ਸ. ਮੰਗਲ ਸਿੰਘ ਐਡੀਟਰ 'ਅਕਾਲੀ'

1) ਉਪਰੋਕਤ ਦੋਹਾਂ ਅਖਬਾਰਾਂ ਰੋਜ਼ਾਨਾ ਅਕਾਲੀ ਅਤੇ ਸਤਿਜੁਗ ਸਪਤਾਹਿਕ ਦੇ ਅੰਕਾਂ ਅਨੁਸਾਰ ਪਹਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ (1) ਭਾਈ ਮੰਗਲ ਸਿੰਘ ਨਾਮਧਾਰੀ (ਅਰਸ਼ੀ ਫਰਿਸ਼ਤਾ), (2) ਭਾਈ ਹਰਨਾਮ ਸਿੰਘ (ਰਾਮੀ) ਚਵਿੰਡੇ ਵਾਲੇ, (3) ਭਾਈ ਧਿਆਨ ਸਿੰਘ ਪੱਥਰਾਂ ਵਾਲੇ, (4) ਮਹਾਰਾਜ ਗੁਰਦਿਆਲ ਸਿੰਘ ਜੀ ਨਾਮਧਾਰੀ ਪੰਥ ਵੱਲੋਂ ਕੋਆਪਟ (ਨਾਮਜਾਦ) ਕੀਤੇ ਗਏ ਸਨ। ਇਹੋ 35 ਮੈਂਬਰ

15 ਨਵੰਬਰ 1920 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਸਮੇਂ 117 ਮੈਂਬਰਾ ਦੀ ਗਿਣਤੀ ਵਿਚ ਤਬਦੀਲ ਹੋ ਗਏ ਸਨ ਅਰਥਾਤ 35 ਮੈਂਬਰ ਤੋਂ ਗਿਣਤੀ ਵਧਾ ਕੇ 117 ਮੈਂਬਰ ਕਰ ਦਿੱਤੀ ਗਈ ਸੀ।

ਨਾਮਧਾਰੀ ਪੰਥ ਨੂੰ ਭਾਵੇਂ ਪਤਾ ਸੀ ਕਿ ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਲੇ ਨਾਮਧਾਰੀ ਪੰਥ ਨਾਲ ਇਕ ਸੁਰ ਨਹੀਂ ਸਨ ਪਰੰਤੂ ਫਿਰ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਕਾਲੀਆਂ ਨਾਲ ਹਿੱਤ ਕਰਦੇ ਸਨ। ਇਤਿਹਾਸ ਗਵਾਹ ਹੈ ਕਿ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਵਿਚ ਅਕਾਲੀਆਂ ਨਾਲ ਨਾਮਧਾਰੀ ਪੰਥ ਨੇ ਪੂਰਨ ਸਹਿਯੋਗ ਦਿੱਤਾ ਸੀ। ਨਨਕਾਣਾ ਸਾਹਿਬ ਦੇ ਮੋਰਚੇ ਵਿੱਚ 15 ਨਾਮਧਾਰੀ ਸਿੰਘ ਸ਼ਹੀਦ ਹੋਏ ਸਨ ਜੋ ਨਿਜ਼ਾਮਪੁਰ ਦੇਵ ਸਿੰਘ ਵਾਲਾ (ਬਾਰ ਦੇ ਇਲਾਕੇ) ਦੇ ਵਸਨੀਕ ਸਨ।[8] ਫਿਰ ਗੁਰੂ ਕੇ ਬਾਗ ਦਾ ਮੋਰਚਾ, ਜੈਤੋ ਦੇ ਮੋਰਚੇ ਆਦਿਕ ਵਿਚ ਨਾਮਧਾਰੀਆਂ ਨੇ ਅਕਾਲੀਆਂ ਨੂੰ ਯੋਗਦਾਨ ਦਿੱਤਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਯੋਗਦਾਨ ਦੀ ਮਿਸਾਲ ਇਸ ਪ੍ਰਕਾਰ ਹੈ :

ਕਿਹਾ ਜਾਂਦਾ ਹੈ ਕਿ ਲਾਹੌਰ ਵਿਚ ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਸਥਾਨ ਅੰਗਰੇਜ ਸਰਕਾਰ ਅਕਾਲੀਆਂ ਨੂੰ ਦੇ ਨਹੀਂ ਰਹੀ ਸੀ। ਅਕਾਲੀਆਂ ਦੀ ਨਾਮਧਾਰੀਆਂ ਨਾਲ ਅੰਦਰੂਨੀ ਦੁਸ਼ਮਣੀ ਜਗ ਜਾਹਰ ਸੀ। ਪੰਜਾਬ ਦੇ ਗਵਰਨਰ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਕਿਹਾ ਸੀ ਕਿ ਤੁਸੀਂ ਸਾਡੇ ਹੱਕ ਵਿਚ ਦਸਤਖਤ ਕਰ ਦੇਵੋ, ਫਿਰ ਦੇਖਿਓ, ਅਸੀਂ ਅਕਾਲੀਆਂ ਨੂੰ ਕਿਵੇਂ ਸਿੱਧੇ ਕਰ ਦਿਆਂਗੇ? ਗਵਰਨਰ ਦੇ ਬੋਲ ਸੁਣਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਤੈਸ਼ ਵਿਚ ਆ ਗਏ ਸਨ ਅਤੇ ਸਰਕਾਰ ਦੀ ਪੇਸ਼ਕਸ਼ ਠੁਕਰਾ ਦਿੱਤੀ ਸੀ।[9] ਉਸ ਇਤਿਹਾਸਕ ਤੱਥ ਬਾਰੇ ਸੁਖਜੀਤ ਕਹਾਣੀਕਾਰ ਇਸ ਪ੍ਰਕਾਰ ਲਿਖਦਾ ਹੈ :

> "...ਗੁਰੂ ਜਗਜੀਤ ਸਿੰਘ ਦੇ ਪਿਤਾ ਗੁਰੂ ਪ੍ਰਤਾਪ ਸਿੰਘ ਅੰਦਰ ਵੀ ਸਿਖੀ ਦਾ ਇਹੋ ਦਰਦ ਸੀ, ਜਦੋਂ ਭਾਈ ਤਾਰੂ ਸਿੰਘ ਸ਼ਹੀਦ ਵਾਲੀ ਜਗ੍ਹਾ ਸਰਕਾਰ ਸਿਖਾਂ ਨੂੰ ਦੇ ਨਹੀਂ ਰਹੀ ਸੀ, ਅਕਾਲੀਆਂ ਮੋਰਚਾ ਲਾ ਦਿੱਤਾ। ਗੁਰੂ ਪ੍ਰਤਾਪ ਸਿੰਘ ਨੂੰ ਘੋੜੇ ਰਖਣ ਦਾ ਸ਼ੋਕ ਸੀ। ਰੇਸਾਂ 'ਚ ਭਜਾਉਂਦੇ ਵੀ, ਰੇਸ ਕੋਰਸ 'ਚ ਉਨ੍ਹਾਂ ਦਾ ਵੱਡੇ ਵੱਡੇ ਅਫਸਰਾਂ ਨਾਲ ਮੇਲ ਜੋਲ ਹੁੰਦਾ । ਉਸ ਵੇਲੇ ਦੇ ਗਵਰਨਰ ਇਕ ਦਿਨ ਗੁਰੂ ਪ੍ਰਤਾਪ ਸਿੰਘ ਨੂੰ ਆਖਣ ਲਗਾ ਕਿ ਤੁਹਾਡੇ ਨਾਲ ਕਿਹੜਾ ਅਕਾਲੀ ਚੰਗਾ ਵਰਤਦੇ ਨੇ, ਅਸੀਂ ਸਿੱਖ ਸੰਪ੍ਰਦਾਵਾਂ ਤੋਂ ਭਾਈ ਤਾਰੂ ਸਿੰਘ ਦੀ ਥਾਂ ਵਾਸਤੇ ਸਰਕਾਰ ਦੇ ਪੱਖ ਚ ਲਿਖਾ ਰਹੇ ਆਂ। ਤੁਸੀਂ ਵੀ ਚਾਰ ਲਾਈਨਾਂ ਲਿਖ ਦਿਓ ਫੇਰ ਵੇਖੋ ਮੈਂ ਅਕਾਲੀਆਂ ਨੂੰ ਕਿਵੇਂ ਸਬਕ ਸਿਖਾਉਨਾ। ਦੱਸਦੇ ਨੇ ਗੁਰੂ ਜੀ ਉਠਕੇ ਖੜ੍ਹੇ ਹੋ ਗਏ। ਤੈਸ਼ 'ਚ ਆਖਣ ਲੱਗੇ, "ਗਵਰਨਰ ਸਾਹਿਬ,

ਭਾਈ ਤਾਰੂ ਸਿੰਘ ਸਾਡੇ ਪੁਰਖੇ ਨੇ, ਉਹਨਾਂ ਸਾਡੇ ਲਈ ਖੋਪੜੀ ਲੁਹਾਈ ਐ। ਉਹਨਾਂ ਦੀ ਜਗ੍ਹਾ ਲਈ ਨਾਮਧਾਰੀਆਂ ਦਾ ਬੱਚਾ ਬੱਚਾ ਸਿਰ ਕਟਵਾ ਦੇਵੇਗਾ।"

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਿੰਘ ਸਭੀਏ ਅਕਾਲੀ ਭਰਾਵਾਂ ਨਾਲ ਤਹਿਦਿਲ ਤੋਂ ਪ੍ਰੇਮ ਦੀ ਇਕ ਹੋਰ ਉਦਾਹਰਨ ਦੇ ਕੇ ਮੈਂ ਪੇਪਰ ਦੇ ਵਿਸ਼ੇ ਨੂੰ ਅੱਗੇ ਤੋਰਾਂਗਾ। 1920 ਈ: ਦੇ ਨਵੰਬਰ ਮਹੀਨੇ ਨਨਕਾਣਾ ਸਾਹਿਬ ਗੁਰਦੁਆਰੇ ਦਾ ਮਹੰਤ ਨਰੈਣ ਦਾਸ ਆਪਣੇ ਸਾਥੀਆਂ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ ਆਇਆ ਸੀ ਅਤੇ ਗੁਰਦੁਆਰੇ ਦੀਆਂ ਚਾਬੀਆਂ ਦਾ ਗੁਛਾ ਸਤਿਗੁਰੂ ਜੀ ਅੱਗੇ ਰੱਖ ਕੇ ਮੱਥਾ ਟੇਕਿਆ ਸੀ ਅਤੇ ਕਿਹਾ ਸੀ ਕਿ ਤੁਸੀਂ ਗੁਰੂ ਹੋ, ਲੰਗਰ ਚਲਾਉਂਦੇ ਹੋ। ਅਗੋਂ ਸਤਿਗੁਰਾਂ ਨੇ ਹੱਥ ਨਾਲ ਚਾਬੀਆਂ ਦਾ ਗੁੱਛਾ ਚੁਕ ਕੇ ਮੁੜ ਮਹੰਤ ਨੂੰ ਪਕੜਾ ਦਿੱਤਾ ਸੀ ਅਤੇ ਕਿਹਾ ਸੀ ਕਿ ਸਾਨੂੰ ਕਰਤੇ ਵਲੋਂ ਭਜਨ ਬਾਣੀ ਕਰਨ ਤੇ ਕਰਾਉਣ ਦਾ ਹੁਕਮ ਹੈ।[10] ਮਹੰਤ ਨਿਰਾਸ ਹੋ ਵਾਪਸ ਚਲਾ ਗਿਆ ਸੀ ਉਸ ਆਖਿਆ ਸੀ ਕਿ ਤੁਸੀਂ ਚਾਬੀਆਂ ਲੈ ਲਵੋ ਪ੍ਰੰਤੂ ਮੈਂ ਅਕਾਲੀਆਂ ਨੂੰ ਚਾਬੀਆਂ ਨਹੀਂ ਦੇਵਾਂਗਾ। ਉਹਨਾਂ ਇਤਿਹਾਸਕ ਘਟਨਾਵਾਂ ਤੋਂ, ਜੋ ਉਪਰ ਅੰਕਿਤ ਹਨ, ਪਤਾ ਲੱਗਦਾ ਹੈ ਕਿ ਸਤਿਗੁਰੂ ਜੀ ਕਿੰਨਾ ਕੁ ਅਕਾਲੀ ਸਿੰਘਾਂ ਨਾਲ ਪ੍ਰੇਮ ਕਰਦੇ ਸਨ।

ਹੋਰ ਮੈਂਬਰ ਇਸ ਪ੍ਰਕਾਰ ਸਮੇਂ ਸਮੇਂ ਕਮੇਟੀ ਵਿਚ ਗਏ—

2. 1936 ਈ: ਵਿਚ ਸ. ਆਤਮਾ ਸਿੰਘ ਰਾਵਲਪਿੰਡੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਣੇ, ਉਹਨਾਂ ਨੇ ਚੋਣ ਜਿਤੀ ਸੀ। ਉਹ ਉਸ ਸਮੇਂ ਨਾਮਧਾਰੀ ਦਰਬਾਰ ਦੇ ਪ੍ਰਧਾਨ ਵੀ ਸਨ।[11]
3. 1939 ਈ: ਵਿਚ ਗੁਰਬਖਸ਼ ਸਿੰਘ ਜੀਆ ਬੱਗਾ, ਡਾਕਖਾਨਾ ਕਾਹਨਾ ਨਾਉ ਜਿਲਾ ਲਾਹੌਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਣੇ ਸਨ।[12]
4. 1948 ਈ: ਵਿਚ ਸੰਤ ਇੰਦਰ ਸਿੰਘ ਚਕਰਵਰਤੀ ਲੈਲਕਲਾਂ (ਪਟਿਆਲਾ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਨ।[13]
   ਉਹ ਕੋਆਪਟਿਡ ਮੈਂਬਰ ਸਨ। ਜਦੋਂ 1971 ਈ: ਵਿਚ ਉਹਨਾਂ ਦੀ ਮੌਤ ਹੋਈ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰੰਬਧਕ ਕਮੇਟੀ ਦੇ ਜਨਰਲ ਇਜਲਾਸ ਵਿਚ ਉਹਨਾਂ ਪ੍ਰਤੀ ਸ਼ੋਕ ਸਭਾ ਮੈਂਬਰਾਂ ਵਲੋਂ ਪਾਸ ਕੀਤਾ ਗਿਆ ਸੀ।[14] ਅਤੇ ਉਹਨਾਂ ਦੀ ਰੂਹ ਦੀ ਆਤਮਿਕ ਸ਼ਕਤੀ ਲਈ ਅਤੇ ਪਿਛੋਂ ਪ੍ਰਵਾਰ ਨੂੰ ਅਕਾਲ ਪੁਰਖ ਦਾ ਭਾਣਾ ਮੰਨਣ ਲਈ ਅਰਦਾਸ ਕੀਤੀ ਗਈ ਸੀ।
5. ਸ੍ਰ. ਜਸਵਿੰਦਰ ਸਿੰਘ ਹਿਸਟੋਰੀਅਨ (ਦਿੱਲੀ ਵਾਲੇ) 1976 ਤੋਂ 2003 ਤਕ ਲਖਨਊ ਤੋਂ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਪਿਟ ਮੈਂਬਰ ਰਹੇ ਹਨ।

ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸਰੋਵਰ ਦੀ ਕਾਰ ਸੇਵਾ ਸਿੱਖਾਂ ਵੱਲੋਂ 1973 ਈ: ਵਿਚ ਹੋਈ ਸੀ, ਇਸ ਤੋਂ ਪਹਿਲਾਂ ਕਾਰ ਸੇਵਾ 1923 ਈ: ਵਿਚ ਹੋਈ ਸੀ। ਉਸ ਤੋਂ 50 ਸਾਲ ਬਾਅਦ 1973 ਈਸਵੀ ਵਿਚ ਹੋਈ ਜਿਸ ਵਿਚ ਸਿੱਖ ਪੰਥ ਦੀ ਹਰ ਸੰਪ੍ਰਦਾ ਅਤ ਗੁਰੂ ਪਿਆਰੇ ਮਾਈ ਭਾਈ ਨੇ ਕਾਰ ਸੇਵਾ ਵਿਚ ਹਿੱਸਾ ਲਿਆ ਸੀ। ਸਤਿਗੁਰੂ ਜਗਜੀਤ ਸਿੰਘ ਜੀ ਵੀ ਨਾਮਧਾਰੀ ਸੰਗਤ ਨਾਲ ਸ੍ਰੀ ਅੰਮ੍ਰਿਤਸਰ ਪਹੁੰਚੇ ਸਨ ਅਤੇ ਕਾਰ ਸੇਵਾ ਕੀਤੀ ਸੀ। ਉਸ ਘਟਨਾ ਬਾਰੇ ਵਿਸਥਾਰ ਸਹਿਤ ਪ੍ਰੋ. ਕਿਰਪਾਲ ਸਿੰਘ ਕਸੇਲ ਇਸ ਪ੍ਰਕਾਰ ਲਿਖਦੇ ਹਨ।[15]

ਸ੍ਰੀ ਹਰਿਮੰਦਰ ਸਾਹਿਬ ਦੇ ਰਾਮਦਾਸ ਸਰੋਵਰ ਦੀ ਕਾਰ ਸੇਵਾ, ਅੱਜ (1973) ਤੋਂ ਅੱਧੀ ਸਦੀ ਪਹਿਲਾਂ 1925 ਵਿਚ ਕਰਵਾਈ ਗਈ ਸੀ। ਹੁਣ ਸੰਤ ਬਾਬਾ ਜਿਊਣ ਸਿੰਘ ਦੀ ਨਿਗਰਾਨੀ ਵਿਚ ਕਾਰ ਸੇਵਾ ਦਾ ਆਰੰਭ 18 ਅਪੈਲ ਨੂੰ ਹੋਣਾ, ਪਰ ਇਹ ਫੈਸਲਾ ਕੀਤਾ ਗਿਆ ਕਿ ਕਾਰਸੇਵਾ ਤੋਂ ਪਹਿਲਾਂ ਤਿਨਾਂ ਬਾਹੀਆਂ ਦੇ ਪੌੜਾਂ ਦੀ ਮੁਰੰਮਤ ਕਰਵਾ ਲਈ ਜਾਵੇ। ਸ੍ਰੀ ਦਰਬਾਰ ਸਾਹਿਬ ਕਮੇਟੀ ਦੇ ਸਕੱਤਰ ਦੀ ਸੂਚਨਾ ਦੇਣ ਉਤੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਮਧਾਰੀ ਸੰਗਤਾਂ ਨਾਲ, 13 ਮਈ ਨੂੰ ਅੰਮ੍ਰਿਤਸਰ ਪੁੱਜੇ। ਸ੍ਰੋ. ਗੁ. ਪ੍ਰਬੰਧਕ ਕਮੇਟੀ ਦੇ ਦਫਤਰ ਵਿਚ ਪਹੁੰਚੇ ਤਾਂ ਸ. ਗੁਰਦਿਆਲ ਸਿੰਘ ਢਿੱਲੋਂ ਸਪੀਕਰ ਲੋਕ ਸਭਾ, ਸ. ਗੁਰਚਰਨ ਸਿੰਘ ਟੋਹੜਾ, ਪ੍ਰਧਾਨ ਗੁਰਦਵਾਰਾ ਪ੍ਰਬੰਧਕ ਕਮੇਟੀ, ਸਰਦਾਰ ਮੋਹਣ ਸਿੰਘ ਤੁੜ ਸ਼੍ਰੋ. ਅਕਾਲੀ ਦਲ, ਸੰਤ ਕੁੰਦਨ ਸਿੰਘ ਜਗਰਾਉਂ ਅਤੇ ਕਰਤਾਰ ਸਿੰਘ ਟੱਕਰ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਹਰਿਆਣਾ ਵੱਲੋਂ, ਸਤਿਗੁਰੂ ਜੀ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਪਿਛੋਂ ਨਿਸ਼ਚਿਤ ਸਮੇਂ ਅਨੁਸਾਰ ਸਤਿਗੁਰੂ ਜੀ ਸੰਗਤਾਂ ਸਮੇਤ "ਸੰਤਾਂ ਕੇ ਕਾਰਜ ਆਪ ਖਲੋਇਆ' ਅਤੇ 'ਜਿਥੇ ਜਾਇ ਬਹੇ ਮੇਰਾ ਸਤਿਗੁਰੂ ਸੋ ਥਾਨ ਸੁਹਾਵਾ' ਦੇ ਸ਼ਬਦ ਪੜ੍ਹਦੇ ਹੋਏ, ਪਰਿਕ੍ਰਮਾ ਕਰਦੇ ਹੋਏ ਦਰਸ਼ਨੀ ਡਿਊਢੀ ਰਾਹੀਂ, ਸ੍ਰੀ ਹਰਿਮੰਦਰ ਸਾਹਿਬ ਜਾ ਕੇ ਸ਼ੀਸ਼ ਨਿਵਾਇਆ ਅਤੇ ਕੁਝ ਚਿਰ ਰਾਗੀਆਂ ਵਾਲੀ ਬਾਹੀ ਵਿਚ ਬੈਠ ਕੇ ਕੀਰਤਨ ਸਰਵਣ ਕੀਤਾ। ਠੀਕ 10 ਵਜੇ ਸਤਿਗੁਰੂ ਜੀ ਨੇ ਕਹੀ ਨਾਲ ਟੱਪ ਲਾ ਕੇ ਤਸਲੇ ਵਿਚ ਕਾਰ ਭਰਕੇ ਆਪਣੇ ਸੀਸ ਉੱਤੇ ਉਠਾ ਲਈ। ਸੇਵਾ ਕਰਨ ਦੀ ਭਾਵਨਾ ਲੈ ਕੇ ਆਈ ਸਾਧ ਸੰਗਤ ਨੇ ਵੀ ਸੇਵਾ ਦਾ ਕਾਰਜ ਆਰੰਭ ਕਰ ਦਿਤਾ। ਸਤਿਗੁਰੂ ਜੀ ਸ਼ਾਮ ਪੰਜ ਵਜੇ ਤਕ ਇਸ ਸੇਵਾ ਦੇ ਕੰਮ ਵਿਚ ਜੁਟੇ ਰਹਿਣ ਦਾ ਆਦੇਸ਼ ਦੇ ਕੇ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਵਿਚ ਪੁੱਜੇ ਅਤੇ ਸਾਰੇ ਪੰਥ ਨੂੰ ਇਕ ਜੁੱਟ ਰਹਿ ਕੇ, ਮਿਲਕੇ ਚੱਲਣ ਦਾ ਸੰਦੇਸ਼ ਦਿੱਤਾ। ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਵਿਸ਼ੇਸ਼ ਤੌਰ 'ਤੇ ਕਿਹਾ ਕਿ ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਸਾਰੇ ਗੁਰਦੁਆਰਿਆਂ ਵਿੱਚ, ਕੀਰਤਨ ਦੇ ਨਾਲ ਨਾਲ ਨਾਮ ਸਿਮਰਨ ਦੀ ਪਰੰਪਰਾ ਵੀ ਸ਼ੁਰੂ ਕਰਨੀ ਚਾਹੀਦੀ ਹੈ। ਸਤਿਗੁਰੂ ਜੀ ਨੇ ਜਲੰਧਰ ਵਿਖੇ 3 ਜੁਲਾਈ ਤੋਂ 9 ਜੁਲਾਈ ਤਕ ਕੀਤੇ ਜਾ ਰਹੇ,

ਨਾਮਧਾਰੀ ਵਿਦਿਅਕ ਸੰਮੇਲਨ ਵਿਚ ਦਰਸ਼ਨ ਦੇਣ ਲਈ ਵੀ ਸੱਦਾ ਦਿੱਤਾ।"

ਇਹ ਕੁਝ ਕੁ ਇਤਿਹਾਸ ਘਟਨਾਵਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਨਾਮਧਾਰੀ ਮੈਂਬਰਾਂ ਦੀ ਸਮੇਂ ਸਮੇਂ ਸ਼ਮੂਲੀਅਤ ਦਾ ਜ਼ਿਕਰ ਮੈਂ ਇਸ ਪੇਪਰ ਵਿਚ ਕੀਤਾ ਹੈ। ਆਸ ਕਰਦਾ ਹਾਂ ਕਿ ਵਿਦਵਾਨ ਸਰੋਤੇ ਅਤੇ ਪਾਠਕ ਮੇਰੇ ਪੇਪਰ ਨੂੰ ਪਸੰਦ ਕਰਨਗੇ।

## ਹਵਾਲੇ ਅਤੇ ਟਿੱਪਣੀਆਂ


1. ਗੁਰਭੇਜ ਸਿੰਘ ਗੁਰਾਇਆ (ਸੰਪਾਦਕ), **ਕੂਕਾ ਲਹਿਰ ਤੇ ਇਤਿਹਾਸ**, ਪੰਨਾ 126.
2. ਸੰਤ ਨਿਧਾਨ ਸਿੰਘ ਆਲਿਮ, **ਜੁਗ ਪਲਟਾਊ ਸਤਿਗੁਰੂ**, ਪੰਨਾ 46.
3. ਗੁਰਭੇਜ ਸਿੰਘ ਗੁਰਾਇਆ (ਸੰਪਾਦਕ), ਉਹੀ, ਪੰਨਾ 126.
4. ਸੰਤ ਨਿਧਾਨ ਸਿੰਘ ਆਲਿਮ, ਉਹੀ, ਪੰਨਾ 46 ਅਤੇ 89.
5. ਡਾਕਟਰ ਹਰਜਿੰਦਰ ਸਿੰਘ ਦਿਲਗੀਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ? ਪੰਨਾ 11.
6. ਡਾਕਟਰ ਹਰਜਿੰਦਰ ਸਿੰਘ ਦਿਲਗੀਰ, **ਸਿੱਖ ਤਵਾਰੀਖ 'ਚ ਅਕਾਲ ਤਖਤ ਸਾਹਿਬ ਦਾ ਰੋਲ**, ਪੰਨਾ 160.
7. ਡਾ. ਗੰਡਾ ਸਿੰਘ, **ਸਮ ਕੌਨਫੀਡੈਂਨਸ਼ੀਅਲ ਪੇਪਰ ਆਫ ਦੀ ਅਕਾਲੀ ਮੂਵਮੈਂਟ**, ਪੰਨਾ 302, ਡੌਕੂਮੈਂਟ 187.
8. ਦੇਵਿੰਦਰ ਸਿੰਘ ਗਿਲ, **ਨਨਕਾਣਾ ਸਾਹਿਬ ਦੇ ਮੋਰਚੇ ਵਿਚ ਸ਼ਹੀਦ ਹੋਏ ਨਾਮਧਾਰੀ ਸਿੰਘਾਂ ਦੀ ਗਾਥਾ**, ਸਤਿਜੁਗ ਅਖਬਾਰ ਦਾ ਗੁਰਗਦੀ ਸ਼ਤਾਬਦੀ ਅੰਕ, 2006 ਈ:
9. ਸੁਖਜੀਤ ਕਹਾਣੀਕਾਰ, **ਆਤੰਕ ਦੇ ਦਿਨਾਂ ਦੀ ਸਿਆਸਤ**, ਰਿਸਾਲਾ ਫਿਲਹਾਲ, ਪੁਸਤਕ ਲੜੀ ਨੰ: 9, ਪੰਨਾ 83.
10. ਸੰਤ ਤਰਨ ਸਿਘ ਵਹਿਮੀ, **ਜਸਜੀਵਨ** (ਹਿੱਸਾ ਪਹਿਲਾ), ਪੰਨਾ 9.
11. ਸ਼ਮਸ਼ੇਰ ਸਿੰਘ ਅਸ਼ੋਕ, **ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ**, ਪੰਨਾ 152, ਸੀਰੀਅਲ ਨੰ 103.
12. ਸਮਸ਼ੇਰ ਸਿੰਘ ਅਸ਼ੋਕ, ਉਹੀ, ਪੰਨਾ 179.
13. ਸ਼ਮਸ਼ੇਰ ਸਿੰਘ ਅਸ਼ੋਕ, ਉਹੀ, ਪੰਨਾ 238, ਸੀਰੀਅਲ ਨੰਬਰ 157.
14. ਸ਼ਮਸ਼ੇਰ ਸਿੰਘ ਅਸ਼ੋਕ, ਉਹੀ ਪੰਨਾ 421.
15. ਪ੍ਰੋ. ਕਿਰਪਾਲ ਸਿੰਘ ਕਸੇਲ, **ਤਵਾਰੀਖ ਸੰਤ ਖਾਲਸਾ** (ਗੁਰ ਇਤਿਹਾਸ) ਭਾਗ ਤੀਜਾ, ਪੰਨਾ 243-244.

# ਆਜ਼ਾਦ ਭਾਰਤ ਵਿਚ ਖੇਤੀਬਾੜੀ ਅਤੇ ਬਾਗ਼ਬਾਨੀ ਦੇ ਸੰਦਰਭ ਵਿਚ ਨਾਮਧਾਰੀ ਸਿੱਖਾਂ ਦੀ ਦੇਣ

–ਸੂਬਾ ਸੁਰਿੰਦਰ ਕੌਰ ਖਰਲ

ਦੇਸ਼ ਦੀ ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਖੇਤੀਬਾੜੀ ਅਤੇ ਬਾਗ਼ਬਾਨੀ ਦੇ ਵਿਕਾਸ ਵਿਚ ਨਾਮਧਾਰੀ ਸਿੱਖਾਂ ਨੇ ਪਹਿਲੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਫਿਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਹੁਣ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਸਰਪ੍ਰਸਤੀ ਹੇਠ ਬਹੁਤ ਮਹੱਤਵਪੂਰਨ ਯੋਗਦਾਨ ਪਾਇਆ ਹੈ ਅਤੇ ਪਾ ਰਹੇ ਹਨ।

ਭਾਰਤ ਨੂੰ ਆਜ਼ਾਦੀ ਮਿਲਣ ਤੋਂ ਪਹਿਲੋਂ ਦੇ ਹਾਲਾਤ ਨੂੰ ਵੇਖਦਿਆਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹ ਜਾਣ ਲਿਆ ਸੀ ਕਿ ਦੇਸ਼ ਦਾ ਵੰਡਾਰਾ ਹੋ ਕੇ ਰਹੇਗਾ। ਸੋ ਸ੍ਰੀ ਸਤਿਗੁਰੂ ਜੀ ਨੇ ਪੱਛਮੀ ਪੰਜਾਬ (ਹੁਣ ਪਾਕਿਸਤਾਨ) ਦੇ ਲੋਕਾਂ ਨੂੰ ਪਿੰਡਾਂ ਸ਼ਹਿਰਾਂ ਵਿਚ ਜਾ ਕੇ ਆਖਿਆ "ਹਿੰਦੁਸਤਾਨ ਦੀ ਵੰਡ ਹੋ ਕੇ ਰਹੇਗੀ, ਰਾਵੀ ਟੱਪ ਜਾਵੋ ਨਹੀਂ ਤਾਂ ਔਖੇ ਹੋਵੋਗੇ। ਘੱਟੋ ਘੱਟ ਆਪਣੇ ਬੱਚੇ ਤੇ ਜ਼ਰੂਰੀ ਸਮਾਨ ਇਥੋਂ ਲੈ ਚੱਲੋ।"

ਦੇਸ਼ ਦੀ ਵੰਡ ਤੋਂ ਪਹਿਲਾਂ ਸਰਸਾ ਲਾਗੇ ਦੇ ਕੁਝ ਪਿੰਡਾਂ ਦੀ ਗ਼ੈਰ–ਆਬਾਦ ਜੰਗਲ ਵਾਲੀ ਜ਼ਮੀਨ 12430 ਏਕੜ (ਕਰੀਬ 497 ਮੁਰੱਬੇ) ਪਾਕਿਸਤਾਨੋਂ ਉੱਜੜ ਕੇ ਆਏ ਸਿੱਖਾਂ ਨੂੰ ਮੁੜ ਵਸਾਉਣ ਅਤੇ ਗ਼ਰੀਬ ਮੁਜਾਰਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾਉਣ ਹਿਤ ਸ੍ਰੀ ਸਤਿਗੁਰੂ ਜੀ ਵੱਲੋਂ ਸਿੱਖਾਂ ਦੇ ਸਹਿਯੋਗ ਨਾਲ ਖਰੀਦ ਲਈ ਗਈ ਸੀ। ਏਸ ਜ਼ਮੀਨ ਦੀ ਰਜਿਸਟਰੀ ਜਨਵਰੀ 1947 ਵਿਚ ਕਰਵਾ ਲਈ ਸੀ। ਇਹ ਉਹੀ ਸ੍ਰੀ ਜੀਵਨ ਨਗਰ ਇਲਾਕੇ ਦੀ ਜ਼ਮੀਨ ਹੈ, ਜਿਸ ਨੂੰ ਸ੍ਰੀ ਸਤਿਗੁਰੂ ਜੀ ਦੇ ਹੁਕਮ ਮੁਤਾਬਕ, ਨਾਮਧਾਰੀ ਸਿੱਖਾਂ ਨੇ ਬੜੀ ਮਿਹਨਤ ਨਾਲ ਆਬਾਦ ਕੀਤਾ ਤੇ ਜਿਥੇ ਐਸ ਵੇਲੇ ਪੂਰਨ ਖੁਸ਼ਹਾਲੀ ਛਾਈ ਹੋਈ ਹੈ।

ਜਦੋਂ ਪਾਕਿਸਤਾਨ ਬਣ ਜਾਣ ਤੋਂ ਬਾਅਦ ਵੱਡੀ ਗਿਣਤੀ ਵਿਚ ਨਾਮਧਾਰੀ ਸਿੱਖ ਇਸ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਰਹਿਣ ਲੱਗ ਪਏ ਤਾਂ ਉਨ੍ਹਾਂ ਦੀ ਸਾਂਭ ਸੰਭਾਲ ਅਤੇ ਉਨ੍ਹਾਂ ਨੂੰ ਜ਼ਮੀਨਾਂ ਦੀ ਅਲਾਟਮੈਂਟ ਕਰਨ ਦਾ ਕੰਮ ਬਹੁਤ ਹੀ ਵੱਡਾ ਸੀ। ਇਸ ਕੰਮ ਨੂੰ ਸ੍ਰੀ ਸਤਿਗੁਰੂ ਜੀ ਦੇ ਹੁਕਮਾਂ ਅਨੁਸਾਰ ਉਨ੍ਹਾਂ ਦੇ ਵੱਡੇ ਸਾਹਿਬਜ਼ਾਦੇ (ਜਿਨ੍ਹਾਂ ਨੂੰ ਉਦੋਂ ਵੱਡੇ ਬਾਬਾ ਜੀ ਆਖਿਆ ਜਾਂਦਾ ਸੀ ਅਤੇ ਬਾਅਦ ਵਿਚ ਸ੍ਰੀ ਸਤਿਗੁਰ

ਜਗਜੀਤ ਸਿੰਘ ਜੀ ਬਣੇ) ਨੇ ਬੜੀ ਸੂਝ ਅਤੇ ਨਿਮਰਤਾ ਨਾਲ ਕੀਤਾ। ਆਪ ਸਾਰੀ ਸੰਗਤ ਦੇ ਦੁਖ ਸੁਖ ਦਾ ਧਿਆਨ ਰੱਖਦੇ। ਉਨ੍ਹਾਂ ਪੈਸੇ ਦੇਣੇ, ਡੰਗਰ ਪਸ਼ੂ ਦੇਣੇ ਅਤੇ ਹੋਰ ਲੋੜੀਂਦੀਆਂ ਵਸਤਾਂ ਦੇਣੀਆਂ, ਇਨ੍ਹਾਂ ਸਾਰੇ ਕੰਮਾਂ ਦੀ ਜ਼ਿੰਮੇਵਾਰੀ ਵੱਡੇ ਬਾਬਾ ਜੀ ਦੀ ਸੀ।

ਸਖ਼ਤ ਗਰਮੀ ਅਤੇ ਖੁਸ਼ਕੀ ਵਾਲੇ ਇਲਾਕੇ 'ਚ ਨਵੀਂ ਥਾਂ 'ਤੇ ਆਬਾਦ ਹੋਣਾ ਸਿੰਘਾਂ ਵਾਸਤੇ ਬੜੀ ਪ੍ਰੇਸ਼ਾਨੀ ਤੇ ਮੁਸ਼ਕਲ ਬਣੀ ਹੋਈ ਸੀ। ਜ਼ਮੀਨ ਆਬਾਦ ਕਰਨ ਦੀ ਸਮੱਸਿਆ ਤੇ ਪਾਣੀ ਦੀ ਥੁੜ੍ਹ ਕਾਰਨ ਵੀ ਬੇਚੈਨੀ ਬਣੀ ਹੋਈ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਜੀਵਨ ਨਗਰ ਵਿਖੇ ਬੇਘਰ ਹੋਏ ਸਾਰੇ ਨਾਮਧਾਰੀ ਪਰਿਵਾਰਾਂ ਨੂੰ ਸਿਰਫ਼ ਆਸਰਾ ਹੀ ਨਹੀਂ ਦਿੱਤਾ ਸਗੋਂ ਲੰਗਰ ਤੇ ਹੋਰ ਲੋੜੀਂਦੀਆਂ ਲੋੜਾਂ ਦੀ ਪੂਰਤੀ ਕਰਨ ਤੋਂ ਇਲਾਵਾ ਅਨੇਕਾਂ ਲੋੜਵੰਦਾਂ ਨੂੰ ਮੁਫ਼ਤ ਜ਼ਮੀਨ ਤੇ ਬੀਜ ਆਦਿਕ ਵੀ ਦਿੱਤੇ। ਸ੍ਰੀ ਸਤਿਗੁਰੂ ਜੀ ਨੇ ਤਿੰਨ ਸਾਲ ਸਾਂਝੀ ਖੇਤੀ ਇਨ੍ਹਾਂ ਸਾਰੇ ਕਰੀਬ 20-22 ਪਿੰਡਾਂ ਵਿਚ ਕਰਵਾਈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ, ਸ੍ਰੀ ਜੀਵਨ ਨਗਰ ਇਲਾਕੇ ਦੀ ਖਰੀਦੀ ਗਈ ਜ਼ਮੀਨ ਦੀ ਵੰਡ ਲਈ ਵੱਡੇ ਬਾਬਾ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ) ਨੇ ਮੁੱਖ ਮੰਤਰੀ ਪੰਜਾਬ ਪਾਸੋਂ ਵਿਸ਼ੇਸ਼ ਆਰਡਰ ਕਰਵਾ ਕੇ ਖਰੀਦੇ ਪਿੰਡਾਂ ਦੀਆਂ ਹੱਦਬੰਦੀਆਂ (Revenue Boundaries) ਤੁੜਵਾਈਆਂ। ਉਸ ਵੇਲੇ ਪੰਜਾਬ ਦੇ ਮੁੱਖ ਮੰਤਰੀ ਡਾ. ਗੋਪੀ ਚੰਦ ਭਾਰਗਵ ਸਨ ਅਤੇ ਸ. ਪ੍ਰਤਾਪ ਸਿੰਘ ਕੈਰੋਂ ਮਾਲ ਮੰਤਰੀ ਸਨ।

ਪੰਜਾਬ ਸਰਕਾਰ ਨਾਲ ਮਿਲ ਕੇ ਇਹ ਫ਼ੈਸਲਾ ਕਰ ਲਿਆ ਗਿਆ ਕਿ ਨਾਮਧਾਰੀ ਸਿੱਖ ਕਿਸੇ ਵੀ ਪਿੰਡ ਜਾਂ ਸ਼ਹਿਰ ਵਿਚੋਂ ਆਇਆ ਹੋਵੇ, ਉਸ ਨੂੰ ਜ਼ਮੀਨ ਦੀ ਅਲਾਟਮੈਂਟ ਤਹਿਸੀਲ ਸਰਸਾ (ਹੁਣ ਜ਼ਿਲ੍ਹਾ ਸਰਸਾ) ਵਿਚ ਹੀ ਹੋਵੇ। ਸ੍ਰੀ ਜੀਵਨ ਨਗਰ ਦੁਆਲੇ ਦੇ ਕੁਝ ਪਿੰਡਾਂ ਦਾ ਰਕਬਾ ਹੋਰ ਲੈ ਕੇ ਸਾਰੀ ਜ਼ਮੀਨ ਦੀ ਵੰਡ ਸ੍ਰੀ ਸਤਿਗੁਰੂ ਜੀ ਨੇ ਆਪਣੇ ਹੱਥੀਂ ਕੀਤੀ।

ਨਾਮਧਾਰੀਆਂ ਵਾਸਤੇ ਪਾਕਿਸਤਾਨੋਂ ਆਏ ਕਲੇਮਾਂ ਵਾਸਤੇ, ਸ੍ਰੀ ਸਤਿਗੁਰੂ ਜੀ ਨੇ ਖਰੀਦ ਕੀਤੇ ਪਿੰਡਾਂ ਦੇ ਆਲੇ-ਦੁਆਲੇ ਦੇ ਪਿੰਡ ਅੰਮ੍ਰਿਤਸਰ, ਮਿਰਜਾਪੁਰ, ਕਰੀਵਾਲਾ, ਪੱਟੀ ਕ੍ਰਿਪਾਲ ਅਤੇ ਸਰਸੇ ਸ਼ਹਿਰ ਦੇ ਲਾਗੇ ਇਕ ਪਿੰਡ ਕੰਗਨਪੁਰ, ਪੰਜਾਬ ਸਰਕਾਰ ਪਾਸੋਂ ਨਾਮਧਾਰੀਆਂ ਲਈ ਰੀਜ਼ਰਵ ਕਰਵਾ ਲਏ। ਸੱਚੇ ਪਾਤਸ਼ਾਹ ਜੀ ਨੇ ਇਹ ਹੁਕਮ ਵੀ ਲਿਖਾ ਲਿਆ ਕਿ ਇਨ੍ਹਾਂ ਪਿੰਡਾਂ ਦੀ ਵੰਡ ਵੀ ਆਏ ਕਲੇਮਾਂ ਅਨੁਸਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਹੀ ਆਪਣੀ ਮਰਜ਼ੀ ਨਾਲ ਕਰਨਗੇ। ਸਭ ਖਰਚ ਵਗੈਰਾ ਸਤਿਗੁਰੂ ਜੀ ਵੱਲੋਂ ਹੀ ਸੀ। ਕਿਸੇ ਸਿੱਖ ਨੂੰ ਕੋਈ ਫ਼ਿਕਰ ਨਹੀਂ ਸੀ। ਇਸ ਤਰ੍ਹਾਂ ਕਲੇਮ ਲਿਆ ਕੇ ਇਨ੍ਹਾਂ ਪਿੰਡਾਂ ਵਿਚ ਨਾਮਧਾਰੀ ਸੰਗਤ ਲਈ ਜ਼ਮੀਨ ਅਲਾਟ ਕੀਤੀ ਗਈ।

ਇਸ ਸਾਰੇ ਕੰਮ ਨੂੰ ਕਰੀਬ ਪੰਜ ਸਾਲ ਲੱਗ ਗਏ। ਜ਼ਮੀਨ ਦੀ ਖਰੀਦ ਤੋਂ ਅਲਾਟਮੈਂਟ ਤਕ ਦਾ ਕੰਮ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਈ ਕਿਸਮ ਦੇ ਖਰਚੇ ਕਰਕੇ ਪੂਰਾ ਕੀਤਾ। ਵੱਡੇ ਬਾਬਾ ਜੀ ਨੇ ਇਸ ਸਾਰੇ ਕੰਮ ਵਿਚ ਬਹੁਤ ਮਿਹਨਤ ਕੀਤੀ। ਇਸ ਤਰ੍ਹਾਂ ਜ਼ਮੀਨ, ਬੀਜ, ਟਰੈਕਟਰ ਸਭ ਕੁਝ ਆਪਣੇ ਕੋਲੋਂ ਦੇ ਕੇ ਸ੍ਰੀ ਸਤਿਗੁਰੂ ਜੀ ਨੇ ਆਪਣੀ ਦੂਰਦਰਸ਼ਿਤਾ ਨਾਲ ਸਿੱਖਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹ ਇਲਾਕਾ ਇਹੋ ਜਿਹਾ ਚੁਣਿਆ ਸੀ ਜਿਹਦੀ ਕੀਮਤ ਉਸ ਵੇਲੇ ਬਹੁਤ ਘੱਟ ਸੀ ਅਤੇ ਜਿਹੜੀ ਉਥੇ (ਪਾਕਿਸਤਾਨ) ਵਿਚ ਛੱਡ ਕੇ ਆਏ ਸਨ, ਉਹ ਜ਼ਮੀਨਾਂ ਬਹੁਤ ਕੀਮਤ ਵਾਲੀਆਂ ਸਨ। ਇਕ ਇਕ ਮੁਰੱਬੇ ਦੇ ਏਧਰ ਸੱਤ-ਸੱਤ ਮੁਰੱਬੇ ਬਣ ਗਏ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਪ੍ਰਵਚਨਾਂ ਵਿਚ ਫਰਮਾਉਂਦੇ ਸਨ—

> "ਉਹ ਦਿਨ ਐਹੋ ਜਿਹੇ ਸਨ ਕਿ ਕੋਈ ਸੜਕ ਨਹੀਂ ਸੀ। ਬੜੀ ਘੱਟੇ ਤੇ ਮਿੱਟੀ ਵਾਲੇ ਰਾਹ ਸਨ। ਸਾਈਕਲ 'ਤੇ ਵੀ ਅਤੇ ਕਈ ਵੇਰ ਘੋੜੀਆਂ 'ਤੇ ਅਸੀਂ ਜਾਂਦੇ ਰਹੇ ਹਾਂ ਸਰਸੇ ਤਕ। ਇਹ ਉਹ ਇਲਾਕਾ ਸੀ ਜਿਹਦੇ ਵਿਚ ਪਾਣੀ ਨਹੀਂ ਸੀ ਲੱਭਦਾ। ਸ੍ਰੀ ਜੀਵਨ ਨਗਰ ਚੜ੍ਹਦੇ ਵਾਲੇ ਪਾਸੇ ਐਗਰੀਕਲਚਰ ਮਹਿਕਮੇ ਵੱਲੋਂ ਇਕ ਬੋਰ ਕੀਤਾ ਗਿਆ ਜਿਹੜਾ 550 ਫੁੱਟ ਤਕ ਗਿਆ ਤੇ ਪਾਣੀ ਨਾ ਮਿਲਿਆ। ਬੜੀ ਮੁਸ਼ਕਿਲ ਨਾਲ ਉਨ੍ਹਾਂ ਨੇ ਬੋਰ ਵਾਲਾ ਪਾਈਪ (ਨਾਲਾਂ) ਵਗੈਰਾ ਕੱਢੇ ਬਾਹਰ, ਪਰ ਫੇਰ ਸਤਿਗੁਰਾਂ ਐਸੀ ਕਿਰਪਾ ਕੀਤੀ ਕਿ ਬੋਰ ਲਈ ਥੱਲੇ ਫਿਲਟਰ ਪਾਉਣ ਦੀ ਵੀ ਲੋੜ ਨਹੀਂ ਸੀ ਪੈਂਦੀ, ਥੱਲੇ ਕੈਪਟੀ ਬਣ ਜਾਂਦੀ, ਸੱਠ-ਸੱਤਰ ਫੁੱਟ ਤੇ ਅਤੇ ਪ੍ਰੈਸ਼ਰ ਦਾ ਪਾਣੀ ਮਿਲ ਜਾਣਾ।"

ਸ੍ਰੀ ਸਤਿਗੁਰੂ ਜੀ ਦੀ ਪ੍ਰੇਰਨਾ ਨਾਲ ਸਿੱਖਾਂ ਨੇ ਇਸ ਜ਼ਮੀਨ ਨੂੰ ਬੜੀ ਮਿਹਨਤ ਨਾਲ ਆਬਾਦ ਕੀਤਾ। 'ਸਾ ਧਰਤਿ ਭਈ ਹਰਿਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ' ਦੇ ਵਾਕ ਅਨੁਸਾਰ ਸਤਿਗੁਰਾਂ ਦੀ ਚਰਨ ਛੁਹ ਪ੍ਰਾਪਤ ਕਰਦੇ ਹੀ ਬੰਜਰ ਦੀ ਕੁੱਖ 'ਚੋਂ ਹਰਿਆਵਲ ਝਾਕਣ ਲੱਗੀ। ਟਿਊਬਵੈੱਲ ਲੱਗ ਪਏ। ਹਰਿਆਵਲ ਤੇ ਖ਼ੁਸ਼ਹਾਲੀ ਵਧਣ ਲੱਗੀ ਪਰ ਅਜੇ ਵੀ ਇਸ ਇਲਾਕੇ ਵਿਚ ਬਹੁਤ ਜ਼ਮੀਨ ਪੱਧਰੀ ਕਰਕੇ ਤਿਆਰ ਕਰਨ ਲਈ ਮਿਹਨਤ ਮੰਗਦੀ ਸੀ।

ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੱਦੀਨਸ਼ੀਨ ਹੋਏ, ਆਪ ਜੀ ਨੇ ਉਸਾਰੂ ਕਾਰਜਾਂ ਵਿਚ ਸਭ ਤੋਂ ਪਹਿਲੋਂ ਸ੍ਰੀ ਜੀਵਨ ਨਗਰ ਦੇ ਇਲਾਕੇ ਨੂੰ ਆਪਣੀ ਕਰਮਭੂਮੀ ਬਣਾਇਆ। ਸ੍ਰੀ ਸਤਿਗੁਰੂ ਜੀ ਨੇ ਸਿੱਖਾਂ ਨੂੰ ਨਾਲ ਲੈ ਕੇ ਕੁਝ ਮਹੀਨਿਆਂ ਵਿਚ

ਮਸਤਾਨਗੜ੍ਹ ਦੀ 400 ਏਕੜ ਦਲਦਲ ਜ਼ਮੀਨ ਨੂੰ ਆਬਾਦ ਕਰ ਲਿਆ। ਬਿਨਾਂ ਕਿਸੇ ਖਾਦ ਅਤੇ ਸਪਰੇਅ ਤੋਂ ਪ੍ਰਤੀ ਏਕੜ 66 ਮਣ ਕਣਕ ਪੈਦਾ ਕੀਤੀ। ਇਹ ਮਾਡਲ ਫਾਰਮ ਬਣ ਗਿਆ। ਅਣਥੱਕ ਮਿਹਨਤ ਦੀ ਪਰਤੱਖ ਕਰਾਮਾਤ ਵੇਖ ਕੇ ਸਾਰੇ ਇਲਾਕੇ ਵਿਚ ਲੋਕਾਂ ਨੇ ਰਹਿੰਦੀਆਂ ਜ਼ਮੀਨਾਂ ਵੀ ਆਬਾਦ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੰਜਾਬ ਸਰਕਾਰ ਨੂੰ ਆਖਿਆ ਕਿ ਘੱਗਰ ਨਦੀ ਦਾ ਬੰਨ੍ਹ ਬਣਾ ਕੇ, ਏਹਦਾ ਹੈੱਡ ਬਣਾਓ, ਏਥੇ ਨਹਿਰਾਂ ਕੱਢੋਂ ਤੇ ਕਿਸਾਨਾਂ ਨੂੰ ਚੱਜ ਨਾਲ ਪਾਣੀ ਦਿਉ। ਘੱਗਰ ਨਦੀ 'ਤੇ ਬੰਨ੍ਹ ਬਣਾਉਣ ਦਾ ਇਹ ਕੰਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ ਸਮੇਂ ਵਿਚ ਹੋਇਆ। ਜਦੋਂ ਬਰਸਾਤਾਂ ਵਿਚ ਘੱਗਰ ਨਦੀ ਵਿਚ ਜ਼ੋਰ ਦਾ ਪਾਣੀ ਆਉਂਦਾ, ਉਦੋਂ ਉਥੇ ਲਗਾਇਆ ਗਿਆ ਬੰਨ੍ਹ ਟੁੱਟਣ ਦਾ ਡਰ ਬਣ ਜਾਂਦਾ। ਇਸ ਲਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਉਸ ਸਮੇਂ ਬੰਨ੍ਹ ਦੀ ਨਿਗਰਾਨੀ ਕਰਿਆ ਕਰਦੇ ਸਨ। ਹਜ਼ੂਰ ਰਾਤ ਨੂੰ ਵੀ ਟਾਰਚ ਲੈ ਕੇ ਬੰਨ੍ਹ ਵੇਖਣ ਜਾਂਦੇ। ਸਾਰੇ ਪਿੰਡਾਂ ਦੇ ਵਿਚ ਦੀ ਗੇੜਾ ਦਿੰਦੇ ਤੇ ਉਨ੍ਹਾਂ ਪਿੰਡਾਂ ਦੇ ਨੌਜਵਾਨਾਂ ਨੂੰ ਸਾਰੀ ਰਾਤ ਬੰਨ੍ਹ 'ਤੇ ਪਹਿਰਾ ਦੇਣ ਲਈ ਹੁਕਮ ਕਰਦੇ। ਜਿਥੋਂ ਬੰਨ੍ਹ ਕਮਜ਼ੋਰ ਹੁੰਦਾ ਸ੍ਰੀ ਸਤਿਗੁਰੂ ਜੀ ਆਪਣੇ ਸਿੱਖਾਂ ਨੂੰ ਨਾਲ ਲਗਾ ਕੇ ਉਸ ਬੰਨ੍ਹ ਨੂੰ ਮਜ਼ਬੂਤ ਕਰਦੇ। ਵਰਤਮਾਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਵੀ ਇਸੇ ਤਰ੍ਹਾਂ ਹੁਣ ਬੰਨ੍ਹ ਨਿਗਰਾਨੀ ਕਰਦੇ ਹਨ।

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਅਨੁਸਾਰ "ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹ ਇਲਾਕਾ ਵਸਾਇਆ। ਇਹ ਉਨ੍ਹਾਂ ਦੀ ਦੂਰਦਰਸ਼ਿਤਾ ਸੀ। ਇਸ ਸ੍ਰੀ ਜੀਵਨ ਨਗਰ ਇਲਾਕੇ ਦਾ ਵਿਕਾਸ ਬਹੁਤ ਹੱਦ ਤੀਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ ਹੋਇਆ। ਸਾਰੇ ਭਾਰਤ ਵਿਚ ਫਿਰਦਿਆਂ ਮੈਂ ਇਹ ਵੇਖਦਾ ਹਾਂ ਕਿ ਜਿੰਨਾ ਇਸ ਇਲਾਕੇ ਵਿਚ ਜ਼ਮੀਨ ਦਾ ਠੇਕਾ ਹੈ ਏਨਾ ਸਾਰੇ ਭਾਰਤ ਵਿਚ ਸ਼ਾਇਦ ਕਿਧਰੇ ਹੋਵੇਗਾ। ਜਿੰਨੀ ਇਥੇ ਖੇਤੀਬਾੜੀ ਦੀ ਉਪਜ ਹੈ, ਓਨੀ ਸ਼ਾਇਦ ਕਿਤੇ ਵੀ ਨਹੀਂ ਹੁੰਦੀ। ਖੇਤੀਬਾੜੀ ਤੋਂ ਪੈਸੇ ਕਮਾ ਕੇ ਇੰਨੇ ਪੱਕੇ ਘਰ, ਇੰਨੀਆਂ ਕੋਠੀਆਂ ਬਣਾਈਆਂ ਹੋਣ, ਮੈਂ ਕਿਧਰੇ ਨਹੀਂ ਵੇਖਿਆ।"

### ਬਾਗਬਾਨੀ ਦੇ ਖੇਤਰ ਵਿਚ

ਭਾਰਤ ਦੇ ਪੰਜਾਬ ਰਾਜ ਵਿਚ ਸ੍ਰੀ ਭੈਣੀ ਸਾਹਿਬ (ਜ਼ਿਲ੍ਹਾ ਲੁਧਿਆਣਾ) ਵਿਖੇ ਰਾਮਸਰ ਅਤੇ ਬਾਗ਼ ਵਾਲੀ ਕੋਠੀ ਵਿਚ ਲੱਗੇ ਹੋਏ ਪੁਰਾਣੇ ਵਡਮੁੱਲੇ ਦਰਖ਼ਤਾਂ, ਝਾੜੀਆਂ, ਬੂਟਿਆਂ, ਫ਼ਲਾਂ ਤੇ ਫੁੱਲਾਂ ਨੂੰ ਵੇਖ ਕੇ ਪਤਾ ਲੱਗਦਾ ਹੈ ਕਿ ਸਤਿਗੁਰੂ ਸਾਹਿਬਾਨ ਨੇ ਬਾਗ਼ਬਾਨੀ ਦੀ ਅਹਿਮੀਅਤ ਨੂੰ ਸਮਝਦਿਆਂ, ਬਾਗ਼ਬਾਨੀ ਦੇ ਕੰਮ ਨੂੰ, ਆਪੋ ਆਪਣੇ ਵੇਲਿਆਂ ਵਿਚ ਮੁੱਖ ਰੱਖਿਆ ਹੈ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਤਪ ਅਸਥਾਨ 'ਬਾਗ਼ ਵਾਲੀ ਕੋਠੀ' ਵਿਚ ਲੱਗੇ ਹੋਏ ਚੀਲ, ਸਫ਼ੈਦੇ, ਖੱਟੀ, ਗੋਰਕਸ਼-ਕਰਖੱਟੀ, ਮੌਲਸਿਰੀ, ਕੇਸੂ, ਕਰੌਂਦਾ, ਚਕੋਦਰਾ, ਲੀਚੀ, ਚੰਪਾ ਸਫੈਦ ਵੱਡਾ, ਚੰਪਾ ਪੀਲਾ, ਚੰਪੀ ਇਤਿਆਦਿ ਦੇ ਪੁਰਾਤਨ ਰੁੱਖ ਲੱਗੇ ਹੋਏ ਹਨ। ਇਨ੍ਹਾਂ ਵਿਚੋਂ ਕੁਝ ਹੁਣ ਵੀ ਲੱਗੇ ਹੋਏ ਹਨ। ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਗ਼ਬਾਨੀ ਅਤੇ ਕੀਮਤੀ ਬੂਟਿਆਂ ਦੀ ਕਦਰ ਕਰਦੇ ਰਹੇ। ਚੀਲਾਂ, ਮੌਲਸਿਰੀ, ਅੰਬ ਤੇ ਲੀਚੀ ਆਦਿ ਦੇ ਦਰਖ਼ਤ ਹੁਣ ਵੀ ਕੋਠੀ ਵਿਚ ਲੱਗੇ ਹੋਏ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਬਾਅਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ, ਪੰਜਾਬ ਵਿਚ ਸ੍ਰੀ ਭੈਣੀ ਸਾਹਿਬ ਤੇ ਰਾਈਆਂ ਵਿਖੇ, ਹਰਿਆਣਾ ਵਿਚ ਮਸਤਾਨਗੜ੍ਹ, ਟਿੱਬਾ ਅਤੇ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ, ਕਰਨਾਟਕ ਵਿਚ ਬੰਗਲੌਰ ਵਿਖੇ ਅਤੇ ਹਿਮਾਚਲ ਵਿਚ ਮੰਡੀ ਅਤੇ ਕੁੱਲੂ-ਮਨਾਲੀ ਆਦਿ ਅਸਥਾਨਾਂ 'ਤੇ ਸ੍ਰੀ ਸਤਿਗੁਰੂ ਜੀ ਦੇ ਬਾਗ਼ ਹਨ, ਜਿਨ੍ਹਾਂ ਵਿਚ ਹਰ ਤਰ੍ਹਾਂ ਦੇ ਫ਼ਲਦਾਰ ਬੂਟੇ ਮਿਲਦੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਬਾਗ਼ਬਾਨੀ ਦਾ ਸ਼ੌਕ ਵੀ ਹੱਦਾਂ ਬੰਨ੍ਹਿਆਂ ਤੋਂ ਪਰ੍ਹੇ ਦਾ ਸੀ। ਆਪ ਬਾਗ਼ਬਾਨੀ ਦੇ ਵਿਕਾਸ ਦੇ ਕਾਰਜ ਨੂੰ ਬਹੁਤ ਅਗਾਂਹ ਲੈ ਗਏ ਸਨ। ਹਰਿਆਣਾ (ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ) ਹਿਮਾਚਲ ਪ੍ਰਦੇਸ਼, ਪੰਜਾਬ ਅਤੇ ਕਰਨਾਟਕ (ਬੰਗਲੌਰ) ਵਿਖੇ ਲਗਾਏ ਗਏ ਫੁੱਲਾਂ ਦੇ ਬਾਗ਼, ਇਸ ਗੱਲ ਦਾ ਸਬੂਤ ਹਨ। ਜਿਸ ਸ੍ਰੀ ਜੀਵਨ ਨਗਰ ਦੇ ਇਲਾਕੇ ਦੇ ਟਿੱਬਿਆਂ ਵਿਚ ਹਰਿਆਣਾ ਸਰਕਾਰ ਕਿੱਕਰ ਬੀਜਣ ਨੂੰ ਪ੍ਰੋਤਸਾਹਨ ਦਿੰਦੀ ਸੀ, ਉਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪ੍ਰੇਰਨਾ, ਵਿਉਂਤ, ਉਤਸ਼ਾਹ ਅਤੇ ਦ੍ਰਿੜ੍ਹਤਾ ਨਾਲ ਖੁੱਲ੍ਹਾ ਖਰਚ ਕਰਕੇ ਸੰਤਰਾ, ਮਾਲਟਾ, ਕਿੰਨੂ, ਅਨਾਰ, ਸੇਬ, ਬੇਰ ਆਦਿ ਲਗਵਾ ਕੇ ਸਾਰੇ ਖ਼ੁਸ਼ਕ ਇਲਾਕੇ ਨੂੰ ਹਰਿਆਵਲੀ ਤੇ ਰੌਣਕਾਂ ਬਖ਼ਸ਼ੀਆਂ। ਇਸ ਨਾਲ ਗੁਆਂਢੀ ਕਿਸਾਨਾਂ ਦੀ ਖੇਤੀ ਵੀ ਪ੍ਰੇਰਨਾ ਸਰੋਤ ਬਣ, ਉਪਜਾਇਕਤਾ ਵੱਲੋਂ ਮਾਲ ਮਾਲ ਕਰ ਦਿੱਤੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਾਗ਼ਾਂ ਦਾ ਵਿਕਾਸ ਕਰ ਕੇ ਦੇਸ਼ ਦੀ ਤਰੱਕੀ ਅਤੇ ਖ਼ੁਸ਼ਹਾਲੀ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਇਸ ਪਾਸੇ ਵੱਲ ਧਿਆਨ ਦੇਵੇ। ਸ੍ਰੀ ਸਤਿਗੁਰੂ ਜੀ ਫ਼ਰਮਾਉਂਦੇ ਸਨ :

> "ਇਤਨੇ ਬਾਗ਼ ਲਗਾਉਣ ਦੇ ਬਾਵਜੂਦ ਵੀ ਮਾਰਕੀਟਿੰਗ ਦੀਆਂ ਸੁਵਿਧਾਵਾਂ ਨਹੀਂ ਹਨ। ਵਿਵਸਥਿਤ (ਔਰਗੇਨਾਇਜ਼ਡ) ਮੰਡੀਆਂ ਚਾਹੀਦੀਆਂ ਹਨ ਤਾਂ ਜੋ ਇਤਨੀ ਮਿਹਨਤ ਨਾਲ ਲਗਾਏ ਸਾਰੇ ਬਾਗ਼ ਘਾਟੇ ਵਿਚ ਨਾ ਜਾਣ, ਸਗੋਂ ਬਾਗ਼ਾਂ ਦਾ ਵਿਕਾਸ ਹੋਵੇ ਅਤੇ ਦੇਸ਼ ਵਿਚ ਖ਼ੁਸ਼ਹਾਲੀ ਆਵੇ।"

ਮੌਜੂਦਾ ਸਮੇਂ ਵਿਚ ਫ਼ਲ, ਫੁੱਲਾਂ ਅਤੇ ਸਬਜ਼ੀਆਂ ਦੇ ਵਧੀਆ ਬੀਜ ਤਿਆਰ

ਕਰਵਾਉਣਾ ਵਰਤਮਾਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਖੇਤੀਬਾੜੀ ਦੇ ਖੇਤਰ ਵਿਚ ਬਹੁਤ ਵੱਡੀ ਦੇਣ ਹੈ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੁਆਰਾ ਖੇਤੀਬਾੜੀ ਅਤੇ ਬਾਗ਼ਬਾਨੀ ਦੇ ਵਿਕਾਸ ਵਿਚ ਪਾਏ ਜਾ ਰਹੇ ਯੋਗਦਾਨ ਬਾਰੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਫਰਮਾਉਂਦੇ ਹਨ :

> "ਕੰਮ ਕਰਨ ਦੀ ਲਗਨ ਹੋਣੀ ਚਾਹੀਦੀ ਹੈ। ਯੂ.ਪੀ. ਤੇ ਬੰਗਲੌਰ ਵਿਚ ਜਿਥੇ ਬੰਜਰ ਜ਼ਮੀਨ ਵਿਚ ਕੁਝ ਵੀ ਪੈਦਾ ਨਹੀਂ ਹੁੰਦਾ ਸੀ ਉਥੇ ਕਾਕਾ ਉਦੈ ਸਿੰਘ ਨੇ ਜੋ ਮਿਹਨਤ ਕੀਤੀ ਐ...ਖੇਤੀਬਾੜੀ ਵਿਚ ਨਵੀਆਂ ਨਵੀਆਂ ਕਿਸਮਾਂ ਤਿਆਰ ਕੀਤੀਆਂ ਨੇ, ਉਨ੍ਹਾਂ ਨੂੰ ਵੇਖ ਕੇ ਦੁਨੀਆ ਦੇ ਵੱਡੇ ਵੱਡੇ ਐਗਰੀਕਲਚਰ ਅਫਸਰ ਇਨ੍ਹਾਂ ਦੀ ਸਲਾਹ ਲੈਂਦੇ ਨੇ ਆ ਕੇ...ਗੱਲ ਲਗਨ ਦੀ ਹੈ।"

ਆਪਣੇ ਸਤਿਗੁਰਾਂ ਦੀ ਇਸੇ ਲਗਨ ਤੋਂ ਪ੍ਰੇਰਨਾ ਅਤੇ ਸਰਪ੍ਰਸਤੀ ਲੈ ਕੇ ਨਾਮਧਾਰੀ ਸਿੱਖ ਖੇਤੀਬਾੜੀ ਅਤੇ ਬਾਗ਼ਬਾਨੀ ਦੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ।

**ਬਾਗ਼ਬਾਨੀ ਵਿਚ ਰੁਚੀ, ਜਾਣਕਾਰੀ ਅਤੇ ਵਿਚਾਰ**

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਗ਼ਬਾਨੀ ਦੇ ਮਹੱਤਵ ਨੂੰ ਭਲੀਭਾਂਤ ਜਾਣਦਿਆਂ, ਇਸ ਪਾਸੇ ਵੱਲ ਪੂਰਾ ਧਿਆਨ ਦਿੰਦੇ ਰਹੇ। ਆਪ ਚਾਹੁੰਦੇ ਸਨ ਕਿ ਨਾਮਧਾਰੀ ਸਿੰਘ ਵੀ ਬਾਗ਼ਬਾਨੀ ਵਿਚ ਦਿਲਚਸਪੀ ਲੈਂਦਿਆਂ ਇਸ ਪਾਸੇ ਵੱਲ ਵਧੇਰੇ ਧਿਆਨ ਦੇਣ। ਇਹੀ ਕਾਰਨ ਹੈ ਕਿ ਜਿਥੇ ਸ੍ਰੀ ਸਤਿਗੁਰੂ ਜੀ ਦੇ ਬਾਗ਼ਾਂ ਦਾ ਵਿਕਾਸ ਹੋਇਆ ਉਥੇ ਸ੍ਰੀ ਸਤਿਗੁਰੂ ਜੀ ਦੁਆਰਾ ਨਿੱਜੀ ਦਿਲਚਸਪੀ ਲੈਣ ਦੇ ਫ਼ਲਸਰੂਪ ਅਧਿਕਤਰ ਨਾਮਧਾਰੀ ਸਿੰਘਾਂ ਦੇ ਆਪੋ-ਆਪਣੇ ਵੱਖ-ਵੱਖ ਤਰ੍ਹਾਂ ਦੇ ਫ਼ਲਾਂ ਤੇ ਫੁੱਲਾਂ ਦੇ ਬਾਗ਼ ਹਨ। ਸ੍ਰੀ ਸਤਿਗੁਰੂ ਜੀ ਦੀ ਪ੍ਰੇਰਨਾ ਸਦਕਾ ਨਾਮਧਾਰੀ ਸਮਾਜ ਵਿਚ ਫਲਾਂ, ਫੁੱਲਾਂ, ਬੂਟਿਆਂ ਅਤੇ ਰੁੱਖਾਂ ਪ੍ਰਤੀ ਕਾਫ਼ੀ ਉਤਸ਼ਾਹ ਤੇ ਦਿਲਚਸਪੀ ਬਣੀ ਹੋਈ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਹਰਿਆਵਲ ਅਤੇ ਕੁਦਰਤ ਨਾਲ ਲਗਾਵ ਸੀ। ਆਪ ਤਰ੍ਹਾਂ ਤਰ੍ਹਾਂ ਦੇ ਬੂਟੇ ਲਵਾਉਣ ਦਾ ਸ਼ੌਕ ਰੱਖਦੇ ਸਨ। ਆਪ ਜਦ ਬਾਗ਼ਾਂ ਵਿਚ ਚਰਨ ਪਾਉਂਦੇ ਸਨ ਤਾਂ ਇਕੱਲੇ ਇਕੱਲੇ ਬੂਟੇ ਨੂੰ ਧਿਆਨ ਨਾਲ ਵੇਖਦੇ ਕਿ ਕੋਈ ਬੂਟਾ ਕਮਜ਼ੋਰ ਤਾਂ ਨਹੀਂ।

> "ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਾਗ਼ਬਾਨੀ ਵਿਚ ਖ਼ਾਸ ਦਿਲਚਸਪੀ, ਉਨ੍ਹਾਂ ਦਾ ਅੱਧੀ ਸਦੀ ਦਾ ਤਜਰਬਾ, ਫਲ ਉਗਾਉਣ ਵਿਚ ਉਨ੍ਹਾਂ ਦੀ ਰੁਚੀ ਨੇ ਉਨ੍ਹਾਂ ਨੂੰ ਇਕ ਜ਼ਿੰਦਾ ਬਾਗ਼ਬਾਨੀ ਦੀ

ਯੂਨੀਵਰਸਿਟੀ ਬਣਾਇਆ ਹੋਇਆ ਹੈ।"

ਇਹ ਵਿਚਾਰ ਬਾਗ਼ਾਂ ਅਤੇ ਖੇਤਾਂ ਦਾ ਸਰਵੇ ਕਰਨ ਉਪਰੰਤ, ਆਪਣੀ ਰਿਪੋਰਟ ਵਿਚ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੇ ਹਾਰਟੀ-ਕਲਚਰ ਵਿਭਾਗ ਦੇ ਮਾਹਿਰਾਂ ਨੇ ਪੇਸ਼ ਕੀਤੇ। ਇਸ ਵਿਭਾਗ ਦੇ ਮੁਖੀ ਡਾ. ਅਪਾਰ ਸਿੰਘ ਬਿੰਦਰਾ ਅਨੁਸਾਰ :

> "ਸਬਜ਼ੀਆਂ, ਫ਼ਲ, ਫੁੱਲ ਉਗਾਉਣ ਅਤੇ ਗਊ ਪਾਲਣ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੇਣ ਦਾ ਸਾਨੀ ਦੁਨੀਆ ਦੇ ਕਿਸੇ ਕੋਨੇ ਵਿਚ ਨਹੀਂ।"

ਦੇਸ਼ ਵਿਚ ਹੀ ਨਹੀਂ, ਸ੍ਰੀ ਸਤਿਗੁਰੂ ਜੀ ਜਦ ਵਿਦੇਸ਼ਾਂ ਦੇ ਦੌਰੇ 'ਤੇ ਜਾਂਦੇ, ਉਥੋਂ ਦੇ ਫਲ, ਫੁੱਲ ਤੇ ਬੂਟਿਆਂ ਪ੍ਰਤੀ ਜ਼ਰੂਰ ਦਿਲਚਸਪੀ ਲੈਂਦੇ ਸਨ। ਦੂਰ ਦੂਰ ਥਾਵਾਂ ਵਿਚ ਜਾ ਕੇ ਉਥੋਂ ਨਵੀਆਂ ਨਵੀਆਂ ਜਾਣਕਾਰੀਆਂ ਲੈ ਕੇ ਦੇਸ਼ ਦੇ ਸਾਇੰਸਦਾਨਾਂ ਨੂੰ ਦੱਸਦੇ ਰਹਿੰਦੇ ਸਨ। ਸ੍ਰੀ ਸਤਿਗੁਰੂ ਜੀ ਨੂੰ ਸ਼ੁਰੂ ਤੋਂ ਹੀ ਬਦਲਵੀਂ ਖੇਤੀ ਕਰਨ ਅਤੇ ਬਾਗ਼ਬਾਨੀ ਦਾ ਸ਼ੌਕ ਸੀ, ਇਸ ਲਈ ਉਹ ਨਾਮਧਾਰੀ ਸਿੱਖਾਂ ਨੂੰ ਕਣਕ-ਝੋਨੇ ਦੇ ਚੱਕਰ 'ਚੋਂ ਬਾਹਰ ਨਿਕਲ ਕੇ ਬਦਲਵੀਂ ਖੇਤੀ ਕਰਨ ਦੀ ਸਿੱਖਿਆ ਦਿੰਦੇ ਸਨ।

ਸ੍ਰੀ ਸਤਿਗੁਰੂ ਜੀ ਨੇ ਸਦਾ ਕੁਝ ਨਵਾਂ ਕਰਨਾ ਚਾਹਿਆ, ਜਿਸ ਨਾਲ ਜ਼ਿਮੀਦਾਰਾਂ ਦੀ ਆਰਥਿਕਤਾ ਵਿਚ ਵਾਧਾ ਹੋ ਸਕੇ। ਅਨੇਕ ਕਿਸਾਨਾਂ ਨੂੰ ਆਪ ਨੇ ਆਰਥਿਕ ਮਦਦ ਦੇ ਕੇ ਬਾਗ਼ਾਂ ਵੱਲ ਰੁਚਿਤ ਕੀਤਾ। ਇਸ ਦੇ ਕਈ ਲਾਭ ਹਨ। ਆਮਦਨ ਵਿਚ ਵਾਧਾ ਹੁੰਦਾ ਹੈ ਅਤੇ ਪਰੰਪਰਾਗਤ ਫ਼ਸਲਾਂ ਤੋਂ ਹਟ ਕੇ ਕੁਝ ਕਰਨ ਦਾ ਚਾਅ ਹੁੰਦਾ ਹੈ। ਹਰਿਆਵਲ ਵਧਦੀ ਹੈ, ਜਿਸ ਨਾਲ ਵਾਤਾਵਰਣ ਚੰਗਾ ਰਹਿੰਦਾ ਹੈ, ਪਾਣੀ ਦੀ ਵੀ ਬਹੁਤੀ ਸਮੱਸਿਆ ਨਹੀਂ ਹੁੰਦੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਫਰਮਾਉਂਦੇ ਸਨ :

> "ਅਨਾਜ ਵੱਲੋਂ ਸਾਡਾ ਦੇਸ਼ ਆਤਮ ਨਿਰਭਰ ਹੋ ਗਿਆ ਹੈ, ਹੁਣ ਬਾਗ਼ ਵੀ ਲਗਾਏ ਜਾਣ ਤਾਂ ਜੋ ਲੋਕਾਂ ਨੂੰ ਖਾਣ ਨੂੰ ਫ਼ਲ ਮਿਲਣ ਅਤੇ ਸਭ ਦੀ ਸਿਹਤ ਠੀਕ ਰਹੇ। ਹਰ ਕਿਸਾਨ ਕੋਲ ਕੁਝ ਨਾ ਕੁਝ ਜ਼ਮੀਨ ਦਾ ਹਿੱਸਾ ਬਾਗ਼ ਵਾਸਤੇ ਹੋਣਾ ਚਾਹੀਦਾ ਹੈ। ਸਾਡੇ ਦੇਸ਼ ਵਿਚ ਫ਼ਲਾਂ ਦੀ ਬਹੁਤਾਤ ਹੋ ਜਾਵੇ, ਫ਼ਲ ਇਤਨੇ ਸਸਤੇ ਹੋ ਜਾਣ ਕਿ ਗ਼ਰੀਬ ਤੋਂ ਗ਼ਰੀਬ ਵਿਅਕਤੀ ਵੀ ਫ਼ਲ ਖਰੀਦ ਕੇ ਖਾ ਸਕੇ।"

ਸੰਨ 1962-63 ਦੇ ਆਪ ਜੀ ਦੇ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਦਿੱਤੇ ਹੋਏ ਪ੍ਰਵਚਨਾਂ ਵਿਚ ਵਰਨਣ ਹੈ :

"ਤੁਸੀਂ ਬਹੁਤੀ ਜ਼ਮੀਨ ਖਰੀਦਣ ਨਾਲੋਂ ਥੋੜ੍ਹੀ ਜ਼ਮੀਨ 'ਚੋਂ ਜ਼ਿਆਦਾ ਫ਼ਾਇਦਾ ਲੈਣ ਦੀ ਕੋਸ਼ਿਸ਼ ਕਰੋ। ਉਹਦੇ 'ਚ ਬਾਗ਼ ਲਾਓ। ਜਿਥੋਂ ਤਕ ਮੈਨੂੰ ਪਤੈ ਜਿਹਦੇ ਕੋਲ ਜ਼ਿਆਦਾ ਗੁੰਜਾਇਸ਼ ਹੋਵੇ, ਪੰਜਾਹ ਹਜ਼ਾਰ ਦੇ ਕਰੀਬ, ਇਕ ਏਕੜ ਵਿਚੋਂ ਅੰਗੂਰਾਂ ਦਾ ਬਾਗ਼ ਲਗਾਉਣ ਵਾਸਤੇ ਪੈਸਾ ਖਰਚ ਹੋਏਗਾ। ਮੇਰਾ ਅੰਦਾਜ਼ਾ ਹੈ। ਐਸ ਵੇਲੇ ਸਾਡੇ ਇਲਾਕੇ ਵਿਚ ਇਕ ਕਰੋੜ ਵਿਚੋਂ ਕਰੀਬ 25 ਹਜ਼ਾਰ ਰੁਪਈਆ ਹਰ ਸਾਲ ਉਹ ਲੈ ਲੈਂਦੇ ਨੇ, ਕੋਈ ਖੇਚਲ ਨਹੀਂ। ਜਿਹੜਾ ਠੇਕੇਦਾਰ ਆਉਂਦਾ ਹੈ ਅੰਗੂਰ ਲੈਣ ਵਾਲਾ, ਉਹ ਹੀ ਆ ਕੇ ਕਟਾਈ ਕਰ ਲੈਂਦਾ ਹੈ। ਉਹ ਆਪਣੀ ਰਾਖੀ ਕਰਦਾ ਹੈ। ਅੰਗੂਰ ਲੈ ਜਾਂਦਾ ਹੈ ਤੇ ਪੈਸੇ ਵੱਟ ਕੇ ਦੇ ਜਾਂਦਾ ਹੈ। ਇਹ ਵੀ ਪਤਾ ਲੱਗਾ ਹੈ ਕਿ ਇਕ ਆਦਮੀ ਨੇ 24 ਹਜ਼ਾਰ ਨੂੰ ਏਕੜ ਵੇਚਿਆ। ਜਿਸ ਠੇਕੇਦਾਰ ਨੇ ਲਿਆ ਉਸ ਨੇ ਅੱਗੋਂ ਉਹਦਾ 75 ਹਜ਼ਾਰ ਵੱਟਿਆ। ਜਿਹਦੇ ਕੋਲ ਨਹੀਂ ਏਨੀ ਗੁੰਜਾਇਸ਼, ਉਹ ਬੇਰੀਆਂ ਲਾ ਲਵੇ। ਬੇਰੀਆਂ ਵੀ ਜੇਹੜੀਆਂ ਸੱਤ ਅੱਠ ਸਾਲ ਦੀਆਂ ਹੋ ਜਾਣ, ਉਹ ਅੱਠ ਕੁ ਹਜ਼ਾਰ ਰੁਪਿਆ ਇਕ ਏਕੜ ਦਾ ਕੱਢ ਜਾਂਦੀਆਂ ਨੇ। ਬਰਾਨ, ਜੇਹੜੀਆਂ ਖ਼ਾਸ ਕਰਕੇ ਰੇਤੇ ਵਾਲੀ ਪੈਲੀ 'ਚ ਬਹੁਤ ਵਧੀਆ ਹੁੰਦੀਆਂ ਨੇ।

"ਸੰਤਰਾ ਜਿਹੜਾ ਹੈ ਇਹ ਵੀ ਬੜੀ ਆਮਦਨ ਵਾਲਾ ਹੈ। ਬਾਗ਼ਾਂ ਵਾਲੇ ਜਿਹੜੇ ਇਥੋਂ ਦੇ ਲੋਕਲ, ਤੁਹਾਡੇ ਜਾਣਕਾਰ ਅਫ਼ਸਰ ਨੇ, ਉਨ੍ਹਾਂ ਨੂੰ ਮਿਲੋ ਪੁੱਛੋ। ਹੋਰ ਜਿਹੜੀ ਲੋੜ ਜਾਣਕਾਰੀ ਪ੍ਰਾਪਤ ਕਰਨ ਦੀ ਹੋਵੇ, ਮੈਨੂੰ ਦੱਸੋ। ਬੂਟੇ ਵੀ ਆ ਸਕਦੇ ਨੇ, ਸਾਰਾ ਕੁਛ ਹੋ ਸਕਦੈ। ਮੇਰਾ ਭਾਵ ਕਹਿਣ ਤੋਂ ਇਹ ਹੈ ਕਿ ਤੁਸੀਂ ਜ਼ਿਆਦਾ ਪੈਸੇ ਖ਼ਰਚ ਕਰਕੇ ਜ਼ਮੀਨ ਬਹੁਤੀ ਲੈਣ ਨਾਲੋਂ, ਥੋੜ੍ਹੀ ਜ਼ਮੀਨ ਵਿਚੋਂ ਜ਼ਿਆਦਾ ਉਪਜ ਲੈ ਸਕਦੇ ਹੋ। ਉਹਦੀ ਸੇਵਾ ਜ਼ਿਆਦਾ ਹੋ ਸਕਦੀ ਹੈ। ਬਹੁਤੀ ਜ਼ਮੀਨ ਦੀ ਸਾਂਭ ਬੜੀ ਮੁਸ਼ਕਲ ਹੋ ਜਾਂਦੀ ਹੈ। ਇਹਦੇ ਵਾਸਤੇ ਇਹ ਵੀ ਬੜਾ ਜ਼ਰੂਰੀ ਹੈ ਕਿ ਉਹਦੀ ਲੋੜ ਅਨੁਸਾਰ ਇਕ ਵਾਰ ਉਹਦੇ ਤੇ ਛਿੜਕਾਓ ਵਗ਼ੈਰਾ ਜਿਹੜੇ ਕਰਨੇ ਨੇ, ਕੀੜੇ ਪੈਣ ਤੋਂ ਪਹਿਲੋਂ ਕੀਤੇ ਜਾਣ ਤਾਂ ਕਿ ਕੀੜਾ ਲੱਗੇ ਨਾ। ਬੂਟਾ ਲਾਉਣ ਵੇਲੇ ਉਹਨੂੰ ਦਵਾਈਆਂ ਪਾਈਆਂ ਜਾਣ, ਕੀੜੇ ਮਾਰਨੇ ਨਹੀਂ, ਅਸਾਂ ਉਨ੍ਹਾਂ ਦੀ ਰੋਕਥਾਮ ਜ਼ਰੂਰ ਕਰਨੀ ਹੈ।"

ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ, 'ਸਾਡੇ ਬਾਗ਼ਾਂ ਵਿਚ ਬਾਜ਼ਾਰੀ ਖ਼ਾਦਾਂ (chemical festilizer) ਦੀ ਵਰਤੋਂ ਨਹੀਂ ਕੀਤੀ ਜਾਂਦੀ, ਦੇਸੀ ਗੋਬਰ ਖਾਦ (organic manure) ਨਾਲ ਹੀ ਫ਼ਸਲ ਪੈਦਾ ਕੀਤੀ ਜਾਂਦੀ ਹੈ। ਕੀੜੇ-ਮਾਰ ਦਵਾਈਆਂ ਵੀ ਘੱਟੋ-ਘੱਟ ਵਰਤੀਆਂ ਜਾਂਦੀਆਂ ਹਨ। ਉਹ ਵੀ ਕੀੜੇ ਦੇ ਪ੍ਰਕੋਪ ਤੋਂ ਪਹਿਲੋਂ ਵੀ ਵਰਤੀਆਂ ਜਾਂਦੀਆਂ ਹਨ, ਤਾਂ ਜੋ ਕੀੜੇ ਹਮਲਾ ਹੀ ਨਾ ਕਰ ਸਕਣ।

ਦੇਸ਼ ਦੀ ਵੰਡ ਮਗਰੋਂ ਜਦੋਂ ਦਾ ਮਸਤਾਨਗੜ੍ਹ ਜ਼ਿਲ੍ਹਾ ਸਰਸਾ (ਹਰਿਆਣਾ) ਦਾ ਨਾਮਧਾਰੀ ਫਾਰਮ ਲਿਆ ਗਿਆ, ਉਦੋਂ ਤੋਂ ਹੀ ਇਥੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਦੇਸੀ (Organic) ਖਾਦ ਦੀ ਖੇਤੀ ਹੁੰਦੀ ਸੀ, ਸ੍ਰੀ ਸਤਿਗੁਰੂ ਜੀ ਦੇ ਫਾਰਮਾਂ ਵਿਚ ਬਾਸਮਤੀ ਚਾਵਲ, ਕਣਕ, ਕਾਲੇ ਛੋਲੇ, ਚਿੱਟੇ ਛੋਲੇ ਅਤੇ ਸਬਜ਼ੀਆਂ-ਮਟਰ ਆਦਿ ਦੀਆਂ Organic ਫਸਲਾਂ ਲਈਆਂ ਜਾਂਦੀਆਂ ਹਨ। ਇਨ੍ਹਾਂ ਨੂੰ ਲੋੜ ਅਤੇ ਮੰਗ ਅਨੁਸਾਰ ਇੰਗਲੈਂਡ ਅਤੇ ਹੋਰ ਯੂਰਪੀਨ ਦੇਸ਼ਾਂ ਨੂੰ ਭੇਜਿਆ ਜਾਂਦਾ ਹੈ।

ਸ੍ਰੀ ਸਤਿਗੁਰੂ ਜੀ ਨੇ ਫ਼ਲ, ਫੁੱਲ ਅਤੇ ਸਬਜ਼ੀਆਂ ਨੂੰ ਬਾਗ਼ਾਂ ਵਿਚ ਉਪਜਾਉਣ ਤੋਂ ਇਲਾਵਾ ਵਿਕਾਸ ਵੱਲ ਇਕ ਨਵਾਂ ਕਦਮ ਪੁੱਟਿਆ ਉਹ ਸੀ—ਫ਼ਲ, ਫੁੱਲ ਤੇ ਸਬਜ਼ੀਆਂ ਦੇ ਬੀਜਾਂ ਨੂੰ ਤਿਆਰ ਕਰਨਾ ਅਤੇ 'ਨਾਮਧਾਰੀ ਸੀਡਜ਼ ਕੰਪਨੀ' ਰਾਹੀਂ ਦੇਸ਼ ਅਤੇ ਵਿਦੇਸ਼ਾਂ ਵਿਚ ਭੇਜਣਾ। ਇਸ ਸਾਰੇ ਕੰਮ ਨੂੰ ਹੁਣ ਵਰਤਮਾਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਸੰਭਾਲ ਰਹੇ ਹਨ। ਗੱਦੀਨਸ਼ੀਨੀ ਤੋਂ ਪਹਿਲਾਂ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਆਪ ਇਸ ਕਾਰਜ ਨੂੰ ਸੰਭਾਲਦੇ ਹੀ ਨਹੀਂ ਰਹੇ ਬਲਕਿ ਬਹੁਤ ਅਗਾਂਹ ਲੈ ਗਏ।

### ਵਿਕਾਸ ਵੱਲ ਕਦਮ

ਦੇਸ਼ ਜਾਂ ਵਿਦੇਸ਼ਾਂ ਵਿਚ ਕੋਈ ਵਧੀਆ, ਵਿਸ਼ੇਸ਼ ਅਤੇ ਨਵੀਂ ਕਿਸਮ ਦਾ ਫ਼ਲ ਜਾਂ ਕੋਈ ਅਜਿਹਾ ਫ਼ਲ ਜਿਹੜਾ ਅਜਿਹੇ ਮੌਸਮ ਵਿਚ ਲੱਗਿਆ ਮਿਲੇ, ਜਿਸ ਮੌਸਮ ਵਿਚ ਇਹ ਫ਼ਲ ਹੋਰ ਕਿਧਰੇ ਨਹੀਂ ਲੱਗਿਆ ਹੁੰਦਾ, ਉਸ ਦਾ ਬੀਜ, ਬੂਟਾ ਜਾਂ ਕਲਮ ਸ੍ਰੀ ਸਤਿਗੁਰੂ ਜੀ ਮੰਗਵਾ ਲੈਂਦੇ ਸਨ। ਬਹੁਤ ਸਾਰੇ ਵਿਦੇਸ਼ੀ ਫ਼ਲਾਂ ਦੀਆਂ ਕਿਸਮਾਂ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਜੀ ਨੇ ਭਾਰਤ ਲੈ ਆਂਦਾ।

ਆਸਟ੍ਰੇਲੀਆ, ਅਮਰੀਕਾ, ਇਜ਼ਰਾਈਲ, ਥਾਈਲੈਂਡ, ਫਰਾਂਸ ਅਤੇ ਹੋਰ ਜਿਥੋਂ ਵੀ ਚੰਗੀ ਕਿਸਮ ਦੇ ਫਲ ਬੂਟੇ ਮਿਲੇ, ਉਹ ਆਪ ਜੀ ਨੇ ਲਿਆ ਕੇ ਮਨਾਲੀ, ਕੁੱਲੂ, ਮਸਤਾਨਗੜ੍ਹ ਅਤੇ ਬੰਗਲੌਰ ਆਦਿ ਵਿਖੇ ਬਾਗ਼ਾਂ ਵਿਚ ਲਗਵਾਏ। ਇਨ੍ਹਾਂ ਵਿਚ ਨਾਸ਼ਪਤੀਆਂ, ਸੇਬ, ਕਿਵੀ, ਅੰਬ, ਅੰਗੂਰ, ਚੈਰੀ, ਖਜੂਰਾਂ, ਦਰਿਆਨ, ਲੌਂਗ, ਛੋਟੀ ਇਲਾਇਚੀ, ਕਾਜੂ ਅਤੇ ਮੈਕਾਡਾਮਿਆ ਆਦਿ ਦੇ ਬੂਟੇ ਸ਼ਾਮਲ ਸਨ।

ਆਸਟ੍ਰੇਲੀਆ ਤੋਂ ਕੁਝ ਨਾਸ਼ਪਤੀ ਦੀਆਂ ਕਿਸਮਾਂ ਆਈਆਂ ਸਨ ਜੋ ਕੁੱਲੂ ਦੇ ਇਲਾਕੇ ਵਿਚ ਲੋਕਾਂ ਦੇ ਬਾਗ਼ਾਂ ਵਿਚ ਲਗਾ ਦਿੱਤੀਆਂ ਗਈਆਂ। ਇਹ ਕਿਸਮਾਂ

ਕਾਮਯਾਬ ਹੋਈਆਂ ਭਾਵੇਂ ਤਾਸੀਰ ਉਹੋ ਜਿਹੀ ਨਹੀਂ ਸੀ।

ਫਰਾਂਸ ਤੋਂ ਚੈਰੀ ਦੇ ਬੂਟੇ ਲਿਆ ਕੇ ਮਨਾਲੀ ਵਿਖੇ ਸ੍ਰੀ ਸਤਿਗੁਰੂ ਜੀ ਦੇ ਸੇਬਾਂ ਦੇ ਬਾਗ਼ ਵਿਚ ਅਤੇ ਕੁਝ ਬੂਟੇ ਹੋਰ ਲੋਕਾਂ ਦੇ ਬਾਗ਼ਾਂ ਵਿਚ ਲਗਾ ਦਿੱਤੇ।

ਪਿਸਤੇ ਦੇ ਬੂਟੇ ਸਰਦ ਇਲਾਕੇ ਵਿਚ ਲੱਗਦੇ ਹਨ ਪਰ ਸ੍ਰੀ ਸਤਿਗੁਰੂ ਜੀ ਨੇ ਇਹ ਬੂਟੇ ਅਮਰੀਕਾ ਤੋਂ ਲਿਆ ਕੇ ਮਸਤਾਨਗੜ੍ਹ ਵਰਗੇ ਗਰਮ ਅਤੇ ਰੇਤਲੇ ਇਲਾਕੇ ਵਿਚ ਲਗਵਾ ਦਿੱਤੇ। ਖਜੂਰਾਂ ਦੇ ਬੂਟੇ ਡਬਈ ਤੋਂ ਮੰਗਵਾ ਕੇ ਮਸਤਾਨਗੜ੍ਹ ਲਗਾਏ ਗਏ। ਮੈਕਾਡਾਮਿਆਂ ਦੇ ਬੂਟੇ ਥਾਈਲੈਂਡ ਤੇ ਕੀਨੀਆ ਆਦਿ ਤੋਂ ਲਿਆ ਕੇ ਭਾਰਤ ਵਿਚ ਬਾਗ਼ਾਂ ਵਿਚ ਲਗਵਾਏ। 'ਕਿਵੀ' ਨਾਂ ਦਾ ਫਲ ਮੰਡੀ ਅਤੇ ਕੁੱਲੂ ਵਿਖੇ ਲਗਵਾਇਆ।

ਬੈਂਕੌਕ (ਥਾਈਲੈਂਡ) ਵਿਖੇ ਪੈਦਾ ਹੋਣ ਵਾਲੇ ਕਈ ਵਿਸ਼ੇਸ਼ ਕਿਸਮ ਦੇ ਫਲਾਂ—ਦਰਯਾਨ, ਮਘਾਂ, ਲਮਜਾਏ ਆਦਿ ਦੀਆਂ ਸੁਧਰੀਆਂ ਕਿਸਮਾਂ, ਸ੍ਰੀ ਸਤਿਗੁਰੂ ਜੀ ਨੇ ਭਾਰਤ ਵਿਚ ਲਿਆ ਕੇ ਤਾਮਿਲਨਾਡੂ, ਕਰਨਾਟਕ, ਬਾਗ਼ਬਾਨੀ ਦੇ ਮਹਿਕਮੇ ਨੂੰ ਦੇ ਦਿੱਤੀਆਂ।

ਇਜਰਾਈਲ ਕਿਸਮ ਦੇ ਸੇਬ ਨੂੰ ਰਾਈਆਂ (ਪੰਜਾਬ) ਵਿਖੇ ਲਗਾ ਕੇ ਕਾਮਯਾਬ ਕਰਨ ਦੀ ਕੋਸ਼ਿਸ਼ ਕੀਤੀ ਗਈ। ਬੇ-ਮੌਸਮੇ ਅੰਬ ਵੀ ਸ੍ਰੀ ਸਤਿਗੁਰੂ ਜੀ ਨੇ ਕੋਠੀ ਵਿਚ ਲਗਵਾਏ ਸਨ। ਹੁਸ਼ਿਆਰਪੁਰ ਵੱਲ ਇਕ ਖ਼ਾਸ ਤਰ੍ਹਾਂ ਦੇ ਅੰਬ ਵੀ ਲੇਟ ਕਿਸਮ 'ਕੂਕਾਛੱਲੀ' ਲੱਗੀ ਹੋਈ ਹੈ। ਇਹ ਅੰਬ ਅਗਸਤ ਸਤੰਬਰ ਵਿਚ ਪੱਕਦੇ ਹਨ। ਸੱਚੇ ਪਾਤਸ਼ਾਹ ਜੀ ਨੇ ਇਸ ਦੇ ਬੂਟੇ ਤਿਆਰ ਕਰਨ ਦਾ ਹੁਕਮ ਕੀਤਾ ਸੀ।

ਬੰਗਲੌਰ ਦੇ 'ਨਾਮਧਾਰੀ ਫਾਰਮ' ਵਿਖੇ ਵੀ ਅਨੇਕ ਕਿਸਮ ਦੇ ਫ਼ਲਾਂ ਦੇ ਬੂਟੇ ਸ੍ਰੀ ਸਤਿਗੁਰੂ ਜੀ ਨੇ ਵਿਦੇਸ਼ਾਂ ਤੋਂ ਮੰਗਵਾ ਕੇ ਬੜੀ ਰੀਝ ਨਾਲ ਲਗਵਾਏ।

ਭੈਣੀ ਸਾਹਿਬ, ਬੰਗਲੌਰ ਆਦਿ ਥਾਵਾਂ 'ਤੇ ਇਹ ਕੁਲੈਕਸ਼ਨ ਹੈ ਅਜਿਹੇ ਅਨੇਕ ਬੀਜਾਂ, ਬੂਟਿਆਂ ਦੀ...ਜਿਵੇਂ ਥਾਈਲੈਂਡ ਤੋਂ ਅੰਬ, ਦਰਿਆਨ, ਅਮਰੀਕਾ 'ਚੋਂ ਅੰਗੂਰ ਚੈਰੀ ਦੇ ਬੂਟੇ ਹਨ।

ਆਪ ਜੀ ਨੇ ਪੁੱਛਿਆ ਕਿ ਚੈਰੀ ਆਪਣੇ ਦੇਸ਼ 'ਚ ਕਿਉਂ ਨਹੀਂ ਹੁੰਦੀ...।

ਕਾਲੇ ਰੰਗ ਦੀ ਚੈਰੀ ਦੇ ਬੂਟੇ ਲੈ ਕੇ ਆਂਦੇ। ਚੈਰੀ ਦੇ ਬੂਟੇ ਹਿਮਾਚਲ 'ਚ ਲਾਏ ਹਨ। ਰਜ਼ਾ ਸੀ ਉਹ ਬੂਟੇ ਵੀ ਆ ਗਏ। ਫੁੱਲ ਵੀ ਆ ਗਏ ਹਨ।

ਉੱਤਰੀ ਭਾਰਤ ਵਿਚ ਸਰਦੀਆਂ ਵਿਚ ਅੰਗੂਰ ਪੈਦਾ ਕਰਨੇ ਅਤੇ ਖੇਤੀ-ਮਾਹਰਾਂ ਦੇ ਮਿੱਟੀ ਚੈੱਕ ਕਰਕੇ ਦਿੱਤੇ ਫੈਸਲੇ ਦੇ ਉਲਟ ਰੇਤਲੀ ਜ਼ਮੀਨ ਵਿਚੋਂ ਸਿਟਰਸ (ਖੱਟੇ ਫਲ) ਪੈਦਾ ਕਰਨੇ, ਸ੍ਰੀ ਸਗਿਰੂ ਜਗਜੀਤ ਸਿੰਘ ਜੀ ਦੀ ਆਪਣੀ ਕਾਢ ਸੀ, ਜਿਸ ਨੇ ਬਾਗ਼ਬਾਨੀ ਦੇ ਖੇਤਰ ਵਿਚ ਇਕ ਕ੍ਰਾਂਤੀ ਲੈ ਆਂਦੀ ਹੈ।

ਜਿਥੇ ਰੇਤ ਦੇ ਟਿੱਬੇ 'ਤੇ ਕਿੱਕਰ ਅਤੇ ਝਾੜ ਆਦਿ ਹੋਇਆ ਕਰਦੇ ਸਨ, ਉਥੇ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਅੰਗੂਰਾਂ ਦੇ ਬਾਗ਼ ਲੱਗੇ ਹੋਏ ਹਨ, ਕਿੰਨੂਆਂ ਦੀ

ਭਰਪੂਰ ਫ਼ਸਲ ਹੋਈ ਹੈ ਤੇ ਚੰਗੀ ਕਿਸਮ ਦੇ ਬੇਰ ਲੱਗੇ ਹੋਏ ਹਨ।

ਅੰਗੂਰਾਂ ਦੀਆਂ ਛੇਤੀ ਲੱਗਣ ਵਾਲੀਆਂ ਕਿਸਮਾਂ ਇਥੇ ਉਪਲਬਧ ਹਨ, ਜੋ ਪਰਲੇਟ ਤੇ ਥਾਮਸਨ ਸੀਡਲੈੱਸ ਤੋਂ ਪਹਿਲਾਂ ਪੱਕਦੀਆਂ ਹਨ ਜਿਵੇਂ ਕਿ ਫਲੇਮ ਸੀਡਲੈੱਸ, ਸੁਪੀਰੀਅਰ ਸੀਡਲੈੱਸ, ਰੂਬੀ, ਕਰਿਸਮਸ, ਰੋਸ ਇਤਿਆਦਿ। ਅੱਜ ਕੱਲ੍ਹ ਦੀਆਂ ਖੋਜਾਂ ਅਨੁਸਾਰ ਫਲੇਮ ਸੀਡਲੈੱਸ ਨੂੰ ਪਰਨਿੰਗ ਟੈਕਨੀਕ ਨਾਲ ਜਲਦੀ ਵੀ ਪਕਾਇਆ ਜਾ ਸਕਦਾ ਹੈ ਅਤੇ ਪੱਕਣ ਸਮੇਂ ਤੋਂ ਲੇਟ ਵੀ ਕੀਤਾ ਜਾ ਸਕਦਾ ਹੈ।

**ਟਿੱਬੇ 'ਤੇ ਫਲ ਉਗਾਏ**

ਸ੍ਰੀ ਸਤਿਗੁਰੂ ਜੀ ਦੀ ਪਹੁੰਚ ਅਤੇ ਅਣਥੱਕ ਮਿਹਨਤ ਸਦਕਾ ਕੁਝ ਵਰ੍ਹਿਆਂ ਵਿਚ ਹੀ ਸ੍ਰੀ ਜੀਵਨ ਨਗਰ ਦਾ ਪਛੜਿਆ ਇਲਾਕਾ ਸਾਰੇ ਹਰਿਆਣੇ 'ਚੋਂ ਵੱਧ ਉਪਜ ਦੇਣ ਵਾਲਾ ਵਿਕਾਸਸ਼ੀਲ ਅਤੇ ਖੁਸ਼ਹਾਲ ਇਲਾਕਾ ਬਣ ਗਿਆ। ਪਰ ਅਜੇ ਇਸ ਇਲਾਕੇ ਵਿਚ ਪਹਾੜ ਵਾਲੇ ਪਾਸੇ ਕੁਝ ਬਰਾਨੀ ਜ਼ਮੀਨ ਰੇਤ ਦੇ ਟਿੱਬੇ ਸ੍ਰੀ ਸਤਿਗੁਰੂ ਜੀ ਦੀ ਛੁਹ ਤੋਂ ਵਾਂਝੇ ਸਨ। ਏਥੇ ਨਹਿਰੀ ਪਾਣੀ ਨਹੀਂ ਸੀ ਲੱਗਦਾ ਅਤੇ ਨਾ ਹੀ ਇਨ੍ਹਾਂ ਟਿੱਬਿਆਂ 'ਤੇ ਬੋਰ ਦਾ ਪਾਣੀ ਪਹੁੰਚ ਸਕਦਾ ਸੀ। ਸਰਕਾਰ ਦੇ ਖੇਤੀ ਵਿਭਾਗ ਨੇ ਸਿਫਾਰਸ਼ ਕੀਤੀ ਕਿ ਏਥੇ ਕਿੱਕਰ ਲਗਵਾਓ। ਏਥੇ ਹੋਰ ਕੁਝ ਨਹੀਂ ਹੋ ਸਕਦਾ।

ਇਸ ਰੇਤ ਦੇ ਟਿੱਬੇ ਦੀ ਜ਼ਮੀਨ ਨੂੰ ਇਲਾਕੇ ਦੇ ਸਾਰੇ ਜ਼ਿਮੀਂਦਾਰ ਵੀ ਅਤੇ ਖੇਤੀਬਾੜੀ ਦੇ ਮਾਹਰ ਵੀ ਖੇਤੀ ਵਾਸਤੇ ਕਮਜ਼ੋਰ ਸਮਝਦੇ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਚਨ ਕੀਤਾ—"ਮੈਂ ਪਹਿਲਾਂ ਜਿਸ ਨੂੰ ਇਹ ਮਾੜੀ ਜ਼ਮੀਨ ਸਮਝਦੇ ਹਨ, ਉਥੇ ਚੰਗਾ ਬਾਗ਼ ਲਗਾ ਕੇ ਵਿਖਾ ਦੇਵਾਂ, ਫਿਰ ਆਪਣੇ ਆਪ ਸਾਰੇ ਬਾਗ਼ ਲਗਵਾਉਣਗੇ।"

ਸੰਨ 1984 ਵਿਚ ਇਥੇ ਇਸ ਟਿੱਬੇ 'ਤੇ ਬੂਟੇ ਲਾਉਣੇ ਸ਼ੁਰੂ ਕੀਤੇ ਗਏ। ਸੰਨ 1986 ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਇਥੇ ਇਕ ਦਿਨ ਵਿਚ ਕਰੀਬ ਸਵਾ ਦੋ ਸੌ ਟਰੈਕਟਰ ਲਗਾ ਕੇ ਟਿੱਬੇ ਨੂੰ ਪਲਾਂਟੇਸ਼ਨ ਵਾਸਤੇ ਅਸਾਨ ਕਰਨ ਲਈ ਪਹਿਲੋਂ ਪੱਧਰਾ ਕੀਤਾ ਗਿਆ। ਸੱਚੇ ਪਾਤਸ਼ਾਹ ਜੀ ਨੇ ਟਿੱਬੇ ਵਾਲੀ ਜ਼ਮੀਨ ਨੂੰ ਵਰਤੋਂ ਵਿਚ ਲਿਆਉਣ ਸਮੇਂ ਇਹ ਖ਼ਾਸ ਧਿਆਨ ਰੱਖਿਆ ਕਿ ਟਿੱਬੇ ਦੀ ਪ੍ਰਾਚੀਨ ਮਹਾਨਤਾ ਨੂੰ ਨਾ ਕੇਵਲ ਕਾਇਮ ਰੱਖਿਆ ਜਾਵੇ ਸਗੋਂ ਇਸ ਨੂੰ ਵਧ ਚੜ੍ਹ ਕੇ ਨਵੇਂ ਸਿਰੇ ਤੋਂ ਆਧੁਨਿਕ ਢੰਗ ਦੀ ਲੈਂਡ ਸਕੇਪਿੰਗ ਰਾਹੀਂ ਹੋਰ ਸੁੰਦਰ ਬਣਾਇਆ ਜਾਵੇ।

ਪੰਜਾਬ ਤੇ ਹਰਿਆਣਾ ਖੇਤੀਬਾੜੀ ਯੂਨੀਵਰਸਿਟੀਆਂ ਦੇ ਮਾਹਿਰਾਂ ਨੇ ਟਿੱਬੇ ਦੀ ਧਰਤੀ ਦੀ ਮਿੱਟੀ ਚੈੱਕ ਕਰਕੇ ਆਖਿਆ ਸੀ ਕਿ "ਇਸ ਵਿਚ ਪੀ.ਐੱਚ. ਵਧੇਰੇ ਅਤੇ ਟਿਊਬਵੈੱਲ ਦੇ ਪਾਣੀ 'ਚ ਈ.ਸੀ.ਈ. ਘੱਟ ਹੈ। ਦੋਵੇਂ ਗੱਲਾਂ ਉਲਟ ਹਨ। ਇਥੇ ਕੋਈ ਫਸਲ ਕਾਮਯਾਬੀ ਨਾਲ ਪੈਦਾ ਨਹੀਂ ਕੀਤੀ ਜਾ ਸਕਦੀ, ਜੇ ਕੀਤੀ ਵੀ ਗਈ ਤਾਂ ਉਸ

ਵਿਚੋਂ ਫ਼ਲ ਨਹੀਂ ਮਿਲ ਸਕਣੇ, ਖਰਚ ਖੇਚਲ ਕਰਕੇ ਚੁੱਪ ਕਰਕੇ ਬਹਿ ਜਾਵੋਗੇ। ਅਸੀਂ ਤੁਹਾਨੂੰ ਰਾਇ ਦਿਆਂਗੇ ਕਿ ਚੰਗੀ ਜ਼ਮੀਨ ਵੇਖ ਕੇ ਉਸ ਵਿਚ ਬਾਗ਼ ਲਗਾਓ। ਸਿਟਰਸ (ਖੱਟੇ ਫ਼ਲ) ਤਾਂ ਇਥੇ ਪੈਦਾ ਹੋ ਹੀ ਨਹੀਂ ਸਕਦੇ।"

ਇਥੇ ਲਖਨਊ ਦੇ ਖੇਤੀਬਾੜੀ ਯੂਨੀਵਰਸਿਟੀ ਦੇ ਵੀ.ਸੀ. ਆਪਣੀ ਟੀਮ ਲੈ ਕੇ ਆਏ ਸਨ। ਉਨ੍ਹਾਂ ਵੀ ਇਹੀ ਰਾਇ ਦਿੱਤੀ ਸੀ।

ਸੱਚੇ ਪਾਤਸ਼ਾਹ ਜੀ ਦੇ ਇਹੋ ਬਚਨ ਸੁਣ ਕੇ ਸੇਵਕਾਂ ਵਿਚ ਉਤਸ਼ਾਹ ਦੀ ਲਹਿਰ ਦੌੜ ਜਾਂਦੀ।

ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ-ਦ੍ਰਿਸ਼ਟੀ ਸਦਕਾ ਕਮਜ਼ੋਰ ਤੇ ਬੇਕਾਰ ਸਮਝੀ ਜਾਂਦੀ ਜ਼ਮੀਨ ਨੂੰ ਭਾਗ ਲੱਗ ਗਏ ਤੇ ਇਹ ਰੇਤ ਦਾ ਟਿੱਬਾ ਅੱਜ ਹਰਾ-ਭਰਾ ਹੋ ਕੇ ਦੁਨੀਆ ਲਈ ਇਕ ਨਮੂਨੇ ਦਾ ਪ੍ਰਦਰਸ਼ਨੀ ਬਾਗ਼ ਬਣ ਗਿਆ, ਜਿਸ ਤੋਂ ਪ੍ਰਭਾਵਿਤ ਹੋ ਕੇ ਲੋਕ ਕਿੱਕਰਾਂ ਦੀ ਥਾਂ ਬਾਗ਼ ਲਗਾਉਣ ਲੱਗ ਪਏ। ਸਰਕਾਰ ਨੇ ਇਹੋ ਜਿਹੇ ਰੇਤ ਦੇ ਟਿੱਬਿਆਂ 'ਤੇ ਕਿੱਕਰਾਂ ਦੇ ਬੂਟੇ ਲਗਾਉਣ ਦੀ ਸਕੀਮ ਬਣਾਈ ਸੀ ਪਰ ਇਸ ਟਿੱਬੇ 'ਤੇ ਸ੍ਰੀ ਸਤਿਗੁਰੂ ਜੀ ਵੱਲੋਂ ਬਹੁਤ ਕਿਸਮ ਦੇ ਲਾਭਦਾਇਕ ਫਲ ਬਹੁਤ ਕਾਮਯਾਬੀ ਨਾਲ ਪੈਦਾ ਕੀਤੇ ਗਏ। ਦੂਰੋਂ ਦੂਰੋਂ ਲੋਕੀਂ ਆ ਕੇ ਵੇਖਦੇ ਤੇ ਹੈਰਾਨ ਰਹਿ ਜਾਂਦੇ।

ਟਿੱਬੇ 'ਤੇ ਅੰਗੂਰ, ਅਨਾਰ, ਅਮਰੂਦ ਤੇ ਬੇਰ ਆਦਿਕ ਲਗਾਏ ਗਏ। ਟਿੱਬੇ ਦੀ ਕੁਲ ਜ਼ਮੀਨ ਕ਼ਰੀਬ 168 ਏਕੜ ਹੈ। ਟਿੱਬੇ 'ਤੇ ਇਮਰਾਨ, ਕਾਠਾਫਲ ਵਗੈਰਾ ਸੱਤ ਕਿਸਮ ਦੀਆਂ ਬੇਰੀਆਂ ਲੱਗੀਆਂ ਹੋਈਆਂ ਸਨ। ਇਨ੍ਹਾਂ ਬੇਰੀਆਂ ਨੂੰ ਕਈ ਪ੍ਰਤੀਯੋਗਤਾਵਾਂ ਵਿਚੋਂ ਇਨਾਮ ਮਿਲੇ ਸਨ।

ਟਿੱਬੇ 'ਤੇ ਲੱਗੇ ਇਨ੍ਹਾਂ ਬੇਰਾਂ ਨੂੰ ਛਿੱਲ ਕੇ, ਕੱਟ ਕੇ, ਗੁਠਲੀ ਕੱਢਣ ਉਪਰੰਤ ਛਾਵੇਂ ਸੁਕਾ ਕੇ ਵਧੀਆ ਡਰਾਈ ਫਰੂਟ ਤਿਆਰ ਕਰ ਲਿਆ ਜਾਂਦਾ ਸੀ।

ਟਿੱਬੇ ਵਿਖੇ ਪਾਣੀ ਘੱਟ ਹੋਣ ਕਾਰਨ ਇਥੇ ਅੰਗੂਰਾਂ ਨੂੰ ਲੋੜ ਮੁਤਾਬਕ ਤੇ ਸਹੀ ਮਾਤਰਾ ਵਿਚ ਪਾਣੀ ਦੇਣ ਲਈ ਇਰੀਗੇਸ਼ਨ ਡਰਿੱਪ ਸਿਸਟਮ ਲਗਾਇਆ ਗਿਆ ਸੀ, ਜਿਸ ਅਨੁਸਾਰ ਥੱਲੇ ਪਾਈਪ ਵਿਛੇ ਹੋਏ ਸਨ। ਹਰ ਥਾਮਸਨ ਸੀਡਲੈੱਸ ਬੂਟੇ ਦੀ ਜੜ੍ਹ ਕੋਲ, ਪਾਈਪ ਵਿਚ ਸੁਰਾਖ਼ ਹੁੰਦਾ ਹੈ ਜਿਸ ਵਿਚੋਂ ਜਿੰਨਾ ਪਾਣੀ ਬੂਟਿਆਂ ਨੂੰ ਦੇਣਾ ਹੁੰਦਾ ਹੈ, ਓਨਾ ਹੀ ਛੱਡਿਆ ਜਾਂਦਾ ਹੈ।

ਅੰਗੂਰਾਂ ਬਾਰੇ ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ, "ਜੇ ਗਰਮੀਆਂ ਵਿਚ ਸਾਡਾ ਅੰਗੂਰ ਦਿੱਲੀ ਠੀਕ ਢੰਗ ਨਾਲ ਨਹੀਂ ਪਹੁੰਚਦਾ ਤਾਂ ਇਸ ਤੋਂ ਆਫ ਸੀਜ਼ਨ (ਬੇਮੌਸਮ) ਫਸਲ ਲੈਣ ਦੀ ਕੋਸ਼ਿਸ਼ ਕਰੋ।"

ਇੰਜ ਹੀ ਕੀਤਾ ਗਿਆ ਤੇ ਇਹ ਸਕੀਮ ਕਾਮਯਾਬ ਹੋਈ।

ਹਰਿਆਣਾ ਅਤੇ ਪੰਜਾਬ ਦੇ ਖੇਤੀਬਾੜੀ ਵਿਭਾਗ ਦੇ ਮਾਹਿਰਾਂ ਅਨੁਸਾਰ ਉੱਤਰੀ ਭਾਰਤ ਵਿਚ ਥਾਮਸਨ ਸੀਡਲੈੱਸ ਦੀਆਂ ਕਿਸਮਾਂ ਕਾਮਯਾਬ ਹੀ ਨਹੀਂ ਹੋ ਸਕਦੀਆਂ,

ਜ਼ਿਆਦਾ ਪਰਲਟ ਕਿਸਮ ਹੀ ਬੀਜਿਆ ਜਾਂਦਾ ਹੈ ਪਰ ਅੰਗੂਰਾਂ ਦੀ ਇਹ ਫਸਲ ਇਥੇ ਕੇਵਲ ਸਫ਼ਲ ਹੀ ਨਹੀਂ ਹੋਈ ਸਗੋਂ ਇਸ ਤੋਂ ਆਫ਼ ਸੀਜ਼ਨ (ਸਰਦੀਆਂ ਦਾ ਫ਼ਲ) ਵੀ ਲਿਆ ਗਿਆ ਜੋ ਕਿ ਉੱਤਰੀ ਭਾਰਤ ਵਿਚ ਹੋਰ ਕਿਧਰੇ ਨਹੀਂ ਹੁੰਦਾ।

ਖੇਤੀ ਮਾਹਿਰਾਂ ਨੂੰ ਇਹ ਜਾਣ ਕੇ ਬਹੁਤ ਹੈਰਾਨੀ ਹੋਈ ਕਿ ਸ੍ਰੀ ਸਤਿਗੁਰੂ ਜੀ ਦੇ ਬਾਗ਼ਾਂ ਦੇ ਆਫ ਸੀਜ਼ਨ ਅੰਗੂਰਾਂ ਦੀ ਟੀ.ਐੱਸ.ਐੱਸ. (ਟੋਟਲ ਸਲੋਬਲ ਸੋਲਿਡਸ) ਅਰਥਾਤ ਮਿਠਾਸ 30 ਪ੍ਰਤੀਸ਼ਤ ਮਿਲੀ ਜਦਕਿ ਨਾਸਿਕ (ਮਹਾਂਰਾਸ਼ਟਰ), ਜਿਥੋਂ ਕਿ ਇਹ ਨਰਸਰੀ ਲਿਆਂਦੀ ਗਈ, ਵਿਚ ਇਸ ਦੀ ਟੀ.ਐੱਸ.ਐੱਸ. (ਮਿਠਾਸ) 23 ਪ੍ਰਤੀਸ਼ਤ ਸੀ। ਸ੍ਰੀ ਸਤਿਗੁਰੂ ਜੀ ਨੇ ਜਦੋਂ ਸ੍ਰੀ ਉਦੈ ਸਿੰਘ ਜੀ ਰਾਹੀਂ ਇਹ ਫ਼ਲ ਮਹਾਂਰਾਸ਼ਟਰ ਭੇਜਿਆ ਤਾਂ ਉਨ੍ਹਾਂ ਰੀਫਰੈਕਟੋ ਮੀਟਰ ਨਾਲ ਟੈਸਟ ਕਰਕੇ ਵੇਖਿਆ। ਉਥੋਂ ਦੀ ਫ਼ਰੂਟ ਗਰੋਅਰਜ਼ ਐਸੋਸੀਏਸ਼ਨ ਨੇ ਇਸ ਦੀ ਪ੍ਰਸੰਸਾ ਕੀਤੀ ਤੇ ਬਿਆਨ ਦਿੱਤਾ ਕਿ ਜੇ ਸੁਵਿਧਾਵਾਂ ਹੋਣ ਤਾਂ ਇਸ ਅੰਗੂਰ ਦੀ ਵਧੀਆ ਕਿਸਮ ਦੀ ਕਿਸ਼ਮਿਸ਼ ਅਰਥਾਤ ਸੌਗੀ ਬਣਾਈ ਜਾ ਸਕਦੀ ਹੈ।

**ਪੰਜਾਬ ਵਿਖੇ ਬਾਗ਼**

ਸ੍ਰੀ ਭੈਣੀ ਸਾਹਿਬ ਵਿਖੇ ਕਟਾਣੀ ਰੋਡ 'ਤੇ ਅਤੇ ਪਿੰਡ ਰਾਈਆਂ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਾਗ਼ ਲਗਵਾਏ ਹੋਏ ਸਨ। ਇਨ੍ਹਾਂ ਦੋਹਾਂ ਥਾਵਾਂ 'ਤੇ ਕਿੰਨੂ, ਅੰਬ, ਆੜੂ, ਬੇਰ, ਅਨਾਰ, ਆਦਿਕ ਫ਼ਲ ਲਗਾਏ ਹੋਏ ਸਨ। ਕੁਝ ਸਬਜ਼ੀਆਂ ਮਟਰ, ਗਾਜਰਾਂ, ਨਵੀਂ ਕਿਸਮ ਦੀ ਗੋਭੀ ਬਰੋਕਲੀ ਤੇ ਨਵੀਆਂ ਕਿਸਮਾਂ ਦੇ ਸਾਗ ਵੀ ਲਗਵਾਏ। ਇਸ ਤੋਂ ਇਲਾਵਾ ਇਥੇ ਨਿੰਬੂ, ਅਮਰੂਦ ਤੇ ਕੁਝ ਨਵੀਂ ਕਿਸਮ ਦੇ ਆਲੂ ਬੁਖਾਰੇ ਦੇ ਬੂਟੇ ਵੀ ਲਗਾਏ ਗਏ। ਰਾਈਆਂ ਵਿਖੇ 'ਸੈਂਟ੍ਰਲ ਇੰਸਟੀਚਿਊਟ ਆਫ਼ ਹਾਰਟੀਕਲਚਰ ਫਾਰ ਨੌਰਦਰਨ ਪਲੇਨਜ਼' ਤੋਂ ਲਿਆਂਦੇ ਗਏ ਅੰਬ ਵੀ ਲਗਾਏ ਗਏ।

ਇਥੇ ਸ਼ੁਰੂ ਵਿਚ ਆੜੂਆਂ ਨੂੰ ਝੁੱਲ ਲੱਗਦਾ ਸੀ ਤੇ ਡਿੱਗ ਪੈਂਦਾ ਸੀ, ਪੂਰੀ ਫ਼ਸਲ ਨਹੀਂ ਸੀ ਮਿਲਦੀ। ਲੁਧਿਆਣਾ ਯੂਨੀਵਰਸਿਟੀ ਦੇ ਮਾਹਿਰਾਂ ਦੀ ਰਾਏ ਪੁੱਛੀ ਗਈ। ਉਨ੍ਹਾਂ ਦੱਸਿਆ, "ਇਥੇ ਦੀ ਜ਼ਮੀਨ ਵਿਚ ਨੇਮੇਟੋਡ ਨਾਂ ਦੇ ਕੀਟਾਣੂ ਹੁੰਦੇ ਹਨ ਜਿਹੜੇ ਬੂਟੇ ਦੀ ਜੜ੍ਹ ਨੂੰ ਖਰਾਬ ਕਰ ਦਿੰਦੇ ਹਨ। ਇਹ ਕੀੜਾ ਜ਼ਮੀਨ ਵਿਚ ਹੀ ਜੜ੍ਹ ਦੀਆਂ ਗੱਠਾਂ ਬਣਾਉਣੀਆਂ ਸ਼ੁਰੂ ਕਰ ਦਿੰਦਾ ਹੈ, ਜਿਸ ਦੇ ਫਲਸਰੂਪ ਜੜ੍ਹਾਂ ਧਰਤੀ ਵਿਚੋਂ ਖੁਰਾਕ ਲੈਣੀ ਬੰਦ ਕਰ ਦਿੰਦੀਆਂ ਹਨ ਅਤੇ ਇੰਜ ਫਸਲ ਫੇਲ੍ਹ ਹੋ ਜਾਂਦੀ ਹੈ।"

ਮਾਹਿਰਾਂ ਨੇ ਇਹ ਵੀ ਆਖਿਆ, "ਇਸ ਇਲਾਕੇ ਵਿਚ ਕੁਹਾੜੇ ਤੋਂ ਲੈ ਕੇ ਮਾਛੀਵਾੜੇ ਤਕ ਤਾਂ ਮੂੰਗਫਲੀ ਦੀ ਫਸਲ ਵੀ ਫੇਲ੍ਹ ਹੋ ਗਈ ਹੈ, ਜੋ ਘਟੀਆ ਤੋਂ ਘਟੀਆ ਰੇਤਲੀ ਜ਼ਮੀਨ ਵਿਚ ਪੈਦਾ ਹੋ ਜਾਂਦੀ ਹੈ। ਤੁਹਾਡੇ ਆੜੂ ਕੀ ਕਾਮਯਾਬ ਹੋਣਗੇ। ਇਸ ਤਰ੍ਹਾਂ ਲੱਗਦਾ ਹੈ ਕਿ ਇਹ ਆੜੂ ਤੁਹਾਨੂੰ ਪੁੱਟਣੇ ਪੈਣਗੇ।"

ਸੱਚੇ ਪਾਤਸ਼ਾਹ ਜੀ ਨੇ ਫਰਮਾਇਆ, "ਬਾਗ਼ ਜ਼ਰੂਰ ਹੋਵੇਗਾ।"

ਨੇਮੇਟੋਡ ਕੀੜੇ ਦਾ ਇਲਾਜ ਕਰਕੇ, ਦੋਸ਼ ਨੂੰ ਜੜ੍ਹ ਵਿਚੋਂ ਖ਼ਤਮ ਕੀਤਾ ਗਿਆ। ਹੁਣ ਇਥੇ ਵਧੀਆ ਕਿਸਮ ਦੇ ਆੜੂ ਹੀ ਨਹੀਂ ਸਗੋਂ ਅੰਬ, ਅਨਾਰ, ਕਿੰਨੂ ਤੇ ਅੰਗੂਰ ਵੀ ਪੈਦਾ ਹੋ ਰਹੇ ਹਨ। ਇਹ ਕਾਮਯਾਬੀ ਸਤਿਗੁਰਾਂ ਦੇ ਸਿੱਖ ਸੇਵਕਾਂ ਲਈ ਹੌਸਲਾ ਅਫਜ਼ਾ ਸਾਬਤ ਹੋਈ।

ਇਕ ਵਾਰ ਇਥੋਂ ਦੇ ਆੜੂ ਦਾ ਫ਼ਲ ਪੰਜਾਬ ਯੂਨੀਵਰਸਿਟੀ ਦੇ ਮਾਹਿਰ ਡਾਕਟਰ ਅਜੇਪਾਲ ਸਿੰਘ ਗਿੱਲ, ਯੂਨੀਵਰਸਿਟੀ ਕੰਪਲੈਕਸ ਵਿਚ ਲੈ ਕੇ ਗਏ ਤੇ ਆਪਣੇ ਸਾਥੀਆਂ ਨੂੰ ਵਿਖਾ ਕੇ ਆਖਿਆ, "ਇਹੋ ਜਿਹਾ ਵੱਡਾ ਅਤੇ ਵਧੀਆ ਆੜੂ ਦਾ ਫ਼ਲ ਤ ਅਜੇ ਤਕ ਨਹੀਂ ਸੀ ਵੇਖਿਆ। ਸਾਨੂੰ ਵੀ ਇਹੋ ਜਿਹਾ ਤੰਦਰੁਸਤ ਫ਼ਲ ਤਿਆਰ ਕਰਨਾ ਚਾਹੀਦਾ ਹੈ।"

ਸੰਨ 2004 ਵਿਚ ਨਾਮਧਾਰੀ ਸੀਡਜ਼ ਪ੍ਰਾਈਵੇਟ ਲਿਮਟਿਡ ਕੰਪਨੀ ਜਿਸ ਦਾ ਮੁੱਖ ਦਫ਼ਤਰ ਬੰਗਲੌਰ ਵਿਖੇ ਹੈ, ਵੱਲੋਂ ਨਾਮਧਾਰੀ ਫਰੈੱਸ਼ ਕੰਪਨੀ ਦੀ ਬ੍ਰਾਂਚ ਰਾਈਆਂ ਵਿਖੇ ਖੋਲ੍ਹੀ ਗਈ ਸੀ। ਇਸ ਦਾ ਮਕਸਦ ਕੰਪਨੀ ਵੱਲੋਂ ਸਾਫ਼ ਸਬਜ਼ੀਆਂ ਪ੍ਰਾਪਤ ਕਰਵਾਉਣਾ ਹੈ। ਰਾਈਆਂ ਵਿਖੇ ਗਾਹਕਾਂ ਨੂੰ ਰੋਜ਼ ਤਾਜ਼ਾ ਸਬਜ਼ੀਆਂ ਦਿੱਤੀਆਂ ਜਾਂਦੀਆਂ ਹਨ। ਲੁਧਿਆਣਾ ਵਿਖੇ ਵੀ ਸਬਜ਼ੀਆਂ ਵੇਚਣ ਲਈ ਇਕ ਸ਼ੋਅ ਰੂਮ ਖੋਲ੍ਹਿਆ ਗਿਆ ਹੈ।

ਰਾਈਆਂ ਦੇ ਫਾਰਮ ਵਿਚ ਇਹ ਸਬਜ਼ੀਆਂ ਲਾਈਆਂ ਜਾਂਦੀਆਂ ਹਨ—ਭਿੰਡੀ, ਮਟਰ, ਬੇਬੀ ਕਰੌਨ, ਬੈਂਗਣ, ਅਰਬੀ, ਆਲੂ, ਟੀਂਡੇ, ਖੀਰਾ, ਨਿੰਬੂ ਅਤੇ ਗੋਭੀ ਬਕਰੋਲੀ, ਆਇਸ ਬਾਗ, ਜਕੀਨੀ (ਕੱਦੂ) ਆਦਿਕ। ਫਲ—ਆਲੂ ਬੁਖਾਰਾ, ਅਮਰੂਦ, ਬੇਰ, ਨਾਸ਼ਪਤੀ, ਆੜੂ ਆਦਿ ਲਗਾਏ ਗਏ ਸਨ। ਅੱਜ ਕੱਲ੍ਹ ਇਥੇ ਕਿੰਨੂ ਤੇ ਮਲਕਾ ਅੰਬ ਲਗਾਏ ਹੋਏ ਹਨ।

ਨਾਮਧਾਰੀ ਫਰੈੱਸ਼ ਕੰਪਨੀ ਵੱਲੋਂ ਹਰ ਸਾਲ ਕਰੀਬ ਤਿੰਨ ਚਾਰ ਸੌ ਟਨ ਸਲਾਦ ਵਾਲਾ ਮਟਰ (snow peas sugar snap) ਅਤੇ baby corn ਆਦਿ ਪੰਜਾਬ ਤੋਂ ਐਕਸਪੋਰਟ ਕਰਕੇ ਭੇਜਿਆ ਜਾਂਦਾ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜਦੋਂ ਭੈਣੀ ਸਾਹਿਬ ਹੋਣ ਤਾਂ ਰਾਈਆਂ ਫਾਰਮ ਵਿਚ ਦਰਸ਼ਨ ਦਿੰਦੇ ਰਹੇ ਸਨ। ਆਪ ਖੇਤੀਬਾੜੀ, ਬਾਗ਼ ਤੇ ਹੋਰ ਚੱਲ ਰਹੇ ਕੰਮ ਵੇਖਦੇ ਰਹਿੰਦੇ ਸਨ। ਨਵੀਆਂ ਤਿਆਰ ਕੀਤੀਆਂ ਕਿਸਮਾਂ ਸ੍ਰੀ ਸਤਿਗੁਰੂ ਨੂੰ ਵਿਖਾਈਆਂ ਜਾਂਦੀਆਂ ਸਨ।

ਸ੍ਰੀ ਸਤਿਗੁਰੂ ਜੀ ਬੜੀ ਦਿਲਚਸਪੀ ਅਤੇ ਬਾਰੀਕੀ ਨਾਲ ਹਰ ਗੱਲ ਪੁੱਛਦੇ ਸਨ। ਹਰ ਸਬਜ਼ੀ ਜਾਂ ਫਲ ਬਾਰੇ ਚੰਗੀ ਤਰ੍ਹਾਂ ਪੁੱਛਦੇ ਹਨ ਅਤੇ ਜੇ ਉਗਾਉਣ ਵਿਚ ਕਿਤੇ ਕੋਈ ਗ਼ਲਤੀ ਜਾਪਦੀ ਹੋਵੇ ਤਾਂ ਦੱਸ ਦਿੰਦੇ ਸਨ।

ਸ੍ਰੀ ਸਤਿਗੁਰੂ ਜੀ ਦੇ ਨੀਲੋਂ ਨਹਿਰ ਵਾਲੇ ਡੇਰੇ ਵਿਖੇ ਅੰਬਾਂ ਦੇ ਬਹੁਤ ਸਾਰੇ

ਦਰਖ਼ਤ ਲੱਗੇ ਹੋਏ ਹਨ। ਇਸ ਤੋਂ ਇਲਾਵਾ ਹੁਣ ਇਸ ਥਾਂ 'ਤੇ ਭਾਂਤ-ਭਾਂਤ ਦੇ ਸਜਾਵਟੀ ਫੁੱਲ ਪੌਦੇ ਲਗਾ ਕੇ ਆਧੁਨਿਕ ਢੰਗ ਦੀ ਲੈਂਡ ਸਕੇਪਿੰਗ ਕੀਤੀ ਗਈ ਹੈ।

ਸੰਨ 1995-96 ਤੋਂ ਸ੍ਰੀ ਸਤਿਗੁਰੂ ਜੀ ਤੋਂ ਪ੍ਰਵਾਨਗੀ ਲੈ ਕੇ ਕਈ ਬਾਗ਼ਾਂ ਦੀ ਵਰਤੋਂ ਸ੍ਰੀ ਉਦੈ ਸਿੰਘ ਜੀ 'ਨਾਮਧਾਰੀ ਸੀਡਜ਼ ਕੰਪਨੀ' ਦੇ ਅੰਤਰਗਤ ਫੁੱਲਾਂ ਤੇ ਸਬਜ਼ੀਆਂ ਦੇ ਬੀਜ ਬਣਾਉਣ ਲਈ ਕਰਦੇ ਰਹੇ ਹਨ। ਹੁਣ ਆਪਣੇ ਸਮੇਂ ਵਿਚ (ਸੰਨ 2012 ਤੋਂ) ਸ੍ਰੀ ਸਤਿਗੁਰੂ ਉਦੈ ਸਿੰਘ ਜੀ ਵੱਲੋਂ ਇਹੀ ਕੰਮ ਜਾਰੀ ਕੀਤਾ ਜਾ ਰਿਹਾ ਹੈ।

### ਹਿਮਾਚਲ ਵਿਖੇ ਬਾਗ਼

ਹਿਮਾਚਲ ਵਿਖੇ ਕੁੱਲੂ, ਮਨਾਲੀ, ਮੰਡੀ ਆਦਿ ਅਸਥਾਨਾਂ 'ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਫ਼ਲ ਅਤੇ ਸਬਜ਼ੀਆਂ ਦੇ ਬਾਗ਼ ਲਗਵਾਏ ਸਨ। ਅਜੋਕੇ ਸਮੇਂ ਵਿਚ ਇਥੇ ਵੀ ਵਰਤਮਾਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਸਰਪ੍ਰਸਤੀ ਹੇਠ ਫ਼ਲ, ਫੁੱਲ ਤੇ ਸਬਜ਼ੀਆਂ ਦੇ ਬੀਜ ਵੀ ਤਿਆਰ ਕੀਤੇ ਜਾ ਰਹੇ ਹਨ।

ਹਿਮਾਚਲ ਪ੍ਰਦੇਸ਼ ਵਿਚ ਸੰਨ 2004-05 ਵਿਚ ਕੁੱਲੂ ਮਨਾਲੀ ਵਿਚਕਾਰ ਕਟਰਾਈਨ ਨਾਂ ਦੇ ਸਥਾਨ 'ਤੇ ਇਕ ਬਾਗ ਲਗਾਇਆ ਗਿਆ ਹੈ, ਜਿਸ ਵਿਚ ਸੇਬ, ਕਿਵੀ, ਜਪਾਨੀ ਫਲ, ਬਲੂ ਬੇਰੀ ਅਤੇ ਨਵੀਂ ਕਿਸਮ ਦੇ ਆੜੂ ਨੇਕਟਰੀਨ ਲਗਵਾਏ ਹੋਏ ਹਨ। ਫੁੱਲ ਦੇ ਬੀਜ ਤਿਆਰ ਕਰਨ ਲਈ ਗ੍ਰੀਨ ਹਾਊਸ (green house) ਵੀ ਬਣਾਇਆ ਹੋਇਆ ਹੈ।

ਹੁਣ ਵਰਤਮਾਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਸਮੇਂ ਵਿਚ ਹਿਮਾਚਲ ਪ੍ਰਦੇਸ਼ ਵਿਚ ਕਰੀਬ ਸਾਢੇ ਸੱਤ ਵਿਘੇ ਵਿਚ ਚੈਰੀ ਦੇ ਬੂਟੇ ਲਗਾਏ ਹੋਏ ਹਨ। ਸੇਬ ਦੀਆਂ ਕਈ ਕਿਸਮਾਂ ਕਰੀਬ 60 ਵਿਘੇ ਵਿਚ ਡੋਬੀ ਨਾਮ ਦੇ ਸਥਾਨ 'ਤੇ ਅਤੇ ਕੁੱਲੂ ਮਨਾਲੀ ਵਿਚ ਲਗਾਈਆਂ ਹੋਈਆਂ ਹਨ।

### ਸਿੰਘਾਂ ਦੇ ਆਪਣੇ ਬਾਗ਼

ਸੰਨ 1968 ਵਿਚ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਨਾਮਧਾਰੀ ਕਿਸਾਨ ਸਿੰਘਾਂ ਨੂੰ ਬਾਗ਼ ਲਗਾਉਣ ਦਾ ਹੁਕਮ ਕੀਤਾ। ਬਹੁਤ ਸਾਰੇ ਕਿਸਾਨ ਸਿੰਘਾਂ ਨੇ ਆਪਣੀ ਸਮਰੱਥਾ ਅਤੇ ਜ਼ਮੀਨ ਦੇ ਰਕਬੇ ਅਨੁਸਾਰ ਬਾਗ਼ ਲਗਾਏ। ਖ਼ਾਸ ਤੌਰ 'ਤੇ ਦਮਦਮਾ ਪਿੰਡ ਦੇ ਜ਼ਿਮੀਂਦਾਰਾਂ ਨੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਨੂੰ ਮੰਨਦਿਆਂ ਅੰਗੂਰਾਂ ਦੇ ਬਾਗ਼ ਲਗਵਾਏ। ਕਈਆਂ ਨੂੰ ਸ੍ਰੀ ਸਤਿਗੁਰੂ ਜੀ ਨੇ ਆਪਣੇ ਖਰਚੇ 'ਤੇ ਸੀਮਿੰਟ ਅਤੇ ਬਜਰੀ ਦੇ ਖੰਬੇ ਬਣਵਾ ਕੇ ਦਿੱਤੇ। ਸੰਨ 1974-75 ਵਿਚ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਾਰੇ ਪਿੰਡਾਂ ਵਿਚੋਂ ਪੰਜ ਪੰਜ ਵਿਅਕਤੀ ਲੈ ਕੇ ਇਕ ਕਮੇਟੀ ਬਣਾਈ ਗਈ, ਜਿਹੜੀ ਘਰ-ਘਰ ਜਾ ਕੇ ਦੱਸਦੀ ਸੀ ਕਿ ਐਸ ਕਿਸਮ ਦੇ ਬਾਗ਼ 'ਤੇ ਤੁਹਾਡਾ ਇਤਨਾ ਖ਼ਰਚ ਹੋਵੇਗਾ ਅਤੇ ਇਤਨੀ ਆਮਦਨ ਹੋਵੇਗੀ। ਸ੍ਰੀ ਸਤਿਗੁਰੂ ਜੀ

ਨੇ ਨਿੱਜੀ ਦਿਲਚਸਪੀ ਲੈ ਕੇ ਅਨੇਕਾਂ ਸਿੱਖਾਂ ਦੀ ਪੈਲੀ 'ਚ ਅੰਗੂਰਾਂ ਤੇ ਕਿੰਨੂਆਂ ਅਤੇ ਹੋਰ ਫਲਾਂ ਦੇ ਬਾਗ਼ ਲਗਵਾਏ।

**ਫੁੱਲਾਂ ਦੇ ਬਾਗ਼**

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਬਚਪਨ ਤੋਂ ਹੀ ਫੁੱਲਾਂ ਦਾ ਸ਼ੌਕ ਰਿਹਾ। ਇਸੇ ਲਈ ਬਾਗ਼ਾਂ ਤੋਂ ਇਲਾਵਾ ਸ੍ਰੀ ਸਤਿਗੁਰੂ ਜੀ ਨੇ ਫੁੱਲਾਂ ਦੇ ਬਗ਼ੀਚਿਆਂ ਵੱਲ ਵੀ ਧਿਆਨ ਦਿੱਤਾ। ਵਧੀਆ ਕਿਸਮ ਦੇ ਖ਼ੁਸ਼ਬੂ ਵੰਡਣ ਵਾਲੇ ਫੁੱਲਾਂ ਨੂੰ ਸੁੱਚੇ ਪਾਤਸ਼ਾਹ ਜੀ ਬਹੁਤ ਪਸੰਦ ਕਰਦੇ ਹਨ। ਸ੍ਰੀ ਸਤਿਗੁਰੂ ਜੀ ਨੂੰ ਫੁੱਲਾਂ ਦੀਆਂ ਕਿਸਮਾਂ ਦੇ ਨਾਵਾਂ ਦੀ, ਮਹਿਕ ਦੀ ਅਤੇ ਗੁਣਾਂ ਦੀ ਬਹੁਤ ਜਾਣਕਾਰੀ ਸੀ। ਸ੍ਰੀ ਸਤਿਗੁਰੂ ਜੀ ਨੇ ਆਪਣੀ ਕੋਠੀ ਵਿਚ ਚੰਦਨ, ਉਨਾਭ ਅਤੇ ਜੂਹੀ ਵਗੈਰਾ ਬਹੁਤ ਸਾਰੇ ਬੂਟੇ ਲਗਵਾਏ ਸਨ।

ਭਾਂਤ-ਭਾਂਤ ਦੇ ਗੁਲਾਬ ਦੀਆਂ ਕਈ ਵਧੀਆ ਕਿਸਮਾਂ ਲੱਗੀਆਂ ਹੋਈਆਂ ਹਨ। ਕਰੀਬ ਸੰਨ 1988-89 ਵਿਚ, ਕਟਾਣੀ ਰੋਡ 'ਤੇ ਕਰੀਬ ਢਾਈ ਏਕੜ ਵਿਚ ਸੁੱਚੇ ਗੁਲਾਬ ਦਾ ਬਾਗ਼ ਲਗਾਇਆ ਗਿਆ ਸੀ। ਸ੍ਰੀ ਭੈਣੀ ਸਾਹਿਬ ਦੇ ਨੇੜੇ ਪੰਜੇਟੇ ਵਿਚ ਵੀ ਕਰੀਬ 30 ਏਕੜ ਵਿਚ ਬੀਜ ਬਣਾਉਣ ਲਈ ਫੁੱਲ ਲਗਾਏ ਗਏ ਸਨ। ਐਸ ਵੇਲੇ ਰਾਈਆਂ ਫਾਰਮ ਵਿਚ ਕਰੀਬ ਸੌ ਬੂਟੇ ਗੁਲਾਬ ਦੇ ਲਗਾਏ ਹੋਏ ਹਨ। ਸ੍ਰੀ ਸਤਿਗੁਰੂ ਜੀ ਹੁਕਮ ਕਰਦੇ ਹਨ ਕਿ ਸੁੱਚਾ ਗੁਲਾਬ, ਕਵਾਰ ਅਤੇ ਤੁਲਸੀ ਦੇ ਬੂਟੇ ਹਰ ਵਕਤ ਤਿਆਰ ਰੱਖਣੇ ਚਾਹੀਦੇ ਹਨ। ਇਹ ਬੂਟੇ ਦਵਾਈਆਂ ਅਤੇ ਮੈਡੀਟੇਸ਼ਨ ਲਈ ਵੀ ਕੰਮ ਆਉਂਦੇ ਹਨ।

ਸ੍ਰੀ ਭੈਣੀ ਸਾਹਿਬ ਵਿਚ ਕਈ ਭਾਂਤ ਦੇ ਸਜਾਵਟੀ ਪੌਦਿਆਂ, ਬੇਲਾਂ ਅਤੇ ਲਾਭਦਾਇਕ ਰੁੱਖਾਂ ਤੋਂ ਇਲਾਵਾ ਕਈ ਤਰ੍ਹਾਂ ਦੇ ਵੰਨ-ਸੁਵੰਨੇ, ਹਰ ਰੁੱਤ ਵਿਚ ਲਗਾਏ ਜਾਣ ਵਾਲੇ ਫੁੱਲ ਲਗਾਏ ਹੋਏ ਹਨ। ਸ੍ਰੀ ਸਤਿਗੁਰੂ ਜੀ ਨੂੰ ਫੁੱਲਾਂ ਦਾ ਇਤਨਾ ਸ਼ੌਕ ਹੈ ਕਿ ਫੁੱਲਾਂ ਦੀਆਂ ਕਈ ਕਿਸਮਾਂ ਵਿਦੇਸ਼ਾਂ ਤੋਂ ਵੀ ਮੰਗਵਾਈਆਂ ਜਾਂਦੀਆਂ ਹਨ। ਗੁਲਦਾਉਦੀ ਫੁੱਲ ਦੀਆਂ ਬਹੁਤ ਕਿਸਮਾਂ ਹੁੰਦੀਆਂ ਹਨ। ਸ੍ਰੀ ਭੈਣੀ ਸਾਹਿਬ ਵਿਚ ਇਸ ਦੀਆਂ ਕਈ ਕਿਸਮਾਂ ਅਮਰੀਕਾ ਤੋਂ ਮੰਗਵਾਈਆਂ, ਕੁਝ ਕਿਸਮਾਂ ਅਜਿਹੀਆਂ ਹਨ, ਜੋ ਭਾਰਤ ਵਿਚ ਹੋਰ ਕਿਧਰੇ ਨਹੀਂ ਮਿਲਦੀਆਂ।

ਏਥੇ ਕੁਝ ਖੱਟੀਆਂ ਦੇ ਪੌਦੇ ਲੱਗੇ ਹੋਏ ਹਨ ਜਿਨ੍ਹਾਂ ਨੂੰ ਥਾਈਲੈਂਡ ਦੀਆਂ ਖੱਟੀਆਂ ਆਖਿਆ ਜਾਂਦਾ ਹੈ। ਇਸ ਦੇ ਫਲ ਵਿਚੋਂ ਖ਼ੁਸ਼ਬੂ ਆਉਂਦੀ ਹੈ। ਇਸ ਨੂੰ ਸੱਚੇ ਪਾਤਸ਼ਾਹ ਜੀ ਕੇਸ਼ੀ ਇਸ਼ਨਾਨ ਲਈ ਵਰਤਦੇ ਹਨ। ਸੱਚੇ ਪਾਤਸ਼ਾਹ ਜੀ ਨੇ ਖ਼ਾਸ ਹੁਕਮ ਕਰਕੇ ਇਨ੍ਹਾਂ ਖੱਟੀਆਂ ਦੇ ਹੋਰ ਕਈ ਪੌਦੇ ਬਾਗ਼ਬਾਨੀ ਵਾਲੇ ਸੇਵਕ ਪਾਸੋਂ ਬਣਵਾਏ। ਇਹ ਪੌਦੇ ਹੋਰ ਸਾਧ ਸੰਗਤ ਨੂੰ ਵੀ ਦਿੱਤੇ ਜਾਂਦੇ ਹਨ ਤਾਂ ਜੋ ਇਹ ਇਨ੍ਹਾਂ ਪੌਦਿਆਂ ਨੂੰ ਆਪਣੇ ਘਰ ਜਾਂ ਬਾਗ਼ ਵਿਚ ਲਾਉਣ ਤੇ ਇਨ੍ਹਾਂ ਦੇ ਗੁਣਾਂ ਦਾ ਫ਼ਾਇਦਾ ਲੈ ਸਕਣ। ਰਾਈਆਂ ਦੇ ਫਾਰਮ ਵਿਚ ਭਾਂਤ ਭਾਂਤ ਤੇ ਸਜਾਵਟੀ ਪੌਦੇ, ਖ਼ੁਸ਼ਬੂ ਵਾਲੇ ਫੁੱਲਾਂ ਦੇ

ਪੌਦਿਆਂ ਦੀ ਇਕ ਨਰਸਰੀ ਬਣਾਈ ਹੋਈ ਹੈ। ਫੁੱਲਾਂ ਦੇ ਬੀਜ ਰਾਈਆਂ ਤੋਂ ਇਲਾਵਾ ਬੰਗਲੌਰ, ਕੁੱਲੂ ਤੇ ਉਟੀ ਵਿਖੇ ਵੀ ਤਿਆਰ ਕੀਤੇ ਜਾਂਦੇ ਹਨ। ਫ਼ਲ, ਫੁੱਲ ਅਤੇ ਸਬਜ਼ੀਆਂ ਦੇ ਵਧੀਆ ਬੀਜ ਤਿਆਰ ਕਰਵਾਉਣਾ ਵੀ ਸ੍ਰੀ ਸਤਿਗੁਰੂ ਜੀ ਦੀ ਖੇਤੀਬਾੜੀ ਦੇ ਖੇਤਰ ਵਿਚ ਬਹੁਤ ਵੱਡੀ ਦੇਣ ਹੈ।

### ਬੰਗਲੌਰ ਵਿਖੇ ਨਾਮਧਾਰੀ ਫਾਰਮ, ਨਾਮਧਾਰੀ ਸੀਡਜ਼ ਕੰਪਨੀ ਅਤੇ ਨਾਮਧਾਰੀ ਫਰੈੱਸ਼ ਕੰਪਨੀ, ਨਾਮਧਾਰੀ ਐਨੀਮਲ ਜੈਨਟਿਕਸ (ਨਾਮਧਾਰੀ ਡੇਅਰੀ)

ਦੱਖਣੀ ਭਾਰਤ ਵਿਚ ਕਰਨਾਟਕ ਰਾਜ ਦੇ ਬੰਗਲੌਰ ਸ਼ਹਿਰ ਤੋਂ ਕਰੀਬ ਚਾਲੀ ਕੁ ਕਿਲੋਮੀਟਰ ਦੀ ਦੂਰੀ ਉੱਤੇ ਬੰਗਲੌਰ-ਮੈਸੂਰ ਮੁੱਖ ਮਾਰਗ 'ਤੇ ਬਿੜਦੀ ਨਾਮ ਦਾ ਇਕ ਕਸਬਾ ਹੈ। ਬਿੜਦੀ ਤੋਂ ਅੱਗੇ, ਖੱਬੇ ਹੱਥ ਛੋਟੀ ਸੜਕ ਦਾ ਸੱਤ-ਅੱਠ ਕੁ ਕਿਲੋਮੀਟਰ ਦਾ ਰਸਤਾ ਪਾਰ ਕਰਕੇ ਉਰਗਹਾਲੀ (uragahalli) ਨਾਮ ਦਾ ਪਿੰਡ ਹੈ। ਇਸ ਪਿੰਡ ਵਿਚ ਸੰਨ 1974 ਵਿਚ ਖਰੀਦੀ ਗਈ ਜ਼ਮੀਨ ਵਿਚ ਸ੍ਰੀ ਸਤਿਗੁਰੂ ਜੀ ਦਾ ਕਰੀਬ ਇਕ ਸੌ ਅੱਸੀ ਏਕੜ ਵਿਚ ਫੈਲਿਆ ਹੋਇਆ 'ਨਾਮਧਾਰੀ ਫਾਰਮ' ਹੈ।

#### ਨਾਮਧਾਰੀ ਫਾਰਮ

ਵਰਿਆਮ ਦੇ ਨਵੰਬਰ ਸੰਨ 2010 ਦੇ ਪੰਨਾ ਨੰ. 6 'ਤੇ ਲਿਖੇ ਗਏ ਲੇਖ 'ਸੱਚੇ ਪਾਤਸ਼ਾਹ ਇਕ ਪਹਿਲੂ ਇਹ ਵੀ' ਵਿਚ ਸ੍ਰੀ ਉਦੈ ਸਿੰਘ (ਵਰਤਮਾਨ ਸ੍ਰੀ ਸਤਿਗੁਰੂ ਜੀ) ਅਨੁਸਾਰ—

> "ਬੰਗਲੌਰ ਮੈਂ ਸੰਨ 1982 ਵਿਚ ਗਿਆ। ਸੱਚੇ ਪਾਤਸ਼ਾਹ ਜੀ ਨੇ ਮੈਨੂੰ ਹੁਕਮ ਕੀਤਾ, 'ਏਸ ਥਾਂ ਨੂੰ ਅਸਾਂ ਆਬਾਦ ਕਰਨੈ, ਘਬਰਾਣਾ ਨਹੀਂ। ਆਬਾਦ ਕਰਨਾ ਹੀ ਹੈ।'
>
> ਉਹ ਸਮਾਂ ਹੈ ਹੀ ਐਸਾ ਸੀ। ਜਗ੍ਹਾ ਵੀ ਉਜਾੜ ਹੀ ਸੀ। ਅਸੀਂ ਵੀ ਡਰਨਾ। ਸਿੱਖਾਂ ਦੀ ਹਾਲਤ ਵੀ ਇਹੋ ਜਿਹੀ ਸੀ। ਉਥੇ ਰਹਿਣ ਵਸਣ ਤੋਂ ਡਰਦੇ ਵੀ ਸਨ। ਉਹ ਆਪਣੇ ਥਾਂ ਠੀਕ ਵੀ ਸਨ। ਸਤਿਗੁਰਾਂ ਕਹਿਣਾ, 'ਅੱਜ ਤੁਸੀਂ ਏਥੇ ਰਹਿੰਦੇ ਨਹੀਂ। ਤੁਸੀਂ ਤਰਸੋਗੇ ਇਥੇ ਆਉਣ ਨੂੰ। ਤੁਹਾਡਾ ਇਥੇ ਰਹਿਣ ਨੂੰ ਜੀਅ ਕਰੇਗਾ।'
>
> ਆਪ ਦੀ ਰਜ਼ਾ ਸੀ ਮੇਰੇ ਵਰਗੇ ਤੋਂ ਕੰਮ ਲੈਣਾ ਸੀ, ਉਥੋਂ ਦੇ ਲੋਕਾਂ, ਗਰੀਬਾਂ ਲਈ ਰੁਜ਼ਗਾਰ ਦੇਣਾ ਸੀ...ਆਪ ਜੀ ਨੇ ਉਚੇਚਾ ਫਾਰਮ 'ਤੇ ਜਾ ਕੇ ਰਹਿਣਾ। ਸੰਗਤਾਂ ਨੂੰ ਨਾਲ ਲੈ ਕੇ ਜਾਣਾ। ਜੰਗਲ ਪਟਾਉਣਾ। ਆਪ ਨਾਲ ਜਾ ਕੇ ਵੀ ਅੱਗੇ ਲੱਗ ਕੇ ਹੱਥੀਂ

> ਸੇਵਾ ਕਰਨੀ ਅਤੇ ਕਰਾਉਣੀ...। ਸਤਿਗੁਰੂ ਜੀ ਨੇ ਸਦਾ ਹੀ ਉਤਸ਼ਾਹ ਬਖ਼ਸ਼ਣਾ, ਤਗੜੇ ਹੋ ਕੇ ਕੰਮ ਕਰੋ।"
>
> **-ਵਰਿਆਮ ਦਾ ਨਵੰਬਰ 2010 ਦਾ ਅੰਕ**

ਇਸੇ ਫਾਰਮ ਬਾਰੇ ਸ੍ਰੀ ਉਦੈ ਸਿੰਘ ਜੀ (ਵਰਤਮਾਨ ਸ੍ਰੀ ਸਤਿਗੁਰੂ ਜੀ) ਸਤਿਜੁਗ ਵਿਚ ਛਪੇ ਆਪਣੇ ਲੇਖ 'ਨਾਮਧਾਰੀ ਫਾਰਮ ਦੇ ਰਸੀਲੇ ਅੰਬ' ਵਿਚ ਲਿਖਦੇ ਹਨ,

> "ਇਕ ਸੌ ਅੱਸੀ ਏਕੜ ਵਿਚ ਫੈਲਿਆ ਹੋਇਆ ਸਾਡਾ ਇਹ ਨਾਮਧਾਰੀ ਫਾਰਮ ਸਤਿਗੁਰਾਂ ਦੀ ਬਾਗ਼ਬਾਨੀ ਦੀ ਰੀਝ ਦਾ ਜਿਉਂਦਾ ਜਾਗਦਾ ਨਮੂਨਾ ਹੈ ਜੋ ਕਿ ਸੰਨ 1974 ਵਿਚ ਖਰੀਦਿਆ ਗਿਆ ਸੀ। ਪਰ ਕਈ ਸਾਲਾਂ ਤਕ ਇਹ ਫਲ ਫੁੱਲ ਤੇ ਸਬਜ਼ੀਆਂ ਦੀ ਉਪਜ ਵੱਲੋਂ ਆਪ ਜੀ ਦੇ ਨਿਸ਼ਾਨੇ ਉੱਪਰ ਪੂਰਾ ਨਹੀਂ ਸੀ ਉਤਰ ਸਕਿਆ। ਇਸੇ ਸਿਲਸਿਲੇ ਵਿਚ ਸੰਨ 1982 ਦੇ ਇਕ ਦਿਨ ਆਪ ਜੀ ਦੀ ਸਵੱਲੀ ਨਜ਼ਰ ਮੇਰੇ ਉੱਪਰ ਆ ਟਿਕੀ ਤੇ ਹੁਕਮ ਹੋਇਆ ਕਿ ਬੰਗਲੌਰ ਫਾਰਮ ਦਾ ਕੰਮ ਤੁਸੀਂ ਸੰਭਾਲੋ। ਕੰਮ ਤਗੜੇ ਹੋ ਕੇ ਖੁੱਲ੍ਹੇ ਦਿਲ ਤੇ ਈਮਾਨਦਾਰੀ ਨਾਲ ਕਰੋ, ਬਾਕੀ ਚਿੰਤਾ ਮੇਰੇ ਉੱਤੇ ਛੱਡ ਦਿਓ, ਮੈਂ ਆਪੇ ਸੰਭਾਲ ਲਵਾਂਗਾ।"
>
> **-ਸਤਿਜੁਗ ਦਾ ਵਿਸ਼ੇਸ਼ ਅੰਕ, ਸੰਨ 2000, ਸੰਮਤ 2056**

ਸ੍ਰੀ ਸਤਿਗੁਰੂ ਜੀ ਦੇ ਆਸ਼ੀਰਵਾਦ ਸਦਕਾ ਅੱਜ ਸ੍ਰੀ ਉਦੈ ਸਿੰਘ ਜੀ (ਵਰਤਮਾਨ ਸ੍ਰੀ ਸਤਿਗੁਰੂ ਜੀ) ਬਾਗਬਾਨੀ ਅਤੇ ਬੀਜ ਉਤਪਾਦਨ ਦੇ ਖੇਤਰ ਵਿਚ ਵਿਸ਼ਵ ਪੱਧਰ ਦਾ ਨਾਮਣਾ ਖੱਟ ਰਹੇ ਹਨ। ਬੰਗਲੌਰ ਦੇ ਇਸ ਨਾਮਧਾਰੀ ਫਾਰਮ ਵਿਚ ਕਈ ਪ੍ਰਕਾਰ ਦੇ ਫਲ ਅਤੇ ਸਬਜ਼ੀਆਂ ਉਗਾਈਆਂ ਜਾਂਦੀਆਂ ਹਨ। ਐਸੇ ਵੇਲੇ ਇਸ ਫਾਰਮ ਦਾ ਕੰਮ ਬਹੁਤ ਵਿਆਪਕ ਪੱਧਰ 'ਤੇ ਚੱਲ ਰਿਹਾ ਹੈ। ਸ਼ੁਰੂਆਤ ਵਿਚ ਨਾਮਧਾਰੀ ਫਾਰਮ ਬੰਗਲੌਰ ਵਿਖੇ, ਬਹੁਤ ਸਾਰੇ ਭਾਰਤੀ ਅਤੇ ਥਾਈਲੈਂਡ ਤੇ ਸੈਂਟ੍ਰਲ ਅਮਰੀਕਾ ਆਦਿਕ ਤੋਂ ਲਿਆਂਦੀਆਂ ਵਿਦੇਸ਼ੀ ਕਿਸਮਾਂ ਦੇ ਅੰਬ, ਤਕਰੀਬਨ 40 ਕੁ ਏਕੜ ਵਿਚ ਲਗਾਏ ਗਏ। ਪੰਜਾਹ ਕੁ ਕਿਸਮਾਂ ਦੇ ਅੰਬ ਇਥੇ ਲੱਗੇ ਹੋਏ ਹਨ। ਸਾਰੀਆਂ ਦੇਸੀ ਅਤੇ ਵਿਦੇਸ਼ੀ ਕਿਸਮਾਂ ਦੇ ਅੰਬ ਜਿਵੇਂ ਕਿ ਦੁਸਹਿਰੀ, ਲੰਗੜਾ, ਚੌਸਾ, ਤੋਤਾਪੁਰੀ, ਸਹਾਰਨਪੁਰੀ, ਕੇਸਰ, ਮੱਲਿਕਾ, ਅਲਫੈਂਸੋ, ਅਮਰਪਾਲੀ, ਸੰਧੂਰਾ, ਸਵਰਨਰੇਖਾ, ਬੈਂਗਨਪਲੀ, ਸਫੈਦਾ, ਟੌਮੀ ਐਟਕਿਨ, ਨਾਟਾ, ਨਮਡੁਕਮਾਏ, ਥੁਆਏ, ਕੈਂਟ, ਕੀਟ, ਪਾਮਰ, ਪਦਾਰਸਮ, ਮਲਗੋਆ ਅਤੇ ਲਖਨਊ ਸਫੈਦਾ ਆਦਿ ਕਿਸਮਾਂ ਦੇ ਅੰਬ ਇਥੇ ਲਗਾਏ ਹੋਏ ਹਨ। ਐਲਫੈਂਸੋ ਕਿਸਮ ਦੇ ਅੰਬ, ਜੋ ਕਿ ਬੜੇ ਮਿੱਠੇ ਹੁੰਦੇ ਹਨ ਅਤੇ ਆਪਣੀ ਇਕ ਅਲੱਗ ਕਿਸਮ ਦੀ ਖ਼ੁਸ਼ਬੂ ਕਾਰਨ ਜਾਣੇ ਜਾਂਦੇ ਹਨ, ਬਹੁਤ ਲੋਕਪ੍ਰਿਯ ਹੋ ਗਏ ਹਨ।

ਇਸ ਫਾਰਮ ਦੇ ਪੱਕੇ ਅੰਬ ਤਾਂ ਬਹੁਤ ਸੁਆਦ ਅਤੇ ਮਿੱਠੇ ਹੁੰਦੇ ਹਨ ਪਰ ਖ਼ਾਸ ਕਿਸਮ ਦੇ ਕੱਚੇ ਅੰਬ ਵੀ ਅਤਿਅੰਤ ਮਿੱਠੇ ਹੁੰਦੇ ਹਨ। ਕੱਚੇ ਅੰਬਾਂ ਦੀ ਇਹ ਕਿਸਮ ਥਾਈਲੈਂਡ ਤੋਂ ਲਿਆਂਦੀ ਗਈ ਸੀ। ਕਰੀਬ 40 ਕੁ ਏਕੜ ਵਿਚ ਨਾਰੀਅਲ ਤੇ 4 ਕੁ ਏਕੜ ਵਿਚ ਅੰਗੂਰ ਲਗਾਏ ਹੋਏ ਸਨ।

ਨਾਮਧਾਰੀ ਫਾਰਮ ਦੇ ਨਾਰੀਅਲ ਦੇ ਬਿਰਛ ਫਲਾਂ ਨਾਲ ਲੱਦੇ ਹੁੰਦੇ ਹਨ। ਇਥੋਂ ਦੇ ਨਾਰੀਅਲ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਵੀ ਭੇਜੇ ਜਾਂਦੇ ਰਹੇ ਹਨ। ਸ਼ੁਰੂਆਤ ਵਿਚ ਅੰਗੂਰਾਂ ਦੀਆਂ ਕਈ ਕਿਸਮਾਂ ਇਥੇ ਲਗਾਈਆਂ ਗਈਆਂ। ਆਸਟ੍ਰੇਲੀਆ, ਅਮਰੀਕਾ (ਕੈਲੀਫੋਰਨੀਆ) ਆਦਿ ਦੇਸ਼ਾਂ ਤੋਂ ਲਿਆਂਦੀਆਂ ਗਈਆਂ ਅੰਗੂਰਾਂ ਦੀਆਂ ਕਈ ਨਵੀਆਂ ਕਿਸਮਾਂ ਵੀ ਲਗਾਈਆਂ ਗਈਆਂ। ਐਸੇ ਵੇਲੇ ਨਾਸਿਕ ਵਿਚ ਅਤੇ ਆਈ.ਡੀ. ਹਾਲੀ ਵਿਚ ਅੰਗੂਰਾਂ ਦੀ ਜ਼ਿਆਦਾ ਪੈਦਾਵਾਰ ਕੀਤੀ ਜਾ ਰਹੀ ਹੈ। ਇਥੇ ਫਲੇਮ ਸੀਡਲੈੱਸ, ਰੈੱਡ ਗਲੋਬ, ਸ਼ਰਦ ਸੀਡਲੈੱਸ, ਥਾਮਸਨ ਸੀਡਲੈੱਸ, ਮਾਣਕ ਚਮਨ, ਸੁਪਰੀਅਰ ਸੀਡਲੈੱਸ ਆਦਿਕ ਕਿਸਮਾਂ ਲਗਾਈਆਂ ਹੋਈਆਂ ਹਨ।)

ਮੱਕੀ ਵੀ ਬੀਜੀ ਜਾਂਦੀ ਰਹੀ ਹੈ। ਕਾਲੀ ਮਿਰਚ ਦੇ ਬੂਟੇ ਵੀ ਲੱਗੇ ਹੋਏ ਸਨ, ਜਿਨ੍ਹਾਂ ਦੇ ਪੱਤਿਆਂ 'ਚੋਂ ਵੀ ਕਾਲੀ ਮਿਰਚ ਦਾ ਪੂਰਾ ਸਵਾਦ ਆਉਂਦਾ ਸੀ। ਇਸ ਤੋਂ ਇਲਾਵਾ ਖਰਬੂਜ਼ੇ, ਤਰਬੂਜ਼ ਤੇ ਕੁਝ ਸਬਜ਼ੀਆਂ—ਕੱਦੂ, ਖੀਰਾ, ਟਮਾਟਰ, ਮੂਲੀ, ਪਾਲਕ, ਧਨੀਆ, ਸਾਗ ਆਦਿ ਲਗਾਏ ਜਾਂਦੇ ਰਹੇ ਹਨ। ਹੁਣ ਵੀ ਲਾਏ ਜਾਂਦੇ ਹਨ। ਸ੍ਰੀ ਸਤਿਗੁਰੂ ਜੀ ਨੇ ਮੈਕਾਡਾਮਿਆ ਤੋਂ ਇਲਾਵਾ ਲੌਂਗਨ, ਚਕੋਤਰਾ, ਅੰਬਰ, ਮਿੱਠੀ ਇਮਲੀ ਅਤੇ ਦਰਿਯਾਨ ਜਿਹੇ ਫ਼ਲਾਂ ਦੇ ਬੂਟੇ ਥਾਈਲੈਂਡ, ਕੀਨੀਆ ਆਦਿ ਤੋਂ ਲਿਆ ਕੇ ਇਥੇ ਲਗਵਾਏ ਹੋਏ ਹਨ। ਸ੍ਰੀ ਸਤਿਗੁਰੂ ਜੀ ਵਿਦੇਸ਼ਾਂ ਵਿਚੋਂ ਵੀ ਵਧੀਆ, ਵਿਸ਼ੇਸ਼ ਤੇ ਨਵੀਂ ਕਿਸਮ ਦੇ ਫ਼ਲ, ਫੁੱਲ ਤੇ ਸਬਜ਼ੀਆਂ ਦੇ ਬੀਜ, ਬੂਟੇ ਜਾਂ ਪਨੀਰੀ, ਬੰਗਲੌਰ ਦੇ ਨਾਮਧਾਰੀ ਫਾਰਮ ਅਤੇ ਭਾਰਤ ਦੇ ਹੋਰ ਇਲਾਕਿਆਂ ਵਿਚ ਉਪਜਾਉਣ ਲਈ ਲਿਆਉਂਦੇ ਰਹੇ ਹਨ।

ਸੰਨ 2005 ਵਿਚ ਬੰਗਲੌਰ ਸ਼ਹਿਰ ਤੋਂ ਕਰੀਬ 185 ਕਿਲੋਮੀਟਰ ਦੀ ਦੂਰੀ 'ਤੇ ਜ਼ਿਲ੍ਹਾ ਟਮਕੂਰ ਦੀ ਤਹਿਸੀਲ ਮਧਗਿਰੀ ਦੇ ਪਿੰਡ ਆਈ.ਡੀ.ਹਾਲੀ ਵਿਖੇ ਕਰੀਬ 1500 ਏਕੜ ਵਿਚ ਨਾਮਧਾਰੀ ਫਾਰਮ ਬਣਾਇਆ ਗਿਆ। ਇਸ ਵਿਚ ਅੰਬ, ਅਨਾਰ, ਚੀਕੂ, ਅੰਜੀਰ, ਔਲਾ, ਪਪੀਤਾ, ਸੀਤਾਫਲ, ਅੰਗੂਰ, ਚੰਦਨ, ਖਰਬੂਜ਼ੇ, ਤਰਬੂਜ, ਹਾਈ ਬਰੀਡ ਜਾਮਣਾਂ ਅਤੇ ਮਿੱਠੀ ਇਮਲੀ ਆਦਿ ਲਗਾਏ ਗਏ ਹਨ।

ਸ੍ਰੀ ਸਤਿਗੁਰੂ ਜੀ ਆਪਣੀ ਰਜ਼ਾ ਅਨੁਸਾਰ ਅਕਸਰ ਨਾਮਧਾਰੀ ਫਾਰਮ ਬੰਗਲੌਰ ਵਿਚ ਕੁਝ ਦਿਨ ਰਹਿੰਦੇ ਅਤੇ ਬਾਗ਼ਾਂ ਵਿਖੇ ਦਰਸ਼ਨ ਦਿੰਦੇ ਰਹੇ ਹਨ। ਆਪ ਬੜੇ ਧਿਆਨ ਤੇ ਦਿਲਚਸਪੀ ਨਾਲ ਫੁੱਲ, ਬੂਟਿਆਂ ਨੂੰ ਵੇਖਦੇ ਅਤੇ ਪੁੱਛ-ਤਾਛ ਕਰਦੇ

ਹਨ। ਜਿਵੇਂ ਕਿ ਜਦੋਂ 8 ਜੁਲਾਈ ਸੰਨ 2008 ਨੂੰ ਨਾਮਧਾਰੀ ਫਾਰਮ ਆਈ.ਡੀ. ਹਾਲੀ ਵਿਖੇ ਸ੍ਰੀ ਸਤਿਗੁਰੂ ਜੀ ਨੇ ਸਿੱਖਾਂ ਸੇਵਕਾਂ ਸਮੇਤ ਆਪਣੇ ਪਾਵਨ ਪਵਿੱਤਰ ਚਰਨ ਪਾਏ, ਹਜ਼ੂਰੀ ਸੇਵਕ ਰਛਪਾਲ ਸਿੰਘ ਜੀ ਦੀ ਡਾਇਰੀ ਦੀ ਲਿਖਤ ਅਨੁਸਾਰ—

> "ਗੱਡੀ ਵਿਚ ਸਵਾਰ ਸ੍ਰੀ ਸਤਿਗੁਰੂ ਜੀ ਹਰ ਇਕ ਬਗੀਚੇ ਵਿਚ ਜਾ ਕੇ ਫਲਦਾਰ ਬੂਟਿਆਂ ਦੇ ਮਾਹਿਰਾਂ ਪਾਸੋਂ ਅਤੇ ਸ੍ਰੀ ਉਦੈ ਸਿੰਘ ਜੀ ਪਾਸੋਂ ਜਾਣਕਾਰੀ ਲੈਂਦੇ ਰਹੇ।
> ਚੰਦਨ ਦੇ ਬੂਟੇ ਬਾਰੇ ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ, ਇਹ ਬੂਟੇ ਕਿੰਨੀ ਕੁ ਉਮਰ ਦੇ ਹਨ? ਪੂਰਾ ਦਰਖਤ ਬਣਨ ਨੂੰ ਕਿੰਨਾ ਚਿਰ ਲੱਗਦਾ ਹੈ ਅਤੇ ਪੂਰੇ ਬੂਟੇ ਦੀ ਕੀ ਕੀਮਤ ਹੁੰਦੀ ਹੈ।"

**ਨਾਮਧਾਰੀ ਸੀਡਜ਼ ਪ੍ਰਾਈਵੇਟ ਲਿਮਟਿਡ ਕੰਪਨੀ**

ਫਲ ਅਤੇ ਸਬਜ਼ੀਆਂ ਉਗਾਉਣ ਤੋਂ ਇਲਾਵਾ ਐਸ ਵੇਲੇ ਨਾਮਧਾਰੀ ਫਾਰਮ ਬੰਗਲੌਰ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਆਸ਼ੀਰਵਾਦ ਅਤੇ ਪ੍ਰੇਰਨਾ ਅਨੁਸਾਰ ਸ੍ਰੀ ਉਦੈ ਸਿੰਘ ਜੀ ਨੇ ਕਿਸਾਨਾਂ ਨੂੰ ਵਧੀਆ ਬੀਜ ਦੇਣ ਲਈ ਸੰਨ 1985 ਤੋਂ ਬੰਗਲੌਰ ਵਿਖੇ 'ਨਾਮਧਾਰੀ ਸੀਡਜ਼ ਪ੍ਰਾਈਵੇਟ ਲਿਮਟਿਡ ਕੰਪਨੀ' ਨਾਂ ਦੀ ਕੰਪਨੀ ਸਥਾਪਿਤ ਕੀਤੀ, ਜਿਸ ਦੇ ਅੰਤਰਗਤ ਫ਼ਲਾਂ-ਫੁੱਲਾਂ ਅਤੇ ਸਬਜ਼ੀਆਂ ਦੇ ਬੀਜ ਤਿਆਰ ਕਰਕੇ ਦੇਸ਼ ਵਿਦੇਸ਼ਾਂ ਵਿਚ ਭੇਜੇ ਜਾਂਦੇ ਹਨ। ਸ੍ਰੀ ਉਦੈ ਸਿੰਘ ਜੀ (ਵਰਤਮਾਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ) ਦੀ ਖੇਤੀਬਾੜੀ ਵਿਚ ਰੁਚੀ ਅਤੇ ਸਖ਼ਤ ਮਿਹਨਤ ਸਦਕਾ ਇਸ ਫਾਰਮ ਦੇ ਫਲ, ਸਬਜ਼ੀਆਂ ਅਤੇ ਬੀਜ ਅੱਜ ਵਿਸ਼ਵ ਪ੍ਰਸਿੱਧ ਹਨ।

ਭਾਂਤ ਸੁਭਾਂਤੇ ਸਜਾਵਟੀ ਅਤੇ ਫੁੱਲਦਾਰ ਬੂਟਿਆਂ ਦੇ ਬੀਜ ਵੱਡੇ ਪੈਮਾਨੇ ਉੱਤੇ ਤਿਆਰ ਕੀਤੇ ਜਾਂਦੇ ਹਨ। ਟਮਾਟਰ, ਸ਼ਿਮਲਾ-ਮਿਰਚ, ਤਰਬੂਜ਼, ਖਰਬੂਜ਼ਾ, ਖੀਰਾ, ਭਿੰਡੀ, ਘੀਆ, ਤੋਰੀ, ਗਾਜਰ, ਫੁੱਲ ਗੋਭੀ, ਪੱਤਾ-ਗੋਭੀ ਆਦਿ ਵੰਨ-ਸੁਵੰਨੀਆਂ ਸਬਜ਼ੀਆਂ ਦੇ ਬੀਜ ਵੀ ਤਿਆਰ ਕੀਤੇ ਜਾਂਦੇ ਹਨ। ਸਬਜ਼ੀਆਂ ਦੇ ਬੀਜ ਤਿਆਰ ਕਰਨ ਦੀ ਪ੍ਰੇਰਨਾ ਸ੍ਰੀ ਉਦੈ ਸਿੰਘ ਜੀ ਨੂੰ 'ਇੰਡੀਅਨ ਕੌਂਸਲ ਆਫ ਐਗਰੀਕਲਚਰ ਰੀਸਰਚ' ਦੇ ਬੰਗਲੌਰ ਕੇਂਦਰ ਦੇ ਡਾ. ਦੱਤਾ ਜੀ ਨੇ ਦਿੱਤੀ।ਨਾਮਧਾਰੀ ਸੀਡਜ਼ ਪ੍ਰਾਈਵੇਟ ਲਿਮਟਿਡ ਕੰਪਨੀ ਦਾ ਮੁੱਖ ਦਫਤਰ ਬੰਗਲੌਰ ਵਿਖੇ ਬਣਾਇਆ ਗਿਆ। ਇਥੇ ਦਫ਼ਤਰ ਬਣਾਉਣ ਦਾ ਮਕਸਦ ਇਥੋਂ ਦਾ ਵਾਤਾਵਰਣ ਸਬਜ਼ੀਆਂ ਦੇ ਅਨੁਕੂਲ ਹੋਣਾ ਸੀ।

ਸ੍ਰੀ ਉਦੈ ਸਿੰਘ ਜੀ ਅਨੁਸਾਰ,

> "ਜਦੋਂ ਅਸੀਂ ਬੀਜਾਂ ਦਾ ਕੰਮ ਆਰੰਭ ਕੀਤਾ ਤੇ ਬਰਾਮਦ (ਐਕਸਪੋਰਟ) ਬਾਰੇ ਸੋਚਿਆ ਤਾਂ ਮਾਇਆ ਦੀ ਕਮੀ ਸਤਿਗੁਰਾਂ ਮਹਿਸੂਸ ਨਹੀਂ ਹੋਣ ਦਿੱਤੀ।"

-ਵਰਿਆਮ ਦਾ ਨਵੰਬਰ 2010 ਦਾ ਅੰਕ

ਸ੍ਰੀ ਉਦੈ ਸਿੰਘ ਜੀ ਸਤਿਜੁਗ ਵਿਚ ਸੰਨ 2010 'ਚ ਛਪੇ ਆਪਣੇ ਲੇਖ 'ਨਾਮਧਾਰੀ ਫਾਰਮ ਦੇ ਰਸੀਲੇ ਅੰਬ' ਵਿਚ ਲਿਖਦੇ ਹਨ—

> "ਸਤਿਗੁਰੂ ਜੀ ਦੀ ਫਲਾਂ ਫੁੱਲਾਂ ਵਿਚ ਭਰਪੂਰ ਦਿਲਚਸਪੀ ਦਾ ਫਲ ਸੀ ਕਿ ਸਾਡੇ ਫਾਰਮ ਦੀ ਸ਼ਕਲ ਸੂਰਤ ਦਿਨਾਂ ਵਿਚ ਹੀ ਬਦਲਣ ਲੱਗੀ। ਸੰਨ 1985 ਵਿਚ ਅਸਾਂ ਆਪਣੇ ਇਸ ਕ੍ਰਿਸ਼ੀ ਕੇਂਦਰ ਦਾ ਨਾਮ 'ਨਾਮਧਾਰੀ ਸੀਡਜ਼ ਕੰਪਨੀ' ਰੱਖਣ ਲਈ ਸਤਿਗੁਰਾਂ ਅੱਗੇ ਅਰਜ਼ ਕੀਤੀ ਜੋ ਆਪ ਨੇ ਪਰਵਾਨ ਕਰਕੇ ਸਾਡਾ ਉਤਸ਼ਾਹ ਵਧਾਇਆ।"

ਸ਼ੁਰੂ ਸ਼ੁਰੂ ਵਿਚ ਅਸਾਂ ਆਪਣੇ ਫਾਰਮ ਦੀ ਉਪਜ ਦੇ ਨਿਰਯਾਤ (export) ਵੱਲ ਹੀ ਧਿਆਨ ਦਿੱਤਾ। ਇਸ ਲਈ ਅਸੀਂ ਅਮਰੀਕਾ ਤੇ ਯੂਰਪ ਤੋਂ ਠੇਕੇ ਲੈ ਕੇ ਬੀਜ ਉਪਜਾਉਂਦੇ ਤੇ ਉਨ੍ਹਾਂ ਦੇਸ਼ਾਂ ਨੂੰ ਭੇਜਦੇ ਰਹੇ। ਪਹਿਲੋਂ ਦੋ ਤਿੰਨ ਸਾਲ ਤਗੜੀ ਮਿਹਨਤ ਤੇ ਮੁਸ਼ਕਿਲਾਂ ਦੇ ਸਨ ਪਰ ਆਪ ਨੇ ਸਾਨੂੰ ਡੋਲਣ ਨਹੀਂ ਦਿੱਤਾ ਤੇ ਤਗੜੇ ਹੋ ਕੇ ਜੁਟੇ ਰਹਿਣ ਲਈ ਪ੍ਰੇਰਿਆ। ਫਾਰਮ ਦੀ ਉਪਜ ਨੂੰ ਵੱਡੀ ਵਪਾਰਕ ਪੱਧਰ ਉੱਤੇ ਲਿਜਾਣ ਦੇ ਇਰਾਦੇ ਨਾਲ ਮੈਂ ਸੰਨ 1987 ਵਿਚ ਕਈ ਦੇਸ਼ਾਂ ਵਿਚ ਗਿਆ। ਉਸ ਦੌਰੇ ਵਿਚ ਮੈਂ ਮਹਿਸੂਸ ਕੀਤਾ ਕਿ ਸਾਡੇ ਫਾਰਮ ਦੀ ਉਪਜ ਦੀ ਖਪਤ ਲਈ ਅਮਰੀਕਾ ਤੇ ਯੂਰਪੀ ਦੇਸ਼ ਤਾਂ ਠੀਕ ਹਨ ਪਰ ਜਾਪਾਨ ਸਾਨੂੰ ਵਾਰਾ ਨਹੀਂ ਖਾਣ ਲੱਗਾ। ਜਾਪਾਨ ਜਾਣ 'ਤੇ ਖ਼ਰਚਾ ਜ਼ਿਆਦਾ ਤੇ ਵਪਾਰ ਘੱਟ ਹੋਣ ਦੀ ਸੰਭਾਵਨਾ ਹੈ।

ਪਰ ਸਤਿਗੁਰੂ ਜੀ ਆਪਣੀ ਦ੍ਰਿਸ਼ਟੀ ਨਾਲ ਉਹ ਕੁਝ ਵੇਖ ਰਹੇ ਸਨ ਜੋ ਸਾਡੇ ਖ਼ਾਬੋ ਖ਼ਿਆਲ ਵਿਚ ਵੀ ਨਹੀਂ ਸੀ ਆ ਰਿਹਾ। ਆਪ ਜੀ ਨੇ ਫਰਮਾਇਆ, 'ਜਾਪਾਨ ਜ਼ਰੂਰ ਜਾਓ ਤੇ ਯਤਨ ਕਰਦੇ ਰਹੋ, ਸਭ ਠੀਕ ਹੋ ਜਾਏਗਾ।' ਆਪ ਦੇ ਹੁਕਮ ਅਨੁਸਾਰ ਅਸਾਂ ਯਤਨ ਜਾਰੀ ਰੱਖਿਆ, ਜਿਸ ਦਾ ਨਤੀਜਾ ਇਹ ਹੋਇਆ ਕਿ 'ਅੱਜ ਨਾਮਧਾਰੀ ਸੀਡਜ਼ ਕੰਪਨੀ' ਦਾ ਸਭ ਤੋਂ ਵੱਧ ਨਿਰਯਾਤ ਜਾਪਾਨ ਨਾਲ ਹੀ ਹੋ ਰਿਹਾ ਹੈ। ਅੱਜ ਜਾਪਾਨ ਸਾਡੇ ਵੱਡੇ ਗ੍ਰਾਹਕਾਂ ਵਿਚੋਂ ਹੈ। ਐਸਾ ਪ੍ਰੇਮ ਹੈ ਕਿ ਉਹ ਇਹ ਆਖਦੇ ਹਨ ਕਿ ਅਸੀਂ ਨਾਮਧਾਰੀਆਂ ਤੋਂ ਹੀ ਸਮਾਨ (ਸਬਜ਼ੀਆਂ, ਫਲ ਤੇ ਬੀਜ) ਲੈਣਾ ਹੈ।" -ਸਤਿਜੁਗ ਦਾ ਵਿਸ਼ੇਸ਼ ਅੰਕ, ਸੰਨ 2000, ਸੰਮਤ 2056।

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੱਸਦੇ ਹਨ ਕਿ ਸੰਨ 1922 ਵਿਚ ਅਸੀਂ ਭਾਰਤ ਦੀ ਬੀਜ ਮਾਰਕੀਟ ਵਿਚ ਦਾਖ਼ਲ ਹੋਏ। ਇਸ ਖੇਤਰ ਵਿਚ ਸਾਨੂੰ ਐਸੀ ਕਾਮਯਾਬੀ ਮਿਲੀ ਕਿ ਭਾਰਤ ਦੀਆਂ ਚੋਟੀ ਦੀਆਂ ਦੋ ਤਿੰਨ ਸਬਜ਼ੀਆਂ ਦੀਆਂ ਬੀਜ ਕੰਪਨੀਆਂ ਵਿਚੋਂ ਨਾਮਧਾਰੀ ਸੀਡਜ਼ ਕੰਪਨੀ ਬਰਾਬਰ ਦੀ ਮੰਨੀ ਜਾਂਦੀ ਹੈ। 'ਨਾਮਧਾਰੀ ਸੀਡਜ਼

ਕੰਪਨੀ' ਦਾ ਲੋਗੋ ਹੈ—'ਚੰਗੇ ਭਵਿੱਖ ਲਈ ਬੀਜ'। ਬੀਜਾਂ ਦੇ ਸਟੈਂਡਰਡ, ਕੁਆਲਿਟੀ ਅਤੇ ਉਪਜ ਨੂੰ ਵੱਡੀ ਵਪਾਰਕ ਪੱਧਰ 'ਤੇ ਲਿਆਂਦਾ ਗਿਆ ਹੈ।

ਅੱਜ ਭਾਰਤ ਦੇ ਹਰ ਹਿੱਸੇ ਵਿਚ ਅਤਿ ਆਧੁਨਿਕ ਤਕਨੀਕ ਦੇ ਨਾਮਧਾਰੀ ਸੀਡਜ਼ ਫਾਰਮ ਕਰੋੜਾਂ ਰੁਪਏ ਦੇ ਇਮਪੋਰਟ ਐਕਸਪੋਰਟ ਦਾ ਕੰਮ ਕਰ ਰਹੇ ਹਨ। ਉਦਾਹਰਣ ਵਜੋਂ ਇਕੱਲੇ ਸ੍ਰੀ ਭੈਣੀ ਸਾਹਿਬ ਰਾਈਆਂ ਦੇ ਫਾਰਮ 'ਤੇ ਹੀ 18 ਕਿਸਮਾਂ ਦੇ ਫੁੱਲਾਂ ਤੋਂ 64 ਕਿਸਮਾਂ ਦੇ ਫੁੱਲਾਂ ਤਕ ਦੇ ਬੀਜ ਤਿਆਰ ਕੀਤੇ ਜਾ ਰਹੇ ਹਨ। ਹਾਈਬ੍ਰਿਡ ਸਬਜ਼ੀਆਂ ਫੁੱਲਗੋਭੀ, ਟਮਾਟਰ, ਬੈਂਗਣ, ਭਿੰਡੀ, ਤੋਰੀ, ਘੀਆ, ਕਰੇਲਾ ਆਦਿ ਤੋਂ ਇਲਾਵਾ ਸਲਾਦ ਵਾਲੇ ਮਿੱਠੇ ਮਟਰ, ਨਿੱਕੀਆਂ-ਨਿੱਕੀਆਂ ਮੱਕੀ ਦੀਆਂ ਛੱਲੀਆਂ ਆਦਿ ਦੇ ਨਾਲ ਫਰੂਟ ਵੀ ਤਿਆਰ ਕਰਕੇ ਐਕਸਪੋਰਟ ਕੀਤਾ ਜਾ ਰਿਹਾ ਹੈ। ਇਹ ਸਾਮਾਨ ਆਮ ਹੀ ਨਹੀਂ ਵਿਕਦਾ ਬਲਕਿ ਬਾਹਰ ਵਿਦੇਸ਼ਾਂ ਵਿਚ ਵੀ ਐਕਸਪੋਰਟ ਹੁੰਦਾ ਹੈ ਜਾਂ ਫਾਈਵ ਸਟਾਰ ਵਰਗੇ ਉੱਚ-ਪੱਧਰੀ ਹੋਟਲਾਂ ਤਕ ਪੁੱਜਦਾ ਹੈ।

ਸਲਾਦ ਬਾਰ ਵੀ ਹੈ—ਜਿਸ ਵਿਚ ਚਾਈਨੀਜ਼ ਫੂਡ, ਨਾਮਧਾਰੀ ਪਨੀਰ, ਸਮੋਸੇ, ਫਰਾਈਡ ਰਾਈਸ, ਮੋਮੋਜ਼, ਸੈਂਡਵਿਚ, ਸਵੀਟ ਪਾਸਤਾ, ਓਰੀਜਨਲ ਜੂਸ ਵਗੈਰਾ ਮਿਲਦੇ ਹਨ।

ਇੰਜ ਅਜੋਕੇ ਸਮੇਂ ਵਿਚ ਨਾਮਧਾਰੀ ਸੀਡਜ਼ ਫਾਰਮ ਬੰਗਲੌਰ ਤਕ ਹੀ ਸੀਮਤ ਨਾ ਹੋ ਕੇ ਸ੍ਰੀ ਭੈਣੀ ਸਾਹਿਬ ਰਾਈਆਂ (ਜ਼ਿਲ੍ਹਾ ਲੁਧਿਆਣਾ) ਤੋਂ ਇਲਾਵਾ ਹਿਮਾਚਲ ਪ੍ਰਦੇਸ਼, ਕੁੱਲੂ, ਪੂਨਾ, ਮੈਸੂਰ, ਤਾਮਿਲਨਾਡੂ, ਸਿਲੀਗੁੜੀ (ਬੰਗਾਲ), ਆਂਧਰਾ ਪ੍ਰਦੇਸ਼, ਹੈਦਰਾਬਾਦ, ਵਾਰਾਣਸੀ, ਇੰਦੌਰ, ਅਹਿਮਦਾਬਾਦ, ਰਾਏਪੁਰ (ਛਤੀਸਗੜ੍ਹ), ਪਟਨਾ, ਜੈਪੁਰ, ਬੈਲਗਾਮ, ਸਰੋਹੀ (ਰਾਜਸਥਾਨ) ਆਦਿ ਸਥਾਨਾਂ 'ਤੇ ਚੱਲ ਰਹੇ ਹਨ।

ਬਰਾਮਦ (export) ਲਈ ਭਾਰਤ ਤੋਂ ਇਲਾਵਾ ਬਾਹਰਲੇ ਦੇਸ਼ਾਂ ਥਾਈਲੈਂਡ, ਵੀਅਤਨਾਮ, ਇੰਡੋਨੇਸ਼ੀਆ, ਬੰਗਲਾ ਦੇਸ਼, ਮਿਸਰ, ਜਾਰਡਨ, ਜਾਪਾਨ, ਯੂ.ਐੱਸ.ਏ. ਅਤੇ ਹਾਲੈਂਡ ਆਦਿ ਵਿਚ ਵੀ ਆਪਣੇ ਕੇਂਦਰ ਸਥਾਪਿਤ ਕੀਤੇ ਗਏ ਹਨ।

ਮੌਜੂਦਾ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਏਸ਼ੀਅਨ ਪੈਸਿਫਿਕ ਸੀਡ ਐਸੋਸੀਏਸ਼ਨ (Asian Pacific Seed Association) ਦੇ ਪ੍ਰਧਾਨ ਰਹੇ ਹਨ। ਆਪ ਇਸ ਐਸੋਸੀਏਸ਼ਨ ਦੇ ਦੂਸਰੇ ਭਾਰਤੀ ਪ੍ਰਧਾਨ (Indian President) ਸਨ। ਆਪ ਜੀ ਨੈਸ਼ਨਲ ਸੀਡ ਐਸੋਸੀਏਸ਼ਨ ਆਫ ਇੰਡੀਆ (National Seed Association of India) ਦੇ ਪ੍ਰਧਾਨ ਵੀ ਰਹੇ ਹਨ।

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੂੰ ਸੰਨ 1996-97 ਅਤੇ 98 ਦਾ Namdhari Seeds ਲਈ Best Exporter Award, ਅਪੀਡਾ ਅਰਥਾਤ Agriculture & Processive Food Export Development Authority ਵੱਲੋਂ ਮਿਲਿਆ ਹੈ। ਉਦੋਂ ਤੋਂ ਇਨ੍ਹਾਂ ਨੂੰ ਕਰੀਬ ਹਰ ਸਾਲ ਐਵਾਰਡ ਮਿਲਦੇ ਰਹਿੰਦੇ ਹਨ। ਕੰਪਨੀ ਦੀ

ਕਾਰਗੁਜ਼ਾਰੀ ਨੂੰ ਵੇਖਦਿਆਂ ਇਨ੍ਹਾਂ ਨੂੰ ਹਰ ਸਾਲ 'ਅਪੀਡਾ ਐਕਸਪੋਰਟ ਐਵਾਰਡ' ਅਤੇ ਹੋਰ ਐਵਾਰਡ ਮਿਲਦੇ ਰਹਿੰਦੇ ਹਨ। ਕੰਪਨੀ ਵੱਲੋਂ ਸੰਨ 1998 ਤੋਂ 'ਨਾਮਧਾਰੀ ਸਮਾਚਾਰ' ਨਾਮ ਦਾ ਮੈਗਜ਼ੀਨ ਵੀ ਕੱਢਿਆ ਜਾ ਰਿਹਾ ਹੈ।

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਕਹਿੰਦੇ ਹਨ ਕਿ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਅਤੇ ਦਿਲਚਸਪੀ ਸਦਕਾ ਹੀ ਇਹ ਸਾਰੀ ਸਫਲਤਾ ਉਨ੍ਹਾਂ ਨੂੰ ਮਿਲੀ ਹੈ। ਆਪ ਵਿਚ ਬਹੁਤ ਉਤਸ਼ਾਹ ਹੈ। ਆਪ 'ਨਾਮਧਾਰੀ ਸੀਡਜ਼ ਫਾਰਮ' ਦੇ ਕੰਮ ਨੂੰ ਬਹੁਤ ਅਗਾਂਹ ਲੈ ਗਏ ਹਨ। ਆਪ ਜੀ ਅਨੁਸਾਰ—

> "ਸੱਚੇ ਪਾਤਸ਼ਾਹ ਜੀ ਦੀ ਕਿਰਪਾ ਅਤੇ ਇੱਛਾ ਨਾਲ ਬਹੁਤ ਕੁਝ ਹੋਰ ਕਰਨ ਦੀਆਂ ਵਿਉਂਤਾਂ ਹਨ। ਫੁੱਲਾਂ ਦੇ ਬੀਜਾਂ ਦੀ ਪੈਦਾਵਾਰ ਵਧਾਉਣ ਦੀ ਵਿਉਂਤ ਹੈ। ਬਾਹਰਲੇ ਦੇਸ਼ਾਂ ਵਿਚ, ਖ਼ਾਸ ਕਰਕੇ ਯੂਰਪ ਵਿਚ ਜਿਹੜੇ ਫੁੱਲਾਂ ਦੇ ਬੀਜਾਂ ਦੀ ਮੰਗ ਹੈ, ਉਹ ਸਰਦੀ ਲੋੜਦੇ ਹਨ। ਇਸ ਲਈ ਊਟੀ ਦੇ ਠੰਢੇ ਇਲਾਕੇ ਵਿਚ ਇਕ ਕੇਂਦਰ ਬਣਾਉਣ ਦੀ ਸਲਾਹ ਹੈ। ਖ਼ੁਦ ਭਾਰਤ ਬੀਜਾਂ ਦੀ ਬਹੁਤ ਵੱਡੀ ਮੰਡੀ ਹੈ। ਇਸ ਮੰਡੀ ਦੀ ਮੰਗ ਪੂਰੀ ਕਰਨ ਲਈ ਅਸੀਂ ਹੋਰ ਵਧੇਰੇ ਤੇਜ਼ੀ ਨਾਲ ਵਿਗਿਆਨਕ ਖੋਜ ਕਰਾਂਗੇ। ਇਥੇ ਸਾਨੂੰ ਯੋਗਤਾ ਪ੍ਰਾਪਤ ਵਿਗਿਆਨੀ ਵੀ ਮਿਲਦੇ ਹਨ ਅਤੇ ਕਾਮੇ ਵੀ। ਅਸੀਂ ਆਪਣੀ ਖੋਜ ਨੂੰ ਹੋਰ ਤੇਜ਼ ਅਤੇ ਪ੍ਰਬੀਨ ਬਣਾਵਾਂਗੇ। ਰਾਈਆਂ ਵਿਖੇ ਉਪ-ਖੋਜ ਕੇਂਦਰ ਕਾਇਮ ਕਰ ਲਿਆ ਗਿਆ ਹੈ।"

'ਨਾਮਧਾਰੀ ਸੀਡਜ਼ ਕੰਪਨੀ' ਦਾ ਨਾਮ ਰੌਸ਼ਨ ਕਰਨ ਲਈ ਸ੍ਰੀ ਉਦੈ ਸਿੰਘ ਜੀ ਬੜੀ ਲਗਨ ਤੇ ਮਿਹਨਤ ਨਾਲ ਉਤਪਾਦਨ, ਖੋਜ ਕਾਰਜ ਅਤੇ ਨਿਰਯਾਤ (export) ਤਿੰਨੋਂ ਖੇਤਰਾਂ ਵਿਚ ਕਾਰਜਸ਼ੀਲ ਹਨ। ਉਨ੍ਹਾਂ ਨੇ ਦੇਸ਼ ਵਿਦੇਸ਼ਾਂ ਤੋਂ ਹਰ ਫ਼ਲ ਦੇ ਕਈ ਕਿਸਮ ਦੇ ਪੌਦੇ ਅਤੇ ਬੀਜ ਲਿਆ ਕੇ, ਉਨ੍ਹਾਂ ਦੀ ਕਰਾਸ ਬਰੀਡਿੰਗ ਕਰਕੇ, ਨਵੇਂ ਸਵਾਦ ਦੇ ਫ਼ਲਾਂ ਦੇ ਬੂਟੇ ਤਿਆਰ ਕੀਤੇ ਹੋਏ ਹਨ। ਪ੍ਰਯੋਗਸ਼ਾਲਾ ਵਿਚ ਵਿਗਿਆਨੀ, ਥੋਕ ਗਾਹਕਾਂ ਦੀ ਮੰਗ ਅਨੁਸਾਰ ਫੁੱਲਾਂ ਦੇ ਰੰਗ ਤੇ ਆਕਾਰ ਵਿਚ ਅਤੇ ਸਬਜ਼ੀਆਂ ਦੇ ਸਵਾਦ ਤੇ ਸ਼ਕਲ ਵਿਚ ਤਬਦੀਲੀਆਂ ਬਾਰੇ ਵੀ ਪ੍ਰਯੋਗ ਕਰਦੇ ਹਨ ਅਤੇ ਪਹਿਲਾਂ ਤੋਂ ਤਿਆਰ ਨਸਲਾਂ ਦੇ ਸੁਧਾਰ ਬਾਰੇ ਵੀ।

ਬੀਜਾਂ ਨੂੰ ਪਾਲਣ-ਪੋਸਣ, ਸਾਂਭਣ ਅਤੇ ਤਿਆਰ ਕਰਨ ਦਾ ਕੰਮ ਬੜੀ ਬਾਰੀਕੀ ਦਾ ਹੈ ਜਿਹੜਾ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਸਦਕਾ, ਸ੍ਰੀ ਉਦੈ ਸਿੰਘ ਜੀ ਦੀ ਦੇਖ ਰੇਖ ਹੇਠ ਬੜੀ ਸਫ਼ਲਤਾ ਪੂਰਵਕ ਚੱਲ ਰਿਹਾ ਹੈ। ਆਪ ਨੇ ਫਾਰਮ ਦਾ ਸਾਰਾ

ਕਾਰ-ਵਿਹਾਰ ਬੜੇ ਸੁਚੱਜੇ, ਅਨੁਸ਼ਾਸ਼ਨ ਬੱਧ ਅਤੇ ਵਿਗਿਆਨਕ ਤਰੀਕੇ ਨਾਲ ਕੀਤਾ ਹੈ।

ਬੂਟਿਆਂ ਨੂੰ ਪਾਣੀ ਦੇਣ ਦਾ ਤਰੀਕਾ ਵੀ ਆਧੁਨਿਕ ਸਿੰਜਾਈ ਪ੍ਰਣਾਲੀ ਅਨੁਸਾਰ ਹੈ। ਡਰਿਪ ਇਰੀਗੇਸ਼ਨ ਅਨੁਸਾਰ ਪਾਣੀ ਪਲਾਸਟਿਕ ਦੀਆਂ ਨਾਲੀਆਂ ਰਾਹੀਂ ਸਿੱਧਾ ਹਰ ਬੂਟੇ ਦੀਆਂ ਜੜ੍ਹਾਂ ਵਿਚ ਪੁਚਾਇਆ ਜਾਂਦਾ ਹੈ। ਜਿੰਨੀ ਲੋੜ ਹੁੰਦੀ ਹੈ ਓਨਾ ਹੀ ਪਾਣੀ ਬੂਟਿਆਂ ਨੂੰ ਮਿਲਦਾ ਹੈ। ਇਕ ਬੂੰਦ ਵੀ ਜਾਇਆ ਨਹੀਂ ਹੁੰਦੀ।

ਜਿਨ੍ਹਾਂ ਬੂਟਿਆਂ ਦਾ ਵਾਤਾਵਰਨ ਪ੍ਰਕਿਰਤੀ ਦੇ ਹੱਥ ਛੱਡਣ ਦੀ ਥਾਂ ਫਾਰਮ ਨੇ ਆਪਣੇ ਹੱਥ ਰੱਖਣਾ ਹੋਵੇ, ਉਹ ਗਰੀਨ ਹਾਊਸ ਵਿਚ ਲਾਏ ਜਾਂਦੇ ਹਨ। ਵੱਡੇ ਵੱਡੇ ਢਾਂਚੇ ਉਸਾਰ ਕੇ ਉਨ੍ਹਾਂ ਨੂੰ ਪਾਰਦਰਸ਼ੀ ਪਲਾਸਟਿਕ ਜਾਂ ਫਾਇਬਰ ਨਾਲ ਢੱਕਿਆ ਗਿਆ ਹੈ। ਘਰਾਂ ਵਿਚ ਲਾਏ ਜਾਂਦੇ ਕੂਲਰ ਵਾਂਗ ਇਕ ਪੂਰਾ ਪਾਸਾ ਝਰਦੇ ਪਾਣੀ ਵਾਲਾ ਬਣਿਆ ਹੋਣ ਕਾਰਨ ਤਾਪਮਾਨ ਅਤੇ ਸਿੱਲ੍ਹ ਨੂੰ ਲੋੜ ਅਨੁਸਾਰ ਬਦਲਿਆ ਜਾ ਸਕਦਾ ਹੈ। ਪਿਛਲੇ ਦੋ-ਤਿੰਨ ਸਾਲ ਤੋਂ ਐਸ ਵੇਲੇ ਬੰਗਲੌਰ ਦੇ ਨਾਮਧਾਰੀ ਫਾਰਮ ਵਿਚ ਦੁਨੀਆ ਦੇ ਸਭ ਤੋਂ ਮਹਿੰਗੇ ਤੇ ਵਧੀਆ ਟੈਕਨੀਕ ਵਾਲੇ ਇਸਰਾਇਲੀ ਗਰੀਨ ਹਾਊਸ ਬਣਾਏ ਗਏ ਹਨ ਜੋ ਕਿ ਪੂਰੀ ਤਰ੍ਹਾਂ ਕੰਪਿਊਟਰਾਇਜ਼ ਹਨ। ਤਿਆਰ ਹੋਏ ਬੀਜ ਫਾਰਮ ਦੀ ਪਰਖਸ਼ਾਲਾ ਵਿਚ ਪੁੱਜ ਜਾਂਦੇ ਹਨ। ਇਥੇ ਮਸ਼ੀਨਾਂ ਅਤੇ ਹੱਥਾਂ ਨਾਲ ਉਨ੍ਹਾਂ ਦੀ ਸਫਾਈ, ਛਾਂਟੀ ਅਤੇ ਪਰਖ ਕੀਤੀ ਜਾਂਦੀ ਹੈ। ਜੇ ਠੀਕ ਢੰਗ ਨਾਲ ਖੇਤੀ ਕੀਤੀ ਜਾਵੇ ਤਾਂ ਨਾਮਧਾਰੀ ਫਾਰਮ ਦੇ ਬੀਜ ਰੱਜਵੀਂ ਫ਼ਸਲ ਦਿੰਦੇ ਹਨ।

ਨਾਮਧਾਰੀ ਸੀਡਜ਼ ਵੱਲੋਂ ਜੋ ਵੀ ਖੇਤੀ ਕਰਵਾਈ ਜਾਂਦੀ ਹੈ, ਉਹ ਅੰਤਰਰਾਸ਼ਟਰੀ ਸਟੈਂਡਰਡ ਨੂੰ ਮੁੱਖ ਰੱਖ ਕੇ ਹੀ ਕਰਵਾਈ ਜਾਂਦੀ ਹੈ। ਖੇਤਾਂ ਵਿਚ ਬੀਜੀ ਫਸਲ ਉੱਤੇ ਕਿਸੇ ਕਿਸਮ ਦੀ ਜ਼ਹਿਰੀਲੀ ਦਵਾਈ ਦਾ ਛਿੜਕਾਅ ਨਹੀਂ ਕੀਤਾ ਜਾਂਦਾ ਅਤੇ ਨਾ ਹੀ ਕੋਈ ਪਾਬੰਦੀਸ਼ੁਦਾ ਦਵਾਈ ਦੀ ਵਰਤੋਂ ਕੀਤੀ ਜਾਂਦੀ ਹੈ। ਕੰਪਨੀ ਵੱਲੋਂ ਫਸਲ ਦੀ ਸਾਂਭ ਸੰਭਾਲ ਆਪਣੇ ਮਾਹਰਾਂ ਦੁਆਰਾ ਤਿਆਰ ਕੀਤੇ ਤਰੀਕਿਆਂ ਨਾਲ ਹੀ ਕੀਤੀ ਜਾਂਦੀ ਹੈ। ਖੇਤਾਂ ਵਿਚ ਜੋ ਵੀ ਬੀਜ ਬੀਜੇ ਜਾਂਦੇ ਹਨ, ਉਹ ਸਾਰੇ ਹੀ ਕੰਪਨੀ ਦੇ ਮਾਹਿਰ ਡਾਕਟਰਾਂ ਵੱਲੋਂ ਖੋਜਾਂ ਕਰਨ ਤੋਂ ਬਾਅਦ ਤਿਆਰ ਕੀਤੇ ਜਾਂਦੇ ਹਨ।

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਅਨੁਸਾਰ—

> "ਜਦੋਂ ਸੰਨ 1984 ਵਿਚ ਅਸੀਂ ਕੰਮ ਸ਼ੁਰੂ ਕੀਤਾ, ਉਦੋਂ ਇਥੋਂ ਦੇ ਲੋਕ ਸਾਨੂੰ ਬੜੀਆਂ ਅਜੀਬ ਨਜ਼ਰਾਂ ਨਾਲ ਵੇਖਦੇ ਸਨ ਕਿ ਇਹ ਸਿੱਖ ਲੋਕ ਇਥੇ ਕਿਥੋਂ ਆਏ, ਕਿਉਂ ਆਏ ਪਰ ਅੱਜ ਇਥੇ ਕਿਤੇ ਵੀ ਪੁੱਛ ਲਵੋ ਕਿ ਬੀਜਾਂ ਵਾਲੀ ਕਿਹੜੀ ਕੰਪਨੀ ਠੀਕ ਹੈ ਤਾਂ ਸਿਰਫ਼ 'ਨਾਮਧਾਰੀ ਸੀਡਜ਼' ਦਾ ਨਾਂ ਲਿਆ ਜਾਂਦਾ ਹੈ। ਅੱਜ 22-23 ਪਿੰਡਾਂ ਵਿਚ ਸਾਡਾ ਕਾਰੋਬਾਰ ਖਿਲਰਿਆ ਹੋਇਆ ਹੈ।

ਹਜ਼ਾਰਾਂ ਕਿਸਾਨ ਹਨ, ਜਿਨ੍ਹਾਂ ਨੂੰ ਅਸੀਂ ਕੰਮ ਦਿੰਦੇ ਹਾਂ ਤੇ ਇਹ ਖ਼ਿਆਲ ਰੱਖਿਆ ਜਾਂਦਾ ਹੈ ਕਿ ਇਕ ਕੰਮ ਤੋਂ ਬਾਅਦ ਉਹ ਵੇਹਲੇ ਨਾ ਰਹਿਣ, ਉਨ੍ਹਾਂ ਨੂੰ ਦੂਜੀ ਫਸਲ ਦੇ ਦਿੱਤੀ ਜਾਂਦੀ ਹੈ। ਜੇ ਉਨ੍ਹਾਂ ਦੇ ਬੀਜਾਂ ਦੇ ਸਟੈਂਡਰਡ ਜਾਂ ਕੁਆਲਟੀ ਠੀਕ ਹੋਣ ਤਾਂ ਉਨ੍ਹਾਂ ਨੂੰ ਬੋਨਸ ਦਿੱਤਾ ਜਾਂਦਾ ਹੈ। ਜ਼ਿਮੀਂਦਾਰਾਂ ਨੂੰ ਸੀਡ ਪ੍ਰੋਡਕਸ਼ਨ ਦਾ ਕੰਮ ਮਿਲਣ ਨਾਲ ਉਨ੍ਹਾਂ ਦੀ ਮਾਲੀ ਹਾਲਤ ਕਾਫੀ ਚੰਗੀ ਹੋ ਗਈ ਹੈ।"

### ਨਾਮਧਾਰੀ ਐਗਰੋ ਫਰੈੱਸ਼ ਕੰਪਨੀ

ਨਾਮਧਾਰੀ ਸੀਡਜ਼ ਕੰਪਨੀ ਤੋਂ ਇਲਾਵਾ ਸ੍ਰੀ ਉਦੈ ਸਿੰਘ ਜੀ ਵੱਲੋਂ 'ਨਾਮਧਾਰੀ ਐਗਰੋ ਫਰੈੱਸ਼' ਨਾਂ ਦੀ ਇਕ ਕੰਪਨੀ ਬਣਾਈ ਗਈ ਹੈ, ਜਿਸ ਦਾ ਮਕਸਦ ਕੰਪਨੀ ਵੱਲੋਂ ਲੋਕਾਂ ਨੂੰ ਸਾਫ਼ ਸੁਥਰੀਆਂ ਤੇ ਸਸਤੇ ਭਾਅ ਦੀਆਂ ਸਬਜ਼ੀਆਂ ਮੁਹੱਈਆ ਕਰਵਾਉਣਾ ਹੈ।

ਇਸ ਕੰਪਨੀ ਦੇ ਤਹਿਤ ਬੰਗਲੌਰ ਵਿਚ ਸਬਜ਼ੀਆਂ ਵੇਚਣ ਦੇ ਕਰੀਬ 30 ਕੁ ਸ਼ੋਅ ਰੂਮ ਬਣਾਏ ਗਏ ਹਨ। ਕੰਪਨੀ ਵੱਲੋਂ ਪੰਜਾਬ ਸਮੇਤ ਬਾਕੀ ਰਾਜਾਂ ਵਿਚ ਕਈ ਹੋਰ ਨਾਮਧਾਰੀ ਐਗਰੋ ਫਰੈਸ਼ ਸ਼ੋਅ ਰੂਮ ਖੋਲ੍ਹੇ ਜਾ ਰਹੇ ਹਨ। ਮੈਸੂਰ, ਚੈਨਈ, ਹੈਦਰਾਬਾਦ, ਲੁਧਿਆਣਾ ਤੇ ਦਿੱਲੀ ਵਿਖੇ ਸ਼ੋਅ ਰੂਮ ਖੋਲ੍ਹਣ ਦੀ ਯੋਜਨਾ ਬਣੀ ਹੋਈ ਹੈ। ਕੰਪਨੀ ਆਪਣੇ ਗਾਹਕਾਂ ਨੂੰ ਵਧੀਆ ਕੁਆਲਟੀ ਦੀਆਂ ਸਬਜ਼ੀਆਂ ਦੇਣ ਲਈ ਹਰ ਸੰਭਵ ਯਤਨ ਕਰ ਰਹੀ ਹੈ।

ਸ੍ਰੀ ਭੈਣੀ ਸਾਹਿਬ ਦੇ ਨਜ਼ਦੀਕ ਪਿੰਡ ਰਾਈਆਂ ਜ਼ਿਲ੍ਹਾ ਲੁਧਿਆਣਾ ਵਿਖੇ ਕੰਪਨੀ ਵੱਲੋਂ ਨਾਮਧਾਰੀ ਸੀਡਜ਼ ਦੀ ਬ੍ਰਾਂਚ ਸੰਨ 1995 ਅਤੇ ਨਾਮਧਾਰੀ ਐਗਰੋ ਫਰੈੱਸ਼ ਦੀ ਬ੍ਰਾਂਚ ਸੰਨ 2003 ਵਿਚ ਖੋਲ੍ਹੀ ਗਈ।

### ਨਾਮਧਾਰੀ ਐਨੀਮਲ ਜੈਨਟਿਕਸ (ਨਾਮਧਾਰੀ ਡੇਅਰੀ)

ਸੰਨ 2003 ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਵਿੰਦਰ ਸਿੰਘ (ਸ਼ਿੰਦੂ) ਸੰਤ ਨਗਰ (ਹੀਰਾ ਸਿੰਘ ਭਿੰਡਰ ਦੇ ਪੋਤੇ ਅਤੇ ਸੰਤ ਦਰਸ਼ਨ ਸਿੰਘ ਦੇ ਸਪੁੱਤਰ) ਨੂੰ ਠਾਕੁਰ ਉਦੈ ਸਿੰਘ (ਵਰਤਮਾਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ) ਕੋਲ ਬੰਗਲੌਰ ਭੇਜ ਦਿੱਤਾ।

ਸ. ਸਵਿੰਦਰ ਸਿੰਘ ਪਹਿਲੋਂ ਨਾਮਧਾਰੀ ਇਲੈਵਨ ਹਾਕੀ ਟੀਮ ਦੀ ਸੀਨੀਅਰ ਟੀਮ ਦੇ ਖਿਡਾਰੀ ਰਹੇ। ਹੁਣ ਸੰਨ 2003 ਤੋਂ ਇਹ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਬੰਗਲੌਰ ਵਿਖੇ ਨਾਮਧਾਰੀ ਐਨੀਅਲ ਜੈਨਟਿਕਸ (ਨਾਮਧਾਰੀ ਡੇਅਰੀ) ਵਿਚ ਮੈਨੇਜਰ ਲੱਗੇ ਹੋਏ ਹਨ। ਇਹ ਦੱਸਦੇ ਹਨ ਕਿ ਉਦੋਂ ਕਰੀਬ 70-75 (ਦੇਸੀ ਨਸਲ

ਦੀਆਂ) ਗਊਆਂ ਹੁੰਦੀਆਂ ਸਨ। ਹੁਣ ਕਰੀਬ 1500 ਹੋ ਗਈਆਂ ਹਨ। ਰੋਜ਼ਾਨਾ ਕਰੀਬ 10,000 ਲੀਟਰ ਦੁੱਧ ਹੁੰਦਾ ਹੈ। ਦੁੱਧ, ਦਹੀਂ, ਪਨੀਰ ਆਦਿ ਤਿਆਰ ਕਰਨ ਲਈ ਇਕ ਬਹੁਤ ਵੱਡਾ ਪਰੋਸੈਸਿੰਗ ਪਲਾਂਟ ਲਗਾਇਆ ਹੋਇਆ ਹੈ। ਬੰਗਲੌਰ ਵਿਖੇ ਆਪਣੀਆਂ ਕਰੀਬ 25 ਦੁਕਾਨਾਂ ਵਿਚ ਇਹ ਦੁੱਧ, ਦਹੀਂ, ਪਨੀਰ ਆਦਿ ਵੇਚਿਆ ਜਾਂਦਾ ਹੈ।

**ਨਾਮਧਾਰੀ ਸੀਡਜ਼ ਬਾਰੇ ਛਪੀ ਖ਼ਬਰ**

13 ਨਵੰਬਰ 2018 ਨੂੰ ਹਿੰਦੀ ਦੇ ਅਖ਼ਬਾਰ 'ਅਮਰ ਉਜਾਲਾ' ਵਿਚ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ 'ਨਾਮਧਾਰੀ ਸੀਡਜ਼ ਕੰਪਨੀ' ਬਾਰੇ ਛਪੀ ਖ਼ਬਰ ਅਨੁਸਾਰ—

> "ਵਰਲਡ ਬੇਂਚ ਮਾਰਕਿੰਗ ਏਲਾਂਯਸ ਵਿਚ ਪ੍ਰਕਾਸ਼ਿਤ ਅਧਿਐਨ ਦੇ ਅਨੁਸਾਰ ਭਾਰਤ ਵਿਚ ਭਾਰੀ ਨਿਵੇਸ਼ ਕਰ ਰਹੀਆਂ ਵੈਸ਼ਵਿਕ ਅਤੇ ਸਥਾਨਕ ਬੀਜ ਕੰਪਨੀਆਂ ਵਿਚੋਂ, ਏਸ਼ੀਆ ਵਿਚ ਪ੍ਰਮੁੱਖ ਬੀਜ ਕੇਂਦਰ ਦੇ ਰੂਪ ਵਿਚ ਉੱਭਰ ਰਹੇ, ਭਾਰਤ ਦੇ 'ਨਾਮਧਾਰੀ ਸੀਡਜ਼' ਨੂੰ ਉੱਚ ਅੰਕ ਮਿਲੇ ਹਨ।
>
> ਘਰੇਲੂ ਬੀਜ ਕੰਪਨੀ—'ਨਾਮਧਾਰੀ ਸੀਡਜ਼' ਨੂੰ ਪ੍ਰਜਨਨ ਕਾਰਯਕਰਮਾਂ ਅਤੇ ਛੋਟੀ ਜੋਤ ਕਿਸਾਨਾਂ ਨੂੰ ਪ੍ਰਾਥਮਿਕਤਾਵਾਂ ਅਤੇ ਜ਼ਰੂਰਤਾਂ ਤੇ ਮਜ਼ਬੂਤ ਤਰੀਕੇ ਨਾਲ ਧਿਆਨ ਦੇਣ ਕਾਰਨ ਉੱਚ ਅੰਕ ਮਿਲੇ ਹਨ।"

ਐਕਸੇਨ ਹਾਈਵੇਜ਼ ਬੀਜ ਪ੍ਰਕਾਰ ਅਤੇ ਪੈਕੇਜ਼ ਆਕਾਰਾਂ ਵਿਚ ਪ੍ਰਦਾਨ ਕੀਤੇ ਜਾਣ ਵਾਲੇ ਵਿਆਪਕ ਪਸੰਦ ਦੇ ਨਾਲ ਇਹ ਉਦਾਹਰਣ ਪੇਸ਼ ਕਰਦਾ ਹੈ। ਏਡਵਾਂਟਾ ਕਿਸਾਨਾਂ ਦੇ ਲਈ ਪ੍ਰਸ਼ਿਕਸ਼ਣ ਕਾਰਯਕਰਮਾਂ ਲਈ ਇਹ ਜਾਣਿਆ ਜਾਂਦਾ ਹੈ, ਜੋ ਹੋਰਾਂ ਦੀ ਤੁਲਨਾ ਦੇ ਖੇਤਰ ਵਿਚ ਜ਼ਿਆਦਾ ਦੇਸ਼ਾਂ ਨੂੰ ਕਵਰ ਕਰਦਾ ਹੈ।

# ਲੇਖਕ ਪਰਿਚੈ


- ਪ੍ਰੋ. (ਡਾ.) ਜੋਗਿੰਦਰ ਸਿੰਘ
  ਡਾਇਰੈਕਟਰ
  ਭਾਈ ਵੀਰ ਸਿੰਘ ਨਿਵਾਸ ਅਸਥਾਨ, ਅੰਮ੍ਰਿਤਸਰ
- ਸ. ਸਵਰਨ ਸਿੰਘ ਸਨੇਹੀ
  ਪਿੰਡ ਤੇ ਡਾਕਖਾਨਾ : ਸ਼ਾਹਪੁਰ, ਫਿਲੌਰ (ਜਲੰਧਰ)
- ਡਾ. ਆਲਾ ਸਿੰਘ
  ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ
- ਸੁਵਰਨ ਸਿੰਘ ਵਿਰਕ
  ਪਿੰਡ ਤੇ ਡਾਕਖਾਨਾ ਕਰੀਵਾਲਾ
  ਜ਼ਿਲ੍ਹਾ ਸਿਰਸਾ, ਹਰਿਆਣਾ
- ਡਾ. ਸੁਖਦੇਵ ਸਿੰਘ
  ਪ੍ਰੋ. ਤੇ ਮੁਖੀ (ਸਾਬਕਾ), ਪੰਜਾਬੀ ਵਿਭਾਗ
  ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
- ਡਾ. ਤਰੁਣ ਅਰੋੜਾ
  ਮੁਖੀ, ਲਾਅ ਵਿਭਾਗ ਅਤੇ ਡੀਨ ਸਟੂਡੈਂਟ ਵੈਲਫੇਅਰ
  ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ
- ਡਾ. ਸੁਰਜੀਤ ਸਿੰਘ ਭੱਟੀ
  ਪ੍ਰੋ. (ਸਾਬਕਾ) ਪੰਜਾਬੀ ਵਿਭਾਗ
  ਪੰਜਾਬੀ ਯੂਨੀਵਰਸਿਟੀ, ਪਟਿਆਲਾ
- ਪ੍ਰੋ. (ਡਾ.) ਕੁਲਦੀਪ ਸਿੰਘ
  ਚੇਅਰ ਪ੍ਰੋ., ਨਾਮਧਾਰੀ ਚੇਅਰ
  ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ
- ਹਰਪਾਲ ਸਿੰਘ ਸੇਵਕ
  ਸ੍ਰੀ ਭੈਣੀ ਸਾਹਿਬ, ਲੁਧਿਆਣਾ

- ਡਾ. ਬਾਬੂਸ਼ਾ ਮੈਂਗੀ
  ਮੁਖੀ, ਇਤਿਹਾਸ ਵਿਭਾਗ
  ਡੀ.ਏ.ਵੀ. ਕਾਲਜ, ਅੰਮ੍ਰਿਤਸਰ
- ਦੇਵਿੰਦਰ ਸਿੰਘ ਗਿਲ
  ਪਿੰਡ ਜੀਆਨੱਥਾ, ਡਾਕਖਾਨਾ ਖੁੱਡਾ-144305
  ਤਹਿਸੀਲ ਦਸੂਹਾ, ਹੁਸ਼ਿਆਰਪੁਰ
- ਸੂਬਾ ਸੁਰਿੰਦਰ ਕੌਰ ਖਰਲ
  ਨਾਮਧਾਰੀ ਇੰਜੀਨੀਅਰਿੰਗ ਵਰਕਸ
  ਕੁਰਾਲੀ ਰੋਡ, ਰੂਪ ਨਗਰ-140001
- ਪ੍ਰੋ. ਕੁਲਦੀਪ ਸਿੰਘ (ਸੰਪਾਦਕ)
  ਚੇਅਰਪਰਸਨ ਸਤਿਗੁਰੂ ਰਾਮ ਸਿੰਘ ਚੇਅਰ
  ਪੰਜਾਬ ਕੇਂਦਰੀ ਯੂਨੀਵਰਸਿਟੀ
  ਬਠਿੰਡਾ